ਸ਼ਨੀਵਾਰ, 29 ਜੁਲਾਈ, 2023
14 ਸਾਉਣ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 58

# ਨਵਾਂ ਜ਼ਮਾਨਾ

DAILY NAWAN ZAMANA • SATURDAY, 29 JULY, 2023    ਜਲੰਧਰ

ਕੀਮਤ/PRICE : 5.00 ਰੁਪਏ    Regd. No : Pb/JL-123/2021-23, (R.N.I.)-00068/57    E-mail : nawanzamana@gmail.com    www.nawanzamana.in    ਸਫ਼ੇ : 12

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

## ਦਿੱਲੀ ਬਾਰੇ ਬਿੱਲ ਅਗਲੇ ਹਫਤੇ

**ਨਵੀਂ ਦਿੱਲੀ** : ਕੇਂਦਰੀ ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਸ਼ੁੱਕਰਵਾਰ ਕਿਹਾ ਕਿ ਦਿੱਲੀ ’ਚ ਗਰੁੱਪ-ਏ ਅਧਿਕਾਰੀਆਂ ਦੇ ਤਬਾਦਲੇ ਅਤੇ ਤਾਇਨਾਤੀ ਲਈ ਲਿਆਂਦੇ ਆਰਡੀਨੈਂਸ ਨੂੰ ਬਦਲਣ ਵਾਲਾ ਬਿੱਲ ਅਗਲੇ ਹਫਤੇ ਲੋਕ ਸਭਾ ’ਚ ਲਿਆਂਦਾ ਜਾਵੇਗਾ। ਮੇਘਵਾਲ ਨੇ ਆਉਣ ਵਾਲੇ ਹਫਤੇ ’ਚ ਸਦਨ ’ਚ ਹੋਣ ਵਾਲੇ ਕੰਮਾਂ ਦੀ ਜਾਣਕਾਰੀ ਦਿੰਦੇ ਹੋਏ ਇਸ ਗੱਲ ਦਾ ਜ਼ਿਕਰ ਕੀਤਾ।

## ਭਾਜਪਾ ਤਰਜਮਾਨ ਦੀ ਸ਼ਿਕਾਇਤ ’ਤੇ ‘ਆਪ’ ਤਰਜਮਾਨ ’ਤੇ ਕੇਸ




**ਨੋਇਡਾ** : ਭਾਜਪਾ ਦੇ ਬੁਲਾਰੇ ਸਹਿਜਾਦ ਪੂਨਾਵਾਲਾ ਦੀ ਸ਼ਿਕਾਇਤ ’ਤੇ ਆਮ ਆਦਮੀ ਪਾਰਟੀ ਦੀ ਮੁੱਖ ਤਰਜਮਾਨ ਪ੍ਰਿਯੰਕਾ ਕੱਕੜ ਖਿਲਾਫ ਇੱਥੇ ਐੱਫ ਆਈ ਆਰ ਦਰਜ ਕੀਤੀ ਗਈ ਹੈ। ਪੂਨਾਵਾਲਾ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ’ਚ ਦੋਸ਼ ਲਾਇਆ ਕਿ 25 ਜੁਲਾਈ ਨੂੰ ਟੀ ਵੀ ਚੈਨਲ ’ਤੇ ਬਹਿਸ ਦੌਰਾਨ ਕੱਕੜ ਨੇ ਉਸ ਨੂੰ ਮੁਜਾਹਿਦੀਨ ਕਿਹਾ, ਉਸ ਦੇ ਧਰਮ ਦਾ ਅਪਮਾਨ ਕੀਤਾ ਅਤੇ ਬਹੁਤ ਹੀ ਫਿਰਕੂ ਟਿੱਪਣੀ ਕੀਤੀ।

## ਮਾਂ ਤੇ ਤਿੰਨ ਧੀਆਂ ਦੀ ਮੌਤ

**ਉਨਾਓ** : ਕਾਨਪੁਰ ਦੇ ਹਸਪਤਾਲ ’ਚ ਇਲਾਜ ਦੌਰਾਨ ਮਰਨ ਵਾਲੇ ਵਿਅਕਤੀ ਦੀ ਲਾਸ਼ ਨੂੰ ਲੈ ਕੇ ਜਾ ਰਹੀ ਐਂਬੂਲੈਂਸ ਨੂੰ ਉਨਾਓ ਜ਼ਿਲ੍ਹੇ ਦੇ ਪੂਰਵਾ ਕੋਤਵਾਲੀ ਇਲਾਕੇ ’ਚ ਅਣਪਛਾਤੇ ਵਾਹਨ ਨੇ ਟੱਕਰ ਮਾਰ ਦਿੱਤੀ, ਜਿਸ ਕਾਰਨ ਮਰਨ ਵਾਲੇ ਧਨੀਰਾਮ ਦੀ ਪਤਨੀ ਪ੍ਰੇਮਾ ਸਵਿਤਾ (70) ਅਤੇ ਬੇਟੀਆਂ ਮੰਜੁਲਾ ਸਵਿਤਾ (45), ਅੰਜਲੀ ਸਵਿਤਾ (40) ਤੇ ਰੂਬੀ ਸਵਿਤਾ (30) ਦੀ ਮੌਕੇ ’ਤੇ ਹੀ ਮੌਤ ਹੋ ਗਈ, ਜਦਕਿ ਇਕ ਹੋਰ ਬੇਟੀ ਸੁਧਾ ਸਵਿਤਾ (36) ਗੰਭੀਰ ਜ਼ਖਮੀ ਹੋ ਗਈ। ਐਂਬੂਲੈਂਸ ਦਾ ਡਰਾਈਵਰ ਭੱਜ ਗਿਆ।

## ਦਾਦੀ ਨੇ ਪੋਤਾ ਮਾਰ’ਤਾ

**ਬਿਜਨੌਰ** : ਸੱਤ ਸਾਲਾ ਪੋਤੇ ਦੀ ਬਿਮਾਰੀ ਤੋਂ ਤੰਗ ਔਰਤ ਨੇ ਉਸ ਦੀ ਕਥਿਤ ਤੌਰ ’ਤੇ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ। ਬਿਜਨੌਰ ਕੋਤਵਾਲੀ ਦੇ ਐੱਸ ਐੱਚ ਓ ਜੀਤ ਸਿੰਘ ਨੇ ਦੱਸਿਆ ਕਿ ਬੱਚਾ ਸਮਦ ਬੁੱਧਵਾਰ ਨੂੰ ਸਦਰ ਬਾਜ਼ਾਰ ’ਚ ਆਪਣੇ ਘਰ ’ਚ ਮ੍ਰਿਤਕ ਪਾਇਆ ਗਿਆ। ਸਮਦ ਦੀ ਮਾਂ ਸਮਾ, ਜੋ ਆਪਣੇ ਮਾਤਾ-ਪਿਤਾ ਦੇ ਘਰ ਰਹਿ ਰਹੀ ਹੈ, ਨੇ ਆਪਣੀ ਸੱਸ ਬੁੰਦੀਆ ’ਤੇ ਆਪਣੇ ਪੁੱਤਰ ਦੀ ਹੱਤਿਆ ਦਾ ਦੋਸ਼ ਲਾਉਂਦਿਆਂ ਸ਼ਿਕਾਇਤ ਦਰਜ ਕਰਵਾਈ ਸੀ। ਸਮਦ ਦੀ ਪੋਸਟਮਾਰਟਮ ਰਿਪੋਰਟ ’ਚ ਦਮ ਘੁਟਣ ਕਾਰਨ ਮੌਤ ਹੋਣ ਦਾ ਖੁਲਾਸਾ ਹੋਣ ਤੋਂ ਬਾਅਦ ਬੁੰਦੀਆ ਨੂੰ ਹਿਰਾਸਤ ’ਚ ਲੈ ਲਿਆ ਗਿਆ। ਉਸ ਨੇ ਕਬੂਲ ਕੀਤਾ ਕਿ ਉਸ ਨੇ ਹੀ ਪੋਤੇ ਨੂੰ ਮਾਰਿਆ ਹੈ। ਸਮਦ ਬਿਮਾਰ ਰਹਿੰਦਾ ਸੀ ਅਤੇ ਉਹ ਉਸ ਦੀ ਬੀਮਾਰੀ ਤੋਂ ਤੰਗ ਆ ਗਈ ਸੀ। ਬੁੰਦੀਆ ਦਾ ਬੇਟਾ ਆਰਿਫ ਦਿੱਲੀ ’ਚ ਕੰਮ ਕਰਦਾ ਹੈ ਅਤੇ ਸਮਾ ਕਿਸੇ ਵਿਵਾਦ ਕਾਰਨ ਕਾਫੀ ਸਮੇਂ ਤੋਂ ਪੇਕੇ ਰਹਿ ਰਹੀ ਹੈ।

## ਭਾਰਤੀ ਵਿਦਿਆਰਥਣ ਦੀ ਹਾਲਤ ’ਚ ਸੁਧਾਰ

**ਹਿਊਸਟਨ** : ਅਮਰੀਕਾ ਦੇ ਹਿਊਸਟਨ ’ਚ ਅਸਮਾਨੀ ਬਿਜਲੀ ਡਿੱਗਣ ਨਾਲ ਗੰਭੀਰ ਰੂਪ ’ਚ ਝੁਲਸੀ ਹੈਦਰਾਬਾਦ ਦੀ ਵਿਦਿਆਰਥਣ ਦੀ ਹਾਲਤ ’ਚ ਸੁਧਾਰ ਹੋ ਰਿਹਾ ਹੈ। ਹਿਊਸਟਨ ਯੂਨੀਵਰਸਿਟੀ ਵਿਚ ਸੂਚਨਾ ਤਕਨਾਲੋਜੀ (ਆਈ ਟੀ) ਦੀ ਪੜ੍ਹਾਈ ਕਰ ਰਹੀ ਸਾਸਰੁਨਿਆ ਕੋਡੁਰੂ 2 ਜੁਲਾਈ ਨੂੰ ਸੈਨ ਜੈਕਿੰਟੋ ਮੈਮੋਰੀਅਲ ਪਾਰਕ ਵਿਚ ਆਪਣੇ ਦੋਸਤਾਂ ਨਾਲ ਸੈਰ ਕਰ ਰਹੀ ਸੀ, ਜਦੋਂ ਉਸ ’ਤੇ ਬਿਜਲੀ ਡਿੱਗ ਗਈ। ਹਸਪਤਾਲ ਦੇ ਸੂਤਰਾਂ ਨੇ ਦੱਸਿਆ ਕਿ ਕੋਡੁਰੂ ਪਿਛਲੇ ਹਫਤੇ ਤੋਂ ਆਪ ਸਾਹ ਲੈਣ ਲੱਗੀ ਹੈ ਤੇ ਉਸ ਨੂੰ ਵੈਂਟੀਲੇਟਰ ਤੋਂ ਉਤਾਰ ਦਿੱਤਾ ਗਿਆ ਹੈ। ਉਸ ਦੀ ਸਿਹਤ ਇਸੇ ਤਰ੍ਹਾਂ ਸੁਧਰਦੀ ਰਹੀ ਤਾਂ ਭਵਿੱਖ ’ਚ ਉਸ ਨੂੰ ਵੈਂਟੀਲੇਟਰ ਦੀ ਲੋੜ ਨਹੀਂ ਪਵੇਗੀ।

## ਡਾਕਟਰ ਨਾਲ ਛੇੜਛਾੜ ਕਰਨ ’ਤੇ ਪ੍ਰੋਫੈਸਰ ਗ੍ਰਿਫਤਾਰ

**ਮੁੰਬਈ** : ਦਿੱਲੀ-ਮੁੰਬਈ ਫਲਾਈਟ ’ਚ ਮਹਿਲਾ ਡਾਕਟਰ ਨਾਲ ਜਿਨਸੀ ਛੇੜਛਾੜ ਦੇ ਦੋਸ਼ ’ਚ ਪ੍ਰੋਫੈਸਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਬੁੱਧਵਾਰ ਸਵੇਰੇ 5.30 ਵਜੇ ਦਿੱਲੀ ਤੋਂ ਉਡਾਣ ਭਰਨ ਵਾਲੀ ਫਲਾਈਟ ’ਚ 24 ਸਾਲਾ ਡਾਕਟਰ ਦੀ ਸੀਟ ਮੁਲਜ਼ਮ ਦੀ ਸੀਟ ਦੇ ਨਾਲ ਸੀ। ਜਹਾਜ਼ ਦੇ ਮੁੰਬਈ ਹਵਾਈ ਅੱਡੇ ’ਤੇ ਉਤਰਨ ਤੋਂ ਥੋੜ੍ਹੀ ਦੇਰ ਪਹਿਲਾਂ ਮੁਲਜ਼ਮ ਨੇ ਉਸ ਨੂੰ ਗਲਤ ਢੰਗ ਨਾਲ ਛੂਹਿਆ। ਦੋਵਾਂ ਵਿਚਾਲੇ ਬਹਿਸ ਹੋ ਗਈ ਅਤੇ ਪੀੜਤ ਨੇ ਫਲਾਈਟ ਦੇ ਅਮਲੇ ਨੂੰ ਸੂਚਿਤ ਕੀਤਾ। ਜਹਾਜ਼ ਤੋਂ ਉਤਰ ਕੇ ਪੀੜਤਾ ਥਾਣੇ ਪਹੁੰਚੀ। ਪੀੜਤਾ ਦੀ ਸ਼ਿਕਾਇਤ ’ਤੇ ਪ੍ਰੋਫੈਸਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਪਰ ਅਦਾਲਤ ਤੋਂ ਉਸ ਨੂੰ ਜ਼ਮਾਨਤ ਮਿਲ ਗਈ।

## ਨਕੋਦਰ ਤਹਿਸੀਲ ਦਾ ਕਲਰਕ ਗ੍ਰਿਫਤਾਰ

**ਚੰਡੀਗੜ੍ਹ** : ਪੰਜਾਬ ਵਿਜੀਲੈਂਸ ਬਿਊਰੋ ਨੇ ਸ਼ੁੱਕਰਵਾਰ ਤਹਿਸੀਲਦਾਰ ਨਕੋਦਰ ਦੇ ਦਫਤਰ ਵਿਖੇ ਤਾਇਨਾਤ ਕਲਰਕ (ਆਰ ਸੀ) ਪ੍ਰਸ਼ਾਂਤ ਜੋਸ਼ੀ ਨੂੰ 6,000 ਰੁਪਏ ਰਿਸ਼ਵਤ ਲੈਂਦਿਆਂ ਕਾਬੂ ਕਰ ਲਿਆ। ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਕਲਰਕ ਨੂੰ ਨਕੋਦਰ ਤਹਿਸੀਲ ਦੇ ਪਿੰਡ ਸੇਹਮ ਦੇ ਰਣਵੀਰ ਸਿੰਘ ਦੀ ਸ਼ਿਕਾਇਤ ’ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਰਣਵੀਰ ਸਿੰਘ ਨੇ ਵਿਜੀਲੈਂਸ ਬਿਊਰੋ ਲੁਧਿਆਣਾ ਦੇ ਆਰਥਿਕ ਵਿੰਗ ਕੋਲ ਸ਼ਿਕਾਇਤ ਦਰਜ ਕਰਵਾਈ ਸੀ ਕਿ ਕਲਰਕ ਨੇ ਆਮਦਨ ਸਰਟੀਫਿਕੇਟ ਬਣਾਉਣ ਬਦਲੇ ਉਸ ਕੋਲੋਂ 7,000 ਰੁਪਏ ਰਿਸ਼ਵਤ ਮੰਗੀ ਸੀ ਅਤੇ 1000 ਰੁਪਏ ਰਿਸ਼ਵਤ ਲੈ ਚੁੱਕਾ ਹੈ।

# ਭਾਜਪਾ ਨੂੰ ਨਾ ਨਾਰੀ ਦੀ ਇੱਜ਼ਤ ਤੇ ਨਾ ਦੇਸ਼ ਦੀ ਅਣਖ ਪਿਆਰੀ : ਰਾਹੁਲ



**ਨਵੀਂ ਦਿੱਲੀ** : ਰਾਹੁਲ ਗਾਂਧੀ ਨੇ ਸ਼ੁੱਕਰਵਾਰ ਕਿਹਾ ਕਿ ਭਾਜਪਾ ਸੱਤਾ ਦੇ ਲਾਲਚ ਵਿਚ ਮਹਿਲਾਵਾਂ ਦੇ ਸਤਿਕਾਰ ਦੇ ਨਾਲ-ਨਾਲ ਦੇਸ਼ ਦੀ ਅਣਖ ਨਾਲ ਖੇਡ ਰਹੀ ਹੈ। ਫੇਸਬੁੱਕ ਪੋਸਟ ਵਿਚ ਉਨ੍ਹਾਂ ਮਹਿਲਾਵਾਂ ’ਤੇ ਜਿਨਸੀ ਹਮਲਿਆਂ ਬਾਰੇ ਮੀਡੀਆ ਰਿਪੋਰਟਾਂ ਦੇ ਹਵਾਲੇ ਨਾਲ ਕੇਂਦਰ ਸਰਕਾਰ ’ਤੇ ਹਮਲਾ ਕੀਤਾ। ਉਨ੍ਹਾ ਮਨੀਪੁਰ ਵਿਚ ਦੋ ਮਹਿਲਾਵਾਂ ਨੂੰ ਨਿਰਵਸਤਰ ਘੁਮਾਉਣ, ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਣ ਸਿੰਘ ਵੱਲੋਂ ਮਹਿਲਾ ਭਲਵਾਨਾਂ ਦੇ ਕਥਿਤ ਜਿਨਸੀ ਸ਼ੋਸ਼ਣ, ਉੱਤਰਾਖੰਡ ਵਿਚ ਇਕ ਮਹਿਲਾ ਦੇ ਕਥਿਤ ਕਤਲ (ਜਿਸ ਵਿਚ ਭਾਜਪਾ ਆਗੂ ਦਾ ਪੁੱਤਰ ਮੁਲਜ਼ਮ ਹੈ) ਅਤੇ ਬਿਲਕੀਸ ਬਾਨੋ ਗੈਂਗਰੇਪ ਕੇਸ ਦੇ ਦੋਸ਼ੀਆਂ ਨੂੰ ਛੱਡਣ ਦਾ ਜ਼ਿਕਰ ਕੀਤਾ।

ਰਾਹੁਲ ਨੇ ਹਿੰਦੀ ਵਿਚ ਲਿਖੀ ਪੋਸਟ ਵਿਚ ਕਿਹਾ—ਜਿਹੜਾ ਦੇਸ਼ ਮਹਿਲਾਵਾਂ ਦੀ ਇੱਜ਼ਤ ਨਹੀਂ ਕਰਦਾ ਉਹ ਕਦੇ ਤਰੱਕੀ ਨਹੀਂ ਕਰ ਸਕਦਾ। ਸੱਤਾ ਦੇ ਲਾਲਚ ਵਿਚ ਭਾਜਪਾ ਮਹਿਲਾਵਾਂ ਦੇ ਸਤਿਕਾਰ ਤੇ ਦੇਸ਼ ਦੀ ਅਣਖ ਨਾਲ ਖੇਡ ਰਹੀ ਹੈ।

ਮਨੀਪੁਰ ਮੁੱਦੇ ’ਤੇ ਕਾਰਵਾਈ ਵਿਰੋਧੀ ਮੈਂਬਰਾਂ ਦੀ ਨਾਅਰੇਬਾਜ਼ੀ ਕਾਰਨ ਸ਼ੁੱਕਰਵਾਰ ਇਕ ਵਾਰ ਮੁਲਤਵੀ ਹੋਣ ਤੋਂ ਬਾਅਦ ਲੋਕ ਸਭਾ ਸੋਮਵਾਰ ਸਵੇਰੇ 11 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ। ਇਸ ਦੌਰਾਨ ਇਸੇ ਮਾਮਲੇ ’ਤੇ ਰਾਜ ਸਭਾ ਦੇ ਚੇਅਰਮੈਨ ਜਗਦੀਪ ਧਨਖੜ ਨੇ ਤ੍ਰਿਣਮੂਲ ਕਾਂਗਰਸ ਦੇ ਆਗੂ ਡੈਰੇਕ ਓ’ਬ੍ਰਾਇਨ ਨਾਲ ਬਹਿਸ ਤੋਂ ਬਾਅਦ ਸਦਨ ਨੂੰ 11.27 ਵਜੇ ਪੂਰੇ ਦਿਨ ਲਈ ਮੁਲਤਵੀ ਕਰ ਦਿੱਤਾ।

## ਭੀਮਾ ਕੋਰੇਗਾਂਵ-ਐਲਗਾਰ ਪ੍ਰੀਸ਼ਦ ਕੇਸ ’ਚ ਗੌਨਸਾਲਵੇਜ਼ ਤੇ ਫਰੇਰਾ ਨੂੰ ਪੰਜ ਸਾਲ ਬਾਅਦ ਜ਼ਮਾਨਤ



**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸ਼ੁੱਕਰਵਾਰ ਐਲਗਾਰ ਪ੍ਰੀਸ਼ਦ-ਮਾਓਵਾਦੀ ਲਿੰਕ ਕੇਸ ਦੇ ਮੁਲਜ਼ਮਾਂ ਵੈਰਨਨ ਗੌਨਸਾਲਵੇਜ਼ ਤੇ ਅਰੁਣ ਫਰੇਰਾ ਨੂੰ ਜ਼ਮਾਨਤ ਦੇ ਦਿੱਤੀ। ਜਸਟਿਸ ਅਨਿਰੁੱਧ ਬੋਸ ਤੇ ਜਸਟਿਸ ਸੁਧਾਂਸ਼ੂ ਧੂਲੀਆ ਦੀ ਬੈਂਚ ਨੇ ਕਿਹਾ-ਮੁਲਜ਼ਮ ਪੰਜ ਸਾਲ ਤੋਂ ਜੇਲ੍ਹ ਵਿਚ ਹਨ। ਭਾਵੇਂ ਉਨ੍ਹਾਂ ਖਿਲਾਫ ਲੱਗੇ ਦੋਸ਼ ਗੰਭੀਰ ਹਨ, ਪਰ ਜੇਲ੍ਹ ਵਿਚ ਕੱਟੇ ਏਨੇ ਸਮੇਂ ਦੇ ਚੱਲਦਿਆਂ ਉਹ ਜ਼ਮਾਨਤ ਦੇ ਹੱਕਦਾਰ ਹਨ।

ਦੋਹਾਂ ਨੂੰ 2018 ਵਿਚ ਜੇਲ੍ਹ ਭੇਜਿਆ ਗਿਆ ਸੀ। ਬੰਬੇ ਹਾਈ ਕੋਰਟ ਤੋਂ ਜ਼ਮਾਨਤ ਨਾਮਨਜ਼ੂਰ ਹੋਣ ਦੇ ਬਾਅਦ ਉਨ੍ਹਾਂ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾ ਕੇ ਕਿਹਾ ਸੀ ਕਿ ਹਾਈ ਕੋਰਟ ਨੇ ਉਨ੍ਹਾਂ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ, ਜਦ ਕਿ ਸਹਿ-ਮੁਲਜ਼ਮ ਸੁਧਾ ਭਾਰਦਵਾਜ ਨੂੰ ਜ਼ਮਾਨਤ ਦੇ ਦਿੱਤੀ। ਬੈਂਚ ਨੇ ਗੌਨਸਾਲਵੇਜ਼ ਤੇ ਫਰੇਰਾ ਨੂੰ ਜ਼ਮਾਨਤ ਦਿੰਦਿਆਂ ਸ਼ਰਤਾਂ ਲਾਈਆਂ ਹਨ ਕਿ ਉਹ ਮਹਾਰਾਸ਼ਟਰ ਤੋਂ ਬਾਹਰ ਨਹੀਂ ਜਾਣਗੇ, ਪਾਸਪੋਰਟ ਪੁਲਸ ਹਵਾਲੇ ਕਰਨਗੇ, ਇਕ ਮੋਬਾਈਲ ਵਰਤਣਗੇ ਅਤੇ ਜਾਂਚ ਏਜੰਸੀ ਐੱਨ ਆਈ ਏ ਨੂੰ ਆਪਣਾ ਥਹੁ-ਪਤਾ ਦੱਸਣਗੇ। ਪੁਣੇ ਵਿਚ 31 ਦਸੰਬਰ ਨੂੰ ਐਲਗਾਰ ਪ੍ਰੀਸ਼ਦ ਦੀ ਬੈਠਕ ਹੋਈ ਸੀ ਤੇ ਪੁਲਸ ਨੇ ਦੋਸ਼ ਲਾਇਆ ਸੀ ਕਿ ਇਸ ਲਈ ਫੰਡ ਮਾਓਵਾਦੀਆਂ ਨੇ ਦਿੱਤਾ। ਇਥੇ ਕੀਤੀਆਂ ਗਈਆਂ ਤਿੱਖੀਆਂ ਤਕਰੀਰਾਂ ਕਾਰਨ ਅਗਲੇ ਦਿਨ ਪੁਣੇ ਵਿਚ ਕੋਰੇਗਾਂਵ-ਭੀਮਾ ਜੰਗੀ ਯਾਦਗਾਰ ਵਿਖੇ ਹਿੰਸਾ ਹੋਈ।

# ਕੱਚਾ ਸ਼ਬਦ ਹੀ ਪਸੰਦ ਨਹੀਂ : ਭਗਵੰਤ ਮਾਨ

**12710 ਠੇਕਾ ਟੀਚਰ ਕੀਤੇ ਪੱਕੇ**




**ਚੰਡੀਗੜ੍ਹ (ਗੁਰਜੀਤ ਬਿੱਲਾ)**- ਸੂਬੇ ਵਿੱਚ ‘ਨਵੇਂ ਯੁੱਗ ਦੀ ਸ਼ੁਰੂਆਤ’ ਦੀ ਦਿਸ਼ਾ ਵਿੱਚ ਕਦਮ ਪੁੱਟਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ੁੱਕਰਵਾਰ ਸਿੱਖਿਆ ਵਿਭਾਗ ਵਿੱਚ ਕੰਮ ਕਰ ਰਹੇ 12,710 ਠੇਕਾ ਆਧਾਰਤ ਅਧਿਆਪਕਾਂ ਨੂੰ ਰੈਗੂਲਰ ਨਿਯੁਕਤੀ ਦੇ ਪੱਤਰ ਸੌਂਪ ਕੇ ਅਧਿਆਪਕ ਵਰਗ ਨਾਲ ਕੀਤੇ ਵੱਡੇ ਵਾਅਦੇ ਨੂੰ ਪੂਰਾ ਕਰ ਦਿਖਾਇਆ ਹੈ।

ਇੱਥੇ ਟੈਗੋਰ ਥੀਏਟਰ ਵਿਖੇ ਹੋਏ ਇਕ ਸਮਾਗਮ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਅਹੁਦਾ ਸੰਭਾਲਣ ਤੋਂ ਬਾਅਦ ਸਾਰੀਆਂ ਕਾਨੂੰਨੀ ਅਤੇ ਪ੍ਰਸ਼ਾਸਨਿਕ ਅੜਚਣਾਂ ਨੂੰ ਪਾਰ ਕਰਦਿਆਂ ਇਨ੍ਹਾਂ ਅਧਿਆਪਕਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ’ਤੇ ਜ਼ੋਰ ਦਿੱਤਾ ਹੈ।

ਹੋਰ ਮੁਲਾਜ਼ਮਾਂ ਨਾਲ ਆਪਣੀ ਭਾਵੁਕ ਸਾਂਝ ਜ਼ਾਹਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਹਰ ਮੁਲਾਜ਼ਮ ਦੀ ਸਮੱਸਿਆ ਦਾ ਹੱਲ ਕੀਤਾ ਜਾਵੇਗਾ, ਜਿਸ ਲਈ ਸੂਬਾ ਸਰਕਾਰ ਪਹਿਲਾਂ ਹੀ ਹਰ ਸੰਭਵ ਯਤਨ ਕਰ ਰਹੀ ਹੈ। ਇਹ ਆਖਦਿਆਂ ਕਿ ਉਹ ਅਧਿਆਪਕ ਵਰਗ ਨੂੰ ਦਰਪੇਸ਼ ਸਾਰੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਮੌਜੂਦ ਹਨ, ਭਗਵੰਤ ਮਾਨ ਨੇ ਕਿਹਾ ਕਿ ਉਹ ਇੱਕ ਅਧਿਆਪਕ ਦੇ ਪੁੱਤਰ ਹੋਣ ਦੇ ਨਾਤੇ ਅਧਿਆਪਕਾਂ ਦੀਆਂ ਸਮੱਸਿਆਵਾਂ ਨੂੰ ਚੰਗੀ ਤਰ੍ਹਾਂ ਜਾਣਦੇ ਹਨ ਅਤੇ ਅਧਿਆਪਕਾਂ ਨੂੰ ਦਰਪੇਸ਼ ਸਾਰੀਆਂ ਸਮੱਸਿਆਵਾਂ ਨੂੰ ਹੱਲ ਕਰਨਾ ਉਨ੍ਹਾਂ ਦਾ ਫ਼ਰਜ਼ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਖਜ਼ਾਨਾ ਲੋਕਾਂ ਦਾ ਹੈ ਅਤੇ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਇਕ-ਇਕ ਪੈਸਾ ਸਮਝਦਾਰੀ ਨਾਲ ਵਰਤਿਆ ਜਾਵੇਗਾ।

ਇਕ ਕਲਾਕਾਰ ਵਜੋਂ ਉਨ੍ਹਾਂ ਦੀਆਂ ਅਣਥੱਕ ਕੋਸ਼ਿਸ਼ਾਂ ਸਦਕਾ ਸਰਹੱਦੀ ਪਿੰਡ ਦੀ ਇਕ ਲੜਕੀ ਦੀ ਜ਼ਿੰਦਗੀ ਬਦਲਣ ਦਾ ਕਿੱਸਾ ਸੁਣਾਉਂਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਉਸ ਲੜਕੀ ਨੂੰ ਸਿੱਖਿਆ ਪ੍ਰਾਪਤ ਕਰਨ ਲਈ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਪਰ ਉਨ੍ਹਾਂ ਦੇ ਨਿਮਾਣੇ ਯਤਨਾਂ ਸਦਕਾ ਉਸ ਦੀਆਂ ਕੋਸ਼ਿਸ਼ਾਂ ਨੂੰ ਬੂਰ ਪਿਆ ਅਤੇ ਉਸ ਨੇ ਸਫ਼ਲਤਾ ਦੀ ਨਵੀਂ ਕਹਾਣੀ ਲਿਖੀ। ਉਨ੍ਹਾ ਕਿਹਾ ਕਿ ਜੇ ਇਕ ਕਲਾਕਾਰ ਅਜਿਹਾ ਕਰ ਸਕਦਾ ਹੈ ਤਾਂ ਸੂਬੇ ਦਾ ਮੁਖੀ ਤਾਂ ਹੋਰ ਵੀ ਬਹੁਤ ਕੁਝ ਕਰ ਸਕਦਾ ਹੈ। ਉਨ੍ਹਾ ਕਿਹਾ ਕਿ ਇਹ ਮੰਦਭਾਗੀ ਗੱਲ ਹੈ ਕਿ ਇਨ੍ਹਾਂ ਅਧਿਆਪਕਾਂ ਨੂੰ ਨਿਗੂਣੀਆਂ ਤਨਖਾਹਾਂ ’ਤੇ ਕੰਮ ਕਰਨਾ ਪਿਆ ਅਤੇ ਪੁਰਾਣੀਆਂ ਸਰਕਾਰਾਂ ਦੀ ਬੇਰੁਖੀ ਕਾਰਨ ਉਨ੍ਹਾਂ ਨੂੰ ਆਪਣੇ ਜਾਇਜ਼ ਹੱਕਾਂ ਲਈ ਪ੍ਰਦਰਸ਼ਨ ਕਰਨਾ ਪਿਆ। ਭਗਵੰਤ ਮਾਨ ਨੇ ਕਿਹਾ ਕਿ ਮਨਰੇਗਾ ਅਧੀਨ ਕੰਮ ਕਰਦੇ ਮਜ਼ਦੂਰਾਂ ਨੂੰ ਵੀ ਅਧਿਆਪਕਾਂ ਨਾਲੋਂ ਵੱਧ ਤਨਖਾਹਾਂ ਮਿਲਦੀਆਂ ਸਨ। ਉਨ੍ਹਾਂ ਨੇ ਅਫ਼ਸੋਸ ਜ਼ਾਹਰ ਕਰਦਿਆਂ ਕਿਹਾ ਕਿ ਇਹ ਕੌਮ ਨਿਰਮਾਤਾਵਾਂ ’ਤੇ ਅੱਤਿਆਚਾਰ ਨਹੀਂ ਤਾਂ ਹੋਰ ਕੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾ ਨੂੰ ਕੱਚਾ ਸ਼ਬਦ ਹੀ ਪਸੰਦ ਨਹੀਂ। ਰਹਿੰਦੇ 150-200 ਕੱਚੇ ਟੀਚਰ ਵੀ ਛੇਤੀ ਪੱਕੇ ਕਰ ਦਿੱਤੇ ਜਾਣਗੇ। ਮਾਨ ਨੇ ਕਿਹਾ ਕਿ ਕੱਚੇ ਘਰਾਂ ਦਾ ਰਿਵਾਜ ਹਟ ਗਿਆ ਹੈ ਤਾਂ ਕੱਚੇ ਟੀਚਰ ਵੀ ਨਹੀਂ ਹੋਣੇ ਚਾਹੀਦੇ। ਉਨ੍ਹਾਂ ਕਿਹਾ ਕਿ ਇਨ੍ਹਾਂ ਅਧਿਆਪਕਾਂ ਨੂੰ ਹਰ ਸਾਲ ਪੰਜ ਫੀਸਦੀ ਤਨਖ਼ਾਹ ਵਾਧੇ ਦੇ ਨਾਲ-ਨਾਲ ਛੁੱਟੀਆਂ ਸਮੇਤ ਹੋਰ ਲਾਭ ਵੀ ਦਿੱਤੇ ਜਾਣਗੇ। ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਇਕ ਹੋਰ ਇਤਿਹਾਸਕ ਪਹਿਲਕਦਮੀ ਕਰਦਿਆਂ ਫੈਸਲਾ ਕੀਤਾ ਹੈ ਕਿ ਅਧਿਆਪਕ ਸਿਰਫ ਅਧਿਆਪਨ ਕਾਰਜ ਨਾਲ ਸੰਬੰਧਤ ਸੇਵਾ ਨਿਭਾਉਣਗੇ ਅਤੇ ਉਨ੍ਹਾਂ ਦੀ ਕਿਸੇ ਗੈਰ-ਅਧਿਆਪਨ ਕਾਰਜ ਲਈ ਡਿਊਟੀ ਨਹੀਂ ਲਗਾਈ ਜਾਵੇਗੀ। ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਸੂਬੇ ਵਿੱਚ ਮਰਦਮਸ਼ੁਮਾਰੀ ਲਈ 66,000 ਅਧਿਆਪਕਾਂ ਦੀ ਮੰਗ ਕੀਤੀ ਗਈ ਸੀ, ਜਿਸ ਤੋਂ ਉਨ੍ਹਾਂ ਵੱਲੋਂ ਸਪੱਸ਼ਟ ਸ਼ਬਦਾਂ ਵਿੱਚ ਇਨਕਾਰ ਕਰ ● ਬਾਕੀ ਸਫ਼ਾ 2 ’ਤੇ







## ਕੋਈ ਗ੍ਰਿਫਤਾਰੀ ਨਹੀਂ, ਜਾਂਚ ਜਾਰੀ



**ਨਵੀਂ ਦਿੱਲੀ** : ਸੀ ਬੀ ਆਈ ਮਨੀਪੁਰ ਵਿਚ ਹਿੰਸਾ ਨਾਲ ਸੰਬੰਧਤ ਛੇ ਮਾਮਲਿਆਂ ਦੀ ਜਾਂਚ ਕਰ ਰਹੀ ਹੈ ਅਤੇ ਇਸ ਸੰਬੰਧ ਵਿਚ ਹਾਲੇ ਤੱਕ ਕੋਈ ਗ੍ਰਿਫ਼ਤਾਰੀ ਨਹੀਂ ਹੋਈ ਹੈ। ਅਧਿਕਾਰੀਆਂ ਮੁਤਾਬਕ ਨਿਰਧਾਰਤ ਪ੍ਰਕਿਰਿਆ ਅਨੁਸਾਰ ਏਜੰਸੀ ਨੇ ਪਿਛਲੇ ਮਹੀਨੇ ਰਾਜ ਪੁਲਸ ਤੋਂ ਐੱਫ ਆਈ ਆਰਜ਼ ਆਪਣੇ ਕਬਜ਼ੇ ’ਚ ਲੈ ਲਈਆਂ ਹਨ ਅਤੇ ਅੱਗੇ ਦੀ ਜਾਂਚ ਜਾਰੀ ਹੈ।

## ਭਾਜਪਾ ਕੋਲ ਯੂਪੀ ਵਾਂਗ 80 ਸੀਟਾਂ ਹੁੰਦੀਆਂ ਤਾਂ ਕੀ ਮਨੀਪੁਰ ਨੂੰ ਨਜ਼ਰਅੰਦਾਜ਼ ਕਰਦੀ : ਰਾਘਵ ਚੱਢਾ



**ਨਵੀਂ ਦਿੱਲੀ**. ‘ਆਪ’ ਦੇ ਸੀਨੀਅਰ ਨੇਤਾ ਅਤੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਭਾਜਪਾ ਸਰਕਾਰ ’ਤੇ ਸੰਵਿਧਾਨ ਅਤੇ ਸੰਸਦੀ ਕਾਨੂੰਨਾਂ ਦੀ ਉਲੰਘਣਾ ਕਰਨ ਦਾ ਦੋਸ਼ ਲਗਾਉਂਦੇ ਹੋਏ ਉਸ ਦੀ ਸਖਤ ਆਲੋਚਨਾ ਕੀਤੀ। ਉਨ੍ਹਾ ਕਿਹਾ ਕਿ ਇਤਿਹਾਸਕ ਤੌਰ ’ਤੇ ਜਦੋਂ ਵੀ ਵਿਰੋਧੀ ਧਿਰ ਵੱਲੋਂ ਪੇਸ਼ ਕੀਤੇ ਗਏ ਬੇਭਰੋਸਗੀ ਮਤੇ ਨੂੰ ਸਪੀਕਰ ਦੁਆਰਾ ਪ੍ਰਵਾਨ ਕਰ ਲਿਆ ਜਾਂਦਾ ਸੀ ਤਾਂ ਮਤੇ ’ਤੇ ਬਹਿਸ ਅਤੇ ਵੋਟਿੰਗ ਹੋਣ ਤੱਕ ਕੋਈ ਹੋਰ ਵਿਧਾਨਿਕ ਕੰਮ ਨਹੀਂ ਕੀਤਾ ਜਾਂਦਾ ਸੀ।ਇਸ ਦੇ ਉਲਟ ਭਾਜਪਾ ਸਰਕਾਰ ਇਨ੍ਹਾਂ ਨਿਯਮਾਂ ਦੀ ਉਲੰਘਣਾ ਕਰ ਰਹੀ ਹੈ, ਨਿਯਮਤ ਕੰਮਕਾਜ ਕਰ ਰਹੀ ਹੈ ਅਤੇ ਬੇਭਰੋਸਗੀ ਮਤੇ ਨੂੰ ਸੰਬੋਧਿਤ ਕੀਤੇ ਬਿਨਾਂ ਬਿੱਲ ਪਾਸ ਕਰ ਰਹੀ ਹੈ। ਉਨ੍ਹਾ ਸਰਕਾਰ ਅਤੇ ਸਪੀਕਰ ਨੂੰ ਅਪੀਲ ਕੀਤੀ ਕਿ ਉਹ ਲੋਕ ਸਭਾ ਵਿਚ ਹੋਰ ਮਾਮਲਿਆਂ ਦੀ ਕਾਰਵਾਈ ਤੋਂ ਪਹਿਲਾਂ ਬਹਿਸ ਨੂੰ ਤਰਜੀਹ ਦੇਣ ਅਤੇ ਬੇਭਰੋਸਗੀ ਮਤੇ ’ਤੇ ਵੋਟਿੰਗ ਕਰਵਾਉਣ।

ਰਾਘਵ ਚੱਢਾ ਨੇ ਇਹ ਵੀ ਦੱਸਿਆ ਕਿ ਇੰਡੀਆ ਗੱਠਜੋੜ ਦਾ ਇੱਕ ਵਫਦ ਰਾਜ ਦੇ ਲੋਕਾਂ ਨਾਲ ਇੱਕਮੁੱਠਤਾ ਪ੍ਰਗਟਾਉਣ ਅਤੇ ਜ਼ਮੀਨੀ ਸਥਿਤੀ ਦੀ ਬਿਹਤਰ ਸਮਝ ਹਾਸਲ ਕਰਨ ਲਈ ਮਨੀਪੁਰ ਦਾ ਦੌਰਾ ਕਰੇਗਾ। ਉਨ੍ਹਾਂ ਮਨੀਪੁਰ ਵਿੱਚ ਭਿਆਨਕ ਸਥਿਤੀਆਂ ਨੂੰ ਉਜਾਗਰ ਕੀਤਾ, ਜਿਸ ਵਿੱਚ ਹਜ਼ਾਰਾਂ ਲੋਕ ਬੇਘਰ ਹੋਏ, ਸੈਂਕੜੇ ਆਪਣੀਆਂ ਜਾਨਾਂ ਗੁਆ ਬੈਠੇ ਅਤੇ ਔਰਤਾਂ ਅਤੇ ਮਨੁੱਖਤਾ ਵਿਰੁੱਧ ਘਿਨਾਉਣੇ ਅਪਰਾਧ ਹੋਏ। ਉਨ੍ਹਾਂ ਰਾਜ ਦੇ ਰਾਜਪਾਲ ਅਤੇ ਭਾਜਪਾ ਨੇਤਾਵਾਂ ਦੁਆਰਾ ਵਾਰ-ਵਾਰ ਜ਼ਾਹਿਰ ਕੀਤੀ ਚਿੰਤਾ ਦੇ ਬਾਵਜੂਦ ਕੇਂਦਰ ਸਰਕਾਰ ਦੁਆਰਾ ਕੋਈ ਕਦਮ ਨਾ ਚੁੱਕਣ ਲਈ ਆਲੋਚਨਾ ਕੀਤੀ। ਉਨ੍ਹਾਂ ਸਵਾਲ ਕੀਤਾ ਕਿ ਮੌਜੂਦਾ ਮਨੀਪੁਰ ਸਰਕਾਰ ਨੂੰ ਭੰਗ ਕਿਉਂ ਨਹੀਂ ਕੀਤਾ ਗਿਆ ਅਤੇ ਸੰਵਿਧਾਨਕ ਹੱਲ, ਜਿਵੇਂ ਕਿ ਧਾਰਾ 355 ਅਤੇ 356, ਨੂੰ ਸ਼ਾਂਤੀ ਬਹਾਲ ਕਰਨ ਅਤੇ ਜਾਨਾਂ ਬਚਾਉਣ ਲਈ ਕਿਉਂ ਨਹੀਂ ਵਰਤਿਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਦਾ ਜਵਾਬ ਸ਼ਾਇਦ ਵੱਖਰਾ ਹੁੰਦਾ ਜੇਕਰ ਮਨੀਪੁਰ ਜ਼ਿਆਦਾ ਸੀਟਾਂ ਵਾਲਾ ਵੱਡਾ ਰਾਜ ਹੁੰਦਾ, ਜਿਵੇਂ ਯੂਪੀ, ਜਿਸ ਦੀਆਂ 80 ਸੀਟਾਂ ਹਨ। ਉਨ੍ਹਾਂ ਕਿਹਾ ਕਿ ਜੇਕਰ ਮਨੀਪੁਰ ’ਚ ਗੈਰ-ਭਾਜਪਾ ਸਰਕਾਰ ਹੁੰਦੀ ਤਾਂ ਕੇਂਦਰ ਸਰਕਾਰ ਨੇ ਬਹੁਤ ਪਹਿਲਾਂ ਰਾਸ਼ਟਰਪਤੀ ਸ਼ਾਸਨ ਲਗਾਇਆ ਹੁੰਦਾ।

ਮਨੀਪੁਰ ਦੇ ਇੱਕ ਵੀਡੀਓ ਦੀ ਜਾਂਚ ਸੀ ਬੀ ਆਈ ਦੇ ਹੱਥ ਵਿੱਚ ਲੈਣ ਦੇ ਮਾਮਲੇ ’ਤੇ ਉਨ੍ਹਾਂ ਕਾਰਵਾਈ ਵਿੱਚ ਦੇਰੀ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਇਹ ਲੱਗਭੱਗ ਤਿੰਨ ਮਹੀਨਿਆਂ ਬਾਅਦ ਬਹੁਤ ਦੇਰੀ ਨਾਲ ਆਇਆ ਹੈ ਅਤੇ ਇਸ ਲਈ “ਬਹੁਤ ਦੇਰ ਹੋ ਚੁੱਕੀ ਹੈ।” ਉਨ੍ਹਾਂ ਕਿਹਾ ਕਿ ਭਾਜਪਾ ਨੂੰ ਕਾਰਵਾਈ ਕਰਦਿਆਂ 80-85 ਦਿਨ ਲੱਗ ਗਏ, ਜਦਕਿ ਲੋਕ ਰਾਜ ਸਰਕਾਰ ਦੀ ਨਾਕਾਮੀ ਕਾਰਨ ਹਰ ਰੋਜ਼ ਦੁਖੀ ਹੋ ਰਹੇ ਹਨ।



ਸ਼ੁੱਕਰਵਾਰ ਸਵੇਰੇ ਜਲੰਧਰ ’ਚ ਹੋਈ ਭਾਰੀ ਬਾਰਿਸ਼ ਤੋਂ ਬਾਅਦ ਰੇਲਵੇ ਸਟੇਸ਼ਨ ਰੋਡ ਪੂਰੀ ਤਰ੍ਹਾਂ ਪਾਣੀ ਨਾਲ ਜਲਥਲ ਹੋ ਗਿਆ। ਆਪਣੀ ਮੰਜ਼ਲ ਵੱਲ ਜਾਣ ਲਈ ਰਾਹਗੀਰ ਜੱਦੋ ਜਹਿਦ ਕਰਦੇ ਹੋਏ।

## ਵਿਦਿਆਰਥਣ ਦੀ ਰਾਡ ਮਾਰ ਕੇ ਹੱਤਿਆ

**ਨਵੀਂ ਦਿੱਲੀ** : ਸ਼ੁੱਕਰਵਾਰ ਮਾਲਵੀਆ ਨਗਰ ’ਚ ਔਰਬਿੰਦੋ ਕਾਲਜ ਨੇੜੇ ਪਾਰਕ ’ਚ ਵਿਦਿਆਰਥਣ ਦੀ ਰਾਡ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੁਲਸ ਮੁਤਾਬਕ ਕੁੜੀ ਕਮਲਾ ਨਹਿਰੂ ਕਾਲਜ ਦੀ ਵਿਦਿਆਰਥਣ ਸੀ ਤੇ 28 ਸਾਲਾ ਦੋਸਤ ਨਾਲ ਪਾਰਕ ’ਚ ਆਈ ਸੀ। ਦੋਸਤ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਦੱਖਣੀ ਦਿੱਲੀ ਦੇ ਡੀ ਸੀ ਪੀ ਚੰਦਨ ਚੌਧਰੀ ਨੇ ਕਿਹਾ ਕਿ ਸੂਚਨਾ ਮਿਲੀ ਸੀ ਕਿ ਔਰਬਿੰਦੋ ਕਾਲਜ ਨੇੜੇ 25 ਸਾਲਾ ਕੁੜੀ ਦੀ ਲਾਸ਼ ਪਈ ਹੈ।

ਮੁਲਜ਼ਮ ਇਰਫਾਨ ਨੇ ਦੱਸਿਆ ਕਿ ਉਹ ਨਰਗਿਸ ਨਾਲ ਵਿਆਹ ਕਰਾਉਣਾ ਚਾਹੁੰਦਾ ਸੀ ਪਰ ਉਸਦੇ ਘਰ ਦੇ ਨਹੀਂ ਮੰਨ ਰਹੇ ਸੀ ਅਤੇ ਨਰਗਿਸ ਨੇ ਵੀ ਉਸ ਨਾਲ ਗੱਲ ਕਰਨੀ ਛੱਡ ਦਿੱਤੀ ਸੀ। ਉਸਨੇ ਮਿਲਣ ਲਈ ਉਸਨੂੰ ਪਾਰਕ ਵਿਚ ਸੱਦਿਆ ਤੇ ਗੁੱਸੇ ਵਿਚ ਰਾਡ ਮਾਰ ਕੇ ਹੱਤਿਆ ਕਰ ਦਿੱਤੀ।

ਦਿੱਲੀ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਸਵਾਤੀ ਮਾਲੀਵਾਲ ਨੇ ਇਸ ਘਟਨਾ ਦਾ ਨੋਟਿਸ ਲੈਂਦਿਆਂ ਟਵੀਟ ਕੀਤਾ—ਮਾਲਵੀਆ ਨਗਰ ਵਰਗੇ ਪੌਸ਼ ਇਲਾਕੇ ’ਚ ਕੁੜੀ ਨੂੰ ਰਾਡ ਮਾਰ ਕੇ ਮਾਰ ਦਿੱਤਾ ਗਿਆ। ਦਿੱਲੀ ਬੇਹੱਦ ਅਸੁਰੱਖਿਅਤ ਹੈ, ਅਖਬਾਰਾਂ ਦੀਆਂ ਖਬਰਾਂ ’ਚ ਸਿਰਫ ਕੁੜੀਆਂ ਦੇ ਨਾਂ ਬਦਲੇ ਜਾਂਦੇ ਹਨ, ਅਪਰਾਧ ਨਹੀਂ ਰੁਕਦੇ।

## ਡਾਇਰੈਕਟਰ ਪਸ਼ੂ ਪਾਲਣ ਦਫਤਰ ਅੱਗੇ ਵਿਸ਼ਾਲ ਧਰਨਾ



**ਮੁਹਾਲੀ (ਗੁਰਜੀਤ ਬਿੱਲਾ)**- ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਪੰਜਾਬ ਵੱਲੋਂ ਪਸ਼ੂ ਪਾਲਣ ਵਿਭਾਗ ਵਿਚਲੇ ਕੱਚੇ ਤੇ ਪੱਕੇ ਚੌਥਾ ਦਰਜਾ ਕਰਮਚਾਰੀਆਂ ਨੇ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਪੰਜਾਬ ਦੇ ਦਫਤਰ ਸੈਕਟਰ 68 ਮੁਹਾਲੀ ਵਿਖੇ ਵਿਸ਼ਾਲ ਧਰਨਾ ਦੇਣ ਉਪਰੰਤ ਰੋਹ ਭਰਪੂਰ ਰੈਲੀ ਕੀਤੀ। ਪਸ਼ੂ ਪਾਲਣ ਵਿਭਾਗ ਸਮੇਤ ਵੱਖ ਵੱਖ ਵਿਭਾਗਾਂ ਦੇ ਚੌਥਾ ਦਰਜਾ ਕਰਮਚਾਰੀ ਸਵੇਰੇ ਤੋਂ ਹੀ ਬੱਸਾਂ, ਟੈਂਪੂਆਂ ਅਤੇ ਹੋਰ ਵਾਹਨਾਂ ਰਾਹੀਂ ਵੱਖ ਵੱਖ ਜ਼ਿਲ੍ਹਿਆਂ ਵਿਚੋਂ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ। ਵਿਭਾਗ ਦੇ ਮੁਲਾਜ਼ਮਾਂ ਵਲੋਂ ਲਗਾਤਾਰ ਉਠਾਈਆਂ ਜਾ ਰਹੀਆਂ ਮੰਗਾਂ ਪੂਰੀਆਂ ਨਾ ਹੋਣ ’ਤੇ ਰੋਸ ਵਜੋਂ ਧਰਨਾ ਦਿੱਤਾ ਗਿਆ। ਮੁਲਾਜ਼ਮਾਂ ਦੇ ਪ੍ਰਮੁੱਖ ਆਗੂ ਦਰਸ਼ਨ ਸਿੰਘ ਲੁਬਾਣਾ, ਰਣਜੀਤ ਸਿੰਘ ਰਾਣਵਾਂ, ਪਸ਼ੂ ਪਾਲਣ ਵਿਭਾਗ ਦੇ ਆਗੂਆਂ ਜਗਦੀਸ਼ ਸਿੰਘ ਬਰਨਾਲਾ, ਬਸੰਤ ਸਿੰਘ, ਗੁਰਮੇਲ ਸਿੰਘ, ਰਾਮ ਸਿੰਘ ਬਠਿੰਡਾ, ਗੌਤਮ ਭਾਰਦਵਾਜ, ਇੰਦਰਪਾਲ ਸਿੰਘ ਵਾਲੀਆ, ਬਲਜਿੰਦਰ ਸਿੰਘ, ਜਗਮੋਹਨ ਨੌਲੱਖਾ, ਮਾਧੋ ਰਾਹੀ ਨੇ ਧਰਨੇ ਨੂੰ ਸੰਬੋਧਨ ਕਰਦੇ ਹੋਏ ਜਿੱਥੇ ਪੰਜਾਬ ਸਰਕਾਰ ’ਤੇ ਦੋਸ਼ ਲਾਏ ਕਿ ਉਹ ਚੌਥਾ ਦਰਜਾ ਮੁਲਾਜ਼ਮਾਂ ਦੀਆਂ ਮੰਗਾਂ ਤੇ ਕੱਚੇ ਕਰਮੀਆਂ ਨੂੰ ਪੱਕਾ ਕਰਨ ਤੇ 2004 ਦੀ ਪੈਨਸ਼ਨ ਬਹਾਲੀ ਲਈ ਗੰਭੀਰ ਨਹੀਂ ਹੈ, ਇਸ ਤਰ੍ਹਾਂ ਪਸ਼ੂ ਪਾਲਣ ਵਿਭਾਗ ਦੀ ਅਫਸਰਸ਼ਾਹੀ ਵੀ ਵਿਭਾਗੀ ਮੰਨੀਆਂ ਮੰਗਾਂ ਲਾਗੂ ਕਰਨ ਲਈ ਸੰਜੀਦਾ ਨਹੀਂ। ਇਨ੍ਹਾਂ ਆਗੂਆਂ ਨੇ ਕਿਹਾ ਕਿ ਪਸ਼ੂ ਪਾਲਣ ਵਿਭਾਗ ਦੇ ਪਸ਼ੂ ਫਾਰਮਾਂ ਵਿੱਚ 2013 ਤੋਂ ਠੇਕੇਦਾਰੀ ਪ੍ਰਣਾਲੀ ਰਾਹੀਂ ਰੱਖੇ ਆਊਟਸੋਰਸ ਕਰਮੀਆਂ ਦਾ ਠੇਕੇਦਾਰਾਂ ਦੁਆਰਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਘੱਟੋ ਘੱਟ ਉਜਰਤਾਂ ਕਿਰਤ ਕਾਨੂੰਨ ਮੁਤਾਬਕ ਨਹੀਂ ਦਿੱਤੀਆਂ ਜਾ ਰਹੀਆਂ ਤੇ ਕੋਈ ਵੀ ਸਹੂਲਤ ਨਾ ਦੇ ਕੇ ਲੁੱਟ ਖਸੁੱਟ ਵਿਭਾਗ ਦੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਕੀਤੀ ਜਾ ਰਹੀ ਹੈ। ਇਨ੍ਹਾਂ ਆਗੂਆਂ ਕਿਹਾ ਕਿ ਵਿਭਾਗੀ ਮੰਗਾਂ ਸੰਬੰਧੀ ਪਸ਼ੂ ਪਾਲਣ ਮੰਤਰੀ ਤੇ ਪ੍ਰਮੁੱਖ ਸਕੱਤਰ ਨਾਲ 24 ਜੂਨ ਨੂੰ ਮੀਟਿੰਗ ’ਚ ਵਿਭਾਗ ਦੇ ਚੌਥਾ ਦਰਜਾ ਕਰਮਚਾਰੀ ਜੋ ਪਸ਼ੂ ਹਸਪਤਾਲਾਂ / ਡਿਸਪੈਂਸਰੀਆਂ ਆਦਿ ਥਾਵਾਂ ਵਿੱਚ ਕੰਮ ਕਰਦੇ ਹਨ ਤੇ ਵਿੱਦਿਅਕ ਯੋਗਤਾ ਤੇ ਵਿਭਾਗੀ ਕੰਮਾਂ ਦੀ ਯੋਗਤਾ ਰੱਖਦੇ ਹਨ, ਨੂੰ ਤਰੱਕੀਆਂ ਦੇਣ, ਸੀਨੀਆਰਤਾ ਸੂਚੀਆਂ ਬਣਾਓਣ, ਚੌਥਾ ਦਰਜਾ ਕਰਮਚਾਰੀਆਂ ਦੀਆਂ ਪ੍ਰਵਾਨਤ 1183 ਅਸਾਮੀਆਂ ’ਤੇ ਨਵੀਂ ਭਰਤੀ ਕਰਨ, ਠੇਕੇਦਾਰੀ ਪ੍ਰਥਾ ਦਾ ਖਾਤਮਾ ਕਰਕੇ ਸਾਰੇ ਕੱਚੇ ਕਰਮੀਆਂ ਨੂੰ ਵਿਭਾਗ ਵਿੱਚ ਖਪਾਉਣਾ ਅਤੇ 2020 ਤੇ 2022 ● ਬਾਕੀ ਸਫ਼ਾ 2 ’ਤੇ

## ਅੱਜ-ਨਾਮਾ

ਰੁਕਦਾ ਮੀਂਹ ਪਹਾੜ ਵਿੱਚ ਪੈਣ ਤੋਂ ਨਹੀਂ,
ਵਗ-ਵਗ ਰੋੜ੍ਹ ਪੰਜਾਬ ਵੱਲ ਆਏ ਬੇਲੀ।
ਭਾਖੜੇ ਡੈਮ ਦੀ ਝੀਲ ਆ ਸਿਖਰ ਪਹੁੰਚੀ,
ਪਾਣੀ ਤਲਵਾੜੇ ਨਾ ਸਾਂਭਿਆ ਜਾਏ ਬੇਲੀ।
ਰਾਵੀ ਆਪਣੇ ਪਾਣੀ ਨਾਲ ਭਰੀ ਆਉਂਦੀ,
ਉੱਝ ਦਰਿਆ ਕੁਝ ਔਕੜ ਵਧਾਏ ਬੇਲੀ।
ਜਿਹੜੇ ਹਾਲ ਹਨ ਹੜ੍ਹਾਂ ਵਿੱਚ ਪੀੜਤਾਂ ਦੇ,
ਜਾਂਦੇ ਈ ਲਿਖੇ ਨਹੀਂ ਖੋਲ੍ਹ ਸੁਣਾਏ ਬੇਲੀ।
ਚੰਡੀਗੜ੍ਹ ਤੋਂ ਚੰਗੀ ਨਹੀਂ ਖਬਰ ਆਉਂਦੀ,
ਰਿਹਾ ਗਵਰਨਰ ਸਰਕਾਰ ਨੂੰ ਨਿੰਦ ਬੇਲੀ।
ਮੋੜਵਾਂ ਸਰਕਾਰ ਵੀ ਨਿੱਤ ਬਿਆਨ ਦੇਂਦੀ,
ਫਸੀ ਲੋਕਾਂ ਦੀ ਔਕੜ ਵਿੱਚ ਜਿੰਦ ਬੇਲੀ।

-ਤੀਸ ਮਾਰ ਖਾਂ

# ਗੋਪੀ ਡੱਲੇਵਾਲੀਆ ਗੈਂਗ ਦੇ 3 ਸ਼ੂਟਰ ਗ੍ਰਿਫਤਾਰ



**ਮੋਗਾ (ਅਮਰਜੀਤ ਬੱਬਰੀ)**- ਪੰਜਾਬ ਪੁਲਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ (ਏ ਜੀ ਟੀ ਐੱਫ) ਨੇ ਮੋਗਾ ਪੁਲਸ ਨਾਲ ਮਿਲ ਕੇ ਗੋਪੀ ਡੱਲੇਵਾਲੀਆ ਗੈਂਗ ਦੇ ਤਿੰਨ ਸ਼ੂਟਰਾਂ ਨੂੰ ਗ੍ਰਿਫ਼ਤਾਰ ਕਰਕੇ ਸੰਤੋਖ ਸਿੰਘ ਕਤਲ ਕੇਸ ਦੀ ਗੁੱਥੀ ਸੁਲਝਾ ਲਈ ਹੈ।

ਡੀ ਜੀ ਪੀ ਗੌਰਵ ਯਾਦਵ ਨੇ ਦੱਸਿਆ ਕਿ ਫੜੇ ਜਾਣ ਵਾਲੇ ਨਿਰਮਲ ਸਿੰਘ ਉਰਫ ਨਿੰਮਾ, ਅਪਰੈਲ ਸਿੰਘ ਉਰਫ ਸ਼ੇਰਾ ਅਤੇ ਜਸਕਰਨ ਸਿੰਘ ਉਰਫ ਕਰਨ ਹਨ। ਇਨ੍ਹਾਂ ਤੋਂ 10 ਜ਼ਿੰਦਾ ਕਾਰਤੂਸਾਂ ਸਮੇਤ ਤਿੰਨ .32 ਕੈਲੀਬਰ ਪਿਸਤੌਲ ਤੇ ਅਪਰਾਧ ’ਚ ਵਰਤੀ ਹੁੰਡਈ ਵਰਨਾ ਕਾਰ ਵੀ ਬਰਾਮਦ ਕੀਤੀ ਗਈ ਹੈ।

ਚਾਰ ਹਮਲਾਵਰਾਂ ਨੇ 16 ਜੁਲਾਈ 2023 ਨੂੰ ਮੋਗਾ ’ਚ ਸੰਤੋਖ ਸਿੰਘ ਦੇ ਘਰ ’ਚ ਦਾਖਲ ਹੋ ਕੇ ਉਸ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਯਾਦਵ ਨੇ ਦੱਸਿਆ ਕਿ ਏ ਡੀ ਜੀ ਪੀ ਪ੍ਰਮੋਦ ਬਾਨ ਦੀ ਨਿਗਰਾਨੀ ਹੇਠ ਏ ਆਈ ਜੀ ਏ ਜੀ ਟੀ ਐੱਫ ਸੰਦੀਪ ਗੋਇਲ ਦੀ ਅਗਵਾਈ ’ਚ ਏ ਜੀ ਟੀ ਐੱਫ ਦੀ ਟੀਮ ਨੇ ਮੋਗਾ ਪੁਲਸ ਨਾਲ ਮਿਲ ਕੇ ਤਿੰਨਾਂ ਸ਼ੂਟਰਾਂ ਨੂੰ ਜਲੰਧਰ ਦੇ ਮਹਿਤਪੁਰ ਇਲਾਕੇ ਤੋਂ ਗ੍ਰਿਫਤਾਰ ਕੀਤਾ।

ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚ ਅਨੁਸਾਰ ਗੁਰਪ੍ਰੀਤ ਸਿੰਘ ਉਰਫ ਗੋਪੀ ਡੱਲੇਵਾਲੀਆ ਅਤੇ ਗੌਰਵ ਸ਼ਰਮਾ ਉਰਫ ਗੋਰੂ ਬੱਚਾ ਇਸ ਘਿਨਾਉਣੇ ਕਤਲ ਦੇ ਮਾਸਟਰਮਾਈਂਡ ਹਨ। ਗੋਪੀ ਡੱਲੇਵਾਲੀਆ ਭਗੌੜਾ ਹੈ।

DUMMY-EIRST PAGE-AJIT.qxd 7/28/2023 10:34 PM Page 2



## ਡਾਕਟਰ ਮਨਜੀਤ ਕੌਰ ਨੇ ਐੱਸ ਐੱਮ ਓ ਦਾ ਅਹੁਦਾ ਸੰਭਾਲਿਆ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸਿਵਲ ਹਸਪਤਾਲ ਸਮਾਣਾ ਵਿਖੇ ਡਾਕਟਰ ਮਨਜੀਤ ਕੌਰ ਨੇ ਬਤੌਰ ਐੱਸ ਐੱਮ ਓ ਅਹੁਦਾ ਸੰਭਾਲ ਲਿਆ ਹੈ। ਡਾਕਟਰ ਰਿਸ਼ਮਾ ਭੌਰਾ ਐੱਸ.ਐੱਮ.ਓ. ਦੀ ਬਦਲੀ ਉਪਰੰਤ ਉਹ ਸਮਾਣਾ ਵਿਖੇ ਬਤੌਰ ਐੱਸ ਐੱਮ ਓ ਨਿਯੁਕਤ ਹੋਏ ਹਨ। ਡਾਕਟਰ ਮਨਜੀਤ ਕੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਸ ਨੇ ਮੈਡੀਕਲ ਦੀ ਪੜ੍ਹਾਈ 1992 ਵਿੱਚ ਪੂਰੀ ਕਰਕੇ ਲੋਕਾਂ ਨੂੰ ਸਿਹਤ ਸੇਵਾਵਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਸਨ। ਪਹਿਲਾਂ ਉਹ ਪ੍ਰਾਈਵੇਟ ਸਿਹਤ ਸੇਵਾਵਾਂ ਦਿੰਦੇ ਸਨ, ਫਿਰ ਉਨ੍ਹਾਂ ਨੂੰ ਸਰਕਾਰੀ ਨੌਕਰੀ ਮਿਲ ਗਈ। ਉਹ ਲਗਾਤਾਰ ਵੱਖ ਵੱਖ ਡਿਸਪੈਂਸਰੀਆਂ, ਹਸਪਤਾਲਾਂ ਵਿਖੇ ਸੇਵਾਵਾਂ ਦਿੰਦੇ ਆ ਰਹੇ ਹਨ। ਹੁਣ ਉਹ ਮਾਡਲ ਟਾਊਨ ਡਿਸਪੈਂਸਰੀ ਵਿਖੇ ਸਿਹਤ ਸੇਵਾਵਾਂ ਦਿੰਦੇ ਆ ਰਹੇ ਸਨ, ਜਿੱਥੇ ਉਨ੍ਹਾਂ ਨੂੰ ਐੱਸ ਐੱਮ ਓ ਵਜੋਂ ਤਰੱਕੀ ਮਿਲੀ ਹੈ ਅਤੇ ਉਹ ਸਮਾਣਾ ਵਿਖੇ ਬਤੌਰ ਐੱਸ ਐੱਮ ਓ ਨਿਯੁਕਤ ਹੋਏ ਹਨ। ਉਹ ਸਮਾਣਾ ਸਿਵਲ ਹਸਪਤਾਲ ਦੇ ਡਾਕਟਰਾਂ ਤੇ ਸਟਾਫ ਦੇ ਸਹਿਯੋਗ ਨਾਲ ਪਹਿਲਾਂ ਨਾਲੋਂ ਵਧੀਆ ਸਮਾਣਾ ਵਾਸੀਆਂ ਨੂੰ ਸਿਹਤ ਸੇਵਾਵਾਂ ਦੇਣ ਦੀ ਕੋਸ਼ਿਸ਼ ਕਰਨਗੇ।

## ਪਰਿਵਰਤਨ ਵੱਲੋਂ ਤੀਜ ਮੇਲਾ ਭਲਕੇ

**ਧੂਰੀ (ਸੁਖਦੇਵ ਧੂਰੀ)**-ਪੰਜਾਬ ਦੀ ਮੋਹਰੀ ਸਮਾਜ ਸੇਵੀ ਸੰਸਥਾ ਪਰਿਵਰਤਨ (ਮਾਲਵਾ ਫਰੈਂਡਜ਼ ਵੈੱਲਫੇਅਰ ਸੁਸਾਇਟੀ) ਧੂਰੀ ਵੱਲੋਂ ਸੰਸਥਾ ਦੀ ਮੈਂਬਰ ਅਮਨਦੀਪ ਕੌਰ ਬਾਠ ਤੇ ਕਿਰਨ ਬਾਲਾ ਦੀ ਅਗਵਾਈ ਹੇਠ ਮਾਲਵਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ 30 ਜੁਲਾਈ ਨੂੰ ਬਾਅਦ ਦੁਪਹਿਰ ਤੀਜ ਮੇਲਾ ਲਾਇਆ ਜਾ ਰਿਹਾ ਹੈ। ਉਨ੍ਹਾ ਦੱਸਿਆ ਇਸ ਮੇਲੇ ਦਾ ਮੁੱਖ ਆਕਰਸ਼ਣ ਲੜਕੀਆਂ ਦੁਆਰਾ ਪਹਿਨਣੀਆਂ ਰਿਵਾਇਤੀ ਪੁਸ਼ਾਕਾਂ ਹੋਣਗੀਆਂ। ਉਨ੍ਹਾ ਸਾਰਿਆਂ ਨੂੰ ਇਸ ਮੌਕੇ ਰਿਵਾਇਤੀ ਪੁਸ਼ਾਕਾਂ ਪਹਿਣ ਕੇ ਆਉਣ ਤੇ ਹਾਜ਼ਰ ਲੜਕੀਆਂ 'ਚੋਂ ਮਿਸ ਤੀਜ ਚੁਣ ਕੇ ਵਿਸੇਸ ਇਨਾਮ ਦਿੱਤੇ ਜਾਣਗੇ। ਉਨ੍ਹਾ ਸਮੂਹ ਪੰਜਾਬੀ ਸੱਭਿਆਚਾਰ ਨੂੰ ਪਿਆਰ ਕਰਨ ਵਾਲੀਆਂ ਮੁਟਿਆਰਾਂ ਨੂੰ ਇਸ ਮੇਲੇ 'ਚ ਭਾਗ ਲੈਣ ਦੀ ਅਪੀਲ ਕੀਤੀ।

## 31 ਨੂੰ ਮਨਾਇਆ ਜਾਵੇਗਾ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ

**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਸਥਾਨਕ ਸ਼ਹੀਦ ਊਧਮ ਸਿੰਘ ਚੌਕ ਵਿਖੇ ਹਰ ਸਾਲ ਸ਼ਹੀਦ ਊਧਮ ਸਿੰਘ ਮੈਮੋਰੀਅਲ ਟਰੱਸਟ ਧਰਮਕੋਟ ਵੱਲੋਂ ਪੰਜਾਬ ਦੇ ਮਹਾਨ ਸੂਰਬੀਰ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ 31 ਜੁਲਾਈ ਨੂੰ ਸ਼ਹੀਦ ਊਧਮ ਸਿੰਘ ਚੌਕ ਧਰਮਕੋਟ ਵਿਖੇ ਮਨਾਇਆ ਜਾਵੇਗਾ। ਪ੍ਰੋਗਰਾਮ ਸਬੰਧੀ ਜਾਣਕਾਰੀ ਦਿੰਦੇ ਹੋਏ ਟਰੱਸਟ ਦੇ ਪ੍ਰਧਾਨ ਜੰਗੀਰ ਸਿੰਘ ਜੱਜ ਨੇ ਦੱਸਿਆ ਕਿ ਇਸ ਸ਼ਹੀਦੀ ਸਮਾਗਮ ਵਿੱਚ ਹਲਕਾ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਮੁੱਖ ਮਹਿਮਾਨ ਵਜੋਂ ਪਹੁੰਚਣਗੇ। ਉਨ੍ਹਾ ਇਲਾਕਾ ਨਿਵਾਸੀਆਂ ਨੂੰ ਸ਼ਹੀਦੀ ਸਮਾਗਮ 'ਚ ਪਹੁੰਚਣ ਦੀ ਅਪੀਲ ਕੀਤੀ। ਇਸ ਮੌਕੇ ਬਲਵਿੰਦਰ ਸਿੰਘ ਸਰਪ੍ਰਸਤ, ਬਲਵਿੰਦਰ ਸਿੰਘ ਮੋਮੀ ਬੈਟਰੀਆਂ ਵਾਲੇ, ਗੁਰਮੇਜ ਸਿੰਘ ਸੰਧਾ, ਵਿਸਾਖਾ ਸਿੰਘ, ਸਮਸ਼ੇਰ ਸਿੰਘ ਜੰਮੂ, ਬਲਵਿੰਦਰ ਸਿੰਘ ਕੰਬੋਜ ਆਦਿ ਹਾਜ਼ਰ ਸਨ।

## ਰਜਿੰਦਰ ਸਿੰਘ ਨੇ ਸਬ ਫਾਇਰ ਆਫੀਸਰ ਦਾ ਚਾਰਜ ਸੰਭਾਲਿਆ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਰਾਜਿੰਦਰ ਸਿੰਘ ਨੇ ਸਮਾਣਾ ਵਿਖੇ ਬਤੌਰ ਸਬ ਫਾਇਰ ਆਫਿਸਰ ਵਜੋਂ ਅਹੁਦਾ ਸੰਭਾਲਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਮਾਣਾ ਇਲਾਕਾ ਇੰਡਸਟਰੀਅਲ ਸ਼ਹਿਰ ਵਜੋਂ ਵਿਕਸਤ ਹੋ ਰਿਹਾ ਹੈ, ਜਿੱਥੇ ਹਰ ਸਾਲ ਨਵੀਆਂ ਫੈਕਟਰੀਆਂ, ਸੈਲਰ ਤੇ ਮਿੱਲਾਂ ਲਗਦੀਆਂ ਹਨ, ਜਿਸ ਕਰਕੇ ਸਮਾਣਾ ਸ਼ਹਿਰ 'ਚ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਤੇ ਫਾਇਰ ਬ੍ਰਿਗੇਡ ਦੇ ਕਰਮਚਾਰੀਆਂ ਦਾ ਹੋਣਾ ਬਹੁਤ ਜ਼ਰੂਰੀ ਹੈ। ਉਨ੍ਹਾ ਕਿਹਾ ਫਾਇਰ ਬ੍ਰਿਗੇਡ ਕਰਮਚਾਰੀਆਂ ਦੀ ਡਿਊਟੀ ਪੰਜਾਬ ਪੁਲਸ ਵਾਂਗੂ ਚੌਵੀ ਘੰਟੇ ਲਗਾਤਾਰ ਚੱਲਦੀ ਹੈ। ਸਮਾਣਾ ਇਲਾਕੇ 'ਚ ਕਿਸੇ ਵੀ ਥਾਂ ਅੱਗ ਲੱਗਣ ਦੀ ਅਣਸੁਖਾਵੀਂ ਘਟਨਾ ਨਾਲ ਨਜਿੱਠਣ ਲਈ ਫਾਇਰ ਬ੍ਰਿਗੇਡ ਕਰਮਚਾਰੀ ਤਿਆਰ ਬਰ ਤਿਆਰ ਰਹਿੰਦੇ ਹਨ। ਉਨ੍ਹਾਂ ਸਬ ਫਾਇਰ ਅਫਸਰ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ ਤੇ ਉਹ ਆਪਣੀ ਡਿਊਟੀ ਨੂੰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ।

## ਅੱਧਾ ਕਿੱਲੋ ਅਫ਼ੀਮ ਸਮੇਤ ਕਾਬੂ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** : ਸੀ.ਆਈ.ਏ. ਸਟਾਫ ਸਰਹਿੰਦ ਦੀ ਟੀਮ ਨੇ ਇੱਕ ਵਿਅਕਤੀ ਨੂੰ ਅੱਧਾ ਕਿੱਲੋ ਅਫ਼ੀਮ ਸਮੇਤ ਗ੍ਰਿਫ਼ਤਾਰ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਐਕਟਿਵਾ ਸਕੂਟਰ 'ਤੇ ਸਵਾਰ ਹੋ ਕੇ ਆ ਰਹੇ ਜਤਿਨ ਕੁਮਾਰ ਵਾਸੀ ਬਸੀ ਪਠਾਣਾਂ ਨੂੰ ਸੀ.ਆਈ.ਏ. ਸਟਾਫ ਸਰਹਿੰਦ ਦੀ ਪੁਲਸ ਵੱਲੋਂ ਸਰਹਿੰਦ ਦੇ ਡਿਫੈਂਸ ਬੰਨ੍ਹ ਨਜ਼ਦੀਕ ਰੋਕਿਆ ਗਿਆ ਤਾਂ ਸਬ-ਇੰਸਪੈਕਟਰ ਸਤਵਿੰਦਰ ਸਿੰਘ ਵੱਲੋਂ ਲਈ ਗਈ ਤਲਾਸ਼ੀ ਦੌਰਾਨ ਉਸ ਦੇ ਕਬਜ਼ੇ 'ਚੋਂ 500 ਗ੍ਰਾਮ ਅਫ਼ੀਮ ਬਰਾਮਦ ਹੋਈ। ਇਸ ਸਬੰਧੀ ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਦਰਜ ਕੀਤੇ ਗਏ ਮੁਕੱਦਮੇ 'ਚ ਜਤਿਨ ਕੁਮਾਰ ਨੂੰ ਗ੍ਰਿਫ਼ਤਾਰ ਕਰਕੇ ਅਦਾਲਤ 'ਚ ਪੇਸ਼ ਕੀਤਾ ਗਿਆ, ਜਿੱਥੇ ਅਦਾਲਤ ਨੇ ਉਸ ਨੂੰ ਦੋ ਦਿਨ ਦੇ ਪੁਲਸ ਰਿਮਾਂਡ 'ਤੇ ਭੇਜਣ ਦੇ ਹੁਕਮ ਸੁਣਾਏ।

## 20 ਗ੍ਰਾਮ ਹੈਰੋਇਨ ਸਮੇਤ ਦੋ ਕਾਬੂ

**ਮਲੋਟ, (ਗੁਰਮੀਤ ਸਿੰਘ ਮੱਕੜ)** : ਸਥਾਨਕ ਥਾਣਾ ਸਿਟੀ ਪੁਲਸ ਨੇ ਹੈਰੋਇਨ ਨਾਲ ਔਰਤ ਸਮੇਤ ਦੋ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਪਾਰਟੀ ਗਸ਼ਤ ਦੌਰਾਨ ਅਮਨ ਨਗਰ ਮਲੋਟ ਮੌਜੂਦ ਸੀ ਤਾਂ ਇੱਕ ਲੜਕਾ ਕਿਰਨਦੀਪ ਸਿੰਘ ਵਾਸੀ ਡੱਬਵਾਲੀ ਢਾਬ ਤੇ ਇੱਕ ਲੜਕੀ ਨਿੰਮੋ ਵਾਸੀ ਬੁਰਜਾਂ ਫਾਟਕ ਮਲੋਟ ਸੜਕ ਦੇ ਨਾਲ ਬੈਠ ਕੇ ਪਲਾਸਟਿਕ ਦੀ ਲਿਫ਼ਾਫ਼ੀ ਵਿੱਚ ਕੁੱਝ ਫਰੋਲਾ ਫਰਾਲੀ ਕਰ ਰਹੇ ਸਨ, ਜੋ ਪੁਲਸ ਪਾਰਟੀ ਨੂੰ ਦੇਖ ਕੇ ਲਿਫ਼ਾਫ਼ੀ ਉਥੇ ਹੀ ਛੱਡ ਕੇ ਖਿਸਕਣ ਲੱਗੇ, ਜਿਨ੍ਹਾਂ ਨੂੰ ਪੁਲਸ ਪਾਰਟੀ ਨੇ ਕਾਬੂ ਕਰ ਲਿਆ ਤੇ ਲਿਫ਼ਾਫੀ ਦੀ ਤਲਾਸ਼ੀ ਲੈਣ ਉਪਰੰਤ ਉਸ ਵਿੱਚੋਂ 20 ਗ੍ਰਾਮ ਹੈਰੋਇਨ ਬਰਾਮਦ ਕੀਤੀ। ਪੁਲਸ ਨੇ ਉਕਤ ਦੋਵਾਂ 'ਤੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਸ਼ੋਕ ਸਮਾਚਾਰ

**ਜਲਾਲਾਬਾਦ, (ਜੀਤ ਕੁਮਾਰ)** ਸਾਬਕਾ ਸਰਪੰਚ ਗੁਰਦੇਵ ਸਿੰਘ ਆਲਮਕੇ ਤੇ ਪ੍ਰਧਾਨ ਗੁਰਮੀਤ ਸਿੰਘ ਦੇ ਪਿਤਾ ਸ੍ਰੀ ਮੰਗਲ ਸਿੰਘ ਦੀ ਅੰਤਮ ਅਰਦਾਸ 29 ਜੁਲਾਈ ਨੂੰ ਪਿੰਡ ਆਲਮਕੇ ਦੇ ਗੁਰਦੁਆਰਾ ਸਾਹਿਬ ਵਿਖੇ ਦੁਪਹਿਰ 12 ਤੋਂ 1 ਵਜੇ ਤੱਕ ਹੋਵੇਗੀ।

## ਨਵੇਂ ਕਲੋਰੀਨੇਟਰ ਲਵਾਏ, ਲੋਕਾਂ ਨੂੰ ਮਿਲੇਗਾ ਸਾਫ਼ ਪਾਣੀ



**ਅਮਲੋਹ, (ਲਖਵੀਰ ਸਿੰਘ)**-ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲੋਕਾਂ ਨੂੰ ਪੀਣ ਯੋਗ ਪਾਣੀ ਮੁਹੱਈਆ ਕਰਾਉਣ ਲਈ ਨਗਰ ਕੌਂਸਲ ਵੱਲੋਂ ਉਪ ਮੰਡਲ ਮੈਜਿਸਟ੍ਰੇਟ-ਕਮ-ਪ੍ਰਸ਼ਾਸਕ ਨਗਰ ਕੌਂਸਲ ਸ੍ਰੀ ਗੁਰਵਿੰਦਰ ਸਿੰਘ ਜੌਹਲ ਦੀ ਅਗਵਾਈ ਹੇਠ ਸ਼ਹਿਰ ਵਿੱਚ ਚੱਲ ਰਹੇ 2 ਟਿਊਬਵੈੱਲਾਂ 'ਤੇ ਨਵੇਂ ਕਲੋਰੀਨੇਟਰ ਲਵਾਏ ਗਏ ਹਨ ਤਾਂ ਜੁ ਸ਼ਹਿਰ ਦੇ ਲੋਕਾਂ ਨੂੰ ਕਲੋਰੀਨੇਸ਼ਨ ਕੀਤਾ ਸਾਫ ਪਾਣੀ ਮੁਹੱਈਆ ਕਰਾਇਆ ਜਾ ਸਕੇ ਅਤੇ ਪਾਣੀ ਨਾਲ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਿਆ ਜਾ ਸਕੇ। ਇਸ ਜਾਣਕਾਰੀ ਨਗਰ ਕੌਂਸਲ ਅਮਲੋਹ ਦੇ ਕਾਰਜ ਸਾਧਕ ਅਫਸਰ ਬਲਜਿੰਦਰ ਸਿੰਘ ਵੱਲੋਂ ਦਿੱਤੀ ਗਈ।

## ਕਾਰ ਚਾਲਕ ਹੈਰੋਇਨ ਸਮੇਤ ਗ੍ਰਿਫ਼ਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** : ਬਸੀ ਪਠਾਣਾਂ ਪੁਲਸ ਵੱਲੋਂ ਇੱਕ ਕਾਰ ਚਾਲਕ ਦੇ ਕਬਜ਼ੇ 'ਚੋਂ 80 ਗ੍ਰਾਮ ਹੈਰੋਇਨ ਬਰਾਮਦ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਬਸੀ ਪਠਾਣਾਂ ਪੁਲਸ ਦੀ ਇੱਕ ਪਾਰਟੀ ਚੀਮਾ ਗੈਸ ਏਜੰਸੀ ਵਾਲੇ ਟੀ ਪੁਆਇੰਟ ਨਜ਼ਦੀਕ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕਰ ਰਹੀ ਸੀ ਤਾਂ ਸ਼ਾਮ ਸਵਾ ਕੁ ਚਾਰ ਵਜੇ ਦੇ ਕਰੀਬ ਫ਼ਤਹਿਗੜ੍ਹ ਸਾਹਿਬ ਵੱਲੋਂ ਆ ਰਹੀ ਆਲਟੋ ਕਾਰ ਨੰਬਰ 2-0769 ਨੂੰ ਚੈਕਿੰਗ ਲਈ ਰੋਕਿਆ ਗਿਆ। ਕਾਰ ਚਾਲਕ ਨੇ ਪੁੱਛੇ ਜਾਣ 'ਤੇ ਪੁਲਸ ਕਰਮਚਾਰੀਆਂ ਨੂੰ ਆਪਣੀ ਪਹਿਚਾਣ ਟਿੰਕੂ ਯਾਦਵ ਵਾਸੀ ਰੋਹਿਨੀ (ਦਿੱਲੀ) ਵਜੋਂ ਦੱਸੀ, ਉਪਰੰਤ ਸਬ-ਇੰਸਪੈਕਟਰ ਅੰਗਰੇਜ਼ ਸਿੰਘ ਵੱਲੋਂ ਕਾਰ ਦੀ ਤਲਾਸ਼ੀ ਕੀਤੀ ਗਈ ਤਾਂ ਕਾਰ ਦੇ ਡੈਸ਼ਬੋਰਡ 'ਚੋਂ 80 ਗ੍ਰਾਮ ਹੈਰੋਇਨ ਬਰਾਮਦ ਹੋਈ, ਜਿਸ 'ਤੇ ਟਿੰਕੂ ਯਾਦਵ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

## ਲਾਇਨ ਕਲੱਬ ਮੇਨ ਨੇ ਸਿਵਲ ਹਸਪਤਾਲ ਨੂੰ ਦਿੱਤੀਆਂ ਦਵਾਈਆਂ




**ਜਗਰਾਉਂ, (ਸੰਜੀਵ ਅਰੋੜਾ)**-ਜਗਰਾਉਂ ਸ਼ਹਿਰ ਦੀ ਨਾਮਵਰ ਸੰਸਥਾ ਤੇ ਲੋੜਵੰਦਾਂ ਦੀ ਸੇਵਾ 'ਚ ਹਮੇਸ਼ਾ ਅੱਗੇ ਰਹਿਣ ਵਾਲੀ ਲਾਇਨ ਕਲੱਬ ਜਗਰਾਉਂ ਮੇਨ ਵੱਲੋਂ ਕਲੱਬ ਦੇ ਜ਼ੋਨ ਚੇਅਰਮੈਨ ਲਾਇਨ ਸ਼ਰਨਦੀਪ ਸਿੰਘ ਬੈਨੀਪਾਲ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਸਿਵਲ ਹਸਪਤਾਲ ਜਗਰਾਉਂ ਵਿਖੇ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਵੰਡੀਆਂ ਗਈਆਂ। ਇਨ੍ਹਾਂ ਸਾਰੀਆਂ ਦਵਾਈਆਂ ਦੀ ਸੇਵਾ ਕਲੱਬ ਦੇ ਸਾਬਕਾ ਪ੍ਰੈਜ਼ੀਡੈਂਟ ਤੇ ਮੌਜੂਦਾ ਜ਼ੋਨ ਚੇਅਰਮੈਨ ਲਾਇਨ ਸ਼ਰਨਦੀਪ ਸਿੰਘ ਬੈਨੀਪਾਲ ਨੇ ਕੀਤੀ। ਇਸ ਮੌਕੇ ਹਸਪਤਾਲ ਦੇ ਡਾ. ਪ੍ਰੀਤਭਾ ਸਾਹੂ ਵਰਮਾ, ਡਾ: ਗੁਰਪ੍ਰੀਤ ਸਿੰਘ, ਡਾ: ਸੁਖਦੀਪ ਕੌਰ, ਡਾ: ਹੈਪੀ, ਡਾ: ਅਮਨ, ਡਾ: ਕੁਲਵੰਤ ਸਿੰਘ, ਕਲੱਬ ਦੇ ਪ੍ਰਧਾਨ ਲਾਇਨ ਅਮਰਿੰਦਰ ਸਿੰਘ, ਕਲੱਬ ਕੈਸ਼ੀਅਰ ਲਾਇਨ ਗੁਰਪ੍ਰੀਤ ਸਿੰਘ ਛੀਨਾ, ਕਲੱਬ ਦੇ ਪੀ. ਆਰ. ਓ. ਲਾਇਨ ਰਾਜਿੰਦਰ ਸਿੰਘ ਢਿੱਲੋਂ, ਜ਼ੋਨ ਚੇਅਰਮੈਨ ਲਾਇਨ ਸ਼ਰਨਦੀਪ ਸਿੰਘ ਬੈਨੀਪਾਲ, ਲਾਇਨ ਨਿਰਭੈ ਸਿੰਘ ਸਿੱਧੂ, ਲਾਇਨ ਨਿਰਵੈਰ ਸਿੰਘ ਸੋਹੀ, ਲਾਇਨ ਪਰਮਵੀਰ ਸਿੰਘ ਗਿੱਲ ਤੇ ਅਮਰਜੀਤ ਸਿੰਘ ਸੋਨੂੰ ਹਾਜ਼ਰ ਸਨ।

# ਮਨੀਪੁਰ ਜਬਰ ਵਿਰੁੱਧ ਐਕਸ਼ਨ ਕਮੇਟੀ ਨੇ ਫੂਕੀ ਮੋਦੀ ਦੀ ਅਰਥੀ

### ਰਾਸ਼ਟਰਪਤੀ ਦੇ ਨਾਂਅ ਪੱਤਰ ਸੌਂਪ ਤੇ ਸੂਬਾ ਸਰਕਾਰ ਭੰਗ ਕਰਨ ਦੀ ਕੀਤੀ ਮੰਗ




**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਫਰੀਦਕੋਟ ਦੀਆਂ ਸੰਘਰਸ਼ਸ਼ੀਲ ਜਥੇਬੰਦੀਆਂ 'ਤੇ ਅਧਾਰਤ 'ਮਨੀਪੁਰ ਜਬਰ ਵਿਰੁੱਧ ਐਕਸ਼ਨ ਕਮੇਟੀ' ਦੇ ਸੱਦੇ 'ਤੇ ਸਥਾਨਕ ਮਿਨੀ ਸਕੱਤਰੇਤ ਵਿਖੇ ਰੋਹ ਭਰੀ ਰੈਲੀ ਕੀਤੀ ਗਈ, ਜਿਸ ਵਿੱਚ ਕਿਸਾਨ, ਖੇਤ ਮਜ਼ਦੂਰ, ਮੁਲਾਜ਼ਮ, ਪੈਨਸ਼ਨਰ, ਆਸ਼ਾ ਵਰਕਰ ਤੇ ਪੰਜਾਬ ਇਸਤਰੀ ਸਭਾ ਨੇ ਭਰਵੀਂ ਸ਼ਮੂਲੀਅਤ ਕੀਤੀ। ਰੈਲੀ ਨੂੰ ਸੰਬੋਧਨ ਕਰਦੇ ਹੋਏ ਜਗਸੀਰ ਜੀਦਾ, ਹਰਪਾਲ ਮਚਾਕੀ, ਅਸ਼ੋਕ ਕੌਸ਼ਲ, ਜਤਿੰਦਰ ਕੁਮਾਰ, ਸੁਖਵਿੰਦਰ ਸਿੰਘ ਸੁੱਖੀ, ਬੀਬੀ ਅਮਰਜੀਤ ਕੌਰ ਰਣ ਸਿੰਘ ਵਾਲਾ, ਇੰਦਰਜੀਤ ਸਿੰਘ ਖੀਵਾ, ਕਾਮਰੇਡ ਗੁਰਨਾਮ ਸਿੰਘ, ਗੁਰਪਾਲ ਸਿੰਘ ਨੰਗਲ ਨੇ ਮਨੀਪੁਰ ਦੀਆਂ ਘੱਟ ਗਿਣਤੀ ਆਦਿਵਾਸੀ ਔਰਤਾਂ ਨੂੰ ਬੰਦੂਕ ਦੀ ਨੋਕ 'ਤੇ ਬਹੁਗਿਣਤੀ ਗੁੰਡਿਆਂ ਦੀ ਭੀੜ ਵੱਲੋਂ ਨਿਰਵਸਤਰ ਕਰਕੇ ਪਰੇਡ ਕਰਨ ਤੇ ਸਮੂਹਕ ਬਲਾਤਕਾਰ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਡੇਢ ਸੌ ਤੋਂ ਵੱਧ ਕਤਲ, 3000 ਨੂੰ ਜ਼ਖ਼ਮੀ ਕਰਨ, 5000 ਘਰ ਸਾੜ ਦਿੱਤੇ ਜਾਣ ਅਤੇ 50,000 ਲੋਕ ਉਜਾੜ ਕੇ ਰਿਲੀਫ ਕੈਂਪਾਂ ਵਿੱਚ ਪਨਾਹ ਲੈਣ ਲਈ ਮਜਬੂਰ ਹੋਣਾ ਸਾਬਿਤ ਕਰਦਾ ਹੈ ਕਿ ਮਨੀਪੁਰ ਦੀ ਅਖੌਤੀ ਡਬਲ ਇੰਜਣ ਦੀ ਸਰਕਾਰ ਪੂਰੀ ਤਰ੍ਹਾਂ ਫੇਲ੍ਹ ਹੋ ਗਈ ਹੈ ਅਤੇ ਉਸ ਨੂੰ ਇੱਕ ਦਿਨ ਵੀ ਸੱਤਾ ਵਿੱਚ ਬਣੇ ਰਹਿਣ ਦਾ ਹੱਕ ਨਹੀਂ ਹੈ।

ਰੈਲੀ ਨੂੰ ਇਸਤਰੀ ਆਗੂ ਬੀਬੀ ਸ਼ਸ਼ੀ ਸ਼ਰਮਾ, ਸੁਖਦੇਵ ਸਿੰਘ ਮੱਲੀ, ਗੁਰਤੇਜ ਸਿੰਘ ਖਹਿਰਾ, ਜਸਪਾਲ ਸਿੰਘ ਨੰਗਲ, ਇੰਦਰਜੀਤ ਸਿੰਘ ਗਿੱਲ, ਵੀਰ ਸਿੰਘ ਕੰਮੇਆਣਾ, ਰੇਸ਼ਮ ਸਿੰਘ ਵਾਂਦਰ ਜਟਾਣਾ, ਇਕਬਾਲ ਸਿੰਘ ਰਣ ਸਿੰਘ ਵਾਲਾ, ਹਰਵਿੰਦਰ ਸ਼ਰਮਾ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਮਨੀਪੁਰ ਦੀਆਂ ਸ਼ਰਮਨਾਕ ਘਟਨਾਵਾਂ ਨੇ ਸਾਰੇ ਸੰਸਾਰ ਵਿੱਚ ਭਾਰਤ ਦੇਸ਼ ਦਾ ਸਿਰ ਨੀਂਵਾਂ ਕੀਤਾ ਹੈ ਅਤੇ ਸਰਕਾਰ ਨੇ ਪਿਛਲੇ ਢਾਈ ਮਹੀਨੇ ਮਾੜੇ ਹਾਲਾਤ ਨੂੰ ਕੰਟਰੋਲ ਕਰਨ ਦੀ ਬਜਾਏ ਇੰਟਰਨੈੱਟ 'ਤੇ ਪਾਬੰਦੀ ਲਗਾ ਕੇ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਮੌਕੇ ਪੈਨਸ਼ਨਰ ਆਗੂ ਕੁਲਵੰਤ ਸਿੰਘ ਚਾਨੀ, ਜਗਤਾਰ ਸਿੰਘ ਗਿੱਲ, ਗਗਨ ਪਾਹਵਾ, ਸੁਖਚਰਨ ਸਿੰਘ ਪੀ ਆਰ ਟੀ ਸੀ, ਬੀਬੀ ਊਸ਼ਾ ਤਨੇਜਾ, ਸ਼ੀਲਾ ਮਨਚੰਦਾ ਤੇ ਹੋਰ ਕਈ ਆਗੂ ਹਾਜ਼ਰ ਸਨ।

ਰੈਲੀ ਦੌਰਾਨ ਤਹਿਸੀਲਦਾਰ ਮੈਡਮ ਨੇ ਧਰਨੇ 'ਚ ਪਹੁੰਚ ਕੇ ਡਿਪਟੀ ਕਮਿਸ਼ਨਰ ਵੱਲੋਂ ਮੰਗ ਪੱਤਰ ਲਿਆ, ਜੋ ਭਾਰਤ ਦੀ ਰਾਸ਼ਟਰਪਤੀ ਨੂੰ ਸੰਬੋਧਨ ਕੀਤਾ ਹੋਇਆ ਸੀ। ਇਸ ਵਿੱਚ ਮੰਗ ਕੀਤੀ ਗਈ ਕਿ ਮਨੀਪੁਰ ਦੇ ਹਾਲਾਤ ਨੂੰ ਤੁਰੰਤ ਕੰਟਰੋਲ ਕੀਤਾ ਜਾਵੇ, ਹਿੰਸਾ ਪੀੜਤਾਂ ਦੇ ਮੁੜ ਵਸੇਬੇ ਦਾ ਪ੍ਰਬੰਧ ਕੀਤਾ ਜਾਵੇ ਤੇ ਮਨੀਪੁਰ ਦੀ ਨਿਕੰਮੀ ਸਰਕਾਰ ਨੂੰ ਬਰਖਾਸਤ ਕਰਕੇ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾਵੇ। ਰੈਲੀ ਦੇ ਬਾਅਦ ਜ਼ੋਰਦਾਰ ਨਾਹਰੇ ਲਾਉਂਦੇ ਹੋਏ ਭਾਈ ਕਨ੍ਹੱਈਆ ਚੌਕ ਤੱਕ ਮੁਜ਼ਾਹਰਾ ਕੀਤਾ ਗਿਆ, ਜਿੱਥੇ ਮੋਦੀ ਸਰਕਾਰ ਦੀ ਅਰਥੀ ਸਾੜੀ ਗਈ।

## ਭਰ ਜਵਾਨੀ ਹੱਸਦਾ ਖੇਡਦਾ ਜਹਾਨੋਂ ਤੁਰ ਗਿਆ ਦੀਪਕ ਗਲਹੋਤਰਾ

### ਭੋਗ ਤੇ ਅੰਤਮ ਅਰਦਾਸ 30 ਨੂੰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)** ਸਥਾਨਕ ਗਾਂਧੀ ਚੌਕ ਸਥਿਤ ਜਗਦੀਸ਼ ਕ੍ਰਿਪਾਨ ਸਟੋਰ ਦੇ ਮਾਲਕ ਜਗਦੀਸ਼ ਰਾਏ ਕਬੂਰੀਆ ਦਾ ਨੌਜਵਾਨ ਦੋਹਤਾ ਦੀਪਕ ਗਲਹੋਤਰਾ (37) ਆਪਣੇ ਪਰਿਵਾਰ ਨੂੰ ਰੋਂਦੇ ਵਿਲਕਦੇ ਛੱਡ ਕੇ ਬੀਤੀ 24 ਜੁਲਾਈ ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਿਆ ਸੀ। ਉਹ ਆਪਣੇ ਪਿਛੇ ਬੁੱਢੇ ਵਾਰੇ ਦੁੱਖ ਹੰਢਾਉਣ ਲਈ ਰੋਂਦੀ ਕੁਰਲਾਉਂਦੀ ਮਾਤਾ ਨੀਲਮ ਰਾਣੀ ਗਲਹੋਤਰਾ, ਉਮਰ ਭਰ ਲਈ ਦੁੱਖਾਂ ਦੇ ਪਹਾੜ ਵਰਗੀ ਜ਼ਿੰਦਗੀ ਭੋਗਣ ਲਈ ਮਜਬੂਰ ਪਤਨੀ ਜੋਤੀ ਗਲਹੋਤਰਾ ਅਤੇ ਦੁਨੀਆ ਦਾਰੀ ਤੋਂ ਬੇਖ਼ਬਰ ਮਾਸੂਮ ਪੁੱਤਰ ਚਿਰਾਗ ਨੂੰ ਛੱਡ ਗਿਆ ਹੈ। ਦੀਪਕ ਗਲਹੋਤਰਾ ਸਿਰ ਵਿੱਚ ਸੱਟ ਲੱਗਣ ਕਾਰਨ ਕਰੀਬ ਇਕ ਹਫਤੇ ਲਈ ਲੁਧਿਆਣੇ ਦੇ ਨਿੱਜੀ ਹਸਪਤਾਲ ਵਿਚ ਜੀਵਨ ਮੌਤ ਦੀ ਲੜਾਈ ਲੜਦਾ ਹੋਇਆ ਜ਼ਿੰਦਗੀ ਦੀ ਜੰਗ ਹਾਰ ਗਿਆ। ਦੀਪਕ ਗਲਹੋਤਰਾ ਜਗਦੀਸ਼ ਕ੍ਰਿਪਾਨ ਸਟੋਰ ਦੁਕਾਨ 'ਤੇ ਆਪਣੇ ਮਾਮਾ ਚਰਨਜੀਤ ਕਬੂਰੀਆ, ਅਵਿਨਾਸ਼ ਕਬੂਰੀਆ ਸਮੇਤ ਸਕੇ ਭਰਾ ਅਮਿਤ ਗਲਹੋਤਰਾ ਨਾਲ ਨਿਪੁੰਨ ਮੋਮੈਂਟੋ ਡਿਜ਼ਾਇਨਰ ਵਜੋਂ ਹੱਥ ਵਟਾ ਰਿਹਾ ਸੀ। ਦੀਪਕ ਦੀ ਬੇਵਕਤੀ ਮੌਤ 'ਤੇ ਇਨ੍ਹਾਂ ਤਿੰਨਾਂ ਦਾ ਰੋ ਰੋ ਕੇ ਬੁਰਾ ਹਾਲ ਹੈ। ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਪਿਤ ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ, ਚੇਅਰਮੈਨ ਇੰਜ. ਅਸ਼ੋਕ ਕੁਮਾਰ ਭਾਰਤੀ, ਮਿਸ਼ਨ ਸੇਵਕ ਰਾਜਿੰਦਰ ਖੁਰਾਣਾ, ਡਾ. ਸੁਰਿੰਦਰ ਗਿਰਧਰ, ਜਗਨ ਨਾਥ ਖੁਰਾਣਾ, ਪ੍ਰਿੰਸ ਖੁਰਾਣਾ ਅਤੇ ਨਰਿੰਦਰ ਕਾਕਾ ਫੋਟੋ ਗ੍ਰਾਫਰ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਜ਼ਿਕਰਯੋਗ ਹੈ ਕਿ ਸਵਰਗਵਾਸੀ ਦੀਪਕ ਗਲਹੋਤਰਾ ਮਿਸ਼ਨ ਦੇ ਸੀਨੀਅਰ ਮੈਂਬਰ ਰਾਜਿੰਦਰ ਖੁਰਾਣਾ ਦੀ ਸਕੀ ਭੂਆ ਦਾ ਦੋਹਤਾ ਹੈ। ਸਵ: ਦੀਪਕ ਗਲਹੋਤਰਾ ਨਮਿਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਆਉਂਦੀ 30 ਜੁਲਾਈ ਨੂੰ ਦੁਪਹਿਰ ਦੇ 12:00 ਤੋਂ 1:00 ਵਜੇ ਤੱਕ ਸਥਾਨਕ ਬਠਿੰਡਾ ਰੋਡ ਸਥਿਤ ਸ਼ਾਂਤੀ ਭਵਨ ਵਿਖੇ ਪਵੇਗਾ।

# ਸਰਕਾਰ ਵੱਲੋਂ ਸਿੱਖਿਆ ਤੇ ਸਿਹਤ ਖੇਤਰ 'ਚ ਕੀਤੇ ਜਾ ਰਹੇ ਇਤਿਹਾਸਕ ਉਪਰਾਲੇ : ਰਾਏ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪਿਛਲੀਆਂ ਸਰਕਾਰਾਂ ਨੇ ਗਿਣੀ ਮਿਥੀ ਸਾਜ਼ਿਸ਼ ਤਹਿਤ ਸੂਬੇ ਦੇ ਸਰਕਾਰੀ ਸਕੂਲਾਂ ਦੇ ਸਰਕਾਰੀ ਹਸਪਤਾਲਾਂ ਨੂੰ ਅਣਵੇਖਿਆਂ ਕਰਕੇ ਪ੍ਰਾਈਵੇਟ ਹਸਪਤਾਲਾਂ ਤੇ ਸਕੂਲਾਂ ਨੂੰ ਤਰਜੀਹ ਦਿੱਤੀ, ਜਿਸ ਕਾਰਨ ਆਮ ਲੋਕ ਪ੍ਰਾਈਵੇਟ ਸਕੂਲਾਂ ਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਮੋਟੀਆਂ ਫੀਸਾਂ ਦੇਣ ਤੋਂ ਵੀ ਅਸਮਰੱਥ ਹੋ ਗਏ ਸਨ। ਪ੍ਰੰਤੂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਸੂਬਾ ਸਰਕਾਰ ਵੱਲੋਂ ਸਿਹਤ ਤੇ ਸਿੱਖਿਆ ਦੇ ਖੇਤਰ ਵਿੱਚ ਕੀਤੇ ਜਾ ਰਹੇ ਇਤਿਹਾਸਕ ਉਪਰਾਲਿਆਂ ਸਦਕਾ ਸਰਕਾਰੀ ਸਕੂਲਾਂ ਦੇ ਸਰਕਾਰੀ ਹਸਪਤਾਲਾਂ ਨੂੰ ਨਵੀਂ ਬੁਲੰਦੀਆਂ ਤੇ ਲਿਜਾਇਆ ਜਾ ਰਿਹਾ ਹੈ ਤਾਂ ਜੁ ਸਾਡਾ ਸੂਬਾ ਸਿੱਖਿਆ ਤੇ ਸਿਹਤ ਦੇ ਖੇਤਰ ਵਿੱਚ ਦੇਸ਼ ਦਾ ਮੋਹਰੀ ਸੂਬਾ ਬਣ ਸਕੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਐਡਵੋਕੇਟ ਲਖਵੀਰ ਸਿੰਘ ਰਾਏ ਨੇ ਬੱਚਤ ਭਵਨ ਵਿਖੇ ਜ਼ਿਲ੍ਹੇ ਦੇ 318 ਕੱਚੇ ਅਧਿਆਪਕਾਂ ਨੂੰ ਪੱਕਾ ਕਰਨ ਸਬੰਧੀ ਸਰਟੀਫਿਕੇਟ ਦੇਣ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਅਧਿਆਪਕ ਸਾਡੇ ਸਮਾਜ ਦਾ ਅਹਿਮ ਅੰਗ ਹਨ ਅਤੇ ਸੱਭਿਅਕ ਸਮਾਜ ਦੇ ਨਿਰਮਾਣ ਵਿੱਚ ਅਧਿਆਪਕਾਂ ਦਾ ਮੁੱਖ ਯੋਗਦਾਨ ਹੁੰਦਾ ਹੈ। ਹਲਕਾ ਵਿਧਾਇਕ ਨੇ ਕਿਹਾ ਕਿ ਸਰਕਾਰ ਨੇ ਅੱਜ ਜੋ 12,500 ਕੱਚੇ ਅਧਿਆਪਕਾਂ ਨੂੰ ਪੱਕਾ ਕੀਤਾ ਹੈ, ਉਹ ਸਾਡੀ ਪਾਰਟੀ ਨੇ ਲੋਕਾਂ ਨਾਲ ਵਾਅਦਾ ਕੀਤਾ ਸੀ ਜੋ ਅੱਜ ਪੂਰਾ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਨੇ ਵਿਖਾਇਆ ਹੈ ਕਿ ਲੋਕਾਂ ਨਾਲ ਕੀਤੇ ਵਾਅਦਿਆਂ ਤੋਂ ਕੋਈ ਨਹੀਂ ਭੱਜ ਸਕਦਾ, ਸਗੋਂ ਲੋਕਾਂ ਦਾ ਸਾਥ ਲੈ ਕੇ ਹੀ ਸੂਬੇ ਨੂੰ ਹੋਰ ਬੁਲੰਦੀਆਂ ਤੇ ਲਿਜਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਹ ਕੱਚੇ ਅਧਿਆਪਕ ਪਿਛਲੇ 18 ਸਾਲਾਂ ਤੋਂ ਪੱਕੇ ਹੋਣ ਲਈ ਸੰਘਰਸ਼ ਕਰ ਰਹੇ ਸਨ, ਪ੍ਰੰਤੂ ਇਨ੍ਹਾਂ ਅਧਿਆਪਕਾਂ ਦੀ ਕਿਸੇ ਵੀ ਸਰਕਾਰ ਨੇ ਨਹੀਂ ਸੁਣੀ ਬਲਕਿ ਸਿਰਫ ਲਾਅਰੇ ਹੀ ਲਾਉਂਦੇ ਰਹੇ। ਉਨ੍ਹਾਂ ਕਿਹਾ ਕਿ ਇਨ੍ਹਾਂ ਅਧਿਆਪਕਾਂ ਨੂੰ ਪਹਿਲਾਂ 5000 ਰੁਪਏ ਤੱਕ ਦੀ ਮਾਮੂਲੀ ਤਨਖਾਹ ਹੀ ਮਿਲਦੀ ਸੀ, ਜਿਸ ਨਾਲ ਇਹ ਅਧਿਆਪਕ ਆਪਣੇ ਪਰਿਵਾਰਾਂ ਦਾ ਗੁਜ਼ਾਰਾ ਵੀ ਨਹੀਂ ਸਨ ਕਰ ਸਕਦੇ, ਪ੍ਰੰਤੂ ਅੱਜ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਦੀਆਂ ਤਨਖਾਹਾਂ ਵਿੱਚ ਦੁਗਣਾ ਵਾਧਾ ਕਰਕੇ ਇਨ੍ਹਾਂ ਅਧਿਆਪਕਾਂ ਨੂੰ ਇੱਕ ਨਵਾਂ ਤੋਹਫਾ ਦਿੱਤਾ ਹੈ।

ਰਾਏ ਨੇ ਪੱਕੇ ਹੋਏ ਅਧਿਆਪਕਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਸਰਕਾਰ ਸਕੂਲਾਂ ਦੇ ਵਿਦਿਆਰਥੀਆਂ ਨੂੰ ਭਵਿੱਖ ਦੀਆਂ ਚੁਣੌਤੀਆਂ ਲਈ ਤਿਆਰ ਕਰਨ ਵਾਸਤੇ ਪੂਰੀ ਇਮਾਨਦਾਰੀ ਨਾਲ ਆਪਣੇ ਫਰਜ਼ਾਂ ਦੀ ਪੂਰਤੀ ਕਰਨ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲ ਸਿੱਖਿਆ ਪ੍ਰੋਵਾਈਡਰਾਂ, ਏ.ਆਈ.ਈ, ਈ.ਜੀ.ਐਸ., ਐਸ.ਟੀ.ਆਰ. ਅਤੇ ਆਈ.ਈ.ਵੀ. ਵਲੰਟੀਆਰਾਂ ਨੂੰ ਪੱਕਾ ਕੀਤਾ ਹੈ, ਜੋ ਸੂਬੇ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਸੇਵਾਵਾਂ ਨਿਭਾਉਣਗੇ।

## ਕੇਂਦਰੀ ਵਿਦਿਆਲਿਆ ਸਲਾਇਟ ਵੱਲੋਂ ਰਾਸ਼ਟਰੀ ਸਿੱਖਿਆ ਨੀਤੀ ਨੂੰ ਲੋਕਾਂ 'ਚ ਪਹੁੰਚਾਉਣ ਦਾ ਸੱਦਾ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ)** : ਕੇਂਦਰੀ ਵਿਦਿਆਲਿਆ ਸਲਾਇਟ ਲੌਂਗੋਵਾਲ ਵਿਖੇ ਰਾਸ਼ਟਰੀ ਸਿੱਖਿਆ ਨੀਤੀ-2020 ਦੀ ਤੀਜੀ ਵਰ੍ਹੇਗੰਢ ਦੇ ਮੌਕੇ ਇੱਕ ਪ੍ਰੈੱਸ ਕਾਨਫਰੰਸ ਦਾ ਆਯੋਜਨ ਕੀਤਾ ਗਿਆ। ਇਸ ਕਾਨਫਰੰਸ 'ਚ ਸਕੂਲ ਦੇ ਡਾਇਰੈਕਟਰ ਸਲਾਇਟ ਤੇ ਵਿਦਿਆਲਾ ਮੈਨੇਜਮੈਂਟ ਕਮੇਟੀ ਚੇਅਰਮੈਨ ਪ੍ਰੋ. (ਡਾ.) ਮਣੀਕਾਂਤ ਪਾਸਵਾਨ ਨੇ ਸ਼ਮ੍ਹਾਂ ਰੌਸ਼ਨ ਕਰਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਉਨ੍ਹਾਂ ਸਕੂਲ ਦੇ ਬੱਚਿਆਂ ਨੂੰ ਆਸ਼ੀਰਵਾਦ ਵੀ ਦਿੱਤਾ। ਇਸ ਮੌਕੇ ਪ੍ਰੋ: ਏ. ਐੱਸ. ਅਰੋੜਾ ਡੀਨ ਤੇ ਸਲਾਇਟ ਲੌਂਗੋਵਾਲ ਦੇ ਉੱਘੇ ਪ੍ਰੋਫੈਸਰ, ਜ਼ਿਲ੍ਹਾ ਸਿੱਖਿਆ ਦਫਤਰ ਸੰਗਰੂਰ ਦੇ ਅਧਿਕਾਰੀ ਤੇ ਨੁਮਾਇੰਦੇ ਸ੍ਰੀਮਤੀ ਸੁਧਾ ਸ਼ਰਮਾ, ਪ੍ਰਿੰਸੀਪਲ ਜਵਾਹਰ ਨਵੋਦਿਆ ਵਿਦਿਆਲਿਆ ਲੌਂਗੋਵਾਲ ਤੇ ਸ਼ਹੀਦ ਭਾਈ ਦਿਆਲਾ ਜੀ ਪਬਲਿਕ ਸਕੂਲ ਲੌਂਗੋਵਾਲ ਦੇ ਨੁਮਾਇੰਦੇ ਹਾਜ਼ਰ ਸਨ। ਪ੍ਰੈੱਸ ਕਾਨਫਰੰਸ ਦੀ ਪ੍ਰਧਾਨਗੀ ਕੇਂਦਰੀ ਵਿਦਿਆਲਿਆ ਨੰਬਰ-2 ਫਿਰੋਜ਼ਪੁਰ ਛਾਉਣੀ ਦੇ ਪ੍ਰਿੰਸੀਪਲ ਸ੍ਰੀ ਲਕਸ਼ਮੀ ਕਾਂਤ ਸ਼ਰਮਾ ਨੇ ਕੀਤੀ। ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਸਕੂਲ ਵੱਲੋਂ ਇਲਾਕੇ ਦੇ ਮੀਡੀਆ ਕਰਮੀਆਂ ਨੂੰ ਸੱਦਾ ਦਿੱਤਾ ਗਿਆ ਸੀ। ਪ੍ਰਿੰਸੀਪਲ ਲਕਸ਼ਮੀ ਕਾਂਤ ਸ਼ਰਮਾ ਨੇ ਇਸ ਪ੍ਰੋਗਰਾਮ ਰਾਹੀਂ ਰਾਸ਼ਟਰੀ ਸਿੱਖਿਆ ਨੀਤੀ-2020 ਬਾਰੇ ਸਵਾਲਾਂ ਦੇ ਜਵਾਬ ਦਿੱਤੇ। ਉਨ੍ਹਾਂ ਕਿਹਾ ਕਿ ਰਾਸ਼ਟਰੀ ਸਿੱਖਿਆ ਨੀਤੀ-2020 ਦਾ ਦ੍ਰਿਸ਼ਟੀਕੋਣ 21ਵੀਂ ਸਦੀ ਦੀਆਂ ਲੋੜਾਂ ਦੇ ਅਨੁਕੂਲ ਵਿਆਪਕ, ਲਚਕਦਾਰ ਬਹੁ-ਅਨੁਸ਼ਾਸਨੀ ਸਿੱਖਿਆ ਰਾਹੀਂ ਭਾਰਤ ਨੂੰ ਇੱਕ ਜੀਵੰਤ ਗਿਆਨ ਸਮਾਜ ਤੇ ਇੱਕ ਵਿਸ਼ਵ ਗਿਆਨ ਮਹਾਂਸ਼ਕਤੀ 'ਚ ਬਦਲਣਾ ਹੈ। ਪ੍ਰਿੰਸੀਪਲ ਨੇ ਦੱਸਿਆ ਕਿ ਕੇਂਦਰੀ ਵਿਦਿਆਲਿਆ ਸੰਗਠਨ ਨੇ ਰਾਸ਼ਟਰੀ ਸਿੱਖਿਆ ਨੀਤੀ-2020 ਅਨੁਸਾਰ ਸਾਰੇ ਕੇਂਦਰੀ ਵਿਦਿਆਲਿਆ 'ਚ ਜਮਾਤ 1 ਵਿੱਚ ਦਾਖਲੇ ਦੀ ਉਮਰ ਨੂੰ 6+ ਸਾਲ ਦੇ ਅਕਾਦਮਿਕ ਸਾਲ 2022-23 ਵਿੱਚ ਸੋਧਿਆ ਹੈ। ਇਸ ਦਾ ਉਦੇਸ਼ 3 ਤੋਂ 9 ਸਾਲ ਦੀ ਉਮਰ ਦੇ ਬੱਚਿਆਂ ਦੀਆਂ ਸਿੱਖਣ ਦੀਆਂ ਲੋੜਾਂ ਨੂੰ ਪੂਰਾ ਕਰਨਾ ਹੈ। ਇਸ ਤੋਂ ਇਲਾਵਾ, ਨੈਸ਼ਨਲ ਐਜੂਕੇਸ਼ਨ ਫਰੇਮਵਰਕ ਨਵੀਂ ਸਿੱਖਿਆ ਨੀਤੀ 2020 ਨੂੰ ਲਾਗੂ ਕਰਨ ਦਾ ਇੱਕ ਹਿੱਸਾ ਹੈ। ਫਾਊਂਡੇਸ਼ਨਲ ਸਟੇਜ ਐਜੂਕੇਸ਼ਨ (3 ਤੋਂ 8 ਸਾਲ ਦੀ ਉਮਰ ਦੇ ਬੱਚਿਆਂ ਲਈ) ਅਕਤੂਬਰ 2022 ਵਿੱਚ ਲਾਂਚ ਕੀਤਾ ਗਿਆ ਸੀ, ਜਿਸ ਵਿੱਚ 3 ਪ੍ਰੀ- ਪ੍ਰਾਇਮਰੀ ਦੇ ਸਾਲ ਤੇ ਬੁਨਿਆਦੀ ਸਿੱਖਿਆ ਦੇ 5 ਸਾਲ। ਰਾਸਟਰੀ ਸਿੱਖਿਆ ਨੀਤੀ-2020 ਦੇ ਅਨੁਸਾਰ, ਕੇਂਦਰੀ ਵਿਦਿਆਲਿਆ 'ਚ ਆਰਟੀਫੀਸ਼ੀਅਲ ਇੰਟੈਲੀਜੈਂਸ ਅੱਠਵੀਂ ਜਮਾਤ ਤੱਕ ਵੋਕੇਸ਼ਨਲ ਵਿਸ਼ੇ ਵਜੋਂ ਪੇਸ਼ ਕੀਤਾ ਗਿਆ। ਰਾਸ਼ਟਰੀ ਸਿੱਖਿਆ ਨੀਤੀ ਦੇ ਅਧਾਰ 'ਤੇ ਪ੍ਰਾਇਮਰੀ ਜਮਾਤਾਂ ਵਿੱਚ ਅਨੰਦਮਈ ਸਿੱਖਣ ਨੂੰ ਯਕੀਨੀ ਬਣਾਉਣ ਲਈ ਸਿਖਲਾਈ ਪ੍ਰੋਗਰਾਮ ਲਾਗੂ ਕੀਤੇ ਜਾ ਰਹੇ ਹਨ।

**JCT LIMITED**

CIN: L17117PB1946PLC004565

Regd. Office: Village Chohal, Distt. Hoshiarpur-146024 (Punjab), Phone: 91-01882-258780, Fax: 91-01882-258059, Website: www.jct.co.in, Email:jctsecretarial@jctltd.com

**74ਵੀਂ ਏ ਜੀ ਐਮ, ਰਿਮੋਟ ਈ-ਵੋਟਿੰਗ ਤੇ ਬੁੱਕ ਕਲੋਜ਼ਰ ਦਾ ਨੋਟਿਸ**

ਨੋਟਿਸ ਦਿੱਤਾ ਜਾਂਦਾ ਹੈ ਕਿ :

1. ਕੰਪਨੀਜ਼ ਐਕਟ, 2013 ਦੀਆਂ ਲਾਗੂ ਵਿਵਸਥਾਵਾਂ ਦੀ ਪਾਲਣਾ ਅਤੇ ਕਾਰਪੋਰੇਟ ਮਾਮਲੇ ਮੰਤਰਾਲਾ ('ਐੱਮ ਸੀ ਏ ਸਰਕੂਲਰ') ਵੱਲੋਂ ਜਾਰੀ ਕ੍ਰਮਵਾਰ ਜਨਰਲ ਸਰਕੂਲਰ ਨੰ. 14/2020, 17/2020, 20/2020, 02/2021, 19/2021, 21/2021, 02/2022 ਅਤੇ 10/2022 ਮਿਤੀ 08 ਅਪ੍ਰੈਲ 2020, 13 ਅਪ੍ਰੈਲ 2020 ਅਤੇ 05 ਮਈ 2020, 13 ਜਨਵਰੀ 2021, 8 ਦਸੰਬਰ 2021, 05 ਮਈ 2022 ਅਤੇ 28 ਦਸੰਬਰ 2022 ਦੇ ਨਾਲ ਪੜ੍ਹੇ ਜਾਂਦੇ ਸੇਬੀ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕੁਆਰਮੈਂਟਸ) ਰੈਗੂਲੇਸ਼ਨਜ਼, 2015 ਅਤੇ ਸਕਿਉਰਿਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ ('ਸੇਬੀ ਸਰਕੂਲਰ') ਸਰਕੂਲਰ ਨੰ. ਸੇਬੀ/ਐੱਚ ਓ/ਸੀ ਐੱਫ ਡੀ/ਸੀ ਐੱਮ ਡੀ1/ ਸੀ ਆਈ ਆਰ /ਪੀ/2020/79 , ਸੇਬੀ/ਐੱਚ ਓ/ਸੀ ਐੱਫ ਡੀ/ਸੀ ਐੱਮ ਡੀ2/ ਸੀ ਆਈ ਆਰ /ਪੀ/2021/11 ਅਤੇ ਸੇਬੀ/ਐੱਚ ਓ/ਸੀ ਐੱਫ ਡੀ/ਪੀ ਓ ਡੀ-2/ਪੀ/ਸੀ ਆਈ ਆਰ /2023/4 ਕ੍ਰਮਵਾਰ ਮਿਤੀ 12 ਮਈ 2020 ਅਤੇ 15 ਜਨਵਰੀ 2021 ਅਤੇ 05 ਜਨਵਰੀ 2023 ਅਨੁਸਾਰ ਕੰਪਨੀ ਦੀ 74ਵੀਂ ਸਾਲਾਨਾ ਸਧਾਰਨ ਮੀਟਿੰਗ ਸੋਮਵਾਰ, 21 ਅਗਸਤ 2023 ਸਵੇਰੇ 11.30 ਵਜੇ ਆਈ ਐੱਸ ਟੀ 74ਵੀਂ ਏ ਜੀ ਐੱਮ ਦੇ ਨੋਟਿਸ 'ਚ ਦੱਸੇ ਸਧਾਰਨ ਅਤੇ ਵਿਸ਼ੇਸ਼ ਬਿਜ਼ਨਸ ਦੇ ਲੈਣ-ਦੇਣ ਲਈ ਵੀਡੀਓ ਕਾਨਫਰੰਸਿੰਗ ('ਵੀ ਸੀ') ਹੋਰ ਆਡੀਓ ਵਿਜ਼ੂਅਲ ਢੰਗਾਂ ('ਓ ਏ ਵੀ ਐੱਮ') ਸਹੂਲਤ ਰਾਹੀਂ, ਸਾਂਝੇ ਸਥਾਨ ਅਤੇ ਮੈਂਬਰਾਂ ਦੀ ਵਾਸਤਵਿਕ ਹਾਜ਼ਰੀ ਤੋਂ ਬਿਨਾਂ ਕੀਤੀ ਜਾਵੇਗੀ।
2. ਐੱਮ ਸੀ ਏ ਸਰਕੂਲਰ ਅਤੇ ਸੇਬੀ ਸਰਕੂਲਰ ਦੀਆਂ ਸ਼ਰਤਾਂ ਅਨੁਸਾਰ 74ਵੀਂ ਏ ਜੀ ਐੱਮ ਅਤੇ ਸਾਲ 2022-23 ਦੀ ਸਾਲਾਨਾ ਰਿਪੋਰਟ, ਸਮੇਤ 31 ਮਾਰਚ 2023 ('ਸਾਲਾਨਾ ਰਿਪੋਰਟ') ਨੂੰ ਖਤਮ ਹੋਏ ਸਾਲ ਦੀਆਂ ਪੜਤਾਲੀਆ ਵਿੱਤੀ ਸਟੇਟਮੈਂਟਾਂ ਉਨ੍ਹਾਂ ਮੈਂਬਰਾਂ ਨੂੰ, ਜਿਨ੍ਹਾਂ ਦੇ ਈਮੇਲ ਪਤੇ ਕੰਪਨੀ/ਡਿਪਾਜ਼ਟਰੀ ਪਾਰਟੀਸਿਪੈਂਟਸ 'ਚ ਰਜਿਸਟਰਡ ਹਨ, ਈਮੇਲ ਰਾਹੀਂ ਭੇਜ ਦਿੱਤੇ ਗਏ ਹਨ। ਐੱਮ ਸੀ ਏ ਸਰਕੂਲਰਜ਼ ਅਤੇ ਸੇਬੀ ਸਰਕੂਲਰ ਅਨੁਸਾਰ 74ਵੀਂ ਏ ਜੀ ਐੱਮ ਦੇ ਨੋਟਿਸ ਦੀ ਵਾਸਤਵਿਕ ਨਕਲ ਅਤੇ ਸਾਲਾਨਾ ਰਿਪੋਰਟ ਮੈਂਬਰਾਂ ਨੂੰ ਭੇਜਣ ਦਾ ਕੰਮ ਮੁਕੰਮਲ ਕਰ ਲਿਆ ਗਿਆ ਹੈ।
3. ਨਿਰਧਾਰਤ ਮਿਤੀ (ਕਟ ਆਫ ਡੇਟ) 14 ਅਗਸਤ, 2023 ਨੂੰ ਅਭੌਤਿਕ ਜਾਂ ਭੌਤਿਕ ਤੇ ਸ਼ੇਅਰ ਹੋਲਡਿੰਗ ਮੈਂਬਰਜ਼, 74ਵੀਂ ਏ ਜੀ ਐੱਮ ਦੇ ਨੋਟਿਸ 'ਚ ਦੱਸੇ ਸਧਾਰਨ ਅਤੇ ਵਿਸ਼ੇਸ਼ ਬਿਜ਼ਨਸ 'ਤੇ ਨੈਸ਼ਨਲ ਸਕਿਉਰਿਟੀਜ਼ ਡਿਪਾਜ਼ਟਰੀ ਲਿਮਿਟਿਡ ('ਐੱਨ ਐੱਸ ਡੀ ਐੱਲ') ਦੀ ਇਲੈਕਟ੍ਰਾਨਿਕ ਵੋਟ ਪ੍ਰਣਾਲੀ 'ਤੇ ਇਲੈਕਟ੍ਰਾਨੀਕਲੀ ਵੋਟ ਪਾ ਸਕਦੇ ਹਨ। ਸਾਰੇ ਮੈਂਬਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ :

(i) 74ਵੀਂ ਏ ਜੀ ਐੱਮ ਦੇ ਨੋਟਿਸ 'ਚ ਦੱਸੇ ਸਧਾਰਨ ਅਤੇ ਵਿਸ਼ੇਸ਼ ਬਿਜ਼ਨਸ ਦਾ ਲੈਣ-ਦੇਣ ਇਲੈਕਟ੍ਰਾਨਿਕ ਢੰਗ ਨਾਲ ਵੋਟ ਰਾਹੀਂ ਕੀਤਾ ਜਾਵੇਗਾ।
(ii) ਰਿਮੋਟ-ਈ-ਵੋਟਿੰਗ ਸ਼ੁੱਕਰਵਾਰ, 18 ਅਗਸਤ, 2023 ਨੂੰ ਸਵੇਰੇ 9.00 ਵਜੇ (ਆਈ ਐੱਸ ਟੀ) ਸ਼ੁਰੂ ਹੋਵੇਗੀ।
(iii) ਰਿਮੋਟ-ਈ-ਵੋਟਿੰਗ ਐਤਵਾਰ, 20 ਅਗਸਤ, 2023 ਨੂੰ ਸ਼ਾਮ ਦੇ 5.00 ਵਜੇ (ਆਈ ਐੱਸ ਟੀ) ਖਤਮ ਹੋਵੇਗੀ।
(iv) ਰਿਮੋਟ ਈ ਵੋਟਿੰਗ ਜਾਂ ਈ ਵੋਟਿੰਗ ਪ੍ਰਣਾਲੀ ਰਾਹੀਂ ਵੋਟ ਦੀ ਯੋਗਤਾ ਲਈ ਨਿਰਧਾਰਤ ਮਿਤੀ 14 ਅਗਸਤ 2023 ਹੈ।
(v) ਕੋਈ ਵਿਅਕਤੀ ਜੋ 74ਵੀਂ ਏ ਜੀ ਐੱਮ ਦਾ ਈ ਮੇਲ- ਰਾਹੀਂ ਨੋਟਿਸ ਭੇਜੇ ਜਾਣ ਤੋਂ ਬਾਅਦ ਕੰਪਨੀ ਦਾ ਮੈਂਬਰ ਬਣਦਾ ਹੈ ਜਾਂ ਨਿਰਧਾਰਤ (ਕੱਟ ਆਫ ਡੇਟ) ਮਿਤੀ 14-8-2023 ਨੂੰ ਸ਼ੇਅਰ ਹੋਲਡਰ ਹੈ, ਲਾਗਇਨ ਆਈ ਡੀ ਅਤੇ ਪਾਸਵਰਡ evoting@nsdl.co.in ਜਾਂ jct-secretarial@jctltd.com 'ਤੇ ਬੇਨਤੀ ਭੇਜ ਕੇ ਪ੍ਰਾਪਤ ਕਰ ਸਕਦਾ ਹੈ। ਬੇਸ਼ੱਕ ਜੇਕਰ ਕੋਈ ਵਿਅਕਤੀ ਪਹਿਲਾਂ ਹੀ ਈ ਵੋਟਿੰਗ ਲਈ ਐੱਨ ਐੱਸ ਡੀ ਐੱਲ ਕੋਲ ਰਜਿਸਟਰਡ ਹੈ ਤਾਂ ਉਹ ਵੋਟ ਪਾਉਣ ਲਈ ਮੌਜੂਦਾ ਯੂਜ਼ਰ ਆਈ ਡੀ ਅਤੇ ਪਾਸਵਰਡ ਦੀ ਵਰਤੋਂ ਕਰ ਸਕਦਾ ਹੈ। (vi) ਮੈਂਬਰ ਅੱਗੇ ਧਿਆਨ ਦੇਣ ਕਿ
(ਏ) ਵੋਟਿੰਗ ਲਈ ਦਿੱਤੀ ਮਿਤੀ ਅਤੇ ਸਮੇਂ ਮਗਰੋਂ ਐੱਨ ਐੱਸ ਡੀ ਐੱਲ ਵੱਲੋਂ ਰਿਮੋਟ ਈ ਵੋਟਿੰਗ ਅਯੋਗ ਕਰ ਦਿੱਤੀ ਜਾਵੇਗੀ ਅਤੇ ਮੈਂਬਰਾਂ ਵੱਲੋਂ ਇੱਕ ਵਾਰ ਵੋਟ ਪਾਉਣ ਮਗਰੋਂ ਉਸ 'ਚ ਕਿਸੇ ਤਰ੍ਹਾਂ ਦੀ ਤਬਦੀਲੀ ਦੀ ਆਗਿਆ ਨਹੀਂ ਹੋਵੇਗੀ।
(ਬੀ) ਏ ਜੀ ਐੱਮ ਤੋਂ ਪਹਿਲਾਂ ਰਿਮੋਟ ਈ ਵੋਟਿੰਗ ਰਾਹੀਂ ਵੋਟ ਵਾਲੇ ਮੈਂਬਰ ਏ ਜੀ ਐੱਮ 'ਚ ਹਿੱਸਾ ਲੈ ਸਕਦੇ ਹਨ, ਪ੍ਰੰਤੂ 74ਵੀਂ ਏ ਜੀ ਐੱਮ ਦੌਰਾਨ ਈ ਵੋਟਿੰਗ ਪ੍ਰਣਾਲੀ ਰਾਹੀਂ ਦੁਬਾਰਾ ਵੋਟ ਨਹੀਂ ਪਾ ਸਕਣਗੇ।
(ਸੀ) ਇੱਕ ਵਿਅਕਤੀ ਜਿਸ ਦਾ ਨਾਂਅ ਨਿਰਧਾਰਤ (ਕੱਟ ਆਫ ਡੇਟ) ਮਿਤੀ ਨੂੰ ਡਿਪਾਜ਼ਟਰੀਜ਼ ਵੱਲੋਂ ਬਣਾਏ ਗਏ ਲਾਭਪਾਤਰੀ ਮਾਲਕਾਂ ਦੇ ਰਜਿਸਟਰ 'ਚ ਦਰਜ ਹੈ ਅਤੇ 74ਵੀਂ ਏ ਜੀ ਐੱਮ 'ਚ ਵੀ ਸੀ/ਓ ਏ ਵੀ ਐੱਮ ਸਹੂਲਤ ਰਾਹੀਂ ਹਿੱਸਾ ਲੈ ਰਿਹਾ ਹੈ, ਰਿਮੋਟ-ਈ ਵੋਟਿੰਗ ਦੀ ਸਹੂਲਤ ਪ੍ਰਾਪਤ ਕਰ ਸਕਦਾ ਹੈ ਅਤੇ 74ਵੀਂ ਏ ਜੀ ਐੱਮ ਦੌਰਾਨ ਈ-ਵੋਟਿੰਗ ਕਰ ਸਕਦਾ ਹੈ।
(vii) 74ਵੀਂ ਏ ਜੀ ਐੱਮ ਦਾ ਨੋਟਿਸ ਅਤੇ 2022-23 ਦੀ ਸਾਲਾਨਾ ਰਿਪੋਰਟ ਸਮੇਤ ਸਾਲ 2022-23 ਦੀਆਂ ਪੜਤਾਲੀਆਂ ਵਿੱਤੀ ਸਟੇਟਮੈਂਟਾਂ ਕੰਪਨੀ ਦੀ ਵੈੱਬਸਾਇਟ (www.jct.co.in) ਅਤੇ ਬੀ ਐੱਸ ਈ ਲਿਮਿਟਿਡ ਦੀ ਵੈੱਬਸਾਇਟ (www.bseindia.com) 'ਤੇ ਉਪਲਬੱਧ ਹਨ।
(viii) ਪੁੱਛਗਿੱਛ ਦੇ ਲਈ ਸ਼ੇਅਰ ਹੋਲਡਰਾਂ ਲਈ ਅਕਸਰ ਪੁੱਛੇ ਜਾਣ ਵਾਲੇ ਸਵਾਲ (ਐੱਫ ਏ ਕਿਊਜ਼) ਅਤੇ ਸ਼ੇਅਰ ਹੋਲਡਰਾਂ ਲਈ ਈ ਵੋਟਿੰਗ ਯੂਜ਼ਰ ਮੈਨੂਅਲ ਜੋ ਕਿ www.evoting.nsdl.com ਦੇ ਡਾਊਨਲੋਡ ਸੈਕਸ਼ਨ 'ਤੇ ਉਪਲਬੱਧ ਹੈ ਜਾਂ ਟੋਲ ਫਰੀ ਨੰ. 022-4886-7000 ਅਤੇ 022-2499-7000 'ਤੇ ਕਾਲ ਕਰਕੇ ਜਾਂ evoting@nsdl.co.in 'ਤੇ (ਸ੍ਰੀ ਅਮਨ ਗੋਇਲ) ਨੂੰ ਬੇਨਤੀ ਭੇਜ ਸਕਦੇ ਹੋ।
(ix) ਉਹ ਮੈਂਬਰ ਜਿਨ੍ਹਾਂ ਕੋਲ ਭੌਤਿਕ ਸ਼ੇਅਰ ਹਨ ਅਤੇ ਉਨ੍ਹਾਂ ਦਾ ਈਮੇਲ ਪਤਾ ਕੰਪਨੀ ਕੋਲ ਰਜਿਸਟਰਡ ਨਹੀਂ, ਆਪਣੇ ਈਮੇਲ ਪਤਾ ਦਸਤਖ਼ਤ ਕੀਤੀ ਚਿੱਠੀ ਦੀ ਸਕੈਨ ਕੀਤੀ ਨਕਲ, ਜਿਸ ਵਿੱਚ ਨਾਂਅ, ਫੋਲੀਓ ਨੰ., ਸ਼ੇਅਰ ਸਰਟੀਫਿਕੇਟ ਦੀ (ਸਾਹਮਣੇ ਤੇ ਪਿੱਛੇ) ਦੀ ਸਕੈਨ ਕਾਪੀ, ਪੈਨ (ਸਵੈ ਤਸਦੀਕਸ਼ੁਦਾ ਪੈਨ ਕਾਰਡ ਦੀ ਨਕਲ) ਅਧਾਰ (ਸਵੈ ਤਸਦੀਕਸ਼ੁਦਾ ਅਧਾਰ ਕਾਰਡ ਦੀ ਕਾਪੀ), ਈ-ਮੇਲ ਰਾਹੀਂ jctsecretarial@jctltd.com 'ਤੇ ਭੇਜ ਕੇ ਰਜਿਸਟਡ ਕਰਵਾ ਸਕਦੇ ਹਨ। ਡੀਮੈਟ ਸੂਰਤ 'ਚ ਸ਼ੇਅਰ ਰੱਖਣ ਵਾਲੇ ਮੈਂਬਰ ਆਪਣਾ ਈ ਮੇਲ ਪਤਾ ਆਪਣੇ ਡਿਪਾਜ਼ਟਰੀ ਭਾਗੀਦਾਰਾਂ ਨਾਲ ਅਪਡੇਟ ਕਰ ਸਕਦੇ ਹਨ।
(x) ਸਾਲਾਨਾ ਕਲੋਜ਼ਿੰਗ ਵਾਸਤੇ ਮੈਂਬਰਾਂ ਦਾ ਰਜਿਸਟਰ ਅਤੇ ਕੰਪਨੀ ਦੀਆਂ ਸ਼ੇਅਰ ਟਰਾਂਸਫਰ ਬੁੱਕਜ਼ 15 ਅਗਸਤ 2023 ਤੋਂ 21 ਅਗਸਤ 2023 ਦੋਵੇਂ ਦਿਨ ਸ਼ਾਮਲ ਤੱਕ ਬੰਦ ਰਹਿਣਗੀਆਂ।

ਵਾਸਤੇ ਜੇ ਸੀ ਟੀ ਲਿਮਿਟਿਡ
ਸਹੀ/-
(ਕਨਵਰ ਨਿਤਿਨ ਸਿੰਘ),
ਕੰਪਨੀ ਸੈਕਟਰੀ

ਸਥਾਨ : ਹੁਸ਼ਿਆਰਪੁਰ
ਮਿਤੀ : 28.07.2023

# ਬਾਬਾ ਬੂਝਾ ਸਿੰਘ ਯਾਦਗਾਰੀ ਸਮਾਗਮ 'ਚ ਲੋਕ ਸੰਗਰਾਮ ਜਾਰੀ ਰੱਖਣ ਦਾ ਅਹਿਦ



**ਜਲੰਧਰ (ਕੇਸਰ)**- ਗ਼ਦਰ ਪਾਰਟੀ, ਕਿਰਤੀ ਲਹਿਰ, ਕਮਿਊਨਿਸਟ ਇਨਕਲਾਬੀ (ਨਕਸਲਬਾੜੀ) ਲਹਿਰ ਅਤੇ ਦੇਸ਼ ਭਗਤ ਯਾਦਗਾਰ ਹਾਲ ਦੇ ਸੰਸਥਾਪਕਾਂ 'ਚ ਮੋਢੀ ਕਤਾਰ ਦੇ ਘੁਲਾਟੀਏ ਬਾਬਾ ਬੂਝਾ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਦੇਸ਼ ਭਗਤ ਯਾਦਗਾਰ ਹਾਲ 'ਚ ਇਤਿਹਾਸ, ਸਾਡੇ ਸਮਿਆਂ ਦੇ ਭਖ਼ਦੇ ਸੁਆਲਾਂ ਬਾਰੇ ਗਹਿਰ-ਗੰਭੀਰ ਵਿਚਾਰਾਂ ਹੋਈਆਂ। ਦੇਸ਼ ਭਗਤ ਯਾਦਗਾਰ ਕਮੇਟੀ ਅਤੇ ਇਸ ਨਾਲ ਜੁੜੇ ਕਾਮਿਆਂ ਨੇ ਬਾਬਾ ਬੂਝਾ ਸਿੰਘ ਦੀ ਤਸਵੀਰ ਨੂੰ ਫੁੱਲਾਂ ਨਾਲ ਸਿਜਦਾ ਕਰਦਿਆਂ ਖੜ੍ਹੇ ਹੋ ਕੇ ਅਹਿਦ ਲਿਆ ਕਿ ਬਾਬਾ ਬੂਝਾ ਸਿੰਘ ਜੋ ਜ਼ਿੰਦਗੀ ਸਫ਼ਰ ਦੇ ਅੱਠ ਦਹਾਕੇ ਤੋਂ ਵੀ ਵੱਧ ਪਾਰ ਕਰ ਚੁੱਕੇ ਸਨ, ਉਹਨਾਂ ਨੂੰ ਫੜ ਕੇ, ਵਹਿਸ਼ੀਆਨਾ ਤਸ਼ੱਦਦ ਢਾਅ ਕੇ, ਝੂਠੇ ਪੁਲਸ ਮੁਕਾਬਲੇ 'ਚ ਸੱਤਰਵੇਂ ਦੇ ਦੌਰ 'ਚ ਮਾਰ ਮੁਕਾਉਣ ਨਾਲ ਲੋਕ-ਮੁਕਤੀ ਸੰਗਰਾਮ ਦਾ ਸਫ਼ਰ ਨਹੀਂ ਰੁਕਿਆ। ਇਹ ਲੋਕ-ਸੰਘਰਸ਼, ਸਾਂਝੀਵਾਲਤਾ ਭਰੇ ਦੇਸੀ ਬਦੇਸੀ ਲੁੱਟ, ਦਾਬੇ ਅਤੇ ਜ਼ਬਰ ਤੋਂ ਮੁਕਤ ਨਿਜ਼ਾਮ ਤੱਕ ਜਾਰੀ ਰਹੇਗਾ। ਸਮਾਗਮ ਨੂੰ ਸੰਬੋਧਨ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਵਿੱਤ ਸਕੱਤਰ ਸੀਤਲ ਸਿੰਘ ਸੰਘਾ ਨੇ ਗੁਰੂ ਨਾਨਕ ਇੰਜੀਨੀਅਰ ਕਾਲਜ ਲੁਧਿਆਣਾ ਵਿਖੇ ਪੜ੍ਹਦੇ ਸਮੇਂ ਬਾਬਾ ਬੂਝਾ ਸਿੰਘ ਤੋਂ ਮਿਲੀਆਂ ਸਿੱਖਿਆਵਾਂ ਦਾ ਜ਼ਿਕਰ ਕਰਦਿਆਂ ਅਮੁੱਲੇ ਸਬਕ ਅਜੋਕੀ ਪੀੜ੍ਹੀ ਲਈ ਵਰਦਾਨ ਕਰਾਰ ਦਿੱਤਾ। ਕਮੇਟੀ ਦੇ ਸੀਨੀਅਰ ਮੈਂਬਰ ਸੁਰਿੰਦਰ ਕੁਮਾਰੀ ਕੋਛੜ ਜਿਹਨਾਂ ਨੇ ਬਚਪਨ ਤੋਂ ਲੈ ਕੇ ਬਾਬਾ ਬੂਝਾ ਸਿੰਘ ਨਾਲ ਇਨਕਲਾਬੀ ਲਹਿਰ 'ਚ ਗੁਜ਼ਾਰਿਆਂ ਅਤੇ ਆਪ ਵੀ ਨੂਰਮਹਿਲ ਬਾਗ਼ ਵਿੱਚ ਗੁਪਤ ਪ੍ਰੈਸ ਤੇ 'ਲੋਕ ਯੁੱਧ' ਪਰਚਾ ਛਾਪਦੇ ਅਤੇ 12 ਸਾਲ ਗੁਪਤਵਾਸ ਰਹੇ ਉਹਨਾਂ ਨੇ ਬਾਬਾ ਬੂਝਾ ਸਿੰਘ ਦੀਆਂ ਸੰਗਰਾਮੀ ਯਾਦਾਂ ਸਾਂਝੀਆਂ ਕੀਤੀਆਂ। ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਬਾਬਾ ਬੂਝਾ ਸਿੰਘ, 'ਕਲਮ ਅਤੇ ਇਨਕਲਾਬੀ ਸੰਘਰਸ਼ ਦੇ ਸੁਮੇਲ' ਦਾ ਦੂਜਾ ਨਾਂਅ ਹੈ। ਉਹਨਾਂ ਕਿਹਾ ਕਿ ਮਨੀਪੁਰ, ਪਹਿਲਵਾਨ ਕੁੜੀਆਂ, ਆਦਿਵਾਸੀਆਂ ਦੇ ਉਜਾੜੇ ਲਈ ਵਿਆਪਕ ਹੱਲੇ ਦੀਆਂ ਗੋਂਦਾਂ ਗੁੰਦਣ, ਜੰਗਲ, ਜਲ, ਜ਼ਮੀਨ, ਸਿੱਖਿਆ, ਸਿਹਤ, ਰੁਜ਼ਗਾਰ, ਇਤਿਹਾਸ, ਸਾਹਿਤ ਅਤੇ ਲੋਕ ਕਲਾ ਆਦਿ ਤੋਂ ਲੋਕਾਂ ਨੂੰ ਵਿਰਵੇ ਕਰਨ ਵਾਲੇ ਲੋਕ ਦੋਖੀ ਨਿਜ਼ਾਮ ਨੂੰ ਮੂਲੋਂ ਬਦਲ ਕੇ ਲੋਕਾਂ ਦੇ ਸਵੈ-ਮਾਣ ਭਰਿਆ ਰਾਜ ਅਤੇ ਸਮਾਜ ਸਿਰਜਣ ਦਾ ਉਦੇਸ਼ ਸੀ; ਬਾਬਾ ਬੂਝਾ ਸਿੰਘ ਦਾ। ਉਹਨਾਂ ਕਿਹਾ ਕਿ ਇਸ ਉਦੇਸ਼ ਦੀ ਪੂਰਤੀ ਲਈ ਕਾਫ਼ਲਾ ਚੱਲਦਾ ਰਹੇਗਾ। ਕਮੇਟੀ ਮੈਂਬਰ ਡਾ. ਸੈਲੇਸ਼ ਨੇ ਇਤਿਹਾਸ, ਸਾਹਿਤ, ਕਲਾ, ਸਭਿਆਚਾਰ ਦੀ ਮਹੱਤਵਪੂਰਨ ਭੂਮਿਕਾ ਨੂੰ ਸਮਝਕੇ ਬਾਬਾ ਬੂਝਾ ਸਿੰਘ ਦੇ ਸੁਪਨੇ ਸਾਕਾਰ ਕਰਨ ਦਾ ਸੁਨੇਹਾ ਦਿੱਤਾ। ਤਰਕਸ਼ੀਲ ਆਗੂ ਪਰਮਜੀਤ ਸਿੰਘ ਨੇ ਜੋਗਿੰਦਰ ਆਜ਼ਾਦ ਦੀ ਕਵਿਤਾ 'ਖ਼ਤਰਨਾਕ ਕੁੜੀਆਂ' ਸੁਣਾਉਂਦੇ ਹੋਏ ਬਾਬਾ ਬੂਝਾ ਸਿੰਘ ਦੀ ਔਰਤ ਵਰਗ ਦੀ ਮੁਕਤੀ ਲਈ ਕਰਨੀ ਨੂੰ ਸਲਾਮ ਕੀਤਾ।

## ਡੇਂਗੂ ਤੋਂ ਬਚਾਅ ਲਈ ਆਪਣਾ ਆਲਾ ਦੁਆਲਾ ਸਾਫ ਸੁਥਰਾ ਰੱਖਣਾ ਬਹੁਤ ਜ਼ਰੂਰੀ : ਡਾ. ਤਾਰਿਕਜੋਤ ਸਿੰਘ

**ਸਮਰਾਲਾ, (ਸੁਰਜੀਤ ਸਿੰਘ)**-ਬਰਸਾਤ ਦੇ ਮੌਸਮ ਦੌਰਾਨ ਪੰਜਾਬ ਵਿਚ ਆਏ ਭਾਰੀ ਹੜ੍ਹਾਂ ਤੋਂ ਬਾਅਦ ਪਿੰਡਾਂ ਅਤੇ ਸ਼ਹਿਰਾਂ ਵਿਚ ਮੌਸਮੀ ਬਿਮਾਰੀਆਂ ਦਾ ਖਤਰਾ ਵਧ ਗਿਆ ਹੈ। ਸੀਨੀਅਰ ਮੈਡੀਕਲ ਅਫਸਰ ਡਾ. ਤਾਰਕਜੋਤ ਸਿੰਘ ਦੀ ਅਗਵਾਈ ਹੇਠ ਅੱਜ ਸਿਵਲ ਹਸਪਤਾਲ ਵਿੱਚ ਡੇਂਗੂ ਦਿਵਸ "ਹਰ ਸ਼ੁੱਕਰਵਾਰ ਡੇਂਗੂ ਤੇ ਵਾਰ" ਦਾ ਨਾਅਰਾ ਲਾ ਕੇ ਮਨਾਇਆ ਗਿਆ। ਇਸ ਮੌਕੇ ਡਾ. ਤਾਰਿਕਜੋਤ ਸਿੰਘ ਨੇ ਦੱਸਿਆ ਕਿ ਡੇਂਗੂ ਦਾ ਲਾਰਵਾ ਸਾਫ ਪਾਣੀ ਵਿੱਚ ਪਨਪਦਾ ਹੈ, ਇਸ ਲਈ ਘਰਾਂ ਵਿੱਚ ਕੂਲਰਾਂ, ਗਮਲਿਆਂ, ਟ੍ਰੇਆਂ, ਪਸ਼ੂ ਪੰਛੀਆਂ ਦੇ ਪੀਣ ਦੇ ਪਾਣੀ ਦੇ ਬਰਤਨਾਂ ਨੂੰ ਹਰ ਸ਼ੁੱਕਰਵਾਰ ਸਾਫ ਜ਼ਰੂਰ ਕਰੋ। ਉਨ੍ਹਾਂ ਕਿਹਾ ਕਿ ਪੂਰੀ ਬਾਜੂ ਵਾਲੇ ਕੱਪੜੇ ਪਹਿਨੋ, ਸੌਣ ਵੇਲੇ ਮੱਛਰਦਾਨੀ, ਮੱਛਰਾਂ ਦੇ ਕੱਟਣ ਤੋਂ ਬਚਾਅ ਵਾਲੀਆਂ ਕ੍ਰੀਮਾਂ ਅਤੇ ਤੇਲ ਆਦਿ ਦਾ ਪ੍ਰਯੋਗ ਕਰਨਾ ਚਾਹੀਦਾ ਹੈ।

ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਜਾਣ ਲਈ ਉਨ੍ਹਾਂ ਦੀ ਸਿਹਤ ਸੰਭਾਲ ਲਈ ਸਮੇਂ ਸਮੇਂ 'ਤੇ ਸਾਰੀਆਂ ਟੀਮਾਂ ਹੜ੍ਹ ਪ੍ਰਭਾਵਿਤ ਖੇਤਰ ਵਿੱਚ ਜਾ ਕੇ ਲੋਕਾਂ ਲਈ ਸਿਹਤ ਚੈੱਕ ਅਤੇ ਦਵਾਈਆਂ ਦਿੰਦੀਆਂ ਹਨ ਅਤੇ ਡੇਂਗੂ ਦੇ ਲਾਰਵੇ ਨੂੰ ਪੈਦਾ ਹੋਣ ਤੋਂ ਰੋਕਣ ਲਈ ਲਾਰਵਈਸਾਈਡ ਦੀ ਸਪਰੇਅ ਕੀਤੀ ਜਾਂਦੀ ਹੈ।

ਉਹਨਾਂ ਕਿਹਾ ਕਿ ਸਾਡਾ ਸਿਹਤ ਵਿਭਾਗ ਸਮੱਸਿਆ ਨੂੰ ਨਜਿਠਣ ਲਈ ਤਿਆਰ ਬਰ ਤਿਆਰ ਹੈ । ਇਸ ਮੌਕੇ ਡਾ. ਲਖਵਿੰਦਰ ਸਿੰਘ, ਡਾ. ਪ੍ਰਭਜੋਤ ਸਿੰਘ, ਡਾ. ਸੁਖਵਿੰਦਰ ਕੌਰ, ਡਾ. ਮਨਿੰਦਰ ਸਿੰਘ, ਡਾ. ਨਵਜੋਤ, ਡਾ. ਕਰਨਵੀਰ ਸਿੰਘ, ਡਾ. ਗੁਰਿੰਦਰ ਕੌਰ, ਅਕਵਿੰਦਰ ਕੌਰ ਨਰਸਿੰਗ ਸਟਾਫ, ਬਲਦੀਸ਼ ਕੌਰ, ਮਨਪ੍ਰੀਤ ਸਿੰਘ, ਸੁਖਵਿੰਦਰ ਸਿੰਘ ਕੌਂਸਲਰ ਅਤੇ ਸਮੂਹ ਸਟਾਫ ਹਾਜ਼ਰ ਸਨ।

## ...ਸਫ਼ਾ 1 ਦੇ ਬਾਕੀ

### ਕੱਚਾ ਸ਼ਬਦ ਹੀ...

ਦਿੱਤਾ ਗਿਆ ਅਤੇ ਕੇਂਦਰ ਸਰਕਾਰ ਨੂੰ ਇਸ ਮੰਤਵ ਲਈ ਬੇਰੋਜ਼ਗਾਰ ਨੌਜਵਾਨਾਂ ਨੂੰ ਭਰਤੀ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਇਸ ਨਾਲ ਨੌਜਵਾਨਾਂ ਨੂੰ ਸਰਕਾਰੀ ਕੰਮਕਾਜ ਕਰਨ ਬਾਰੇ ਜਾਣਕਾਰੀ ਹਾਸਲ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਹੁਨਰ ਵਿਕਾਸ ਵਿੱਚ ਵੀ ਮਦਦ ਮਿਲੇਗੀ। ਭਗਵੰਤ ਮਾਨ ਨੇ ਕਿਹਾ ਕਿ ਅਜਿਹੇ ਫੈਸਲੇ ਸਿਰਫ਼ ਉਹੀ ਵਿਅਕਤੀ ਲੈ ਸਕਦਾ ਹੈ, ਜੋ ਜ਼ਮੀਨੀ ਪੱਧਰ 'ਤੇ ਲੋਕਾਂ ਨਾਲ ਜੁੜਿਆ ਹੋਵੇ।

ਮੁੱਖ ਮੰਤਰੀ ਨੇ ਕਿਹਾ ਕਿ ਵੱਡੇ-ਵੱਡੇ ਘਰਾਂ ਵਿੱਚ ਰਹਿਣ ਵਾਲੇ ਆਗੂ ਅਜਿਹੇ ਫੈਸਲੇ ਨਹੀਂ ਲੈ ਸਕਦੇ, ਕਿਉਂਕਿ ਉਹ ਜ਼ਮੀਨੀ ਹਕੀਕਤਾਂ ਤੋਂ ਜਾਣੂੰ ਨਹੀਂ ਹਨ। ਭਗਵੰਤ ਮਾਨ ਨੇ ਕਿਹਾ ਕਿ ਭਾਵੇਂ ਉਨ੍ਹਾਂ ਕੋਲ ਇੰਨੇ ਵੱਡੇ ਘਰ ਨਹੀਂ ਹਨ, ਪਰ ਲੋਕਾਂ ਦਾ ਅਥਾਹ ਪਿਆਰ ਅਤੇ ਵਿਸ਼ਵਾਸ ਹੀ ਉਨ੍ਹਾਂ ਦੀ ਸਾਰੀ ਜਾਇਦਾਦ ਅਤੇ ਖ਼ਜ਼ਾਨਾ ਹੈ। ਉਨ੍ਹਾ ਕਿਹਾ ਕਿ ਜਦੋਂ ਸੂਬੇ ਦੇ ਲੋਕ ਉਨ੍ਹਾਂ ਦੇ ਨਾਲ ਹਨ ਤਾਂ ਪੈਸੇ ਅਤੇ ਧਨ-ਦੌਲਤ ਦੇ ਰੂਪ ਵਿੱਚ ਹੋਰ ਕਿਸੇ ਚੀਜ਼ ਦੀ ਲੋੜ ਨਹੀਂ ਹੈ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸੂਬਾ ਸਰਕਾਰ ਜਲਦ ਹੀ ਸਰਕਾਰੀ ਸਕੂਲਾਂ ਵਿੱਚ ਪੜ੍ਹਦੀਆਂ ਵਿਦਿਆਰਥਣਾਂ ਲਈ ਬੱਸ ਸੇਵਾ ਸ਼ੁਰੂ ਕਰੇਗੀ ਅਤੇ ਇਸ ਲਈ 20,000 ਵਿਦਿਆਰਥੀਆਂ ਲਈ ਪਾਇਲਟ ਪ੍ਰੋਜੈਕਟ ਸ਼ੁਰੂ ਕੀਤਾ ਜਾਵੇਗਾ, ਜਿਸ ਵਿੱਚ 12,000 ਲੜਕੀਆਂ ਅਤੇ 8,000 ਲੜਕੇ ਸ਼ਾਮਲ ਹੋਣਗੇ। ਉਨ੍ਹਾਂ ਦੱਸਿਆ ਕਿ ਇਸ ਸਕੀਮ ਲਈ 21 ਕਰੋੜ ਰੁਪਏ ਦਾ ਬੱਜਟ ਪਾਸ ਕੀਤਾ ਜਾ ਚੁੱਕਾ ਹੈ, ਜਿਸ ਦਾ ਉਦੇਸ਼ ਸਰਕਾਰੀ ਸਕੂਲਾਂ ਵਿੱਚ ਪੜ੍ਹਦੀਆਂ ਵਿਦਿਆਰਥਣਾਂ ਨੂੰ ਸਹੂਲਤਾਂ ਪ੍ਰਦਾਨ ਕਰਨਾ ਹੈ। ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਬੱਸਾਂ ਨੂੰ ਜੀ.ਪੀ.ਐੱਸ. ਸਿਸਟਮ ਨਾਲ ਲੈਸ ਕੀਤਾ ਜਾਵੇਗਾ ਤਾਂ ਜੋ ਮਾਪੇ ਬੱਸਾਂ ਦੀ ਆਵਾਜਾਈ 'ਤੇ ਨਜ਼ਰ ਰੱਖ ਸਕਣ। ਉਨ੍ਹਾਂ ਅੱਗੇ ਕਿਹਾ ਕਿ ਇਹ ਕਦਮ ਸਰਕਾਰੀ ਸਕੂਲਾਂ ਵਿੱਚ ਪੜ੍ਹਦੀਆਂ ਲੜਕੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਦਿਸ਼ਾ ਵੱਲ ਅਹਿਮ ਭੂਮਿਕਾ ਨਿਭਾਏਗਾ।

ਇਸ ਤੋਂ ਪਹਿਲਾਂ ਇਕੱਠ ਨੂੰ ਸੰਬੋਧਨ ਕਰਦਿਆਂ ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਵਿਭਾਗ ਵਿੱਚ ਕ੍ਰਾਂਤੀ ਦੇ ਨਵੇਂ ਦੌਰ ਦੀ ਸ਼ੁਰੂਆਤ ਕਰਨ ਲਈ ਮੁੱਖ ਮੰਤਰੀ ਦੀ ਸ਼ਲਾਘਾ ਕੀਤੀ।

ਜ਼ਿਕਰਯੋਗ ਹੈ ਕਿ ਬੀ.ਏ ਪਾਸ ਸਿੱਖਿਆ ਪ੍ਰੋਵਾਈਡਰ (ਐਸੋਸੀਏਟ ਟੀਚਰ) ਜੋ ਪਹਿਲਾਂ 9500 ਰੁਪਏ ਤਨਖ਼ਾਹ ਲੈ ਰਹੇ ਸਨ, ਨੂੰ ਹੁਣ 20500 ਰੁਪਏ ਤਨਖ਼ਾਹ ਵਜੋਂ ਮਿਲਣਗੇ, ਜਦਕਿ ਈ.ਟੀ.ਟੀ. ਅਤੇ ਐੱਨ.ਟੀ.ਟੀ. ਯੋਗਤਾ ਵਾਲੇ ਅਧਿਆਪਕਾਂ ਨੂੰ ਮੌਜੂਦਾ 10250 ਰੁਪਏ ਦੀ ਤਨਖ਼ਾਹ ਦੇ ਮੁਕਾਬਲੇ 22000 ਰੁਪਏ ਮਿਲਣਗੇ। ਉਨ੍ਹਾ ਕਿਹਾ ਕਿ ਇਸੇ ਤਰ੍ਹਾਂ ਬੀ.ਏ./ਐੱਮ.ਏ. ਬੀ.ਐੱਡ ਡਿਗਰੀਆਂ ਵਾਲੇ ਅਜਿਹੇ ਅਧਿਆਪਕ, ਜੋ ਇਸ ਮੌਕੇ 11000 ਰੁਪਏ ਤਨਖਾਹ ਲੈ ਰਹੇ ਹਨ, ਨੂੰ ਹੁਣ 23500 ਰੁਪਏ ਤਨਖ਼ਾਹ ਮਿਲੇਗੀ। ਆਈ.ਈ.ਵੀ. ਵਲੰਟੀਅਰ ਜੋ ਹੁਣ ਤੱਕ 5500 ਰੁਪਏ ਤਨਖ਼ਾਹ ਲੈ ਰਹੇ ਸਨ, ਨੂੰ ਹੁਣ 15,000 ਰੁਪਏ ਤਨਖ਼ਾਹ ਮਿਲੇਗੀ। ਇਸੇ ਤਰ੍ਹਾਂ 3500 ਰੁਪਏ ਤਨਖਾਹ ਲੈ ਰਹੇ ਸਿੱਖਿਆ ਵਲੰਟੀਅਰਾਂ ਨੂੰ ਹੁਣ 15,000 ਰੁਪਏ ਅਤੇ 6000 ਰੁਪਏ ਤਨਖ਼ਾਹ ਲੈ ਰਹੇ ਈ.ਜੀ.ਐੱਸ., ਈ.ਆਈ.ਈ. ਅਤੇ ਐੱਸ.ਟੀ.ਆਰ. ਅਧਿਆਪਕਾਂ ਨੂੰ ਹੁਣ 18,000 ਰੁਪਏ ਮਿਲਣਗੇ।

### ਡਾਇਰੈਕਟਰ ਪਸ਼ੂ ਪਾਲਣ ...

ਦੀਆਂ ਘੱਟੋ ਘੱਟ ਉਜਰਤਾਂ ਦੇ ਵਾਧੇ ਦਾ ਬਕਾਇਆ ਦੇਣ ਤੇ ਗਰਮ ਤੇ ਠੰਢੀਆਂ ਵਰਦੀਆਂ ਦੇਣਾ ਸਮੇਤ ਡੇਢ ਦਰਜਨ ਮੰਗਾਂ ਸ਼ਾਮਲ ਸਨ। ਪਰੰਤੂ ਡਾਇਰੈਕਟੋਰੇਟ ਦਫਤਰ ਵੱਲੋਂ ਕੋਈ ਫੈਸਲਾ ਲਾਗੂ ਨਹੀਂ ਕੀਤਾ ਗਿਆ ਤੇ 18 ਜੁਲਾਈ ਨੂੰ ਡਾਇਰੈਕਟਰ ਨਾਲ ਹੋਈ ਗੱਲਬਾਤ ਦੌਰਾਨ ਸਰਕਾਰ ਵੱਲੋਂ ਲਏ ਗਏ ਫੈਸਲਿਆਂ ਨੂੰ ਲਾਗੂ ਕਰਨ ਤੋਂ ਆਨਾਕਾਨੀ ਕਰਨ 'ਤੇ ਯੂਨੀਅਨ ਨੂੰ ਧਰਨਾ ਦੇਣ ਲਈ ਮਜਬੂਰ ਹੋਣਾ ਪਿਆ। ਇਸ ਮੌਕੇ ਵਿਭਾਗ ਦੇ ਪ੍ਰਮੁੱਖ ਸਕੱਤਰ ਵਿਕਾਸ ਪ੍ਰਤਾਪ ਦੇ ਨਾਂਅ ਯਾਦ ਪੱਤਰ ਵੀ ਦਿੱਤਾ ਗਿਆ। ਇਸ ਮੌਕੇ ਹੋਰ ਜੋ ਆਗੂ ਹਾਜ਼ਰ ਸਨ ਉਨ੍ਹਾਂ ਵਿੱਚ ਨਿਰਮਲ ਸਿੰਘ, ਇਕਬਾਲ ਸਿੰਘ, ਜਸਪਾਲ ਸਿੰਘ ਭੱਟਮਾਜਰਾ, ਰਾਮ ਲਾਲ ਰਾਮਾ, ਪ੍ਰਕਾਸ਼ ਸਿੰਘ ਲੁਬਾਣਾ, ਜ਼ਿਲਾ ਮੁਹਾਲੀ ਦੇ ਪ੍ਰਧਾਨ ਬਹਾਦਰ ਸਿੰਘ, ਮੀਤ ਪ੍ਰਧਾਨ ਦਰਸ਼ਨ ਸਿੰਘ ਅਤੇ ਗੁਰਪ੍ਰੀਤ ਸਿੰਘ ਵਿਸ਼ੇਸ਼ ਸਨ।

**ਉੱਤਰ ਰੇਲਵੇ**

**ਈ-ਨਿਵਿਦਾ ਸੂਚਨਾ**

Tender Notice No:-770-W/169/WA-1/FZR/144-2023-24-ADEN-II-FZR ਸੀਨੀਅਰ ਮੰਡਲ ਇੰਜੀਨੀਅਰ-ਫਸਟ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 18.08.2023 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨੂੰ ਕੇਵਲ ਆਈਆਰਈਪੀਐਸ ਪੋਰਟਲ ਤੇ ਉਪਲਬਧ ਭੁਗਤਾਨ ਮੋਡ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਕਰੈਡਿਟ ਕਾਰਡ ਆਦਿ ਦੇ ਮਾਧਿਅਮ ਨਾਲ ਨਿਵਿਦਾ ਦਸਤਾਵੇਜ ਲਾਗਤ ਅਤੇ ਬਿਆਨਾ ਰਾਸ਼ੀ ਦੇ ਲਈ ਇਸ ਨਿਵਿਦਾ ਦੇ ਲਈ ਭੁਗਤਾਨ ਕਰਨ ਦੀ ਇਜਾਜਤ ਹੈ। ਡਿਮਾਂਡ ਡ੍ਰਾਫਟ, ਬੈਂਕਰ ਚੈਕ, ਜਮ੍ਹਾ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਨਾਲ ਮੈਨੂੰਅਲ ।। ਭੁਗਤਾਨ ਦੀ ਇਜ਼ਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ/ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 28.07.2023 | 04.08.2023 | 18.08.2023 |

| | | | | |
|---|---|---|---|---|
| 1. | 144-2023-24-ADEN-II-FZR | ਸਹਾਇਕ ਮੰਡਲ ਇੰਜੀਨੀਅਰ-2 ਫਿਰੋਜ਼ਪੁਰ ਦੇ ਅਧਿਕਾਰ ਖੇਤਰ ਵਿਚ ABS-FKA ਸੈਕਸ਼ਨ ਤੇ ਕਿਮੀ 14/7-8 ਤੇ ਰੇਲਵੇ ਟ੍ਰੈਕ ਦੇ ਹੇਠਾਂ ਹੇਵੀ ਡਿਊਟੀ ਕੇਸਿੰਗ ਪਾਈਪ 600 ਮਿਮੀ ਅੰਦਰੂਨੀ ਵਿਆਸ ਵਾਲੀ ਪਾਣੀ ਦੀ ਸਪਲਾਈ ਵਾਹਕ ਪਾਈਪ ਲਾਈਨ ਨੂੰ 800 ਮਿਮੀ ਅੰਦਰੂਨੀ ਵਿਆਸ ਵਾਲੀ ਡੀ.ਆਈ. ਪਾਈਪ ਤੋਂ ਪਾਰ ਕਰਨਾ ਅਨਕੇਸਿੰਗ ਪਾਈਪ K- | | |
| | | ਵਿਗਿਆਪਨ ਮੂਲ (Rs.) | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ |
| | | 2777892 | 60 ਦਿਨ | 04 ਮਹੀਨੇ |

2336/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

**ਪਬਲਿਕ ਨੋਟਿਸ**

**ICICI Bank** ICICI Bank Limited

Registered office: Landmark, Race Course Circle, Vadodara 390 007.
Corporate office: ICICI Bank Towers, Bandra-Kurla Complex, Mumbai 400 051.

**ਸੋਨਾ ਨਿਲਾਮੀ ਕਮ ਸੱਦਾ ਨੋਟਿਸ**

ਹੇਠਾਂ ਲਿਖੇ ਕਰਜ਼ਦਾਰਾਂ ਨੂੰ ਸੋਨੇ ਦੇ ਗਹਿਣਿਆਂ ਬਦਲੇ ਆਈ ਸੀ ਆਈ ਸੀ ਆਈ ਬੈਂਕ ਲਿਮ: ('ਆਈ ਸੀ ਆਈ ਸੀ ਆਈ ਬੈਂਕ') ਤੋਂ ਲਈ ਸਹੂਲਤ ('ਸਹੂਲਤ') ਪ੍ਰਤੀ ਬਕਾਇਆ ਰਕਮ ਦੇ ਭੁਗਤਾਨ ਲਈ ਨੋਟਿਸ ਜਾਰੀ ਕੀਤਾ ਗਿਆ ਹੈ। ਕਿਉਂਕਿ ਇਹ ਬਕਾਇਆ ਰਕਮ ਦਾ ਭੁਗਤਾਨ ਕਰਨ 'ਚ ਅਸਫਲ ਰਹੇ ਹਨ। ਇਸ ਲਈ ਅਸੀਂ ਗਿਰਵੀ ਰੱਖੇ ਸੋਨੇ ਦੇ ਗਹਿਣਿਆਂ ਦੀ 8 ਅਗਸਤ 2023 ਨੂੰ ਈ-ਨਿਲਾਮੀ ਕਰਨ ਦੇ ਪਾਬੰਦ ਹਾਂ। ਆਈ ਸੀ ਆਈ ਸੀ ਆਈ ਬੈਂਕ ਨੂੰ ਬਿਨਾਂ ਅਗਾਊਂ ਨੋਟਿਸ ਖਾਤਾ ਹਟਾਉਣ/ਈ-ਨਿਲਾਮੀ ਦੀ ਤਰੀਕ ਬਦਲਣ ਦਾ ਅਧਿਕਾਰ ਹੈ। ਨਿਲਾਮੀ ਦੁਪਹਿਰ 12.30 ਤੋਂ 3.30 ਵਜੇ ਤੱਕ https://jewel-auction.procuretiger.com 'ਤੇ ਆਨਲਾਈਨ ਕੀਤੀ ਜਾਵੇਗੀ। ਸ਼ਰਤਾਂ ਅਤੇ ਨਿਯਮਾਂ ਦੇ ਵੇਰਵੇ ਲਈ ਕ੍ਰਿਪਾ ਕਰਕੇ ਦਿੱਤੀ ਗਈ ਵੈੱਬਸਾਈਟ 'ਤੇ ਲਾਗ ਕਰੋ। ਮ੍ਰਿਤਕ ਕਰਜ਼ਦਾਰਾਂ ਦੇ ਮਾਮਲੇ 'ਚ ਸਾਰੀਆਂ ਸ਼ਰਤਾਂ ਉਹਨਾਂ ਦੇ ਕਾਨੂੰਨੀ ਵਾਰਸਾਂ 'ਤੇ ਲਾਗੂ ਹੋਣਗੀਆਂ।

| ਕਰਜ਼ਾ ਖਾਤਾ ਨੰ: | ਗਾਹਕ ਦਾ ਨਾਂਅ |
|---|---|
| ਬਰਾਂਚ ਦਾ ਨਾਂਅ : ਅਜਨਾਲਾ | |
| 108305007376 | ਸਤਨਾਮ ਸਿੰਘ |
| ਬਰਾਂਚ ਦਾ ਨਾਂਅ : ਅਮਲੋਹ | |
| 151405002384 | ਦਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਅੰਮ੍ਰਿਤਸਰ-ਵੇਰਕਾ | |
| 374205000176 | ਸੀਮਾ ਸੀਮਾ |
| ਬਰਾਂਚ ਦਾ ਨਾਂਅ : ਬੱਸੀ ਪਠਾਣਾਂ | |
| 383405000956 | ਸੁਰਿੰਦਰ ਕੌਰ |
| ਬਰਾਂਚ ਦਾ ਨਾਂਅ : ਬਠਿੰਡਾ-ਬੈਂਕ ਸਟਰੀਟ | |
| 659005600835 | ਵਕੀਲ ਖਾਨ |
| ਬਰਾਂਚ ਦਾ ਨਾਂਅ : ਬੋਹਾ | |
| 394905001750 | ਰਣਦੀਪ ਸਿੰਘ |
| ਬਰਾਂਚ ਦਾ ਨਾਂਅ : ਧਰਮਕੋਟ, ਪੰਜਾਬ | |
| 356205001383 | ਹੈਪੀ ਹੈਪੀ |

| ਕਰਜ਼ਾ ਖਾਤਾ ਨੰ: | ਗਾਹਕ ਦਾ ਨਾਂਅ |
|---|---|
| ਬਰਾਂਚ ਦਾ ਨਾਂਅ : ਦੋਰਾਹਾ | |
| 078705002401 | ਹਰਮਨਜੋਤ ਸਿੰਘ |
| ਬਰਾਂਚ ਦਾ ਨਾਂਅ : ਕਪੂਰਥਲਾ | |
| 044905002722 | ਕੁਲਵਿੰਦਰ ਸਿੰਘ |
| 044905002724 | ਮਨਿੰਦਰਜੀਤ ਸਿੰਘ ਔਜਲਾ |
| ਬਰਾਂਚ ਦਾ ਨਾਂਅ : ਖਮਾਣੋਂ | |
| 199405002139 | ਸੰਮਨਦੀਪ ਕੌਰ |
| ਬਰਾਂਚ ਦਾ ਨਾਂਅ : ਲੁਧਿਆਣਾ-ਫੀਲਡ ਗੰਜ | |
| 366105000556 | ਸੁਰੇਸ਼ ਤਿਵਾੜੀ |
| ਬਰਾਂਚ ਦਾ ਨਾਂਅ : ਲੁਧਿਆਣਾ-ਸੁੰਦਰ ਨਗਰ | |
| 036305003323 | ਮਨੀਸ਼ਾ ਮਨੀਸ਼ਾ |
| ਬਰਾਂਚ ਦਾ ਨਾਂਅ : ਮਾਲੇਰਕੋਟਲਾ | |
| 249605001997 | ਮੁਹੰਮਦ ਸਲਮਾਨ |

| ਕਰਜ਼ਾ ਖਾਤਾ ਨੰ: | ਗਾਹਕ ਦਾ ਨਾਂਅ |
|---|---|
| ਬਰਾਂਚ ਦਾ ਨਾਂਅ : ਮਲੋਟ | |
| 151905003593 | ਬਲਜੀਤ ਸਿੰਘ |
| ਬਰਾਂਚ ਦਾ ਨਾਂਅ : ਮਮਦੋਟ | |
| 382105003153 | ਗੁਰਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਨੰਗਲ | |
| 152305002192 | ਅਜੈ ਸਿੰਘ |
| 152305002332 | ਮਹਿੰਦਰ ਸਿੰਘ |
| ਬਰਾਂਚ ਦਾ ਨਾਂਅ : ਨਵਾਂ ਸ਼ਹਿਰ | |
| 008105002927 | ਮਨਪ੍ਰੀਤ ਕੌਰ |
| ਬਰਾਂਚ ਦਾ ਨਾਂਅ : ਸਾਦਿਕ, ਪੰਜਾਬ | |
| 357105005223 | ਲਖਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਸੰਗਤ | |
| 383505002513 | ਹਰਜਿੰਦਰ ਸਿੰਘ |
| ਬਰਾਂਚ ਦਾ ਨਾਂਅ : ਸੁਲਤਾਨਪੁਰ, ਪੰਜਾਬ | |
| 356305001137 | ਗੁਰਮੇਲ ਸਿੰਘ |

ਮਿਤੀ : 29.07.2023
ਸਥਾਨ : ਜਲੰਧਰ, ਮੁਕਤਸਰ, ਪਟਿਆਲਾ, ਸਹਿਬਜਾਦਾ ਅਜੀਤ ਸਿੰਘ ਨਗਰ, ਅੰਮ੍ਰਿਤਸਰ, ਬਠਿੰਡਾ, ਫਿਰੋਜ਼ਪੁਰ, ਮਾਨਸਾ, ਫਾਜ਼ਿਲਕਾ, ਲੁਧਿਆਣਾ, ਕਪੂਰਥਲਾ, ਰੂਪ ਨਗਰ, ਫਰੀਦਕੋਟ, ਫਤਿਹਗੜ੍ਹ ਸਾਹਿਬ, ਹੁਸ਼ਿਆਰਪੁਰ, ਗੁਰਦਾਸਪੁਰ, ਬਰਨਾਲਾ, ਮਾਲੇਰਕੋਟਲਾ, ਮੋਗਾ, ਸੰਗਰੂਰ, ਸ਼ਹੀਦ ਭਗਤ ਸਿੰਘ ਨਗਰ

ਸਹੀ/-
ਅਧਿਕਾਰਤ ਅਫਸਰ,
ਵਾਸਤੇ ਆਈ ਸੀ ਆਈ ਸੀ ਆਈ ਬੈਂਕ ਲਿਮਿਟਿਡ

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * **Web** : www.nawanzamana.in

# ਡਿਪਟੀ ਕਮਿਸ਼ਨਰ ਨੇ ਪਿੰਡ ਬਨੀ ਲੋਧੀ ਵਿਖੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ

**ਪਠਾਨਕੋਟ:** ( **ਦਵਿੰਦਰ ਸਿੰਘ** )- ਅੱਜ ਡਿਪਟੀ ਕਮਿਸ਼ਨਰ ਪਠਾਨਕੋਟ ਵੱਲੋਂ ਹਲਕਾ ਭੋਆ ਦੇ ਪਿੰਡ ਬਨੀ ਲੋਧੀ ਵਿਖੇ ਵਿਸ਼ੇਸ਼ ਦੌਰਾ ਕੀਤਾ ਗਿਆ। ਦੌਰੇ ਦੌਰਾਨ ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਅਤੇ ਉਨ੍ਹਾਂ ਦੇ ਨਾਲ ਮੇਜਰ ਡਾ. ਸੁਮਿਤ ਮੁਧ ਚੀਫ ਮਨਿਸਟਰ ਫੀਲਡ ਅਫਸਰ-ਕਮ-ਸਹਾਇਕ ਕਮਿਸ਼ਨਰ ਜਨਰਲ ਵੀ ਹਾਜ਼ਰ ਸਨ। ਇਸ ਮੌਕੇ ਪ੍ਰਸ਼ਾਸਨਿਕ ਅਧਿਕਾਰੀਆਂ ਵਿੱਚੋਂ ਪਰਮਜੀਤ ਸਿੰਘ ਵਧੀਕ ਡਿਪਟੀ ਕਮਿਸ਼ਨਰ ਵਿਕਾਸ, ਕਾਲਾ ਰਾਮ ਕਾਂਸਲ ਐਸ.ਡੀ.ਐਮ. ਪਠਾਨਕੋਟ, ਯੁੱਧਵੀਰ ਸਿੰਘ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਲਛਮਣ ਸਿੰਘ ਤਹਿਸੀਲਦਾਰ ਪਠਾਨਕੋਟ, ਡਾ. ਰਜਿੰਦਰ ਕੁਮਾਰ ਮੁੱਖ ਖੇਤੀਬਾੜੀ ਅਫਸਰ ਪਠਾਨਕੋਟ, ਰਾਜੇਸ਼ਵਰ ਸਿੰਘ ਸਲਾਰੀਆ ਡਿਪਟੀ ਜ਼ਿਲ੍ਹਾ ਸਿੱਖਿਆ ਅਧਿਕਾਰੀ ਸੈਕੰਡਰੀ ਪਠਾਨਕੋਟ, ਰਾਮ ਲੁਭਾਇਆ ਜ਼ਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ, ਡੀ.ਜੀ. ਸਿੰਘ ਡਿਪਟੀ ਡੀ.ਈ.ਓ. ਪ੍ਰਾਇਮਰੀ, ਸੰਜੀਵ ਕੁਮਾਰ ਸੀ.ਡੀ.ਪੀ.ਓ. ਧਾਰ ਕਲਾਂ, ਮਹੇਸ਼ ਕੁਮਾਰ ਐਕਸੀਅਨ ਵਾਟਰ ਸਪਲਾਈ ਸੈਨੀਟੇਸ਼ਨ ਅਤੇ ਹੋਰ ਵੱਖ ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਹਾਜ਼ਰ ਸਨ। ਡਿਪਟੀ ਕਮਿਸ਼ਨਰ ਪਠਾਨਕੋਟ ਸਭ ਤੋਂ ਪਹਿਲਾਂ ਹਲਕਾ ਭੋਆ ਦੇ ਪਿੰਡ ਬਨੀ ਲੋਧੀ ਵਿਖੇ ਪਹੁੰਚੇ ਜਿੱਥੇ ਪਿੰਡ ਦੇ ਸਰਪੰਚ ਰਜਿੰਦਰ ਸਿੰਘ ਕੋਲੋਂ ਪਿੰਡ ਦੇ ਸਾਰੇ ਵੇਰਵਿਆਂ ਦਾ ਪਤਾ ਕੀਤਾ ਅਤੇ ਪਿੰਡ ਦੀਆਂ ਸਮੱਸਿਆਵਾਂ ਬਾਰੇ ਵੀ ਗੱਲਬਾਤ ਕੀਤੀ। ਇਸ ਤੋਂ ਬਾਅਦ ਡਿਪਟੀ ਕਮਿਸ਼ਨਰ ਨੇ ਹੋਰ ਜ਼ਿਲ੍ਹਾ ਅਧਿਕਾਰੀਆਂ ਨਾਲ ਪਿੰਡ ਬਨੀ ਲੋਧੀ ਵਿਖੇ ਚਲ ਰਹੀ ਆਯੁਰਵੈਦਿਕ ਡਿਸਪੈਂਸਰੀ ਦਾ ਅਤੇ ਆਂਗਣਬਾੜੀ ਸੈਂਟਰਾਂ ਦਾ ਨਿਰੀਖਣ ਵੀ ਕੀਤਾ। ਇਸ ਤੋਂ ਬਾਅਦ ਉਹ ਸਮਾਰਟ ਸਕੂਲ ਬਨੀ ਲੋਧੀ ਵਿਖੇ ਪਹੁੰਚੇ ਜਿੱਥੇ ਉਨ੍ਹਾਂ ਵੱਲੋਂ ਮਨਾਏ



ਗਏ ਵਣ ਮਹਾਂਉਤਸਵ ਦੇ ਮੌਕੇ ਪੌਦਾ ਲਗਾਇਆ ਗਿਆ। ਜਾਣਕਾਰੀ ਦਿੰਦਿਆਂ ਹਰਬੀਰ ਸਿੰਘ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਦੌਰੇ ਦੌਰਾਨ ਪਾਵਰਕਾਮ, ਪੰਚਾਇਤ ਨਾਲ ਸੰਬੰਧਤ, ਵਾਟਰ ਸਪਲਾਈ ਸੈਨੀਟੇਸ਼ਨ ਵਿਭਾਗ, ਸਿੱਖਿਆ ਵਿਭਾਗ, ਸਮਾਜਕ ਸੁਰੱਖਿਆ ਵਿਭਾਗ, ਨਾਲ ਸੰਬੰਧਤ ਅਤੇ ਹੋਰ ਸੰਬੰਧਤ ਵਿਭਾਗਾਂ ਨਾਲ ਸੰਬੰਧਤ ਸਮੱਸਿਆਵਾਂ ਦਾ ਹੱਲ ਕੀਤਾ ਗਿਆ। ਰਾਸ਼ਨ ਕਾਰਡ ਕੱਟੇ ਜਾਣ, ਦਿਵਿਆਂਗ ਪੈਨਸਨ ਅਤੇ ਕੱਚੇ ਮਕਾਨਾਂ ਦੇ ਜ਼ਿਆਦਾ ਮਾਮਲੇ ਧਿਆਨ ਵਿੱਚ ਆਏ । ਉਨ੍ਹਾਂ ਸੰਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਸਾਰੀਆਂ ਅਰਜ਼ੀਆਂ ਦੀ ਰਿਪੋਰਟ ਤਿਆਰ ਕਰਕੇ ਜਾਂਚ ਕੀਤੀ ਜਾਵੇ ਅਤੇ ਜਲਦੀ ਤੋਂ ਜਲਦੀ ਲੋਕਾਂ ਦੀਆਂ ਸਮੱਸਿਆ ਹੱਲ ਕੀਤੀ ਜਾਵੇ। ਉਨ੍ਹਾਂ ਪਿੰਡ ਦੇ ਆਂਗਣਬਾੜੀ ਸੈਂਟਰ ਦਾ ਦੌਰਾ ਕੀਤਾ ਅਤੇ ਬੱਚਿਆਂ ਦੀ ਖੁਰਾਕ ਦੀ ਜਾਂਚ ਕੀਤੀ। ਉਨ੍ਹਾਂ ਬੱਚਿਆਂ ਲਈ ਬਣਾਈ ਅੱਜ ਦੀ ਡਾਈਟ (ਹਲਵਾ) ਅਤੇ ਪੰਜੀਰੀ ਖੁਦ ਖਾ ਕੇ ਜਾਂਚ ਕੀਤੀ। ਉਨ੍ਹਾਂ ਕਿਹਾ ਕਿ ਆਂਗਣਬਾੜੀ ਸੈਂਟਰ ਦੀ ਇਮਾਰਤ ਦੀ ਹਾਲਤ ਠੀਕ ਨਹੀਂ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਜਲਦੀ ਹੀ ਆਂਗਣਬਾੜੀ ਦੀ ਬਿਹਤਰੀ ਦੇ ਲਈ ਯੋਜਨਾ ਤਿਆਰ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਕਿ ਪਿੰਡ ਦੇ ਨਾਲ ਲਗਦੀ ਰਾਵੀ ਨਦੀ ਜਿਸ ਦੀ ਹੱਦਬਸਤ ਪੰਜਾਬ ਅੰਦਰ ਹੈ ਅਤੇ ਉਸ ਜ਼ਮੀਨ 'ਤੇ ਜ਼ਿਆਦਾਤਰ ਕਬਜ਼ਾ ਜੰਮੂ ਕਸ਼ਮੀਰ ਦੇ ਲੋਕਾਂ ਵੱਲੋਂ ਕੀਤਾ ਹੋਇਆ ਹੈ, ਉਨ੍ਹਾਂ ਇਸ ਮੌਕੇ ਐਸ.ਡੀ.ਐਮ. ਪਠਾਨਕੋਟ ਅਤੇ ਡੀ.ਡੀ.ਪੀ.ਓ. ਪਠਾਨਕੋਟ ਦੀ ਟੀਮ ਬਣਾਈ ਅਤੇ ਜਲਦੀ ਹੀ ਉਪਰੋਕਤ ਸਮੱਸਿਆ ਦੇ ਸੰਬੰਧ ਵਿੱਚ ਸਰਵੇ ਕਰਕੇ ਰਿਪੋਰਟ ਪੇਸ਼ ਕਰਨ ਲਈ ਕਿਹਾ। ਲੋਕਾਂ ਵੱਲੋਂ ਮੰਗ ਰੱਖੀ ਗਈ ਕਿ ਪਿੰਡ ਬਨੀ ਲੋਧੀ ਦੇ ਸਕੂਲ ਨੂੰ ਬਾਰ੍ਹਵੀਂ ਤੱਕ ਕੀਤਾ ਜਾਵੇ ਤਾਂ ਜੋ ਬੱਚੀਆਂ ਨੂੰ ਸਿੱਖਿਆ ਗ੍ਰਹਿਣ ਕਰਨ ਵਿੱਚ ਕੋਈ ਸਮੱਸਿਆ ਨਾ ਆਵੇ ਉਨ੍ਹਾਂ ਪਿੰਡ ਦੀ ਪੰਚਾਇਤ ਨੂੰ ਵੀ ਹਦਾਇਤ ਕਰਦਿਆਂ ਕਿਹਾ ਕਿ ਮਗਨਰੇਗਾ ਅਧੀਨ ਹਰੇਕ ਲਾਭ ਪਾਤਰੀ ਨੂੰ ਸਾਲ ਵਿੱਚ ਘੱਟ ਤੋਂ ਘੱਟ 100 ਦਿਨ ਦਾ ਰੁਜ਼ਗਾਰ ਜ਼ਰੂਰ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਜਿਨ੍ਹਾਂ ਨੌਜਵਾਨਾਂ ਕੋਲ ਰੁਜ਼ਗਾਰ ਨਹੀਂ ਹੈ ਉਹ ਨੌਜਵਾਨ ਪਿੰਡ ਦੀ ਪੰਚਾਇਤ ਤੋਂ ਰੁਜ਼ਗਾਰ ਦੀ ਮੰਗ ਕਰ ਸਕਦੇ ਹਨ ਅਤੇ ਮਗਨਰੇਗਾ ਅਧੀਨ ਸਰਪੰਚ ਅਤੇ ਬਲਾਕ ਵਿਕਾਸ ਅਧਿਕਾਰੀ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਸ ਅਰਜ਼ੀਦਾਤਾ ਨੂੰ ਸਾਲ ਵਿੱਚ 100 ਦਿਨ ਦਾ ਰੁਜ਼ਗਾਰ ਮੁਹੱਈਆ ਕਰਵਾਏ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸਰਪੰਚ ਅਤੇ ਬੀ.ਡੀ.ਪੀ.ਓ. ਦੋਨੋ ਜ਼ਿੰਮੇਵਾਰ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਪਿੰਡ ਅੰਦਰ ਜੋ ਕਾਰਜ ਕਿਸੇ ਕਾਰਨਾਂ ਵਜੋਂ ਪੈਡਿੰਗ ਹਨ ਉਨ੍ਹਾਂ ਨੂੰ ਵੀ ਜਲਦੀ ਪੂਰਾ ਕਰਕੇ ਲੋਕਾਂ ਨੂੰ ਰਾਹਤ ਪ੍ਰਦਾਨ ਕੀਤੀ ਜਾਵੇਗੀ।

# ਸਰਕਾਰ ਨਰੇਗਾ ਕਾਮਿਆਂ ਨੂੰ ਫੌਰੀ ਕੰਮ ਦੇਵੇ ਤੇ ਜਾਅਲੀ ਅਫਸਰ ਲੱਭੇ : ਮਾੜੀਮੇਘਾ/ਨਰਿੰਦਰ

**ਭਿੱਖੀਵਿੰਡ (ਨਜ਼ਸ)**-ਸੀਪੀਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਦੇ ਜ਼ਿਲ੍ਹਾ ਪ੍ਰਧਾਨ ਨਰਿੰਦਰ ਸਿੰਘ ਅਲਗੋਂ, ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾਈ ਆਗੂ ਸੁਖਦੇਵ ਸਿੰਘ ਕਾਲਾ, ਏਟਕ ਦੇ ਜ਼ਿਲ੍ਹਾ ਪ੍ਰਧਾਨ ਪੂਰਨ ਸਿੰਘ ਮਾੜੀਮੇਘਾ, ਬਲਦੇਵ ਰਾਜ ਭਿੱਖੀਵਿੰਡ, ਟਹਿਲ ਸਿੰਘ ਲੱਧੂ ਤੇ ਰਛਪਾਲ ਸਿੰਘ ਬਾਠ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਨਰੇਗਾ ਕਾਮਿਆਂ ਨੂੰ ਚੰਡੀਗੜ੍ਹ ਤੋਂ ਬਣਿਆ ਜਾਅਲੀ ਅਫਸਰ ਬਹੁਤ ਤੰਗ ਕਰ ਰਿਹਾ ਹੈ। ਖੇਤ ਮਜ਼ਦੂਰ ਸਭਾ ਬਲਾਕ ਭਿੱਖੀਵਿੰਡ ਦੀ ਪ੍ਰਧਾਨ ਮਨਜੀਤ ਕੌਰ ਅਲਗੋਂ ਖੁਰਦ ਤੇ ਸਰਕਾਰੀ ਮੁਲਾਜ਼ਮ ਹਰਪ੍ਰੀਤ ਕੌਰ ਤੇ ਗ੍ਰਾਮ ਸੇਵਕ ਇੰਦਰਜੀਤ ਸਿੰਘ ਨੂੰ ਟੈਲੀਫੋਨ ਕਰਕੇ ਕਿਹਾ ਕਿ ਮੈਂ ਚੰਡੀਗੜ੍ਹ ਤੋਂ ਨਰੇਗਾ ਦਾ ਅਫਸਰ ਬੋਲ ਰਿਹਾ ਹਾਂ, ਤੁਸੀਂ ਜਾਅਲੀ ਨਾਵਾਂ 'ਤੇ ਨਰੇਗਾ ਦੇ ਪੈਸੇ ਖਾਂਦੇ ਜੇ, ਇਸ ਲਈ ਤੁਹਾਡੇ ਖਿਲਾਫ ਮੈਂ ਕੇਸ ਦਰਜ ਕਰਾ ਦੇਣਾ ਹੈ। ਆਗੂਆਂ ਨੇ ਮੰਗ ਕੀਤੀ ਹੈ ਕਿ ਉਹ ਕਿਹੜਾ ਜਾਅਲੀ ਅਫਸਰ ਬਣਿਆ ਹੈ? ਉਸ ਦੀ ਮਹਿਕਮੇ ਨੂੰ ਪੜਤਾਲ ਕਰਾਉਣੀ ਚਾਹੀਦੀ ਹੈ ਤਾਂ ਜੋ ਉਸ 'ਤੇ ਕੇਸ ਦਰਜ ਹੋ ਸਕੇ। ਉਨ੍ਹਾਂ ਮੰਗ ਕੀਤਾ ਕਿ ਤੁਰੰਤ ਕੰਮ ਦਿੱਤਾ ਜਾਵੇ। ਨਰੇਗਾ ਕਾਮੇਂ ਝੋਨੇ ਦੀ ਲਵਾਈ ਤੋਂ ਵਿਹਲੇ ਹੋ ਗਏ ਹਨ ਤੇ ਉਹ ਕੰਮ ਮੰਗ ਰਹੇ ਹਨ। ਪਰ ਕੰਮ ਦਿੱਤਾ ਨਹੀਂ ਜਾ ਰਿਹਾ। ਇਹ ਵੀ ਪਤਾ ਲੱਗਾ ਹੈ ਕਿ ਪਿੰਡ ਸਾਂਡਪੁਰਾ ਦਾ ਗ੍ਰਾਮ ਸੇਵਕ ਕੋਈ ਨਿਆਂ ਨਹੀਂ ਦੇ ਰਿਹਾ। ਉਲਟਾ ਇਹ ਆਖਦਾ ਹੈ ਕਿ ਮੈਂ ਆਪਣੀ ਮਰਜ਼ੀ ਨਾਲ ਕੰਮ ਦੇਣਾ ਹੈ। ਮੇਰੀ ਮਰਜ਼ੀ ਮੁਤਾਬਕ ਹੀ ਨਰੇਗਾ ਲੇਬਰ ਲੱਗੇਗੀ। ਮੈਂ ਆਪਣੀ ਮਰਜ਼ੀ ਨਾਲ ਜਿਸ ਨੂੰ ਮਰਜ਼ੀ ਕੰਮ ਦੇਵਾਂ। ਇਸ ਵਿੱਚ ਕਿਸੇ ਦਾ ਕੋਈ ਲੈਣ-ਦੇਣ ਨਹੀਂ ਹੈ

। ਆਗੂਆਂ ਮੰਗ ਕੀਤੀ ਹੈ ਕਿ ਇਹੋ ਜਿਹੇ ਗ੍ਰਾਮ ਸੇਵਕ ਨੂੰ ਸਰਕਾਰ ਨੱਥ ਪਾਵੇ। ਜੇ ਸਰਕਾਰ ਉਸ ਖਿਲਾਫ ਕੋਈ ਕਾਰਵਾਈ ਨਹੀਂ ਕਰਦੀ ਤਾਂ ਮਜਬੂਰਨ ਯੂਨੀਅਨ ਨੂੰ ਇਸ ਗ੍ਰਾਮ ਸੇਵਕ ਵਿਰੁੱਧ ਸੰਘਰਸ਼ ਵਿੱਢਣਾ ਪਵੇਗਾ। ਆਗੂਆਂ ਨੇ ਮਣੀਪੁਰ ਦੀ ਹਾਲਤ 'ਤੇ ਚਿੰਤਾ ਜ਼ਾਹਰ ਕੀਤੀ ਹੈ ਤੇ ਜਿਨ੍ਹਾਂ ਗੁੰਡਿਆਂ ਨੇ ਆਦਿਵਾਸੀ ਔਰਤਾਂ ਨੂੰ ਨਗਨ ਹਾਲਤ ਵਿੱਚ ਘੁਮਾਇਆ ਹੈ ਉਨ੍ਹਾਂ ਨੂੰ ਮੌਤ ਦੀ ਸਜ਼ਾ ਦੇਣੀ ਚਾਹੀਦੀ ਹੈ।

## ਚੋਰੀ ਦੀ ਨਾਕਾਮ ਕੋਸ਼ਿਸ਼ ਕਰਨ ਵਾਲਾ ਚੜ੍ਹਿਆ ਪੁਲਸ ਅੜਿੱਕੇ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਸਿਟੀ ਗੁਰਦਾਸਪੁਰ ਪੁਲਿਸ ਵਲੋਂ ਚੋਰੀ ਦੀ ਕੋਸ਼ਿਸ਼ ਵਿਚ ਨਾਕਾਮ ਰਹੇ ਇਕ ਵਿਅਕਤੀ ਨੂੰ ਕਾਬੂ ਕਰਕੇ ਉਸ ਖ਼ਿਲਾਫ਼ ਮਾਮਲਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਬਨਵਾਰੀ ਲਾਲ ਪੁੱਤਰ ਲੇਟ ਦੇਵ ਰਾਜ ਵਾਸੀ ਪੁਰਾਣਾ ਬਾਜ਼ਾਰ ਗੁਰਦਾਸਪੁਰ ਨੇ ਦੱਸਿਆ ਕਿ ਮੇਰੀ ਪੁਰਾਣਾ ਬਾਜ਼ਾਰ ਗੁਰਦਾਸਪੁਰ ਵਿਖੇ ਰਾਮ ਲੁਭਾਇਆ ਜਿਊਲਰਜ਼ ਦੇ ਨਾਮ 'ਤੇ ਦੁਕਾਨ ਹੈ। ਉਨ੍ਹਾਂ ਦੱਸਿਆ ਕਿ ਦੁਪਹਿਰ ਸਮੇਂ ਇਕ ਵਿਅਕਤੀ ਮੇਰੀ ਦੁਕਾਨ 'ਤੇ ਆਇਆ ਜਿਸ ਨੇ ਸੋਨਾ ਅਤੇ ਚਾਂਦੀ ਦੀ ਚੇਨ ਦਿਖਾਉਣ ਲਈ ਕਿਹਾ? ਜਦ ਮੈਂ ਆਪਣੇ ਕਾਊਂਟਰ ਵਿਚੋ ਚੇਨ ਕੱਢ ਕੇ ਉਸ ਨੂੰ ਵਿਖਾਉਣ ਲੱਗਾ ਤਾਂ ਕਾਊਂਟਰ 'ਤੇ ਰੱਖੀ ਚੇਨ ਚਾਂਦੀ ਤੇ ਇੱਕ ਆਰਟੀਫੀਸ਼ੀਅਲ ਚੇਨ ਸੋਨਾ ਉਕਤ ਵਿਅਕਤੀ ਚੋਰੀ ਕਰਕੇ ਭੱਜਣ ਲੱਗਾ। ਮੈਂ ਹੋਰ ਦੁਕਾਨਦਾਰਾਂ ਦੀ ਮਦਦ ਨਾਲ ਉਸ ਨੂੰ ਕਾਬੂ ਕਰਕੇ ਪੁਲਸ ਦੇ ਹਵਾਲੇ ਕਰ ਦਿੱਤਾ। ਉਕਤ ਵਿਅਕਤੀ ਦੀ ਪਹਿਚਾਣ ਗਿਸ਼ੂ ਪੁੱਤਰ ਬਨਾਰਸੀ ਦਾਸ ਵਾਸੀ ਸਰਸਵਤੀ ਮਾਡਲ ਸਕੂਲ ਸਾਹਮਣੇ ਵਾਲੀ ਗਲੀ ਮੁਹੱਲਾ ਇਸਲਾਮਾਬਾਦ ਗੁਰਦਾਸਪੁਰ ਵਜੋਂ ਹੋਈ ਹੈ। ਪੁਲਸ ਨੇ ਕਥਿਤ ਦੋਸ਼ੀ ਖ਼ਿਲਾਫ਼ ਧਾਰਾ 453, 380 ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

## ਦਿਨ-ਦਿਹਾੜੇ ਸੇਵਾਮੁਕਤ ਅਧਿਆਪਕਾ ਦਾ ਕਤਲ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਅਜਨਾਲਾ ਸ਼ਹਿਰ ਦੇ ਵਾਰਡ ਨੰਬਰ 13 'ਚ ਚਿੱਟੇ ਦਿਨ ਅਣਪਛਾਤੇ ਵਿਅਕਤੀਆਂ ਵੱਲੋਂ ਇਕ ਬਜ਼ੁਰਗ ਸੇਵਾਮੁਕਤ ਅਧਿਆਪਕਾ ਦਾ ਕਤਲ ਕਰ ਦਿੱਤੇ ਜਾਣ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ। ਇਸ ਸਬੰਧੀ ਮਿਲੀ ਜਾਣਕਾਰੀ ਅਨੁਸਾਰ ਬਜ਼ੁਰਗ ਅਧਿਆਪਕਾ ਦੀ ਪਛਾਣ ਕੁਮਾਰੀ ਬਿਮਲਾ ਪਤਨੀ ਸਾਬਕਾ ਪ੍ਰਿੰਸੀਪਲ ਦੇਵੀ ਦਿਆਲ ਸ਼ਰਮਾ ਵਜੋਂ ਹੋਈ ਹੈ, ਜੋ ਦੁਪਹਿਰ ਸਮੇਂ ਆਪਣੇ ਘਰ ਵਿਚ ਇਕੱਲੀ ਹੀ ਮੌਜੂਦ ਸੀ ਤੇ ਕਤਲ ਕਰਨ ਵਾਲੇ ਵਿਅਕਤੀ ਬਜ਼ੁਰਗ ਮਹਿਲਾ ਦੀਆਂ ਵਾਲੀਆਂ ਵੀ ਲਾਹ ਕੇ ਲੈ ਗਏ ਹਨ। ਕਤਲ ਕਰਨ ਵਾਲੇ ਵਿਅਕਤੀਆਂ ਵਲੋਂ ਉਨ੍ਹਾਂ ਦੀ ਅਲਮਾਰੀ ਦੀ ਫਰੋਲਾ-ਫਰਾਲੀ ਵੀ ਕੀਤੀ ਗਈ ਹੈ। ਉਧਰ ਡੀਐੱਸਪੀ ਅਜਨਾਲਾ ਸੰਜੀਵ ਕੁਮਾਰ ਨੇ ਦੱਸਿਆ ਕਿ ਪੁਲਸ ਵੱਲੋਂ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਅਜਨਾਲਾ ਭੇਜ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਇਸ ਮੌਕੇ ਐੱਸਐੱਚਓ ਇੰਸਪੈਕਟਰ ਮੁਖਤਿਆਰ ਸਿੰਘ ਤੇ ਅਜਨਾਲਾ ਸਿਟੀ ਚੌਕੀ ਦੇ ਇੰਚਾਰਜ ਰਸ਼ਪਾਲ ਸਿੰਘ ਤੇ ਹੋਰ ਮੌਕੇ 'ਤੇ ਮੌਜੂਦ ਸਨ ।

## ਪਿਸਤੌਲ, ਮੋਟਰਸਾਈਕਲ ਤੇ ਮੋਬਾਇਲ ਸਮੇਤ ਪੰਜ ਨੌਜਵਾਨ ਕਾਬੂ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਥਾਣਾ ਧਾਰੀਵਾਲ ਦੀ ਪੁਲਸ ਨੇ ਨਾਜਾਇਜ਼ ਪਿਸਤੌਲ ਤੇ ਚੋਰੀ ਦੇ ਮੋਟਰਸਾਈਕਲ ਸਣੇ ਤਿੰਨ ਨੌਜਵਾਨ ਅਤੇ ਚੋਰੀ ਦੇ ਮੋਬਾਇਲ ਸਮੇਤ ਦੋ ਨੌਜਵਾਨਾਂ (ਕੁੱਲ ਪੰਜ ਜਣਿਆਂ) ਨੂੰ ਕਾਬੂ ਕੀਤਾ ਹੈ। ਇਸ ਸਬੰਧੀ ਡੀਐਸਪੀ ਰਾਜਬੀਰ ਸਿੰਘ ਅਤੇ ਥਾਣਾ ਧਾਰੀਵਾਲ ਦੇ ਮੁਖੀ ਰਜਿੰਦਰ ਕੌਰ ਨੇ ਦੱਸਿਆ ਕਿ ਸਹਾਇਕ ਸਬ-ਇੰਸਪੈਕਟਰ ਰਣਜੀਤ ਸਿੰਘ ਨੇ ਪੁਲਸ ਨੇ ਪਾਰਟੀ ਭੈੜੇ ਪੁਰਸ਼ਾਂ ਦੀ ਤਲਾਸ਼ ਵਿੱਚ ਕਲਿਆਣਪੁਰ ਮੋੜ ਧਾਰੀਵਾਲ ਵਿਖੇ ਲਾਏ ਨਾਕੇ ਦੌਰਾਨ ਵਾਹਨਾਂ ਦੀ ਚੈਕਿੰਗ ਕਰਦੇ ਸਮੇਂ ਬਿਨਾਂ ਨੰਬਰੀ ਮੋਟਰਸਾਈਕਲ ਸਵਾਰ ਆ ਰਹੇ ਤਿੰਨ ਨੌਜਵਾਨਾਂ ਨੂੰ ਰੋਕ ਕੇ ਪੁਛਗਿੱਛ ਕੀਤੀ ਤਾਂ ਉਨ੍ਹਾਂ ਮੰਨਿਆ ਕਿ ਇਹ ਮੋਟਰਸਾਈਕਲ ਅਸੀਂ ਚੋਰੀ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਛੰਬੂ ਪੁੱਤਰ ਰਵਿੰਦਰ, ਅਜੇ ਕੁਮਾਰ ਪੁੱਤਰ ਵਿਸ਼ਨੂੰ ਗਿਰੀ ਅਤੇ ਦੇਬ ਕੁਮਾਰ ਉਰਫ ਦੇਬੂ ਪੁੱਤਰ ਲਕਛਮੀ ਨਰਿਆਣ ਵਾਸੀਆਨ ਰਾਜੀਵ ਕਾਲੋਨੀ ਧਾਰੀਵਾਲ ਵਜੋਂ ਹੋਈ। ਇਨ੍ਹਾਂ ਦੀ ਤਲਾਸ਼ੀ ਲੈਣ ਤੇ ਅਜੇ ਕੁਮਾਰ ਦੀ ਡੱਬ ਵਿੱਚੋਂ ਇਕ ਪਿਸਤੌਲ ਬਿਨਾ ਮਾਰਕਾ ਸਮੇਤ ਮੈਗਜ਼ੀਨ ਬਾਰਮਦ ਹੋਇਆ।

ਇਸੇ ਤਰ੍ਹਾਂ ਪੁਲਸ ਪਾਰਟੀ ਨੇ ਬਿਜਲੀ ਘਰ ਦੇ ਸਾਹਮਣੇ ਖੜੀ ਇਕ ਕਾਰ ਵਿੱਚੋਂ ਮੋਬਾਇਲ ਚੋਰੀ ਕਰਕੇ ਫਰਾਰ ਹੋਏ ਮਨਿੰਦਰ ਸਿੰਘ ਪੁੱਤਰ ਸੁੱਚਾ ਸਿੰਘ ਵਾਸੀ ਕੋਟਲਾ ਖੁਰਦ ਅਤੇ ਕੁਲਦੀਪ ਸਿੰਘ ਪੁੱਤਰ ਸਤਨਾਮ ਸਿੰਘ ਵਾਸੀ ਘੁੰਮਣ ਖੁਰਦ ਨੂੰ ਕਾਬੂ ਕੀਤਾ ਹੈ। ਪੁਲਸ ਨੇ ਇਨ੍ਹਾਂ ਪੰਜ ਜਣਿਆਂ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ।

# ਭੰਗਵਾਂ ਪਿੰਡ ਦੇ ਲੋਕਾਂ ਦੇ ਸਹਿਯੋਗ ਨਾਲ ਨਸ਼ਾ ਸਮੱਗਲਰ ਕਾਬੂ

**ਮਜੀਠਾ (ਸੋਇਮ ਆਨੰਦ)**- ਹਲਕਾ ਮਜੀਠਾ ਦੇ ਪਿੰਡ ਭੰਗਵਾਂ ਵਿਖੇ ਨਸ਼ਾ ਤਸਕਰਾਂ ਵੱਲੋਂ ਵੱਡੀ ਪੱਧਰ 'ਤੇ ਨਸ਼ਾ ਵੇਚਣ ਤੋਂ ਤੰਗ ਆ ਕੇ ਪਿੰਡ ਦੀ ਪੰਚਾਇਤ ਅਤੇ ਨੌਜਵਾਨਾਂ ਵੱਲੋਂ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਠੀਕਰੀ ਪਹਿਰਾ ਲਗਾਇਆ ਜਾ ਰਿਹਾ ਹੈ ਅਤੇ ਪਿੰਡ ਵਿਚ ਆਉਣ ਵਾਲੇ ਹਰ ਇੱਕ ਬਾਹਰੀ ਵਿਅਕਤੀ ਦੀ ਬਰੀਕੀ ਨਾਲ ਜਾਂਚ ਕੀਤੀ ਜਾਂਦੀ ਹੈ। ਜਿਸ ਦੇ ਚਲਦਿਆਂ ਬੀਤੇ ਦਿਨ ਨੌਜਵਾਨਾਂ ਵੱਲੋਂ ਲਗਾਏ ਪਹਿਰੇ ਦੌਰਾਨ ਇੱਕ ਸ਼ੱਕੀ ਵਿਅਕਤੀ ਜੋ ਕਿ ਗੁੱਜਰ ਬਰਾਦਰੀ ਨਾਲ ਸੰਬੰਧਤ ਸੀ, ਨੂੰ ਝੋਨੇ ਦੇ ਖੇਤਾਂ ਵਿੱਚੋਂ ਕਾਫੀ ਦੌੜ ਭੱਜ ਕਰਕੇ ਕਾਬੂ ਕੀਤਾ ਗਿਆ। ਕਾਬੂ ਆਉਣ ਉਪਰੰਤ ਉਸ ਨੇ ਆਪਣਾ ਨਾਂਅ ਅਲੀ ਪੁੱਤਰ ਸ਼ੇਰਦੀਨ ਵਾਸੀ ਪਿੰਡ ਅਨੈਤਪੁਰਾ ਦੱਸਿਆ ਅਤੇ ਨਾਲ ਹੀ ਉਸ ਨੇ ਇਹ ਵੀ ਦੱਸਿਆ ਕਿ ਉਸ ਦੇ ਦੋ ਹੋਰ ਸਾਥੀ ਜਿਨ੍ਹਾਂ ਦੇ ਨਾਂਅ ਉਸ ਨੇ ਸੁਰਜੀਤ ਸਿੰਘ ਅਤੇ ਨਵਜੋਸ਼ ਸਿੰਘ ਵਾਸੀਆਨ ਪਿੰਡ ਭੰਗਵਾਂ ਦੱਸਿਆ। ਜਿਨ੍ਹਾਂ ਨੂੰ ਕਾਬੂ ਕਰਕੇ ਪਿੰਡ ਵਾਲਿਆਂ ਵੱਲੋਂ ਥਾਣਾ ਮਜੀਠਾ ਵਿਖੇ ਲਿਆਂਦਾ ਗਿਆ। ਇਸ ਦੌਰਾਨ ਜਦੋਂ ਪੁਲਸ ਵੱਲੋਂ ਉਨ੍ਹਾਂ ਖਿਲਾਫ ਕਾਰਵਾਈ ਕਰਨ ਵਿਚ ਢਿੱਲ ਦਿਖਾਈ ਤਾਂ ਆਮ ਆਦਮੀ ਪਾਰਟੀ ਦੇ ਹਲਕਾ ਮਜੀਠਾ ਦੇ



ਸੀਨੀਅਰ ਆਗੂ ਜਸਮੀਤ ਸਿੰਘ ਬੱਦੋਵਾਲ ਨੂੰ ਇਤਲਾਹ ਮਿਲਣ 'ਤੇ ਉਨ੍ਹਾਂ ਵੱਲੋਂ ਪੁਲਸ ਨਾਲ ਕਾਫੀ ਬਹਿਸਬਾਜ਼ੀ ਹੋਈ ਪਰ ਪੁਲਸ ਇਨ੍ਹਾਂ ਵਿਅਕਤੀਆਂ ਖਿਲਾਫ ਠੋਸ ਕਾਰਵਾਈ ਕਰਨ ਤੋਂ ਟਾਲਾ ਵੱਟਦੀ ਨਜ਼ਰ ਆਈ ਜਿਸ 'ਤੇ ਜਸਮੀਤ ਸਿੰਘ ਬਦੋਵਾਲ ਨੇ ਉਸੇ ਸਮੇਂ ਆਮ ਆਦਮੀ ਪਾਰਟੀ ਦੇ ਹਲਕਾ ਮਜੀਠਾ ਦੇ ਇੰਚਾਰਜ ਲਾਲੀ ਮਜੀਠੀਆ ਦੀ ਪਤਨੀ ਡਾ: ਸਤਿੰਦਰ ਕੌਰ ਮਜੀਠੀਆ ਨੂੰ ਮੌਕੇ 'ਤੇ ਹੀ ਬੁਲਾਇਆ ਜਿਨ੍ਹਾਂ ਨੇ ਪੁਲਸ 'ਤੇ ਜ਼ੋਰ ਪਾ ਕੇ ਇਨ੍ਹਾਂ ਤਿੰਨਾਂ ਨੂੰ ਸਮੇਤ ਨਸ਼ੇ ਦੇ ਪੁਲਸ ਹਵਾਲੇ ਕੀਤਾ। ਪੁਲਸ ਨੇ ਇਨ੍ਹਾਂ ਤਿੰਨਾਂ ਵਿਅਕਤੀਆਂ ਦੀ ਤਲਾਸ਼ੀ ਲਈ ਤਾਂ ਇਨ੍ਹਾਂ ਪਾਸੋਂ ਤਿੰਨ ਗਰਾਮ ਹੈਰੋਇਨ ਅਤੇ ਕੰਪਿਊਟਰ ਕੰਡਾ ਬਰਾਮਦ ਕੀਤਾ। ਇਸ ਦੌਰਾਨ ਉਕਤ ਵਿਅਕਤੀਆਂ ਦੀ ਨਿਸ਼ਾਨਦੇਹੀ ਤੇ ਮਜੀਠਾ ਵਿਚ ਪੁਲਸ ਵੱਲੋਂ ਛਾਪਾਮਾਰੀ ਕੀਤੀ ਗਈ ਪਰ ਨਸ਼ਾ ਸਪਲਾਇਰ ਪੁਲਸ ਦੀ ਆਮਦ ਦਾ ਪਤਾ ਲੱਗਣ 'ਤੇ ਰਫੂ ਚੱਕਰ ਹੋ ਗਿਆ ਸੀ। ਜ਼ਿਕਰਯੋਗ ਹੈ ਕਿ ਅਲੀ ਪੁੱਤਰ ਸ਼ੇਰਦੀਨ ਗੁੱਜਰ ਬਰਾਦਰੀ ਨਾਲ ਸੰਬੰਧਤ ਹੈ ਅਤੇ ਇੱਥੋਂ ਪਤਾ ਲਗਦਾ ਹੈ ਕਿ ਹੁਣ ਪੰਜਾਬ ਵਿੱਚ ਗੁੱਜਰ ਵੀ ਨਸ਼ਾ ਵੇਚਣ ਲੱਗੇ ਹਨ। ਇਸ ਮੌਕੇ ਪਿੰਡ ਵਾਲਿਆਂ ਨੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਜਸਮੀਤ ਸਿੰਘ ਬਦੋਵਾਲ ਅਤੇ ਡਾ: ਸਤਿੰਦਰ ਕੌਰ ਮਜੀਠੀਆ ਦਾ ਹਾਰਦਿਕ ਧੰਨਵਾਦ ਕੀਤਾ ਜਿਨ੍ਹਾਂ ਨੇ ਪੁਲਸ ਦੇ ਦਬਾਅ ਪਾ ਕੇ ਇਨ੍ਹਾਂ ਤਿੰਨਾਂ ਖਿਲਾਫ ਮੁਕੱਦਮਾ ਦਰਜ ਕਰਾਇਆ। ਇਸ ਮੌਕੇ ਸਰਪੰਚ ਗੁਰਭੇਜ ਸਿੰਘ ਦੇ ਨਾਲ ਹਰਪਾਲ ਸਿੰਘ ਪੰਚ, ਕਸ਼ਮੀਰ ਸਿੰਘ ਪੰਚ, ਕੁਲਵਿੰਦਰ ਸਿੰਘ ਪੰਚ, ਬਲਰਾਜ ਸਿੰਘ ਪੰਚ, ਪ੍ਰਭਜੀਤ ਕੌਰ ਪੰਚ, ਦਲਬੀਰ ਕੌਰ ਪੰਚ, ਲਖਬੀਰ ਸਿੰਘ ਨੰਬਰਦਾਰ, ਹਰਦਿਆਲ ਸਿੰਘ ਨੰਬਰਦਾਰ, ਬਲਵਿੰਦਰ ਸਿੰਘ ਨੰਬਰਦਾਰ, ਜਗਜੀਤ ਸਿੰਘ, ਬਿੱਟੂ ਸਿੰਘ, ਹਰਭਜਨ ਸਿੰਘ, ਸਤਨਾਮ ਸਿੰਘ, ਰਣਜੋਧ ਸਿੰਘ, ਮਨਜੀਤ ਸਿੰਘ, ਕੁਲਦੀਪ ਸਿੰਘ, ਬਲਵਿੰਦਰ ਸਿੰਘ, ਗੁਰਵਿੰਦਰ ਸਿੰਘ, ਸੁਲੱਖਣ ਸਿੰਘ, ਪਲਵਿੰਦਰ ਸਿੰਘ, ਹਰਮਨਦੀਪ ਸਿੰਘ ਆਦਿ ਹਾਜ਼ਰ ਸਨ

## ਨੂਰਪੁਰ ਦੀ ਆਯੂਸ਼ ਹੈਲਥ ਵੈੱਲਨੈੱਸ ਡਿਸਪੈਂਸਰੀ ਦੇ ਨਵੇਂ ਬਣੇ ਕਮਰੇ ਦਾ ਉਦਘਾਟਨ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਵੱਲੋਂ ਪਿੰਡ ਨਰਪੁਰ ਵਿਖੇ ਆਯੂਸ਼ ਹੈਲਥ ਵੈਲਨੈੱਸ ਡਿਸਪੈਂਸਰੀ ਦੇ ਨਵੇਂ ਬਣੇ ਕਮਰੇ ਦਾ ਉਦਘਾਟਨ ਕੀਤਾ ਗਿਆ। ਇਸ ਦੇ ਨਾਲ ਹੀ ਉਨ੍ਹਾਂ ਨੇ ਆਯੁਰਵੈਦਿਕ ਵਿਭਾਗ ਵੱਲੋਂ ਡਿਸਪੈਂਸਰੀ ਵਿਖੇ ਲਗਾਏ ਗਏ ਮੁਫ਼ਤ ਆਯੁਰਵੈਦਿਕ ਮੈਡੀਕਲ ਕੈਂਪ ਦੀ ਸ਼ੁਰੂਆਤ ਵੀ ਕੀਤੀ ਜਿਸ ਵਿੱਚ ਮਾਹਿਰ ਡਾਕਟਰਾਂ ਵੱਲੋਂ 200 ਤੋਂ ਵੱਧ ਮਰੀਜ਼ਾਂ ਦਾ ਚੈੱਕਅਪ ਕਰਕੇ ਉਨ੍ਹਾਂ ਨੂੰ ਮੁਫ਼ਤ ਦਵਾਈ ਦਿੱਤੀ ਗਈ।

ਆਯੂਸ਼ ਹੈਲਥ ਵੈਲਨੈੱਸ ਡਿਸਪੈਂਸਰੀ ਦੇ ਕਮਰੇ ਦਾ ਉਦਘਾਟਨ ਕਰਨ ਤੋਂ ਪਿੰਡ ਵਾਸੀਆਂ ਨਾਲ ਗੱਲ ਕਰਦਿਆਂ ਬਹਿਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 3 ਲੱਖ ਰੁਪਏ ਖਰਚ ਕਰਕੇ ਇਸ ਡਿਸਪੈਂਸਰੀ ਦਾ ਨਵਾਂ ਮੈਡੀਕਲ ਰੂਮ ਤਿਆਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 60 ਲੱਖ ਰੁਪਏ ਖਰਚ ਕਰਕੇ ਜ਼ਿਲ੍ਹਾ ਗੁਰਦਾਸਪੁਰ ਵਿੱਚ ਕੁੱਲ 11 ਆਯੂਸ਼ ਹੈਲਥ ਵੈਲਨੈੱਸ ਡਿਸਪੈਂਸਰੀਆਂ ਦੀ ਕਾਇਆ ਕਲਪ ਕੀਤੀ ਜਾ ਰਹੀ ਹੈ।

ਚੇਅਰਮੈਨ ਬਹਿਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸਿਹਤ ਤੇ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਸੁਧਾਰ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਨਵੇਂ ਆਮ ਆਦਮੀ ਕਲੀਨਿਕ ਸ਼ੁਰੂ ਕਰਨ ਦੇ ਨਾਲ ਪੁਰਾਣੀਆਂ ਸਿਹਤ ਸੰਸਥਾਵਾਂ ਦੀ ਕਾਇਆ ਕਲਪ ਕੀਤੀ ਗਈ ਹੈ। ਇਸ ਮੌਕੇ ਉਨ੍ਹਾਂ ਨਾਲ ਸਿਵਲ ਸਰਜਨ ਡਾ. ਹਰਭਜਨ ਰਾਮ, ਡਾ. ਪ੍ਰਦੀਪ ਸਿੰਘ, ਜ਼ਿਲ੍ਹਾ ਆਯੁਰਵੈਦਿਕ ਅਤੇ ਯੂਨਾਨੀ ਅਫ਼ਸਰ ਗੁਰਦਾਸਪੁਰ, ਡਾ. ਨਵਨੀਤ ਸਿੰਘ, ਡਾ. ਨੀਤੂ ਅਗਰਵਾਲ, ਡਾ. ਅਮਤਾ, ਡਾ. ਰਨੀਵਾ, ਡਾ. ਵਰੁਣ, ਡਾ. ਰਮਨ ਸੰਗੋਤਰਾ, ਉਪਵੈਦ ਚਰਨਜੀਤ ਸਿੰਘ, ਰੋਹਿਤ ਸ਼ਰਮਾ, ਇੰਦਰਜੀਤ ਸਿੰਘ, ਪਾਲ ਸਿੰਘ, ਨਵਨੀਤ ਕੌਰ ਬਾਜਵਾ, ਕਰਮਜੀਤ ਕੌਰ, ਸਾਬਕਾ ਸਰਪੰਚ ਅਜੀਤ ਸਿੰਘ, ਸੂਬੇਦਾਰ ਦਲਜੀਤ ਸਿੰਘ, ਬਲਰਾਜ ਸਿੰਘ ਸਾਬਕਾ ਸਰਪੰਚ, ਕੁਲਜੀਤ ਸਿੰਘ, ਅਮਨਦੀਪ ਸਿੰਘ ਅਤੇ ਇਲਾਕੇ ਦੇ ਮੋਹਤਬਰ ਵੀ ਹਾਜ਼ਰ ਸਨ।

# 14 ਤੇ 15 ਅਗਸਤ ਨੂੰ ਕਰਵਾਏ ਜਾਣ ਵਾਲੇ 28ਵੇਂ ਹਿੰਦ-ਪਾਕਿ ਦੋਸਤੀ ਮੇਲੇ ਸੰਬੰਧੀ ਬੈਠਕ



**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ )**-ਹਿੰਦ-ਪਾਕਿ ਦੋਸਤੀ ਮੰਚ, ਫੋਕਲੋਰ ਰਿਸਰਚ ਅਕਾਦਮੀ ਅਤੇ ਸਾਫ਼ਮਾ ਵੱਲੋਂ ਆਪਣੀਆਂ ਹਮਖ਼ਿਆਲੀ ਜਥੇਬੰਦੀਆਂ ਦੇ ਸਹਿਯੋਗ ਨਾਲ 14 ਅਤੇ 15 ਅਗਸਤ ਨੂੰ ਕਰਵਾਏ ਜਾਣ ਵਾਲੇ '28ਵੇਂ ਹਿੰਦ ਪਾਕਿ ਦੋਸਤੀ ਮੇਲੇ' ਦੇ ਸੰਬੰਧ ਵਿਚ ਗਾਂਧੀ ਗਰਾਊਂਡ ਵਿਖੇ ਬੈਠਕ ਹੋਈ ਅਤੇ ਇਸ ਮੇਲੇ ਦੇ ਸੰਬੰਧ ਵਿਚ ਕੀਤੇ ਜਾਣ ਵਾਲੇ ਸਮਾਗਮਾਂ ਸੰਬੰਧੀ ਰੂਪ ਰੇਖਾ ਤਿਆਰ ਕੀਤੀ। ਇਸ ਉਪਰੰਤ ਜਾਣਕਾਰੀ ਸਾਂਝੀ ਕਰਦੇ ਹੋਏ ਹਿੰਦ ਪਾਕਿ ਦੋਸਤੀ ਮੰਚ ਦੇ ਜਨ: ਸਕੱਤਰ ਸਤਨਾਮ ਸਿੰਘ ਮਾਣਕ ਅਤੇ ਫੋਕਲੋਰ ਰਿਸਰਚ ਅਕਾਦਮੀ ਦੇ ਪ੍ਰਧਾਨ ਰਮੇਸ਼ ਯਾਦਵ ਨੇ ਦੱਸਿਆ ਨੇ ਕਿ 28 ਵੇਂ ਹਿੰਦ ਪਾਕਿ ਦੋਸਤੀ ਮੇਲੇ ਮੌਕੇ ਦੇਸ਼ ਵਿਦੇਸ਼ ਤੋਂ ਬੁੱਧੀਜੀਵੀ, ਪੱਤਰਕਾਰ ਅਤੇ ਹੋਰ ਅਮਨ ਸ਼ਾਂਤੀ ਲਈ ਯਤਨਸ਼ੀਲ ਜਥੇਬੰਦੀਆਂ ਦੇ ਸੈਂਕੜੇ ਨੁਮਾਇੰਦੇ ਸ਼ਾਮਲ ਹੋਣਗੇ। ਉਨ੍ਹਾਂ ਦੱਸਿਆ ਕਿ 14 ਅਗਸਤ ਨੂੰ ਖ਼ਾਲਸਾ ਕਾਲਜ ਵਿਖੇ ' ਭਾਰਤ -ਪਾਕਿਸਤਾਨ ਸੰਬੰਧਾਂ ਦੀ ਅਜੋਕੀ ਸਥਿਤੀ ' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਜਾਵੇਗਾ। ਜਿਸ ਵਿਚ ਪਾਕਿਸਤਾਨ -ਇੰਡੀਆ ਪੀਪਲਜ਼ ਫੋਰਮ ਫ਼ਾਰ ਪੀਸ ਦੇ ਮੁਖੀ ਸੀਨੀਅਰ ਪੱਤਰਕਾਰ ਜਤਿਨ ਦੇਸਾਈ ਸਮੇਤ ਕਈ ਹੋਰ ਬੁੱਧੀਜੀਵੀ ਅਤੇ ਕਿਸਾਨ ਆਗੂ ਆਪਣੇ ਵਿਚਾਰ ਰੱਖਣਗੇ। ਉਨ੍ਹਾਂ ਦੱਸਿਆ ਕਿ ਇਸ ਉਪਰੰਤ ਆਗਾਜ਼-ਏ-ਦੋਸਤੀ ਸੰਸਥਾ ਦੇ ਮੁਖੀ ਐਡਵੋਕੇਟ ਰਾਜ ਮੋਹਨ ਰਾਏ ਦੀ ਅਗਵਾਈ ਹੇਠ ਵਿਸ਼ੇਸ਼ ਬੱਸਾਂ ਰਾਹੀਂ ਦੇਸ਼ ਦੇ ਕੋਨੇ ਕੋਨੇ ਤੋਂ ਆਉਣ ਵਾਲੇ ਮਹਿਮਾਨਾਂ ਨੂੰ ਸ਼ਾਮ ਦੇ ਸਮੇਂ ਪੰਜਾਬ ਨਾਟਸ਼ਾਲਾ ਵਿਖੇ ' ਸਾਕਾ ਜਾਲ੍ਹਿਆਂਵਾਲਾ ਬਾਗ਼ ' ਨਾਟਕ ਦਿਖਾਇਆ ਜਾਵੇਗਾ ਜਿਸ ਉਪਰੰਤ ਇਹ ਸਾਰੇ ਇਕ ਕਾਫ਼ਲਾ ਦੇ ਰੂਪ ਵਿਚ ਵਾਹਗਾ ਸਰਹੱਦ ਲਈ ਰਵਾਨਾ ਹੋਣਗੇ, ਜੋ 14 ਅਤੇ 15 ਅਗਸਤ ਦੀ ਦਰਮਿਆਨੀ ਨੂੰ ਵੰਡ ਦੌਰਾਨ ਸ਼ਹੀਦ ਹੋਣ ਵਾਲੇ 10 ਲੱਖ ਲੋਕਾਂ ਨੂੰ ਯਾਦ ਕਰਦੇ ਹੋਏ ਵਾਹਗਾ ਸਰਹੱਦ 'ਤੇ ਮੋਮਬੱਤੀਆਂ ਜਗਾ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨਗੇ। ਇਸ ਬੈਠਕ ਉਪਰੋਕਤ ਤੋਂ ਇਲਾਵਾ ਹਰਜੀਤ ਸਿੰਘ ਸਰਕਾਰੀਆ, ਸੁਖਪਾਲ ਸਿੰਘ ਸੰਧੂ, ਮਨਜੀਤ ਸਿੰਘ ਧਾਲੀਵਾਲ, ਹਰੀਸ਼ ਸਾਬਰੀ, ਗੁਰਜਿੰਦਰ ਸਿੰਘ ਬਘਿਆੜੀ, ਕਮਲ ਗਿੱਲ, ਸਤੀਸ਼ ਝੀਂਗਣ, ਜਗਰੂਪ ਸਿੰਘ ਐਮਾ, ਬਲਕਾਰ ਸਿੰਘ ਰਾਜਾ ਤਾਲ ਆਦਿ ਮੌਜੂਦ ਸਨ।

## ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਤਰਨਤਾਰਨ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਰਾਸ਼ਨ ਸਮੱਗਰੀ ਪਹੁੰਚਾਈ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਪ੍ਰਿਆ ਸੂਦ ਅਤੇ ਜ਼ਿਲ੍ਹਾ ਤਰਨ ਤਾਰਨ ਵਿੱਚ ਸਾਰੇ ਜੁਡੀਸ਼ੀਅਲ ਅਫ਼ਸਰਾਂ ਅਤੇ ਸਟਾਫ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਸਮੱਗਰੀ ਪਹੁੰਚਾਈ ਗਈ।

ਮਾਨਯੋਗ ਸੈਸ਼ਨਜ਼ ਜੱਜ ਸਾਹਿਬ ਨੇ ਦੱਸਿਆ ਕਿ ਇਹ ਕੁਦਰਤ ਦੀ ਮਾਰ ਹੈ। ਆਪਾਂ ਸਾਰਿਆਂ ਨੇ ਇਸ ਦਾ ਰਲ ਮਿਲ ਕਿ ਸਾਹਮਣਾ ਕਰਨਾ ਹੈ। ਮਾਨਯੋਗ ਸੈਸ਼ਨਜ਼ ਜੱਜ ਸਾਹਿਬ ਨੇ ਦੱਸਿਆਂ ਕਿ ਜ਼ਿਲ੍ਹਾ ਤਰਨ ਤਾਰਨ ਵਿੱਚ ਪ੍ਰਸ਼ਾਸਨ ਬਹੁਤ ਵਧੀਆ ਤਰੀਕੇ ਨਾਲ ਕੰਮ ਕਰ ਰਿਹਾ ਹੈ। ਜੇਕਰ ਕਿਸੇ ਇਲਾਕੇ ਵਿੱਚ ਕੋਈ ਅਚਾਨਕ ਪਾਣੀ ਦੀ ਮੁਸੀਬਤ ਆਉਂਦੀ ਹੈ ਤਾਂ ਪ੍ਰਸ਼ਾਸਨ ਵੱਲੋਂ ਹੈਲਪਲਾਈਨ ਨੰ. 01852224107 ਜਾਰੀ ਕੀਤਾ ਗਿਆ ਹੈ ਇਸ ਨੰਬਰ ਉੱਪਰ ਸੰਪਰਕ ਕਰਕੇ ਤੁਸੀ ਹਰ ਪ੍ਰਕਾਰ ਦੀ ਮਦਦ ਪ੍ਰਾਪਤ ਕਰ ਸਕਦੇ ਹੋ। ਪ੍ਰਸ਼ਾਸਨ ਵੱਲੋਂ ਕਿਸੇ ਦਾ ਨੁਕਸਾਨ ਨਹੀਂ ਹੋਣ ਦਿੱਤਾ ਜਾਵੇਗਾ। ਪ੍ਰਸ਼ਾਸਨ ਵੱਲੋਂ ਹਰ ਪ੍ਰਕਾਰ ਦਾ ਬੰਦੋਬਸਤ ਕੀਤਾ ਗਿਆ ਹੈ । ਜਿਹੜੇ ਖੇਤਰਾਂ ਵਿੱਚ ਬਹੁਤ ਜ਼ਿਆਦਾ ਪਾਣੀ ਆ ਗਿਆ ਹੈ ਉਨ੍ਹਾਂ ਖੇਤਰਾ ਵਿੱਚ ਵੱਸ ਰਹੇਂ ਲੋਕਾਂ ਲਈ ਸੁਰੱਖਿਅਤ ਸਥਾਨ ਤੇ ਰਹਿਣ ਦਾ ਅਤੇ ਖਾਣ ਪੀਣ ਦਾ ਬਹੁਤ ਵਧੀਆਂ ਪ੍ਰਬੰਧ ਕੀਤਾ ਗਿਆ ਹੈ। ਆਖਿਰ ਵਿੱਚ ਮਾਨਯੋਗ ਸੈਸ਼ਨਜ਼ ਜੱਜ ਸਾਹਿਬ ਨੇ ਕਿਹਾ ਕਿ ਪ੍ਰਸ਼ਾਸਨ ਹਰ ਕਿਸੇ ਦੇ ਨਾਲ ਖੜ੍ਹਾ ਹੈ ਕਿਸੇ ਨੂੰ ਘਬਰਾਉਣ ਦੀ ਕੋਈ ਲੋੜ ਨਹੀਂ ਹੈ।

## ਜਨ ਸੁਣਵਾਈ ਕੈਂਪ ਦੌਰਾਨ ਲੋਕਾਂ ਦੀਆਂ ਵੱਖ-ਵੱਖ ਸਮੱਸਿਆਵਾਂ ਸੁਣੀਆਂ



**ਗੁਰਦਾਸਪੁਰ, (ਜਨਕ ਮਹਾਜਨ)**-ਪਿੰਡ ਕੋਟਲੀ ਸੂਰਤ ਮੱਲ੍ਹੀ ਵਿਖੇ ਐਸਡੀਐਮ ਅਸ਼ਵਨੀ ਅਰੋੜਾ ਦੀ ਅਗਵਾਈ ਹੇਠ ਵਿਸ਼ੇਸ਼ ਜਨ ਸੁਣਵਾਈ ਕੈਂਪ ਲਗਾਇਆ ਗਿਆ। ਇਸ ਕੈਂਪ ਵਿਚ ਵੱਡੀ ਗਿਣਤੀ ਵਿਚ ਪਹੁੰਚੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਅਧਿਕਾਰੀਆਂ ਵਲੋਂ ਸੁਣਿਆ ਗਿਆ ਅਤੇ ਉਨ੍ਹਾਂ ਦੇ ਹੱਲ ਦਾ ਭਰੋਸਾ ਦਿੱਤਾ। ਸ਼੍ਰੀ ਅਸ਼ਵਨੀ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਲੋਕਾਂ ਨੂੰ ਬਿਨਾਂ ਦੇਰੀ ਅਤੇ ਉਨ੍ਹਾਂ ਦੇ ਘਰਾਂ ਦੇ ਨਜ਼ਦੀਕ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਹਦਾਇਤਾਂ ਤਹਿਤ ਪਿੰਡ ਕੋਟਲੀ ਸੂਰਤ ਮੱਲੀ ਵਿਖੇ 'ਜਨ ਸੁਣਵਾਈ ਕੈਂਪ' ਲਗਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਕੈਂਪ ਦੌਰਾਨ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਗਈਆਂ ਹਨ ਅਤੇ ਉਨ੍ਹਾਂ ਦੇ ਸਮਾਂਬੱਧ ਹੱਲ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸ਼ਿਕਾਇਤਾਂ/ਮੁਸ਼ਕਲਾਂ ਦੇ ਨਿਪਟਾਰੇ ਸਬੰਧੀ ਕੀਤੀ ਜਾ ਰਹੀ ਕਾਰਵਾਈ ਦੀ ਪੈਰਵੀ ਵੀ ਕੀਤੀ ਜਾਵੇਗੀ। ਇਸ ਜਨ ਸੁਣਵਾਈ ਕੈਂਪ ਦੌਰਾਨ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਵਲੋਂ ਲੋਕਾਂ ਨੂੰ ਸਰਕਾਰ ਦੀਆਂ ਭਲਾਈ ਯੋਜਨਾਵਾਂ ਬਾਰੇ ਵੀ ਵਿਸਥਾਰ ਵਿਚ ਜਾਣਕਾਰੀ ਦਿੱਤੀ ਗਈ।

## ਰਾਣਾ ਸਵਰਾਜ ਯੂਨੀਵਰਸਲ ਪਬਲਿਕ ਸਕੂਲ ਲੇਹਲ ਵਿਖੇ ਵਣ-ਮਹਾਂਉਤਸਵ ਮਨਾਇਆ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)** ਰਾਣਾ ਸਵਰਾਜ ਯੂਨੀਵਰਸਲ ਪਬਲਿਕ ਸਕੂਲ ਲੇਹਲ (ਧਾਰੀਵਾਲ) ਵਿਖੇ ਹਰਿਆਲੀ ਮਿਸ਼ਨ ਤਹਿਤ ਵਣ-ਮਹਾਂਉਤਸਵ ਮਨਾਇਆ ਗਿਆ। ਇਸ ਮੌਕੇ ਯੂਨੀਵਰਸਲ ਸਿੱਖਿਆ ਸੰਸਥਾਵਾਂ ਦੇ ਸੰਸਥਾਪਕ ਡਾ: ਸਰਬਜੀਤ ਸਿੰਘ ਛੀਨਾ ਦੀ ਅਗਵਾਈ ਵਿੱਚ ਮਨਾਏ ਗਏ ਵਣ-ਮਹਾਂਉਤਸਵ ਦੀ ਸ਼ੁਰੂਆਤ ਵਿਸ਼ੇਸ਼ ਤੌਰ 'ਤੇ ਪਹੁੰਚੇ ਜ਼ਿਲ੍ਹਾ ਲੋਕ ਸੰਪਰਕ ਅਫਸਰ ਗੁਰਦਾਸਪੁਰ ਇੰਦਰਜੀਤ ਸਿੰਘ ਬਾਜਵਾ ਦੇ ਹੱਥੀਂ ਅਫਰੀਕਨ ਨਸਲ ਦਾ 'ਐਵਾਗਾਡੋ' ਨਾਮਕ ਫਲਦਾਰ ਪੌਦਾ ਲਗਾ ਕੇ ਕੀਤੀ ਗਈ। ਇਸ ਮੌਕੇ ਡੀ.ਪੀ.ਆਰ.ਓ ਇੰਦਰਜੀਤ ਸਿੰਘ ਬਾਜਵਾ ਵੱਲੋਂ ਇੱਥੇ ਸਕੂਲ ਪ੍ਰਬੰਧਕਾਂ ਵੱਲੋਂ ਚਲਾਈ ਜਾ ਰਹੀ ਰਾਣਾ ਸਵਰਾਜ ਹਾਕੀ ਅਕੈਡਮੀ ਦਾ ਵੀ ਦੌਰਾ ਵੀ ਕੀਤਾ ਗਿਆ। ਉਨ੍ਹਾਂ ਡਾ: ਸਰਬਜੀਤ ਸਿੰਘ ਛੀਨਾ ਵੱਲੋਂ ਸਰਹੱਦੀ ਜ਼ਿਲ੍ਹਾ ਗੁਰਦਾਸਪੁਰ ਦੇ ਧਾਰੀਵਾਲ ਇਲਾਕੇ ਦੇ ਵਿੱਚ ਚਲਾਈਆਂ ਜਾ ਰਹੀਆਂ ਵਿੱਦਿਅਕ ਸੰਸਥਾਵਾਂ ਅਤੇ ਹਾਕੀ ਅਕੈਡਮੀ ਦੇ ਪ੍ਰਬੰਧਾਂ ਅਤੇ ਉਪਰਾਲੇ ਦੀ ਸ਼ਲਾਘਾ ਕੀਤੀ। ਡੀ ਪੀ ਆਰ ਓ ਇੰਦਰਜੀਤ ਸਿੰਘ ਬਾਜਵਾ ਨੇ ਕਿਹਾ ਦਿਨ ਬਦਿਨ ਪਲੀਤ ਹੋ ਰਹੇ ਵਾਤਾਵਰਣ ਅਤੇ ਧਰਤੀ ਨੂੰ ਬੰਜਰ ਹੋਣ ਤੋਂ ਬਚਾਉਣ ਲਈ ਵਧੇਰੇ ਰੁੱਖ ਲਗਾਉਣ ਦੀ ਲੋੜ ਹੈ। ਹਰ ਮਨੁੱਖ ਨੂੰ ਇਕ ਰੁੱਖ ਜ਼ਰੂਰ ਲਗਾਉਣਾ ਚਾਹੀਦਾ ਹੈ। ਰੁੱਖ ਲਗਾਉਣ ਨਾਲ ਜਿੱਥੇ ਵਾਤਾਵਰਣ ਸ਼ੁੱਧ ਰਹਿੰਦਾ ਹੈ, ਉੱਥੇ ਕਈ ਬਿਮਾਰੀਆਂ ਤੋਂ ਸਾਨੂੰ ਨਿਜਾਤ ਮਿਲਦੀ ਹੈ। ਰੁੱਖ ਮਨੁੱਖ ਨੂੰ ਆਕਸੀਜਨ ਦੇਣ ਦੇ ਨਾਲ ਨਾਲ ਜਾਨਵਰਾਂ/ਜੀਵ ਜੰਤੂਆਂ ਤੇ ਮਨੁੱਖਾਂ ਲਈ ਛਾਂ ਮਾਨਣ ਦਾ ਸਹਾਰਾ ਵੀ ਬਣਦੇ ਹਨ। ਇਸ ਲਈ ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਉਨ੍ਹਾਂ ਨੇ ਬੱਚਿਆਂ ਨੂੰ ਵਾਤਾਵਰਣ ਦੀ ਸੰਭਾਲ ਕਰਨ ਵਿੱਚ ਵਧੇਰੇ ਯੋਗਦਾਨ ਪਾਉਣ ਲਈ ਪ੍ਰੇਰਿਆ। ਇਸ ਮੌਕੇ ਸਕੂਲ ਦੇ ਸਟਾਫ ਅਤੇ ਵਿਦਿਆਰਥੀਆਂ ਵਲੋਂ ਸਕੂਲ ਦੇ ਖੁੱਲ੍ਹੇ ਵਿਹੜੇ ਵਿੱਚ ਵੱਖ-ਵੱਖ ਕਿਸਮਾਂ ਦੇ ਫੁੱਲਦਾਰ, ਫ਼ਲਦਾਰ ਅਤੇ ਛਾਂਦਾਰ ਪੌਦੇ ਲਗਾਏ ਗਏ।

ਇਸ ਮੌਕੇ ਯੂਨੀਵਰਸਲ ਸਿੱਖਿਆ ਸੰਸਥਾਵਾਂ ਦੇ ਸੰਸਥਾਪਕ ਡਾ: ਸਰਬਜੀਤ ਸਿੰਘ ਛੀਨਾ, ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਸੁਖਰਾਜ ਸਿੰਘ ਛੀਨਾ (ਨੰਬਰਦਾਰ), ਸਕੂਲ ਪ੍ਰਿੰਸੀਪਲ ਜਤਿੰਦਰ ਕੌਰ ਸੋਹਲ, ਪ੍ਰੋਫੈਸਰ ਸਰਤਾਜ ਸਿੰਘ ਛੀਨਾ, ਬਲਰਾਜ ਸਿੰਘ ਛੀਨਾ, ਮਨਪ੍ਰੀਤ ਕੌਰ ਛੀਨਾ, ਸੰਜੀਵ ਕੁਮਾਰ, ਬਲਜੀਤ ਕੌਰ, ਵਿਜੇ ਕੁਮਾਰ, ਨਿਰਮਲ ਸਿੰਘ, ਹਾਕੀ ਕੋਚ ਬਲਕਾਰ ਸਿੰਘ ਤੇ ਜਸਵਿੰਦਰ ਸਿੰਘ ਆਦਿ ਸਮੇਤ ਸਕੂਲ ਦੇ ਸਮੂਹ ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।

# ਕੇਂਦਰ ਸਰਕਾਰ ਹਜ਼ੂਰ ਸਾਹਿਬ ਲਈ ਹਵਾਈ ਉਡਾਨਾਂ ਤੁਰੰਤ ਚਾਲੂ ਕਰੇ : ਬਾਬਾ ਬਲਬੀਰ ਸਿੰਘ

**ਅੰਮ੍ਰਿਤਸਰ ( ਜਸਬੀਰ ਸਿੰਘ ਪੱਟੀ )** ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖਤ ਦੇ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਪ੍ਰਧਾਨ ਮੰਤਰੀ ਅਤੇ ਸਿਵਲ ਐਵੀਏਸ਼ਨ ਦੇ ਕੇਂਦਰੀ ਮੰਤਰੀ ਜਨਰਲ ਨੂੰ ਇੱਕ ਪੱਤਰ ਲਿਖ ਕੇ ਅੰਮ੍ਰਿਤਸਰ, ਚੰਡੀਗੜ੍ਹ, ਦਿੱਲੀ, ਮੁੰਬਈ ਆਦਿ ਸ਼ਹਿਰਾਂ ਤੋਂ ਸ੍ਰੀ ਹਜ਼ੂਰ ਸਾਹਿਬ ਲਈ ਹਵਾਈ ਉਡਾਨਾਂ ਚਾਲੂ ਕਰਨ ਦੀ ਮੰਗ ਕੀਤੀ ਹੈ। ਹਵਾਈ ਉਡਾਨਾਂ ਨਾ ਹੋਣ ਕਾਰਨ ਹਜ਼ੂਰ ਸਾਹਿਬ ਜਾਣ ਵਾਲੇ ਯਾਤਰੂਆਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਵੱਲੋਂ ਜਾਰੀ ਇੱਕ ਪ੍ਰੈਸ ਨੋਟ ਵਿਚ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਕਿਹਾ ਕੋਵਿਡ ਵੇਲੇ ਇਤਿਆਦ ਵਜੋਂ ਇਹ ਉਡਾਨਾਂ ਬੰਦ ਕਰ ਦਿੱਤੀਆਂ ਗਈਆਂ ਸਨ ਪਰ ਸਰਕਾਰ ਵੱਲੋਂ ਕੋਵਿਡ 'ਤੇ ਕਾਬੂ ਪਾ ਲੈਣ ਉਪਰੰਤ ਇਹ ਬਹਾਲ ਨਹੀਂ ਕੀਤੀਆਂ ਗਈਆਂ। ਪਰ ਸਾਰੇ ਦੇਸ਼ ਦੇ ਬਾਕੀ ਕਾਰ ਵਿਹਾਰਾਂ ਵਾਲੇ ਅਦਾਰਿਆਂ ਤੋਂ ਪਾਬੰਦੀ ਵਾਪਸ ਲੈ ਲਈ ਗਈ ਸੀ। ਹੁਣ ਸਾਰੇ ਦੇਸ਼ ਵਾਸੀ ਸਰਗਰਮੀ ਨਾਲ ਆਪੋ ਆਪਣੇ ਕੰਮਾਂਕਾਰਾਂ ਲਈ ਭੱਜ ਦੌੜ ਕਰ ਰਹੇ ਹਨ। ਹਰ ਕਿਸਮ ਦੇ ਇਕੱਠ, ਸੰਮੇਲਨ ਆਦਿ ਹੋ ਰਹੇ ਹਨ, ਪਰ ਇਹ ਹਵਾਈ ਉਡਾਨਾਂ ਮੁੜ ਚਾਲੂ ਨਹੀਂ ਕੀਤੀਆਂ ਗਈਆਂ। ਉਨ੍ਹਾਂ ਪੱਤਰ ਵਿਚ ਕਿਹਾ ਕਿ ਹਜ਼ੂਰ ਸਾਹਿਬ ਜਾਣ ਵਾਲੇ ਸ਼ਰਧਾਲੂ ਯਾਤਰੂਆਂ ਨੂੰ ਭਾਰੀ ਵੱਡੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਹੋਰ ਕਿਹਾ ਕਿ ਦੁਸਹਿਰੇ ਦਾ ਤਿਉਹਾਰ ਹਜ਼ੂਰ ਸਾਹਿਬ ਵਿਸ਼ਾਲ ਪੱਧਰ 'ਤੇ ਮਨਾਇਆ ਜਾਂਦਾ ਹੈ। ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਵਿਚ ਸੰਗਤਾਂ ਨਾਂਦੇੜ ਸਾਹਿਬ ਪੁਜਦੀਆਂ ਹਨ। ਪਰ ਉਡਾਨਾਂ ਚਾਲੂ ਨਾ ਹੋਣ ਕਾਰਨ ਸੰਗਤਾਂ ਵਿੱਚ ਭਾਰੀ ਰੋਸ ਤੇ ਨਿਰਾਸ਼ਤਾ ਹੈ। ਉਨ੍ਹਾਂ ਪੱਤਰ ਵਿਚ ਲਿਖਿਆ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਅਤੇ ਅਬਿਚਲ ਨਗਰ ਸ੍ਰੀ ਹਜ਼ੂਰ ਸਾਹਿਬ ਸਿੱਖ ਕੌਮ ਦੇ ਕੇਂਦਰੀ ਅਸਥਾਨ ਹਨ ਤੇ ਇਨ੍ਹਾਂ ਦੇ ਆਪਸ ਵਿੱਚ ਗੂੜ੍ਹੇ ਇਤਿਹਾਸਕ ਸੰਬੰਧ ਹਨ। ਭਾਰਤ ਦੇ ਵੱਖ-ਵੱਖ ਹਿੱਸਿਆਂ ਤੋਂ ਲੱਖਾਂ ਲੋਕ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਪੁੱਜਦੇ ਹਨ, ਇਹ ਸ਼ਹਿਰ ਵਿਉਪਾਰ ਦਾ ਕੇਂਦਰ ਵੀ ਹੈ। ਏਵੇਂ ਹੀ ਹਰ ਸਿੱਖ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨਾਂ ਦੀ ਇੱਛਾ ਰੱਖਦਾ ਹੈ, ਵਿਉਪਾਰੀ ਬੱਸਾਂ, ਟਰੇਨਾਂ, ਕਾਰਾਂ ਰਾਹੀਂ ਲਗਦੇ ਲੰਮੇ ਸਮੇਂ ਤੋਂ ਪਰੇਸ਼ਾਨ ਹਨ। ਇਸ ਲਈ ਬੰਦ ਫਲਾਈਟਾਂ ਦੁਸਹਿਰੇ ਤੋਂ ਪਹਿਲਾਂ ਪਹਿਲਾਂ ਮੁੜ ਚਾਲੂ ਕੀਤੀਆਂ ਜਾਣ ਤਾਂ ਜੋ ਹਰ ਸਿੱਖ ਆਪਣੇ ਗੁਰ ਅਸਥਾਨਾਂ ਦੇ ਦਰਸ਼ਨ ਕਰ ਸਕਣ। ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਵੀ ਇਕ ਪੱਤਰ ਲਿਖ ਕੇ ਪੰਜਾਬ ਵਾਸੀਆਂ ਦੀਆਂ ਭਾਵਨਾਵਾਂ ਕੇਂਦਰ ਸਰਕਾਰ ਪਾਸ ਜ਼ੋਰਦਾਰ ਤਰੀਕੇ ਨਾਲ ਉਠਾਉਣ ਲਈ ਕਿਹਾ ਹੈ।

## 54000 ਆਂਗਨਵਾੜੀ ਕਾਮਿਆਂ ਵੱਲੋਂ ਤਿੱਖੇ ਸੰਘਰਸ਼ ਦਾ ਐਲਾਨ

**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)**-ਸਰਵ ਆਂਗਣਵਾੜੀ ਵਰਕਰ ਹੈਲਪਰ ਯੂਨੀਅਨ ਦੇ ਸੂਬਾ ਪ੍ਰਧਾਨ ਮੈਡਮ ਬਰਿੰਦਰਜੀਤ ਕੌਰ ਵਲੋਂ ਪ੍ਰੈੱਸ ਨਾਲ ਜਾਣਕਾਰੀ ਸਾਂਝੇ ਕਰਦਿਆਂ ਇਹ ਦੱਸਿਆ ਗਿਆ ਕਿ ਸਰਕਾਰ ਇਕ ਪਾਸੇ ਔਰਤ ਸਸ਼ਕਤੀਕਰਨ ਅਤੇ ਬੇਟੀ ਬਚਾਓ ਬੇਟੀ ਪੜ੍ਹਾਓ ਦੀ ਗੱਲ ਕਰਦੀ ਹੈ ਦੂਜੇ ਪਾਸੇ 54000 ਆਂਗਣਵਾੜੀ ਔਰਤਾਂ ਨੂੰ ਉਨ੍ਹਾਂ ਦੇ ਹੱਕ ਤੋਂ ਵਾਂਝੇ ਕਰਨ ਦੇ ਮਨਸੂਬੇ ਘੜ ਰਹੀ ਹੈ ਜੋ ਕਿ ਇਕ ਕੋਝਾ ਮਜ਼ਾਕ ਹੈ। ਉਨ੍ਹਾਂ ਦੱਸਿਆ ਕਿ ਆਂਗਣਵਾੜੀ ਸੈਂਟਰਾਂ ਵਿੱਚ 3-6 ਸਾਲ ਦੇ ਬੱਚੇ ਪ੍ਰੀ ਪ੍ਰਾਇਮਰੀ ਸਿੱਖਿਆ 1975 ਤੋਂ ਦਿੱਤੀ ਜਾ ਰਹੀ ਹੈ ਅਤੇ ਸਪਲੀਮੈਂਟਰੀ ਨਿਊਟਰੀਸ਼ਨ ਫੀਡ ਜੋ ਕਿ ਹੈਲਪਰ ਵਲੋਂ ਬਣਾ ਕੇ ਦਿੱਤੀ ਜਾ ਰਹੀ ਹੈ ਪਰ ਦੂਜੇ ਪਾਸੇ ਸਰਕਾਰੀ ਸਕੂਲਾਂ ਵਿੱਚ ਪ੍ਰੀ ਪ੍ਰਾਇਮਰੀ ਦੇ ਬੱਚਿਆਂ ਲਈ ਮਿਡ ਡੇ ਮੀਲ ਅਤੇ ਹੈਲਪਰ ਕੰਮ ਕੁੱਕ ਦੀ ਭਰਤੀ ਕਰਨ ਦੀ ਤਿਆਰੀ ਹੈ। ਜਦ ਆਂਗਣਵਾੜੀ ਵਿਚ ਪਹਿਲੇ ਹੀ ਖਾਣਾ ਬਣਾ ਕੇ ਦੇਣ ਲਈ ਹੈਲਪਰ ਮਜੂਦ ਹੈ ਤਾਂ ਇਸ ਭਰਤੀ ਦੇ ਪਿੱਛੇ ਸਰਕਾਰ ਦੇ ਕੀ ਮਨਸੂਬੇ ਹਨ ਜ ਕਿ ਸਿੱਧੇ ਤੌਰ 'ਤੇ ਸਰਕਾਰ ਵਲੋਂ ਗਰੀਬ ਔਰਤਾਂ ਦੇ ਮੂੰਹ ਵਿੱਚੋਂ ਬੁਰਕੀ ਖੋਹਣਾ ਹੈ ਜੋ ਕਿ ਯੂਨੀਅਨ ਵਲੋਂ ਬਿਲਕੁੱਲ ਹੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਅਸੀਂ ਸਰਕਾਰ ਪਾਸੋਂ ਇਸ ਗੱਲ ਦਾ ਜਵਾਬ ਮੰਗਦੇ ਹਾਂ ਕਿ ਜਿਥੇ ਬੇਟੀ ਬਚਾਓ ਬੇਟੀ ਪੜ੍ਹਾਓ ਪ੍ਰੋਗਰਾਮਾਂ 'ਤੇ ਕਰੋੜਾਂ ਰੁਪੈ ਖਰਚ ਕਰ ਦਿੱਤੇ ਜਾਂਦੇ ਹਨ ਉਥੇ ਇਨ੍ਹਾਂ ਬੇਟੀਆਂ ਦੀ ਕੋਈ ਸਾਰ ਕਿਉਂ ਨਹੀਂ ਲਈ ਜਾਂਦੀ। ਕਈ ਮਹੀਨਿਆਂ ਦੇ ਬਕਾਏ, ਆਂਗਣਵਾੜੀ ਸੈਂਟਰਾਂ ਵਿੱਚ ਬੁਨਿਆਦੀ ਸਹੂਲਤਾਂ ਦੀ ਕਮੀ ਨੂੰ ਲੈ ਕੇ ਕਾਫੀ ਸਮੇਂ ਤੋਂ ਮੰਗਾਂ ਕੀਤੀਆਂ ਜਾ ਰਹੀਆਂ ਹਨ ।

ਮਾਨ ਸਰਕਾਰ ਦੇ ਵਾਧੇ ਮੁਤਾਬਿਕ ਦੁੱਗਣਾ ਮਾਣ ਭੱਤਾ ਕਰਨ ਦੀ ਮੰਗ ਕੀਤੀ ਜਾ ਰਹੀ ਹੈ ਪਰ ਸਰਕਾਰ ਦੇ ਕੰਨਾਂ ਤੇ ਜੂੰ ਤਕ ਨਹੀਂ ਸਰਕਦੀ। ਹੁਣ ਤਾਂ ਹਜ਼ਾਰਾਂ ਆਂਗਣਵਾੜੀ ਵਰਕਰਾਂ/ਹੈਲਪਰਾਂ ਤਿੱਖੇ ਸੰਘਰਸ਼ ਦੀ ਤਿਆਰੀ ਵਿਚ ਹਨ। ਜੇਕਰ ਸਰਕਾਰ ਨੇ ਸਾਡੀਆਂ ਮੰਗਾਂ ਵੱਲ ਧਿਆਨ ਨਾ ਕਰਕੇ ਸਾਡੇ ਨਾਲ ਬੇਇਨਸਾਫੀ ਕੀਤੀ ਤਾਂ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਲਈ ਜੋ ਵੀ ਸੰਘਰਸ਼ ਉਲੀਕਿਆ ਜਾਵੇਗਾ ਉਸਦੀ ਜ਼ਿੰਮੇਵਾਰ ਸਰਕਾਰ ਹੋਵੇਗੀ ।

## ਹੜ੍ਹ ਪੀੜਤਾਂ ਲਈ ਅਲਵਰ ਦੀਆਂ ਸੰਗਤਾਂ ਨੇ 4 ਲੱਖ 51 ਹਜ਼ਾਰ ਰੁਪਏ ਤੇ ਰਾਹਤ ਸਮੱਗਰੀ ਦਾ ਪਾਇਆ ਯੋਗਦਾਨ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਕੀਤੇ ਜਾ ਰਹੇ ਕਾਰਜਾਂ ਵਿਚ ਸਹਿਯੋਗੀ ਬਣਦਿਆਂ ਰਾਜਸਥਾਨ ਦੀ ਸੰਗਤ ਵੱਲੋਂ 4 ਲੱਖ 51 ਹਜ਼ਾਰ ਰੁਪਏ ਅਤੇ ਵੱਡੀ ਮਾਤਰਾ ਵਿਚ ਰਸਦਾਂ ਭੇਜੀਆਂ ਗਈਆਂ। ਜ਼ਿਲ੍ਹਾ ਅਲਵਰ ਗੁਰਮਤਿ ਪ੍ਰਚਾਰ ਕਮੇਟੀ ਵੱਲੋਂ ਇਹ ਸੇਵਾ ਅਲਵਰ ਅਤੇ ਭਰਤਪੁਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਨਿਭਾਈਆਂ ਜਾ ਰਹੀਆਂ ਰਾਹਤ ਸੇਵਾਵਾਂ ਦੀ ਪ੍ਰਸੰਸਾ ਕਰਦਿਆਂ ਜ਼ਿਲ੍ਹਾ ਅਲਵਰ ਗੁਰਮਤਿ ਪ੍ਰਚਾਰ ਕਮੇਟੀ ਦੇ ਚੇਅਰਮੈਨ ਸ਼ਾਲੋਕ ਸਿੰਘ ਅਤੇ ਸਕੱਤਰ ਰਾਜਿੰਦਰ ਸਿੰਘ ਨੇ ਕਿਹਾ ਕਿ ਸਿੱਖਾਂ ਦੀ ਇਹ ਸਿਰਮੌਰ ਸੰਸਥਾ ਹਰ ਔਖੇ ਸਮੇਂ 'ਤੇ ਮਾਨਵਤਾ ਦੇ ਨਾਲ ਖੜ੍ਹਦੀ ਹੈ। ਇਸੇ ਨੂੰ ਵੇਖਦਿਆਂ ਰਾਜਸਥਾਨ ਦੇ ਜ਼ਿਲ੍ਹਾ ਅਲਵਰ ਅਤੇ ਭਰਤਪੁਰ ਦੀਆਂ ਸੰਗਤਾਂ ਨੇ ਹੜ੍ਹਾਂ ਦੀ ਮਾਰ ਹੇਠ ਆਏ ਲੋਕਾਂ ਦੀ ਸਹਾਇਤਾ ਵਾਸਤੇ ਸ਼੍ਰੋਮਣੀ ਕਮੇਟੀ ਰਾਹੀਂ ਸਹਿਯੋਗ ਦਾ ਫੈਸਲਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਰਾਹਤ ਕਾਰਜਾਂ ਲਈ ਦਿੱਤੀ ਗਈ ਰਾਸ਼ੀ ਤੋਂ ਇਲਾਵਾ 17 ਟਨ ਦੇ ਕਰੀਬ ਰਸਦਾਂ ਲੋੜਵੰਦਾਂ ਤੱਕ ਭੇਜੀਆਂ ਗਈਆਂ ਹਨ। ਇਹ ਰਸਦਾਂ ਸਿੱਧੇ ਤੌਰ 'ਤੇ ਪ੍ਰਭਾਵਤ ਇਲਾਕਿਆਂ ਵਿਚ ਭੇਜ ਦਿੱਤੀਆਂ



ਗਈਆਂ ਹਨ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਅਲਵਰ ਦੀਆਂ ਸੰਗਤਾਂ ਤੋਂ ਸਹਾਇਤਾ ਰਾਸ਼ੀ ਦਾ ਚੈੱਕ ਪ੍ਰਾਪਤ ਕਰਨ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਸਿੱਖਾਂ ਨੇ ਕੁਦਰਤੀ ਆਫ਼ਤਾਂ ਸਮੇਂ ਮਾਨਵਤਾ ਨੂੰ ਪਹਿਲ ਦੇ ਅਧਾਰ 'ਤੇ ਸੇਵਾਵਾਂ ਦਿੱਤੀਆਂ ਹਨ। ਮੌਜੂਦਾ ਸਮੇਂ ਹੜ੍ਹਾਂ ਦੀ ਸਥਿਤੀ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਪਹਿਲੇ ਦਿਨ ਤੋਂ ਸ਼੍ਰੋਮਣੀ ਕਮੇਟੀ ਲੋਕਾਂ ਦੀ ਮਦਦ ਲਈ ਰਾਹਤ ਕਾਰਜ ਕਰ ਰਹੀ ਹੈ। ਇਸ ਵਿਚ ਸੰਗਤਾਂ ਭਰਵਾਂ ਸਹਿਯੋਗ ਦੇ ਰਹੀਆਂ ਹਨ। ਉਨ੍ਹਾਂ ਰਾਜਸਥਾਨ ਦੀਆਂ ਸੰਗਤਾਂ ਵੱਲੋਂ ਸ਼੍ਰੋਮਣੀ ਕਮੇਟੀ ਦੇ ਰਾਹਤ ਕਾਰਜਾਂ ਵਿਚ ਸਹਿਯੋਗੀ ਬਣਨ ਲਈ ਐਡਵੋਕੇਟ ਧਾਮੀ ਵੱਲੋਂ ਧੰਨਵਾਦ ਕੀਤਾ। ਇਸ ਮੌਕੇ ਉਚੇਚੇ ਤੌਰ 'ਤੇ ਪੁੱਜੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸੁਖਵਿੰਦਰ ਸਿੰਘ ਬੱਬਰ ਨੇ ਹੜ੍ਹਾਂ ਵਿਚ ਸ਼੍ਰੋਮਣੀ ਕਮੇਟੀ ਦੀ ਭੂਮਿਕਾ ਦੀ ਸ਼ਲਾਘਾ ਕੀਤੀ ਅਤੇ ਸੰਗਤ ਨੂੰ ਵੱਧ ਤੋਂ ਵੱਧ ਸਹਿਯੋਗ ਦੇਣ ਲਈ ਵੀ ਅਪੀਲ ਕੀਤੀ। ਇਸ ਮੌਕੇ ਪੁੱਜੀਆਂ ਸੰਗਤਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਿਰੋਪਾਓ ਦੇ ਕੇ ਸਨਮਾਨਤ ਵੀ ਕੀਤਾ ਗਿਆ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸਕੱਤਰ ਪ੍ਰਤਾਪ ਸਿੰਘ, ਓ ਐਸ ਡੀ ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਬਿਜੈ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ, ਸੁਪਰਡੰਟ ਮਲਕੀਤ ਸਿੰਘ ਬਹਿੜਵਾਲ, ਦਿੱਲੀ ਕਮੇਟੀ ਦੇ ਮੈਂਬਰ ਸੁਖਵਿੰਦਰ ਸਿੰਘ ਬੱਬਰ, ਪ੍ਰਭਜੋਤ ਸਿੰਘ ਗੁਲਾਟੀ, ਭੋਈ ਸਿੰਘ, ਅਮਰਜੀਤ ਸਿੰਘ, ਮਨਮੋਹਨ ਸਿੰਘ, ਸ਼ਾਲੋਕ ਸਿੰਘ, ਰਾਜਿੰਦਰ ਸਿੰਘ, ਹਰਚਰਨ ਸਿੰਘ, ਰਘੂਜੀਤ ਸਿੰਘ, ਸੁਪ੍ਰੀਤ ਸਿੰਘ, ਹਰਵਿੰਦਰ ਸਿੰਘ, ਜਗਤਾਰ ਸਿੰਘ, ਗੁਰਨਾਮ ਸਿੰਘ ਆਦਿ ਮੌਜੂਦ ਸਨ।

## ਪੈਨਸ਼ਨਰ ਐਸੋਸੀਏਸ਼ਨ ਬਲਾਕ ਫਤਿਹਗੜ੍ਹ ਚੂੜੀਆਂ ਵੱਲੋਂ ਮੀਟਿੰਗ ਆਯੋਜਿਤ

**ਫਤਿਹਗੜ੍ਹ ਚੂੜੀਆਂ (ਜਸਦੇਵ ਮਾਨ)**- ਪੈਨਸ਼ਨਰਜ਼ ਐਸੋਸੀਏਸ਼ਨ ਬਲਾਕ ਫਤਿਹਗੜ੍ਹ ਚੂੜੀਆਂ ਦੀ ਮੀਟਿੰਗ ਬਸੰਤ ਸਿੰਘ ਰਿਟਾਇਰ ਹੈਡਮਾਸਟਰ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਗੁਰਦਾਸਪੁਰ ਵਿਖੇ ਬਤੌਰ ਟਰੇਜਰੀ ਆਫੀਸਰ ਮੋਹਨ ਦਾਸ ਸੁਪਰਡੈਂਟ ਗ੍ਰੇਡ 2 ਕੰਮ ਕਰ ਰਹੇ ਨੂੰ ਬਗੈਰ ਕਿਸੇ ਠੋਸ ਸਬੂਤ ਦੇ ਸਸਪੈਂਡ ਕਰ ਦਿੱਤਾ ਗਿਆ ਹੈ, ਜੋ ਕਿ ਉਨ੍ਹਾਂ ਨਾਲ ਬਹੁਤ ਵੱਡੀ ਬੇਇਨਸਾਫੀ ਹੈ । ਇਸ ਸੰਬੰਧੀ ਬਸੰਤ ਸਿੰਘ ਅਤੇ ਮਾਸਟਰ ਬਨਵਾਰੀ ਲਾਲ ਨੇ ਦੱਸਿਆ ਕਿ ਜਦੋਂ ਯੂਨੀਅਨ ਨੇ ਆਪਣੇ ਤੌਰ 'ਤੇ ਇਸ ਮਾਮਲੇ ਦੀ ਸਚਾਈ ਜਾਣਨ ਦੀ ਕੋਸ਼ਿਸ਼ ਕੀਤੀ ਤਾਂ ਪਤਾ ਲੱਗਾ ਕਿ ਟਰੇਜਰੀ ਆਫੀਸਰ ਆਪਣੇ ਦਫਤਰ ਤੋਂ ਬਾਹਰ ਜਸਪਾਲ ਟਾਈਪਿਸਟ ਕੋਲ ਕਿਸੇ ਪੈਨਸ਼ਨਰ ਦੀ ਫਾਈਲ ਬਾਰੇ ਗੱਲ ਕਰਨ ਗਿਆ ਸੀ। ਉਥੇ ਜਸਪਾਲ ਨੇ ਇਨ੍ਹਾਂ ਨੂੰ ਕੁਰਸੀ ਦਿੱਤੀ। ਇਸੇ ਦੌਰਾਨ ਕੁਰਸੀ 'ਤੇ ਇਨ੍ਹਾਂ ਨੂੰ ਨੀਂਦਰ ਆ ਗਈ। ਉਸ ਵਕਤ ਕਿਸੇ ਨੇ ਇਨ੍ਹਾਂ ਦੀ ਵੀਡੀਓ ਬਣਾ ਕੇ ਅਖਬਾਰ ਨੂੰ ਭੇਜ ਦਿੱਤੀ ਕਿ ਮੋਹਨ ਦਾਸ ਸੁਪਰਡੈਂਟ ਨੇ ਸ਼ਰਾਬ ਪੀਤੀ ਹੋਈ ਹੈ। ਜਦਕਿ ਇਸ ਗੱਲ ਦਾ ਕੋਈ ਵੀ ਸਬੂਤ ਨਹੀਂ ਮਿਲਿਆ। ਇਸ ਲਈ ਬਗੈਰ ਕਿਸੇ ਸਬੂਤ ਦੇ ਕਿਸੇ ਦੀ ਜ਼ਿੰਦਗੀ 'ਤੇ ਧੱਬਾ ਲਾਉਣਾ ਵੀ ਬਹੁਤ ਵੱਡੀ ਬੇਇਨਸਾਫੀ ਹੈ । ਉਕਤ ਆਗੂਆਂ ਨੇ ਕਿਹਾ ਕਿ



ਮੋਹਾਲੀ ਫੇਸ ਵਨ 'ਚ ਸਮਾਜਕ ਭਲਾਈ ਦਫਤਰ ਦੇ ਬਾਹਰ ਜਾਅਲੀ ਅਨੁਸੂਚਿਤ ਜਾਤੀਆਂ ਸਰਟੀਫਿਕੇਟ ਚੋਰ ਫੜੋ ਮੋਰਚਾ ਲਗਾਇਆ ਹੋਇਆ ਹੈ। ਇਸ ਮੋਰਚੇ ਨੇ ਬਹੁਤ ਸਾਰੇ ਜਾਅਲੀ ਸਰਟੀਫਿਕੇਟ ਵਾਲੇ ਫੜੇ ਹਨ।

ਸਕਰੂਟਨੀ ਕਮੇਟੀ ਵੱਲੋਂ ਵੀ ਸਰਕਾਰੀ ਨੌਕਰੀ ਕਰ ਰਹੇ ਹਨ ਪਰ ਇਸ ਦਫਤਰ ਨੇ ਪਤਾ ਨਹੀਂ ਕਿਉਂ ਇਸ ਕੇਸ ਵਿੱਚ ਐਨੀ ਕਾਹਲੀ ਕੀਤੀ। ਇਨ੍ਹਾਂ ਨਾਲ ਇਨਸਾਫ ਕੀਤਾ ਜਾਵੇ ਅਤੇ ਤਰੁੰਤ ਬਹਾਲੀ ਕਰੋ ਤਾਂ ਕਿ ਸਮੇ ਸਿਰ ਮੁਲਾਜ਼ਮਾਂ ਨੂੰ ਤਨਖ਼ਾਹ ਦੀ ਅਦਾਇਗੀ ਹੋ ਸਕੇ । ਇਸ ਮੀਟਿੰਗ ਵਿੱਚ ਅਵਤਾਰ ਸਿੰਘ ਰਟਾਇਰ ਹੈਡਮਾਸਟਰ, ਮਾਸਟਰ ਬਨਵਾਰੀ ਲਾਲ, ਸੁਭਾਸ਼ ਕੁਮਾਰ, ਜਗਦੇਵ ਸਿੰਘ ਔਲਖ, ਬਚਨ ਸਿੰਘ ਇੰਸਪੈਕਟਰ ਰੋਡਵੇਜ਼ ਬਟਾਲਾ, ਵਿਜੇ ਕੁਮਾਰ, ਹਰਭਜਨ ਸਿੰਘ ਬੀ ਏ ਟਰੈਫਿਕ ਮੈਨੇਜਰ, ਸੋਹਨ ਲਾਲ ਪਾਲ, ਅਨਿਲ ਕੁਮਾਰ ਬੀਬੜਾ ਆਦਿ ਹਾਜ਼ਰ ਸਨ।

ਨਵਾਂ ਜ਼ਮਾਨਾ
ਸ਼ਨੀਵਾਰ, 29 ਜੁਲਾਈ 2023

# ਡਾ. ਅੰਬੇਦਕਰ ਦੀ ਚੇਤਾਵਨੀ

*ਭਾਰਤ ਦੇ ਸੰਵਿਧਾਨ ਨੂੰ ਮਨਜ਼ੂਰੀ ਦੇਣ ਸਮੇਂ 25 ਨਵੰਬਰ 1949 ਨੂੰ ਡਾ. ਭੀਮ ਰਾਓ ਅੰਬੇਦਕਰ ਨੇ ਬਹਿਸਾਂ ਦਾ ਜਵਾਬ ਦਿੰਦਿਆਂ ਕਿਹਾ ਸੀ, "ਮੇਰਾ ਮੰਨਣਾ ਹੈ ਕਿ ਭਾਰਤ ਇੱਕ ਬਣ ਰਿਹਾ ਰਾਸ਼ਟਰ ਹੈ। ਸਾਨੂੰ ਇਹ ਭਰਮ ਹੈ ਕਿ ਅਸੀਂ ਇੱਕ ਰਾਸ਼ਟਰ ਹਾਂ। ਇੱਕ ਰਾਸ਼ਟਰ ਵਿੱਚ ਲੋਕ ਹਜ਼ਾਰਾਂ ਜਾਤੀਆਂ ਵਿੱਚ ਕਿਵੇਂ ਵੰਡੇ ਹੋ ਸਕਦੇ ਹਨ? ਜਿੰਨਾ ਜਲਦੀ ਸਾਨੂੰ ਇਹ ਅਹਿਸਾਸ ਹੋ ਜਾਵੇ ਕਿ ਅਸੀਂ ਇੱਕ ਰਾਸ਼ਟਰ ਨਹੀਂ ਹਾਂ ਓਨਾ ਹੀ ਚੰਗਾ ਹੈ। ਫਿਰ ਹੀ ਸਾਨੂੰ ਇੱਕ ਰਾਸ਼ਟਰ ਬਣਨ ਦੀ ਲੋੜ ਦਾ ਅਹਿਸਾਸ ਹੋਵੇਗਾ ਤੇ ਇਸ ਲਈ ਅਸੀਂ ਗੰਭੀਰਤਾ ਨਾਲ ਸੋਚਾਂਗੇ।"*

*ਅਸਲ ਵਿੱਚ ਡਾ. ਅੰਬੇਦਕਰ ਦੀ ਸਮਝ ਅਨੁਸਾਰ ਰਾਸ਼ਟਰ ਤਦ ਹੀ ਬਣਦਾ ਹੈ, ਜਦੋਂ ਉਸ ਵਿੱਚ ਰਹਿਣ ਵਾਲੇ ਲੋਕਾਂ ਵਿੱਚ ਭਾਈਚਾਰੇ ਦਾ ਅਹਿਸਾਸ ਹੋਵੇ। ਹਰ ਵਿਅਕਤੀ ਖੁਦ ਨੂੰ ਰਾਸ਼ਟਰ ਦਾ ਹਿੱਸਾ ਮੰਨੇ। ਜੇਕਰ ਅੱਗ ਮਨੀਪੁਰ ਵਿੱਚ ਲੱਗੀ ਹੋਵੇ ਤਾਂ ਉਸ ਦਾ ਸੇਕ ਪੰਜਾਬ ਵਿੱਚ ਵਸਦਾ ਵਿਅਕਤੀ ਵੀ ਮਹਿਸੂਸ ਕਰੇ।*

*ਇਸੇ ਸਮਝ ਕਾਰਨ ਸੰਵਿਧਾਨ ਦੇ ਸਰੂਪ ਨੂੰ ਬੇਹੱਦ ਲਚਕੀਲਾ ਰੱਖਿਆ ਗਿਆ। ਦਲਿਤਾਂ ਤੇ ਆਦਿਵਾਸੀਆਂ ਨੂੰ ਰਾਸ਼ਟਰ ਦੇ ਸੰਕਲਪ ਵਿੱਚ ਸਮੋਣ ਲਈ ਰਿਜ਼ਰਵੇਸ਼ਨ ਦੀ ਵਿਵਸਥਾ ਕੀਤੀ ਗਈ। ਜੰਮੂ-ਕਸ਼ਮੀਰ ਤੋਂ ਲੈ ਕੇ ਉੱਤਰ-ਪੂਰਬੀ ਰਾਜਾਂ ਨੂੰ ਵਿਸ਼ੇਸ਼ ਅਧਿਕਾਰ ਦਿੱਤੇ ਗਏ। ਸੰਵਿਧਾਨ ਦੇ ਲਚਕੀਲੇ ਸਰੂਪ ਕਾਰਨ ਹੀ ਵੱਖਰੇ ਤਾਮਿਲ ਦੇਸ਼ ਦੀ ਮੰਗ ਕਰਨ ਵਾਲੇ ਦਰਾਵਿੜ ਆਗੂ ਤੇ ਮਿਜ਼ੋਰਮ ਦੀ ਅਜ਼ਾਦੀ ਲਈ ਹਥਿਆਰਬੰਦ ਸੰਘਰਸ਼ ਕਰਨ ਵਾਲੇ ਲਾਲਡੇਂਗਾ ਨੇ ਵੀ ਆਖਰ ਸੰਵਿਧਾਨ ਨੂੰ ਸਵੀਕਾਰ ਕਰ ਲਿਆ।*

*ਕੇਂਦਰ ਵਿੱਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਆਉਣ ਤੋਂ ਬਾਅਦ ਸੰਵਿਧਾਨ ਦਾ ਲਚਕੀਲਾਪਣ ਖ਼ਤਮ ਹੁੰਦਾ ਜਾ ਰਿਹਾ ਹੈ। ਹਰ ਨਾਗਰਿਕ ਨੂੰ ਬਰਾਬਰਤਾ ਦਾ ਦਰਜਾ ਦੇਣ ਦੀ ਭਾਵਨਾ ਖ਼ਤਮ ਹੋ ਚੁੱਕੀ ਹੈ। ਧਰਮ ਤੇ ਜਾਤੀ ਵੰਡੀਆਂ ਚੌੜੀਆਂ ਕਰ ਦਿੱਤੀਆਂ ਗਈਆਂ ਹਨ। ਭਾਈਚਾਰੇ ਦੀ ਥਾਂ ਨਫ਼ਰਤ ਫੈਲਾਈ ਜਾ ਰਹੀ ਹੈ। ਇੱਕ ਦੀ ਮੌਤ ਉੱਤੇ ਦੂਜਾ ਖੁਸ਼ੀ ਮਨਾ ਰਿਹਾ ਹੈ। ਮਨੀਪੁਰ ਨੇ ਇਹ ਸੱਚ ਉਘਾੜ ਕੇ ਸਾਹਮਣੇ ਲੈ ਆਂਦਾ ਹੈ। ਮਨੀਪੁਰ ਤਿੰਨ ਮਹੀਨੇ ਤੋਂ ਸੜ ਰਿਹਾ, ਪਰ ਪ੍ਰਧਾਨ ਮੰਤਰੀ ਸੰਸਦ ਵਿੱਚ ਬੋਲਣੋਂ ਇਨਕਾਰੀ ਹਨ। ਉਨ੍ਹਾਂ ਦਾ ਮੂੰਹ ਖੁੱਲ੍ਹਵਾਉਣ ਲਈ ਵਿਰੋਧੀ ਧਿਰ ਨੂੰ ਅਵਿਸ਼ਵਾਸ ਮਤੇ ਦਾ ਸਹਾਰਾ ਲੈਣਾ ਪਿਆ ਹੈ।*

*ਮਨੀਪੁਰ ਵਿੱਚ ਭਾਜਪਾ ਦੀ ਡਬਲ ਇੰਜਣ ਸਰਕਾਰ ਹੈ। ਉਹ ਪੂਰੀ ਤਰ੍ਹਾਂ ਬਹੁਗਿਣਤੀ ਮੈਤੇਈ ਭਾਈਚਾਰੇ ਦੀ ਪ੍ਰਤੀਨਿਧ ਸਰਕਾਰ ਹੈ। ਮੁੱਖ ਮੰਤਰੀ ਐਨ ਬਿਰੇਨ ਸਿੰਘ ਵੀ ਮੈਤੇਈ ਹੈ। ਪੂਰਾ ਪ੍ਰਚਾਰ-ਤੰਤਰ ਕੁੱਕੀ ਭਾਈਚਾਰੇ ਨੂੰ ਬਦਨਾਮ ਕਰਨ ਵਿੱਚ ਲੱਗਾ ਹੋਇਆ ਹੈ। ਉਨ੍ਹਾਂ ਨੂੰ ਡਰੱਗ ਸਮੱਗਲਰ ਤੇ ਦੇਸ਼ਧ੍ਰੋਹੀ ਗਰਦਾਨ ਰਿਹਾ ਹੈ। ਕਥਿਤ ਰਾਸ਼ਟਰਵਾਦੀ ਇਸ ਹੱਦ ਤੱਕ ਗਿਰ ਚੁੱਕੇ ਹਨ ਕਿ ਦੋ ਕੁੱਕੀ ਔਰਤਾਂ ਦੇ ਨਗਨ ਵੀਡੀਓ ਉੱਤੇ ਸ਼ਰਮਿੰਦਾ ਹੋਣ ਦੀ ਥਾਂ ਇਸ ਨੂੰ ਮੋਦੀ ਸਰਕਾਰ ਵਿਰੁੱਧ ਸਾਜ਼ਿਸ਼ ਕਰਾਰ ਦੇ ਰਹੇ ਹਨ।*

*ਦੁਨੀਆ-ਭਰ ਦੇ ਲੋਕ ਮਨੀਪੁਰ ਵਿੱਚ ਹੋ ਰਹੀ ਹਿੰਸਾ ਵਿਰੁੱਧ ਮੁਜ਼ਾਹਰੇ ਕਰ ਰਹੇ ਹਨ। ਭਾਰਤੀ ਵਿਦੇਸ਼ ਮੰਤਰਾਲੇ ਵੱਲੋਂ ਅੰਦਰੂਨੀ ਮਾਮਲੇ ਦੀ ਗੱਲ ਨਕਾਰਦਿਆਂ ਵਿਦੇਸ਼ੀ ਸਰਕਾਰਾਂ ਇਸ ਮਸਲੇ ਉੱਤੇ ਚਿੰਤਾ ਪ੍ਰਗਟ ਕਰ ਰਹੀਆਂ ਹਨ। ਦੁਨੀਆ ਨੂੰ ਭਾਈਚਾਰੇ ਦਾ ਪਾਠ ਪੜ੍ਹਾਉਣ ਵਾਲੇ ਮਹਾਤਮਾ ਗਾਂਧੀ ਦੇ ਭਾਰਤ ਦੀ ਛਵੀ ਬਿਲਕੁੱਲ ਉਲਟੀ ਬਣ ਰਹੀ ਹੈ। ਇਹੋ ਹੈ ਨਰਿੰਦਰ ਮੋਦੀ ਦਾ ਨਿਊ ਇੰਡੀਆ।*

*ਆਰ ਐੱਸ ਐੱਸ ਲੰਮੇ ਸਮੇਂ ਤੋਂ ਉੱਤਰ-ਪੂਰਬੀ ਰਾਜਾਂ ਵਿੱਚ ਕੰਮ ਕਰ ਰਿਹਾ ਹੈ। ਧਰਮ ਦੇ ਅਧਾਰ 'ਤੇ ਲੋਕਾਂ ਨੂੰ ਪਾੜਨ ਵਿੱਚ ਉਸ ਨੂੰ ਮੁਹਾਰਤ ਹਾਸਲ ਹੈ। ਇਸੇ ਦਾ ਨਤੀਜਾ ਹੈ ਕਿ ਅੱਜ ਮਨੀਪੁਰ ਸੜ ਰਿਹਾ ਹੈ। ਮਿਜ਼ੋਰਮ ਵਿੱਚੋਂ ਮੈਤੇਈ ਲੋਕਾਂ ਨੂੰ ਕੱਢਣ ਦਾ ਕੰਮ ਸ਼ੁਰੂ ਹੋ ਗਿਆ ਹੈ। ਪੂਰਾ ਉੱਤਰ-ਪੂਰਬ ਹੀ ਧੁਖਣਾ ਸ਼ੁਰੂ ਹੋ ਗਿਆ ਹੈ। ਸੰਘ ਦੀ ਨਫ਼ਰਤੀ ਮੁਹਿੰਮ ਨੇ ਦੇਸ਼ ਦੀ ਰਾਸ਼ਟਰੀ ਸੋਚ ਨੂੰ ਗਹਿਰਾ ਧੱਕਾ ਲਾਇਆ ਹੈ।*

*ਡਾ. ਅੰਬੇਦਕਰ ਨੇ ਆਪਣੇ ਭਾਸ਼ਣ ਵਿੱਚ ਅੱਗੇ ਕਿਹਾ ਸੀ, "ਸਾਡੇ ਕੋਲ ਵਿਰੋਧੀ ਪੰਥਾਂ ਵਾਲੇ ਕਈ ਸਿਆਸੀ ਦਲ ਹੋਣਗੇ। ਮੈਨੂੰ ਨਹੀਂ ਪਤਾ ਕਿ ਉਹ ਦੇਸ਼ ਨੂੰ ਆਪਣੇ ਪੰਥ ਤੋਂ ਉੱਪਰ ਰੱਖਣਗੇ ਜਾਂ ਆਪਣੇ ਪੰਥ ਨੂੰ ਦੇਸ਼ ਤੋਂ ਉੱਪਰ ਰੱਖਣਗੇ? ਜੇਕਰ ਪਾਰਟੀਆਂ ਧਰਮ ਨੂੰ ਦੇਸ਼ ਤੋਂ ਉੱਪਰ ਰੱਖਣਗੀਆਂ ਤਾਂ ਸਾਡੀ ਅਜ਼ਾਦੀ ਖ਼ਤਰੇ ਵਿੱਚ ਪੈ ਜਾਵੇਗੀ ਅਤੇ ਸ਼ਾਇਦ ਸਦਾ ਲਈ ਗੁਆਚ ਜਾਵੇਗੀ। ਇਸ ਹਾਲਤ ਤੋਂ ਸਾਨੂੰ ਸਾਵਧਾਨ ਰਹਿਣਾ ਚਾਹੀਦਾ ਹੈ। ਸਾਨੂੰ ਆਪਣੇ ਖ਼ੂਨ ਦੇ ਆਖ਼ਰੀ ਤੁਪਕੇ ਨਾਲ ਆਪਣੀ ਅਜ਼ਾਦੀ ਦੀ ਰਾਖੀ ਕਰਨ ਲਈ ਦ੍ਰਿੜ੍ਹ ਸੰਕਲਪ ਹੋਣਾ ਚਾਹੀਦਾ ਹੈ।" ਡਾ. ਅੰਬੇਦਕਰ ਦੀ ਇਹ ਚੇਤਾਵਨੀ ਹਰ ਭਾਰਤੀ ਨੂੰ ਸਮਝਣੀ ਚਾਹੀਦੀ ਹੈ। ਇਸੇ ਸਮਝ ਨਾਲ ਹੀ ਭਾਰਤ ਇੱਕ ਰਾਸ਼ਟਰ ਬਣ ਸਕਦਾ ਹੈ।*

# ਮਨੀਪੁਰ 'ਚ ਨਿਰਵਸਤਰ ਔਰਤਾਂ ਦਾ ਜਲੂਸ ਸਮਾਜ ਦੇ ਮੱਥੇ 'ਤੇ ਕਲੰਕ

**ਨਰਭਿੰਦਰ**

ਯੁੱਧ ਦੇਸ਼ ਦਾ ਹੋਵੇ ਜਾਂ ਕਬੀਲਿਆਂ ਦਾ, ਧਰਮਾਂ ਵਿੱਚ ਹੋਵੇ ਜਾਂ ਸਮੁਦਾਇਆਂ ਵਿੱਚ, ਯੁੱਧ ਦਾ ਮੈਦਾਨ ਔਰਤ ਦਾ ਸਰੀਰ ਹੀ ਹੁੰਦਾ ਹੈ। ਵਿਸ਼ੇਸ਼ ਕਰਕੇ ਭਾਰਤ ਵਿੱਚ ਸਦੀਆਂ ਤੋਂ ਔਰਤ ਦੇ ਸਰੀਰ ਨੂੰ ਯੁੱਧ ਸਥਲ ਬਣਾਉਣ ਦੀ ਪਰੰਪਰਾ ਹਿੰਦੂ ਧਰਮ ਦੀ ਪ੍ਰਮਾਣਿਤ 'ਮਰਿਆਦਾ' ਕਹਾਉਂਦੀ ਰਹੀ ਹੈ। ਕੌਰਵਾਂ ਤੇ ਪਾਂਡਵਾਂ ਦੇ ਯੁੱਧ 'ਚ ਦਰੋਪਤੀ ਨਾਲ ਜੋ ਕੁਝ ਵਾਪਰਿਆ ਤੇ ਜਿਸ ਦੀਆਂ ਸਾਖੀਆਂ ਅਜੇ ਤੱਕ ਪ੍ਰਚਲਤ ਹਨ ਤੇ ਪ੍ਰਚਾਰੀਆਂ ਜਾਂਦੀਆਂ ਹਨ, ਉਸ ਸੋਚ ਦਾ ਪ੍ਰਗਟਾਅ ਹਨ, ਜਿਹੜੀ ਮਨੂੰ ਸਿਮਰਤੀ ਵਿੱਚ ਥਾਂ-ਪੁਰ-ਥਾਂ ਪ੍ਰਗਟਾਈ ਗਈ ਹੈ। ਕੁਝ ਸਾਲ ਪਹਿਲਾਂ ਰਮਾਇਣ ਵਰਗੇ ਸੀਰੀਅਲ ਤੇ ਪਿੱਛੋਂ ਬਣੇ ਹਿੰਦੂ ਧਰਮ ਨਾਲ ਸੰਬੰਧਤ ਕਈ ਸੀਰੀਅਲਾਂ ਵਿੱਚ ਦਰੋਪਤੀ ਨੂੰ ਸ਼ਰੇ ਦਰਬਾਰ ਨਗਨ ਕਰਨ ਦੇ ਸੀਨ ਵਾਰ-ਵਾਰ ਦਿਖਾਏ ਜਾਂਦੇ ਰਹੇ, ਅੱਜ ਇੱਕ ਵਰਗ ਦੀ ਸੋਚ ਦਾ ਉਹ ਹਿੱਸਾ ਹਨ। ਸਮਾਜ ਨੂੰ ਇਸ ਪਾਸੇ ਧੱਕਣ ਦੀ ਯੋਜਨਾਬੱਧ ਸਾਜ਼ਿਸ਼ ਦਾ ਸਿੱਟਾ ਤਾਂ ਹੀ ਹੈ ਮਨੀਪੁਰ ਦੀ ਘਟਨਾ।

ਮਨੀਪੁਰ ਦੀ ਉਹ ਵੀਡੀਓ ਦੇਖਣਯੋਗ ਨਹੀਂ ਹੈ, ਜੋ 19 ਜੁਲਾਈ ਨੂੰ ਜਾਰੀ ਹੋਈ। ਬੇਸ਼ੱਕ ਘਟਨਾ 4 ਮਈ ਦੀ ਹੈ। ਇਸ ਵੀਡੀਓ ਨੇ ਦੇਸ਼ ਦੇ ਚਿੰਤਨਸ਼ੀਲ ਵਰਗ ਨੂੰ ਹਿਲਾ ਕੇ ਰੱਖ ਦਿੱਤਾ ਹੈ। ਜ਼ਿਹਨ 'ਚ ਸਵਾਲ ਇਹ ਉੱਠਦਾ ਹੈ ਕਿ ਇਹ ਸਮਾਜ ਕਿਸ ਪਾਸੇ ਧੱਕਿਆ ਜਾ ਰਿਹਾ ਹੈ। ਇੱਕ ਹਿੰਸਕ ਭੀੜ ਦੋ ਨਿਰਵਸਤਰ ਔਰਤਾਂ ਨੂੰ ਜਲੂਸ ਦੀ ਸ਼ਕਲ 'ਚ ਲਿਜਾ ਰਹੀ ਹੈ, ਨਾਅਰੇ ਵੀ ਲੱਗ ਰਹੇ ਹਨ ਅਤੇ ਨਾਲ ਹੀ 'ਰਾਮ ਦੇ ਰਣਕੁੰਬੇ' ਨਿਰਵਸਤਰ ਔਰਤਾਂ ਦੇ ਸੰਵੇਦਨਸ਼ੀਲ ਅੰਗਾਂ ਨਾਲ ਛੇੜਖਾਨੀਆਂ ਵੀ ਕਰਦੇ ਜਾ ਰਹੇ ਹਨ। ਇਹ ਮੇਰੇ ਦੇਸ਼ ਦੀਆਂ ਹੀ ਉਹ ਮੰਦਭਾਗੀਆਂ ਔਰਤਾਂ ਹਨ, ਜਿੱਥੇ ਔਰਤਾਂ ਨੂੰ 'ਦੇਵੀ ਸਮਾਨ' ਕਹਿਣ ਦਾ ਪਾਖੰਡੀ ਜਾਪ ਕੀਤਾ ਜਾਂਦਾ ਹੈ। ਇਹ ਉਹੀ ਰਣਕੁੰਬੇ ਹਨ, ਜਿਨ੍ਹਾਂ ਨੂੰ ਦੇਸ਼ ਦੀ ਸਰਵਉੱਚ ਕੁਰਸੀ 'ਤੇ ਬੈਠੇ ਜੁਮਲੇਬਾਜ਼ ਤੇ ਨੌਟੰਗੀਬਾਜ਼ ਦਾ ਸਿੱਧਾ ਥਾਪੜਾ ਹੈ। ਜਿਹੜਾ ਨਵਾਂ ਭਾਰਤ ਸਿਰਜਨ ਦੇ ਦਮਗਜੇ ਮਾਰ ਰਿਹਾ ਹੈ। ਪੀੜਤ ਔਰਤਾਂ ਕੁਰਲਾਅ ਰਹੀਆਂ ਹਨ, ਰਹਿਮ ਦੀ, ਕੁਝ ਦਯਾ ਕਰਨ ਦੀ ਭੀਖ ਮੰਗ ਰਹੀਆਂ ਹਨ, ਪਰ ਹਿੰਸਾ ਤੇ ਅੰਨ੍ਹੀ ਸਮੁਦਾਇਕ ਨਫ਼ਰਤ ਨਾਲ ਲਬਰੇਜ਼ ਭੀੜ ਵਿੱਚ ਪਸ਼ੂਪਨ ਸਿਰ ਚੜ੍ਹ ਬੋਲਦਾ ਹੈ। ਨਿਰਦਈ ਤੇ ਬੇਰਹਿਮ ਅਜਿਹੀ ਕੁਰਲਾਹਟ ਨਾਲ ਆਨੰਦਤ ਹੁੰਦੇ ਹਨ।

ਇੰਡੀਜੀਨਸ ਟਰਾਈਬਲ ਲੀਡਰਜ਼ ਫੋਰਮ (I T 1 F) ਨੇ ਜੋ ਰਿਪੋਰਟ ਦਿੱਤੀ ਹੈ ਕਿ 4 ਮਈ ਨੂੰ ਜ਼ਿਲ੍ਹਾ ਕਾਂਗਪੋਕਾਪੀ ਦੇ ਪਿੰਡ ਬੀ. ਫੀਨੋਮ ਜਿਸ 'ਚ ਜ਼ਿਆਦਾ ਕੁੱਕੀ ਸਮੁਦਾਏ ਦੇ ਲੋਕ ਰਹਿੰਦੇ ਸਨ, ਉੱਥ1 ਮੈਤੇਈ ਸਮੁਦਾਏ ਦੇ ਲੋਕਾਂ ਦੀ ਹਿੰਸਕ ਭੀੜ ਨੇ ਹਮਲਾ ਬੋਲ ਦਿੱਤਾ। ਇਸ ਪਿੰਡ ਦੀ ਆਬਾਦੀ ਨਾਲ ਲੱਗਵੀਂ ਪਹਾੜੀ ਤੇ ਜੰਗਲ ਵੱਲ ਭੱਜ ਗਈ। ਹਿੰਸਕ ਭੀੜ ਨੇ ਘਰ ਸਾੜ ਦਿੱਤੇ ਅਤੇ ਸਾਮਾਨ ਲੁੱਟ ਕੇ ਲੈ ਗਏ। ਮੈਤੇਈ ਕਬੀਲੇ ਦੇ ਸੈਂਕੜਿਆਂ ਦੀ ਗਿਣਤੀ 'ਚ ਲੋਕ ਸਨ। ਇਸੇ ਪਿੰਡ ਦੇ ਪੰਜ ਵਾਸੀ ਜਿਨ੍ਹਾਂ 'ਚ ਦੋ ਮਰਦ ਤੇ ਤਿੰਨ ਔਰਤਾਂ ਸਨ, ਜੰਗਲ ਦੇ ਜਿਹੜੇ ਪਾਸੇ ਭੱਜੇ, ਉਧਰ ਨੇੜ ਹੀ ਪੁਲਸ ਚੌਂਕੀ ਵੀ ਸੀ, ਭੀੜ ਨੇ ਉਨ੍ਹਾਂ ਨੂੰ ਫੜ ਲਿਆ ਅਤੇ ਕੁੱਟਣਾ ਸ਼ੁਰੂ ਕਰ ਦਿੱਤਾ। ਰਿਪੋਰਟ ਵਿੱਚ ਚਸ਼ਮਦੀਦਾਂ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਇਨ੍ਹਾਂ ਪੰਜਾਂ ਨੂੰ ਹਿੰਸਕ ਭੀੜ ਨੇ ਪੁਲਸ ਪਾਸੋਂ ਖੋਹਿਆ ਸੀ। ਇਸ ਕੁੱਟਮਾਰ ਦੌਰਾਨ 56 ਸਾਲਾ ਇੱਕ ਆਦਮੀ ਦੀ ਕੁੱਟਮਾਰ ਨਾਲ ਮੌਤ ਹੋ ਗਈ। ਤਿੰਨਾਂ ਔਰਤਾਂ ਨੂੰ ਪੂਰੇ ਕੱਪੜੇ ਉਤਾਰਨ ਲਈ ਕਿਹਾ ਅਤੇ ਨਿਰਵਸਤਰ ਕਰਕੇ ਜਲੂਸ ਦੀ ਸ਼ਕਲ ਵਿੱਚ ਲੈ ਤੁਰੇ। ਤੀਸਰੀ ਔਰਤ ਨੂੰ ਸਮੂਹਕ ਬਲਾਤਕਾਰ ਦਾ ਸ਼ਿਕਾਰ ਬਣਾਇਆ। ਇੱਕ 20 ਸਾਲ ਦੀ ਲੜਕੀ ਜਿਸ ਨਾਲ ਸਮੂਹਕ ਬਲਾਤਕਾਰ ਹੋ ਰਿਹਾ ਸੀ, ਨੂੰ ਬਚਾਉਣ ਲਈ ਜਦੋਂ ਨੌਜਵਾਨ ਭਰਾ ਅੱਗੇ ਆਇਆ ਤਾਂ ਉਹਦਾ ਵੀ ਕਤਲ ਕਰ ਦਿੱਤਾ।

18 ਮਈ ਨੂੰ ਇਸ ਘਟਨਾ ਦੀ ਰਿਪੋਰਟ ਪੁਲਸ ਚੌਂਕੀ ਕੀਤੀ ਗਈ। ਸੈਕੁਲ ਪੁਲਸ ਸਟੇਸ਼ਨ ਨੇ ਜ਼ੀਰੋ ਐੱਫ਼ ਆਈ ਆਰ ਦਰਜ ਕਰਕੇ ਨੋਂਗਪੋਕ ਸੇਕਮਾਈ ਪੁਲਸ ਸਟੇਸ਼ਨ ਭੇਜ ਦਿੱਤਾ। ਇਸ ਮੁੱਢਲੀ ਰਿਪੋਰਟ ਵਿੱਚ ਪਿੰਡ ਮੁਖੀ ਨੇ ਜੋ ਬਿਆਨ ਦਿੱਤਾ, ਉਸ ਵਿੱਚ 800 ਤੋਂ 1000 ਹਥਿਆਰਬੰਦ ਅਣਪਛਾਤੀ ਹਿੰਸਕ ਭੀੜ ਵੱਲੋਂ ਪਿੰਡ ਉੱਤੇ ਹਮਲਾ ਕਰਨ ਦਾ ਦੋਸ਼ ਹੈ। ਜਿਨ੍ਹਾਂ ਦਾ ਸੰਬੰਧ ਮੈਤੇਈ ਯੁਵਾ ਸੰਗਠਨ, ਮੈਤੇਈ ਲੀਪੁਨ, ਕਾਂਗਲੇਈਪਾਰ ਕੁਨਬਾ, ਲੁੱਟ ਅਰਾਮਬਾਈ ਤੇਰਾ ਗੋਲ ਅਤੇ ਵਿਸ਼ਵ ਮੈਤੇਈ ਪ੍ਰੀਸ਼ਦ ਦੇ ਨਾਲ ਦੱਸਿਆ ਗਿਆ ਹੈ। ਇਹ ਸੰਗਠਨ ਬਜਰੰਗ ਦਲ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਤਰਜ਼ ਉੱਤੇ ਉਸਾਰੇ ਗਏ ਹਨ।

ਆਈ ਟੀ ਐੱਲ ਐੱਫ਼ ਨੇ ਬੀ. ਫਾਈਨੋਮ ਪਿੰਡ ਦੇ ਘਰਾਂ ਦੇ ਸਾੜਨ ਦੀ ਪੁਸ਼ਟੀ ਕੀਤੀ ਹੈ ਤੇ ਇਹ ਵੀ ਦੱਸਿਆ ਕਿ ਮੈਤੇਈ ਸਮੁਦਾਏ ਦੀ ਇਹ ਭੀੜ ਬਹੁਤ ਦੂਰ ਤੋਂ ਮਾਰ ਦਿਓ ਸਾੜ ਦਿਓ ਦੇ ਨਾਅਰੇ ਲਾਉਂਦੀ ਆ ਰਹੀ ਸੀ। ਮੋਬਾਈਲਾਂ ਰਾਹੀਂ ਭੀੜ ਇਕੱਠੀ ਵੀ ਕੀਤੀ ਜਾ ਰਹੀ ਸੀ ਅਤੇ ਮੋਬਾਈਲਾਂ ਨੇ ਪੀੜਤ ਪਿੰਡਾਂ ਨੂੰ ਅਗਾਊਂ ਸੂਚਨਾ ਦੇਣ ਵਿੱਚ ਵੀ ਭੂਮਿਕਾ ਨਿਭਾਈ, ਜਿਸ ਕਰਕੇ ਕੁੱਕੀ ਸਮੁਦਾਏ ਦੇ ਲੋਕ ਪਿੰਡ ਦੇ ਘਰ ਛੱਡ ਕੇ ਭੱਜ ਗਏ। ਹਮਲਾ ਅੱਧੀ ਰਾਤ ਹੋਇਆ ਸੀ, ਪਰ ਨਿਰਵਸਤਰ ਔਰਤਾਂ ਦਾ ਜਲੂਸ ਦਿਨੇ ਵਾਪਰੀ ਘਟਨਾ ਸੀ। ਭਾਵ ਕਿੰਨੇ ਘੰਟੇ ਤਾਂਡਵ ਨਾਚ ਹੁੰਦਾ ਰਿਹਾ। ਪੁਲਸ ਪ੍ਰਸ਼ਾਸਨ ਕੀ ਸੁੱਤਾ ਪਿਆ ਸੀ। ਸੈਂਕੜੇ ਲੱਠਮਾਰ ਦਨਦਨਾਉਂਦੇ ਜਾ ਰਹੇ ਹੋਣ ਤੇ ਕਈ ਘੰਟੇ ਘਟਨਾਵਾਂ ਨੂੰ ਅੰਜਾਮ ਦੇਣ, ਪਰ ਪ੍ਰਸ਼ਾਸਨ ਮੌਨ ਹੋਵੇ? ਅਤੇ ਜੇ ਇਹ ਇਲਜ਼ਾਮ ਸੱਚਾ ਹੈ ਕਿ ਪੀੜਤ ਔਰਤਾਂ ਤੇ ਮ੍ਰਿਤਕ ਮਰਦਾਂ ਨੂੰ ਲੱਠਮਾਰ ਭੀੜ ਨੇ ਪੁਲਸ ਪਾਸੋਂ ਖੋਹਿਆ ਸੀ ਤਾਂ ਸੁਆਲ ਹੋਰ ਵੀ ਗੰਭੀਰ ਹੈ। ਅੱਜ ਭਾਜਪਾ ਦਾ ਮੁੱਖ ਮੰਤਰੀ ਸੌ ਖੇਖਣ ਕਰੇ ਕਿ 'ਇਹ ਘਟਨਾ ਮੇਰੇ ਰਾਜ 'ਚ ਵਾਪਰੀ, ਯਕੀਨ ਨਹੀਂ ਆਉਂਦਾ'। ਪਰ ਹਕੀਕਤ ਇਹ ਕਿ ਰਾਜ ਤੇ ਕੇਂਦਰ ਸਰਕਾਰ ਦੋਵੇਂ ਹੀ ਪਿਛਲੇਰੇ ਦੋ-ਤਿੰਨ ਮਹੀਨਿਆਂ ਤੋਂ ਮਨੀਪੁਰ ਨੂੰ ਅੱਗ ਦੀ ਭੱਠੀ ਵਿੱਚ ਝੋਕਣ 'ਚ ਲੱਗੇ ਹੋਏ ਹਨ। ਜੇ ਦੇਸ਼ ਵਿੱਚ ਵੀਡੀਓ ਰਾਹੀਂ ਘਟਨਾ ਨਾ ਪਹੁੰਚਦੀ ਤਾਂ ਸ਼ਾਇਦ ਦੱਬੀ ਹੀ ਰਹਿ ਜਾਂਦੀ। 21 ਜੂਨ ਨੂੰ ਪੁਲਸ ਹਰਕਤ ਵਿੱਚ ਆਈ ਤੇ ਜ਼ੀਰੋ ਰਿਪੋਰਟ ਨੂੰ ਐੱਫ਼ ਆਈ ਆਰ 'ਚ ਦਰਜ ਕੀਤਾ। ਦੇਸ਼ ਦੇ ਚੇਤੰਨ ਲੋਕ ਕੂਕ ਰਹੇ ਸਨ ਕਿ ਪ੍ਰਧਾਨ ਮੰਤਰੀ ਇਨ੍ਹਾਂ ਘਟਨਾਵਾਂ ਉੱਤੇ ਮੂੰਹ ਖੋਲ੍ਹੇ, ਪਰ ਉਹਦੇ ਦੰਦ ਸੀਤੇ ਪਏ ਸਨ। 20 ਜੂਨ ਨੂੰ ਜਦੋਂ ਦੇਸ਼ ਭਰ ਵਿੱਚ ਦਰਦਨਾਕ ਤੇ ਸ਼ਰਮਨਾਕ ਘਟਨਾ ਉੱਤੇ ਸਰਕਾਰ ਦੀ ਤੋਏ-ਤੋਏ ਹੋਈ ਤਾਂ ਪ੍ਰਧਾਨ ਮੰਤਰੀ ਮੋਦੀ ਦਾ ਮੂੰਹ ਖੁੱਲ੍ਹਿਆ, ਉਹ ਵੀ ਸਿਰਫ਼ 26 ਸੈਕੰਡ ਜਾਂ 36 ਸੈਕੰਡ। ਉਹ ਇੱਕ ਮਿੰਟ ਵੀ ਨਹੀਂ ਬੋਲ ਸਕਿਆ। ਜੋ ਬੋਲਿਆ, ਉਹ ਉਹਦੇ ਲਈ ਸ਼ਰਮਸਾਰ ਹੋਣ ਵਾਲਾ ਵੀ ਨਹੀਂ ਸੀ।

ਮਨੀਪੁਰ 'ਚ ਮੈਤੇਈ ਆਬਾਦੀ 53 ਫ਼ੀਸਦੀ ਹੈ, ਜਿਹੜੀ ਇੰਫਾਲ ਦੇ ਆਲੇ-ਦੁਆਲੇ ਰਹਿੰਦੀ ਹੈ। ਬਾਕੀ 40 ਫ਼ੀਸਦੀ ਆਬਾਦੀ ਨਾਗਾ ਅਤੇ ਕੁੱਕੀ ਕਬੀਲਿਆਂ ਦੀ ਹੈ, ਜਿਹੜੇ ਆਦਿਵਾਸੀ ਹਨ ਅਤੇ ਪਹਾੜਾਂ ਤੇ ਜੰਗਲੀ ਇਲਾਕੇ 'ਚ ਰਹਿੰਦੇ ਹਨ। ਮੈਤੇਈ ਆਬਾਦੀ 'ਚ ਭਾਜਪਾ ਨੇ ਦਖ਼ਲ-ਅੰਦਾਜ਼ੀ ਬਣਾਈ ਹੈ ਅਤੇ ਉਹ ਆਪਣੇ-ਆਪ ਨੂੰ ਹਿੰਦੂ ਧਰਮ ਦੇ ਨੇੜੇ ਸਮਝਣ ਲੱਗੇ ਹਨ। ਕੁੱਕੀ ਈਸਾਈ ਧਰਮ ਦੇ ਨੇੜੇ ਹਨ। ਭਾਜਪਾ ਨੇ ਸੱਤਾ ਸੰਭਾਲਣ ਪਿੱਛੋਂ ਆਪਣਾ ਵੋਟ ਬੈਂਕ ਮਜ਼ਬੂਤ ਕਰਨ ਹਿੱਤ ਇਨ੍ਹਾਂ ਦੋਹਾਂ ਸਮੁਦਾਇਆਂ ਵਿੱਚ ਟਕਰਾਅ ਪੈਦਾ ਕੀਤਾ ਹੈ, ਜੋ ਪਿਛਲੇ ਦੋ-ਤਿੰਨ ਮਹੀਨਿਆਂ ਤੋਂ ਚੱਲ ਰਿਹਾ ਹੈ। ਇਸ ਸੰਬੰਧੀ ਇੱਕ ਅਲੱਗ ਲੇਖ 'ਚ ਜ਼ਿਕਰ ਕਰਾਂਗੇ। ਇਸ ਟਕਰਾਅ ਵਿੱਚ ਕੁੱਕੀ ਸਮੁਦਾਏ ਦੇ ਆਗੂਆਂ ਨੇ ਤਾਂ ਸਿੱਧਾ ਇਲਜ਼ਾਮ ਲਾਇਆ ਹੈ ਕਿ ਬੀ ਜੇ ਪੀ ਦਾ ਮੁੱਖ ਮੰਤਰੀ ਹਿੰਸਾ ਭੜਕਾਉਣ ਲਈ ਸ਼ਹਿ ਦੇ ਰਿਹਾ ਹੈ। ਕਿਸੇ ਸਮੇਂ ਮਨੀਪੁਰ ਦੇ ਇਹ ਪਹਾੜੀ ਖੇਤਰ ਸ਼ਾਂਤੀ ਦੇ ਪ੍ਰਤੀਕ ਮੰਨੇ ਜਾਂਦੇ ਸਨ, ਪਰ ਹੁਣ ਹਿੰਸਕ ਹੀ ਨਹੀਂ, ਮਨੁੱਖਤਾ ਨੂੰ ਸ਼ਰਮਨਾਕ ਕਰਨ ਵਾਲੀਆਂ ਘਟਨਾਵਾਂ ਵਾਪਰ ਰਹੀਆਂ ਹਨ।

ਜੀਵਤ ਬਚੇ ਪਰਵਾਰ ਦੀ ਬਜ਼ੁਰਗ ਔਰਤ, ਜੋ ਪੀੜਤਾ 20 ਸਾਲਾ ਲੜਕੀ ਦੀ ਮਾਂ ਹੈ, ਨੇ ਪ੍ਰੈੱਸ ਨੂੰ ਕਿਹਾ ਕਿ ਉਹਦੀ ਧੀ ਤੇ 19 ਸਾਲਾ ਪੁੱਤਰ ਪੁਲਸ ਕੋਲ ਸਨ, ਜਦੋਂ ਭੀੜ ਨੂੰ ਵੇਖ ਕੇ ਉਨ੍ਹਾਂ ਨੂੰ ਸੁਰੱਖਿਆ ਦੇਣ ਦੀ ਥਾਂ ਛੱਡ ਦਿੱਤਾ। ਲੜਕੀ ਨਾਲ ਜਦੋਂ ਬਲਾਤਕਾਰ ਕਰ ਰਹੇ ਸਨ ਤਾਂ ਉਹਦੇ ਭਰਾ ਵੱਲੋਂ ਵਿਰੋਧ ਕਰਨ ਉਤੇ ਉਹਨੂੰ ਕਤਲ ਕਰ ਦਿੱਤਾ। ਪੁਲਸ ਕਿਵੇਂ ਕਹਿ ਸਕਦੀ ਹੈ ਕਿ ਉਹਨੂੰ ਘਟਨਾ ਦੀ ਜਾਣਕਾਰੀ ਨਹੀਂ ਹੈ, ਜਦੋਂ ਕਿ ਭੀੜ ਨੇ ਜਦ ਹਮਲਾ ਕੀਤਾ, ਉਦੋਂ ਪੁਲਸ ਮੌਕੇ 'ਤੇ ਮੌਜੂਦ ਸੀ ਅਤੇ ਸਾਡੇ ਪਿਤਾ (56 ਸਾਲ ਮ੍ਰਿਤਕ) ਅਤੇ 19 ਸਾਲਾ ਬੱਚੇ ਦੇ ਮ੍ਰਿਤਕ ਸਰੀਰਾਂ ਨੂੰ ਸਰਕਾਰੀ ਮੁਰਦਾ ਘਰ ਹੀ ਤਾਂ ਲੈ ਕੇ ਗਏ ਸਨ।

30 ਅਪ੍ਰੈਲ ਨੂੰ ਵੀ 21 ਸਾਲਾ ਕਾਲਜ ਵਿਦਿਆਰਥੀ ਹੰਗਲਾਲਮੁਆਨ ਵੈਫੇਈ ਦੀ ਮੌਤ ਪੁਲਸ ਹਿਰਾਸਤ ਵਿੱਚ ਹੀ ਹੋਈ ਸੀ। ਪੁਲਸ ਨੇ 5 ਮਈ ਨੂੰ ਪਰਵਾਰ ਨੂੰ ਦੱਸਿਆ ਕਿ ਪੁਲਸ ਜਦੋਂ ਲਿਜਾ ਰਹੀ ਸੀ ਤਾਂ ਭੀੜ ਨੇ ਉਸ ਨੂੰ ਕਤਲ ਕਰ ਦਿੱਤਾ ਸੀ। ਪਰਵਾਰ ਦਾ ਕਹਿਣਾ ਹੈ ਕਿ ਪੁਲਸ ਨੇ ਉਨ੍ਹਾਂ ਦੇ ਪੁੱਤਰ ਦਾ ਮ੍ਰਿਤਕ ਸਰੀਰ ਅਜੇ ਤੱਕ ਉਨ੍ਹਾਂ ਨੂੰ ਨਹੀਂ ਦਿੱਤਾ।

ਅਲ ਜਜ਼ੀਰਾ ਦੇ ਪੱਤਰਕਾਰਾਂ ਨਾਲ ਜਿਹੜੇ ਕੁੱਕੀ ਸਮੁਦਾਏ ਦੇ ਲੋਕਾਂ ਨੇ ਗੱਲ ਕੀਤੀ, ਉਨ੍ਹਾਂ ਮਨੀਪੁਰ ਦੇ ਭਾਜਪਾ ਮੁੱਖ ਮੰਤਰੀ ਉਤੇ ਸਿੱਧੀ ਉਂਗਲ ਰੱਖੀ ਹੈ। ਪਿਛਲੇ ਦੋ ਮਹੀਨੇ ਤੋਂ ਪੁਲਸ ਮੂਕ ਦਰਸ਼ਕ ਬਣੀ ਹੋਈ ਹੈ। ਇੱਕ ਸਮਾਜਿਕ ਕਾਰਕੁੰਨ ਨੇ ਤਾਂ ਇਹ ਵੀ ਕਿਹਾ ਕਿ ਨਿਆਂ ਹੁਣ ਸਾਡੇ ਲਈ ਮੌਜੂਦ ਨਹੀਂ ਹੈ। ਸਾਨੂੰ ਇਸ ਹੱਦ ਤੱਕ ਅਮਾਨਵੀ ਬਣਾ ਦਿੱਤਾ ਹੈ ਕਿ ਵਾਪਸ ਮੁੜਨਾ ਔਖਾ ਹੈ।

ਇਹੋ ਨੀਤੀ ਹੈ ਭਾਜਪਾ ਦੀ ਹਰ ਰਾਜ ਵਿੱਚ ਵੰਡੀਆਂ ਪਾਓ, ਆਪਸ ਵਿੱਚ ਲੜਾਓ 'ਤੇ ਫਿਰ ਵੋਟਾਂ ਦੀ ਗਿਣਤੀ ਪੱਕੀ ਕਰੋ। ਪੁਲਸ ਹਿਰਾਸਤ 'ਚ ਮੌਤਾਂ ਵਿੱਚ ਯੂ ਪੀ ਪਿੱਛੋਂ ਮਨੀਪੁਰ ਵੀ ਸ਼ਾਮਲ ਹੋ ਗਿਆ ਹੈ। ਕਾਨੂੰਨ ਦੀ ਵਿਵਸਥਾ ਹੇਠ ਫੈਲ ਰਹੀ ਅਰਾਜਕਤਾ ਤੇ ਭੀੜਤੰਤਰ ਇਹ ਸਮਾਜ ਲਈ ਅਤਿ ਖ਼ਤਰਨਾਕ ਤੇ ਘਾਤਕ ਹੈ। ਰਾਜ ਉਹ ਸਥਾਨਕ ਹੋਵੇ ਜਾਂ ਕੇਂਦਰ, ਆਪਣੀ ਜ਼ਿੰਮੇਵਾਰੀ ਤੋਂ ਭਟਕ ਚੁੱਕਾ ਹੈ। ਜੇ ਦੇਸ਼ ਵਿੱਚ ਘੱਟ-ਗਿਣਤੀਆਂ ਨੂੰ ਬਹੁਗਿਣਤੀ ਦੇ ਰਹਿਮੋ-ਕਰਮ ਤੇ ਜੀਣਾ ਪੈ ਰਿਹਾ ਹੈ ਤਾਂ ਮਨੀਪੁਰ ਵਿੱਚ ਵੀ ਮੈਤੇਈ ਬਹੁ-ਗਿਣਤੀ ਨਾਗਾ ਤੇ ਕੁੱਕੀ ਨੂੰ ਦਹਿਸ਼ਤਜ਼ਦਾ ਕਰਨ ਉਤੇ ਤੁਲੀ ਹੋਈ ਹੈ।

ਨਿਰਵਸਤਰ ਔਰਤਾਂ ਦੀ ਭੀੜ ਤੇ ਲੰਪਟ ਤੱਤਾਂ ਵੱਲੋਂ ਪਰੇਡ (ਜਿਨ੍ਹਾਂ ਦੀ ਔਸਤਨ ਉਮਰ 16 ਤੋਂ 22 ਸਾਲ ਤੱਕ ਹੈ) ਦੇਸ਼ ਵਿੱਚ ਪਹਿਲੀ ਘਟਨਾ ਨਹੀਂ, ਮਨੀਪੁਰ ਦੀਆਂ ਕੁੱਕੀ ਔਰਤਾਂ ਨਾਲ ਜੋ ਵਾਪਰਿਆ ਹੈ, ਉਹ ਗੁਜਰਾਤ ਦਾ ਮਾਡਲ ਹੀ ਹੈ। ਜਦੋਂ 2002 ਵਿੱਚ ਇੱਕ ਗਰਭਵਤੀ ਔਰਤ ਦੇ ਪੇਟ ਨੂੰ ਚੀਰ ਕੇ ਬੱਚਾ ਕੱਢ ਕੇ ਮਾਰੇ ਗਏ ਸਨ। ਭਾਜਪਾ ਤੇ ਆਰ ਐੱਸ ਐੱਸ ਅਜਿਹੇ ਲੰਪਟਾਂ ਨੂੰ ਐਨੇ ਨਿਰਦਈ, ਜ਼ਾਲਮ ਤੇ ਗੈਰ-ਮਾਨਵੀ ਭਾਵ ਪਸ਼ੂ ਬਿਰਤੀ ਦੇ ਰੂਪ ਵਿੱਚ ਸਿਰਜ ਕੇ ਪਰੋਸ ਰਹੀ ਹੈ, ਇਹ ਇੱਕ ਬਹੁਤ ਹੀ ਗੰਭੀਰ ਸਵਾਲ ਹੈ। ਕੀ ਭਾਜਪਾ ਦੇਸ਼ ਵਿੱਚ ਖਾਨਾਜੰਗੀ ਦੀ ਤਿਆਰੀ ਕਰ ਰਹੀ ਹੈ ਅਤੇ ਗੁਜਰਾਤ ਪਿੱਛੋਂ ਮਨੀਪੁਰ ਨੂੰ ਅਜਿਹੀ ਪ੍ਰਯੋਗਸ਼ਾਲਾ ਵਜੋਂ ਵਿਕਸਤ ਕਰ ਰਹੀ ਹੈ, ਜਿਸ ਦਾ ਮਾਡਲ ਦੇਸ਼ ਦੇ ਹਰ ਰਾਜ ਵਿੱਚ ਅਪਣਾਇਆ ਜਾਵੇਗਾ।

ਭਾਜਪਾ ਰਾਜ ਵਿੱਚ ਔਰਤਾਂ ਨਾਲ ਹੋ ਰਹੇ ਅੱਤਿਆਚਾਰਾਂ ਤੇ ਬੇਇਨਸਾਫ਼ੀਆਂ ਕੀ ਇੱਕ ਲੰਮੀ ਲਿਸਟ ਹੈ। ਪਿਛਲੇ ਮਹੀਨਿਆਂ 'ਚ ਦਿੱਲੀ 'ਚ ਔਰਤ ਪਹਿਲਵਾਨਾਂ ਨੇ ਇੱਕ ਕੇਂਦਰੀ ਮੰਤਰੀ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ ਸੀ, ਪਰ ਨਿਆਂ ਨਹੀਂ ਮਿਲਿਆ, ਸਗੋਂ ਜ਼ਬਰਦਸਤੀ ਵਿਰੋਧ ਪ੍ਰਦਰਸ਼ਨ ਵੀ ਬੰਦ ਕਰਵਾ ਦਿੱਤਾ। ਹੁਣ ਮਨੀਪੁਰ 'ਚ ਮਨੁੱਖਤਾ ਨੂੰ ਸ਼ਰਮਸ਼ਾਰ ਕਰਨ ਵਾਲੀ ਘਟਨਾ ਵਾਪਰੀ ਹੈ। ਜਿਸ ਉਤੇ ਪ੍ਰਧਾਨ ਮੰਤਰੀ ਨੇ ਮਹਿਜ਼ 36 ਸੈਕਿੰਡ ਮਗਰਮੱਛੀ ਹੰਝੂ ਵਹਾਏ ਹਨ ਤੇ ਸਥਾਨਕ ਮਨੀਪੁਰ ਦੇ ਮੁੱਖ ਮੰਤਰੀ ਨੇ ਅਣਜਾਣਤਾ ਜ਼ਾਹਿਰ ਕੀਤੀ ਹੈ। ਕੀ ਉਨ੍ਹਾਂ ਨੂੰ ਨਿਆਂ ਮਿਲ ਸਕੇਗਾ? ਇਹ ਦੇਸ਼ ਦੇ ਚੇਤੰਨ ਹਿੱਸਿਆਂ ਸਾਹਮਣੇ ਵੱਡਾ ਸੁਆਲ ਹੈ। ਇਹ ਨਾ ਸਮਝੋ ਕਿ ਇਹ ਸਿਰਫ਼ ਗੁਜਰਾਤ ਪਿੱਛੋਂ ਮਨੀਪੁਰ ਵਿੱਚ ਵਾਪਰਿਆ, ਯੂ ਪੀ ਤੇ ਉਤਰਾਖੰਡ ਵਿੱਚ ਵੀ ਅਜਿਹੀਆਂ ਘਟਨਾਵਾਂ ਦੀ ਜ਼ਮੀਨ ਤਿਆਰ ਕੀਤੀ ਜਾ ਰਹੀ ਹੈ। ਲਿੰਗਕ ਹਿੰਸਾ ਨੂੰ ਦੰਗਾਕਾਰੀ ਇੱਕ ਸਾਧਨ ਤੇ ਦਹਿਸ਼ਤਜ਼ਦਾ ਕਰਨ ਦੇ ਤੌਰ 'ਤੇ ਵਰਤਦੇ ਹਨ ਤੇ ਸੰਘੀ ਲਾਣੇ ਲਈ ਤਾਂ ਮਨੂੰ ਸਿਮਰਤੀ ਇਸ ਦਾ ਰਾਹ ਸਾਫ਼ ਕਰਦੀ ਹੈ।

ਮਨੀਪੁਰ ਵਿੱਚ ਨਿਰਵਸਤਰ ਔਰਤਾਂ ਦੇ ਜਲੂਸ ਨੇ ਪੂਰੀ ਸਮਾਜੀ ਵਿਵਸਥਾ ਨੂੰ ਨੰਗਾ ਕਰ ਦਿੱਤਾ ਹੈ। ਮਰਦ ਦੀ ਮਰਦਾਨਗੀ ਨੰਗੀ ਹੋਈ ਹੈ। ਸੱਭਿਅਤਾ ਤੇ ਸੰਸਕ੍ਰਿਤੀ ਨੰਗੀ ਹੋਈ ਹੈ। ਸਿਆਸਤ ਨੰਗੀ ਹੋਈ ਹੈ। ਦੰਭੀ ਮਾਨਸਿਕਤਾ ਨੰਗੀ ਹੋਈ ਹੈ, ਉਹ ਕਿਸੇ ਵੀ ਕੁਰਸੀ 'ਤੇ ਕਿਉਂ ਨਾ ਬਿਰਾਜਮਾਨ ਹੋਵੇ, ਕਾਨੂੰਨ ਵਿਵਸਥਾ ਨੰਗੀ ਹੋਈ ਹੈ। ਮਰਦ ਦਾ ਦੈਂਤ ਰੂਪੀ ਚਿਹਰਾ ਨੰਗਾ ਹੋਇਆ ਹੈ। ਅਜਿਹੀ ਵਿਵਸਥਾ 'ਚ ਔਰਤ ਨੂੰ ਅਬਲਾ ਨਹੀਂ, ਪ੍ਰਚੰਡ ਦੇਵੀ ਦੇ ਰੂਪ ਵਿੱਚ ਰਣ ਚੰਡੀ ਹੱਥ ਲੈ ਕੇ ਆਪਣੀ ਸੁਰੱਖਿਆ ਲਈ ਖੁਦ ਅੱਗੇ ਆਉਣਾ ਪਵੇਗਾ।

*# ਸੰਪਰਕ : 93544-30211*

# ਇਨਸਾਨੀਅਤ ਸ਼ਰਮਸਾਰ ਹੈ

**ਰਜਿੰਦਰ ਪਾਲ ਕੌਰ**

ਦੋ ਦਿਨ ਪਹਿਲਾਂ ਅੱਜ ਦਾ ਵਿਚਾਰ ਪੜ੍ਹਨ ਨੂੰ ਮਿਲਿਆ। "ਨਗਨ ਉਹ ਦੋ ਔਰਤਾਂ ਨਹੀਂ ਹੋਈਆਂ, ਨਗਨ ਹੋਏ ਨੇ ਕੰਜਕਾਂ ਪੂਜਣ ਵਾਲੇ, ਹਰ ਦੇਵੀ ਨੂੰ ਮਾਂ ਮੰਨਣ ਵਾਲੇ ਨੰਗੇ ਹੋਏ ਹਨ, ਨੰਗੀ ਹੋਈ ਹੈ ਭਾਰਤ ਦੀ ਸੱਭਿਅਤਾ।"

ਸੱਚਮੁੱਚ ਹੀ ਹਰ ਸੋਚਵਾਨ ਇਨਸਾਨ ਸਦਮੇ ਵਿੱਚ ਹੈ ਮਨੀਪੁਰ ਵਿੱਚ ਵਾਪਰ ਰਹੀਆਂ ਘਟਨਾਵਾਂ ਤੋਂ। ਕਦੀ ਭਾਰਤ ਮਾਂ ਬੇਗਾਨਿਆਂ ਦੇ ਬੂਟਾਂ ਥੱਲੇ ਰੌਂਦੀ ਗਈ ਤੇ ਅੱਜ ਆਪਣੇ ਹੀ ਪੁੱਤਰਾਂ ਹੱਥੋਂ ਬੇਇੱਜ਼ਤ ਹੋ ਕੇ ਕਿੰਨੀ ਬੇਵੱਸ ਮਹਿਸੂਸ ਕਰ ਰਹੀ ਹੈ। ਨਿੱਤ ਨਵੀਆਂ ਆ ਰਹੀਆਂ ਖਬਰਾਂ ਪਹਿਲਾਂ ਹੀ ਵਲੂੰਧਰੇ ਹੋਏ ਦਿਲਾਂ ਨੂੰ ਛਲਣੀ ਕਰ ਰਹੀਆਂ ਹਨ।

ਮਨੀਪੁਰ ਵਿੱਚ ਤਿੰਨ ਅਤੇ ਚਾਰ ਮਈ ਨੂੰ ਜਿਹੜਾ ਕਹਿਰ ਵਾਪਰਿਆ, ਉਸ ਨੂੰ ਸੁਣ ਕੇ ਸ਼ੈਤਾਨ ਵੀ ਸ਼ਰਮਸਾਰ ਹੋ ਜਾਵੇਗਾ। ਇਸ ਕਹਿਰ ਦੀ ਪਹਿਲੀ ਵੀਡੀਓ ਦੋ ਔਰਤਾਂ ਨੂੰ ਨਿਰਵਸਤਰ ਕਰਨ ਬਾਰੇ ਵਾਇਰਲ ਹੋਈ ਤਾਂ ਸਾਰੇ ਦੇਸ਼ ਵਿੱਚ ਹਾਹਾਕਾਰ ਮਚ ਗਈ। ਜਦੋਂ ਮੁੱਖ ਮੰਤਰੀ ਦੇ ਧਿਆਨ ਵਿੱਚ ਇਹ ਗੱਲ ਲਿਆਂਦੀ ਗਈ ਤਾਂ ਬੜੀ ਬੇਸ਼ਰਮੀ ਨਾਲ ਕਹਿੰਦਾ ਕਿ ਇਹੋ ਜਿਹੀਆਂ ਸੈਂਕੜੇ ਘਟਨਾਵਾਂ ਵਾਪਰੀਆਂ ਹਨ। ਉਸ ਵੇਲੇ ਰਾਜ ਸਰਕਾਰ ਕਿੱਥੇ ਸੀ। ਬਾਅਦ ਵਿੱਚ ਆਪਣੀ ਇੱਜ਼ਤ ਬਚਾਉਣ ਲਈ ਕਹਿੰਦੇ ਹਨ ਕਿ ਮਨੀਪੁਰ ਵਿੱਚ ਹਰ ਔਰਤ ਨੂੰ ਮਾਂ ਮੰਨਿਆ ਜਾਂਦਾ ਹੈ। ਕਿਹੋ ਜਿਹੇ ਬੇਗੈਰਤ ਪੁੱਤਰ ਹਨ, ਜਿਹੜੇ ਮਾਵਾਂ ਨੂੰ ਭੇੜੀਏ ਬਣ ਨੋਚਦੇ ਰਹੇ ਤੇ ਬਾਕੀ ਸਾਰੇ ਲੋਕ ਵੇਖਦੇ ਰਹੇ। ਢਾਈ ਮਹੀਨੇ ਹੋ ਗਏ ਹਨ ਇਸ ਹਿੰਸਾ ਨੂੰ ਸ਼ੁਰੂ ਹੋਇਆਂ। ਰਾਜ ਅਤੇ ਕੇਂਦਰ ਸਰਕਾਰ ਮੂਕ ਦਰਸ਼ਕ ਬਣ ਕੇ ਵੇਖਦੀ ਰਹੀ।

ਬਹੁਗਿਣਤੀ ਮੈਤੇਈ ਭਾਈਚਾਰੇ ਵੱਲੋਂ ਕੁੱਕੀ ਕਬੀਲੇ ਦੇ ਲੋਕਾਂ ਦੇ ਘਰ ਸਾੜ ਦਿੱਤੇ ਗਏ, ਪਸ਼ੂ ਖੋਹ ਲਏ ਗਏ ਅਤੇ ਜੰਗਲਾਂ ਵੱਲ ਭੱਜਣ ਲਈ ਮਜਬੂਰ ਕਰ ਦਿੱਤਾ ਗਿਆ। ਉਹਨਾਂ ਦੇ ਚਰਚ ਅਤੇ ਸਕੂਲ ਵੀ ਸਾੜ ਦਿੱਤੇ ਗਏ। ਜਿਹੜਾ ਕਾਬੂ ਆ ਗਿਆ, ਉਸ ਦੀ ਜੋ ਦੁਰਦਸ਼ਾ ਹੋਈ, ਸਾਰੇ ਜਾਣਦੇ ਹੀ ਹਨ। ਇਕ ਖਬਰ ਵਿੱਚ ਇਹ ਵੀ ਦੱਸਿਆ ਗਿਆ ਕਿ ਮੈਤੇਈ ਔਰਤਾਂ ਮਰਦਾਂ ਨੂੰ (ਫੜੀਆਂ ਗਈਆਂ) ਔਰਤਾਂ ਦੀ ਬੇਪੱਤੀ ਕਰਨ ਲਈ ਉਕਸਾਅ ਰਹੀਆਂ ਸਨ। ਇਸ ਤੋਂ ਇਕ ਫੋਟੋ ਦੀ ਯਾਦ ਆਈ, ਜਿਸ ਵਿਚ ਹਿਟਲਰ ਦੇ ਰਾਜ ਵਿੱਚ ਇਕ ਜ਼ਖਮੀ ਯਹੂਦੀ ਔਰਤ ਆਪਣੀ ਜਾਨ ਬਚਾਉਣ ਲਈ ਭੱਜ ਰਹੀ ਹੈ ਅਤੇ ਨੌਂ ਦੱਸ ਸਾਲ ਦੇ ਬੱਚੇ ਹੱਥਾਂ ਵਿੱਚ ਡੰਡੇ ਫੜੀ ਹਮਲਾ ਕਰਨ ਲਈ ਪਿੱਛੇ ਭੱਜ ਰਹੇ ਹਨ। ਮਤਲਬ ਕਿ ਜਦੋਂ ਲੋਕਾਂ ਦੇ ਦਿਮਾਗ ਵਿੱਚ ਰਾਜਸੱਤਾ ਜਾਂ ਧਾਰਮਿਕ ਸੰਸਥਾਵਾਂ ਵੱਲੋਂ ਜ਼ਹਿਰ ਭਰ ਦਿੱਤਾ ਜਾਂਦਾ ਹੈ ਤਾਂ ਉਹ ਚੰਗੇ-ਬੁਰੇ ਦੀ ਪਛਾਣ ਭੁੱਲ ਜਾਂਦੇ ਹਨ।

ਇਕ ਸਾਬਕਾ ਫੌਜੀ ਕੁਰਲਾ ਰਿਹਾ ਹੈ ਕਿ ਮੈਂ ਦੇਸ਼ ਦੀ ਇੱਜ਼ਤ ਬਚਾਉਣ ਲਈ ਲੜਦਾ ਰਿਹਾ, ਪਰ ਆਪਣੀ ਪਤਨੀ ਦੀ ਇੱਜ਼ਤ ਨਹੀਂ ਬਚਾ ਸਕਿਆ। ਜਿਸ ਵੇਲੇ ਮਨੀਪੁਰ ਸੜ ਰਿਹਾ ਸੀ ਤਾਂ ਦੇਸ਼ ਦਾ ਪ੍ਰਧਾਨ ਮੰਤਰੀ ਵਿਦੇਸ਼ਾਂ ਦਾ ਦੌਰਾ ਕਰ ਰਿਹਾ ਸੀ। ਫਰਾਂਸ ਵਿੱਚ ਉਸ ਨੂੰ ਸਰਬ -ਉੱਚ ਨਾਗਰਿਕ ਦਾ ਸਨਮਾਨ ਦਿੱਤਾ ਜਾ ਰਿਹਾ ਸੀ, ਪਰ ਉੱਥੋਂ ਦੀ ਸਭ ਤੋਂ ਵੱਧ ਵਿਕਣ ਵਾਲੀ ਅਖਬਾਰ ਨੇ ਉਸ ਨੂੰ ਗੁਜਰਾਤ ਦਾ ਕਸਾਈ ਆਖਿਆ। ਪ੍ਰਧਾਨ ਮੰਤਰੀ ਨੇ ਢਾਈ ਮਹੀਨੇ ਚੁੱਪ ਵੱਟ ਛੱਡੀ ਅਤੇ ਜਦੋਂ ਸੁਪਰੀਮ ਕੋਰਟ ਨੇ ਸਖਤ ਰੁਖ ਅਖਤਿਆਰ ਕੀਤਾ ਤਾਂ ਚੁੱਪੀ ਤੋੜੀ ਅਤੇ ਕਿਹਾ ਕਿ ਰਾਜਸਥਾਨ, ਛਤੀਸਗੜ੍ਹ, ਮਨੀਪੁਰ ਵਿੱਚ ਸ਼ਰਮਨਾਕ ਘਟਨਾਵਾਂ ਵਾਪਰ ਰਹੀਆਂ ਹਨ। ਇਸ ਤਰ੍ਹਾਂ ਉਹਨਾਂ ਨੇ ਮਨੀਪੁਰ ਦੀ ਤ੍ਰਾਸਦੀ ਨੂੰ ਘਟਾ ਕੇ ਵਿਖਾਉਣ ਦੀ ਕੋਸ਼ਿਸ਼ ਕੀਤੀ।

ਜ਼ੁਲਮ ਦਾ ਸ਼ਿਕਾਰ ਔਰਤਾਂ ਨੇ ਦੱਸਿਆ ਕਿ ਜਦੋਂ ਸਾਨੂੰ ਦੁਬਾਰਾ ਪੁਲਸ ਦੀ ਜੀਪ ਕੋਲ ਛੱਡ ਕੇ ਗਏ ਤਾਂ ਕੁਝ ਲੜਕਿਆਂ ਨੇ ਸਾਨੂੰ ਟੀ-ਸ਼ਰਟਾਂ ਦਿੱਤੀਆਂ, ਜਿਹੜੀਆਂ ਕਿ ਭੀੜ ਨੇ ਖੋਹ ਲਈਆਂ। ਇਹ ਇਕ ਚਾਨਣਾ ਪੱਖ ਹੈ ਕਿ ਹਰ ਥਾਂ ਅਤੇ ਹਰ ਧਰਮ ਵਿਚ ਜਿੱਥੇ ਦਰਿੰਦੇ ਹੁੰਦੇ ਹਨ, ਉੱਥੇ ਬਚਾਉਣ ਵਾਲੇ ਵੀ ਹੁੰਦੇ ਹਨ। ਇਸੇ ਤਰ੍ਹਾਂ ਅਸੀਂ ਸਾਰੇ ਮਰਦਾਂ ਨੂੰ ਬੁਰਾ ਨਹੀਂ ਆਖ ਸਕਦੇ। ਜਦੋਂ ਵੀ ਔਰਤਾਂ 'ਤੇ ਜ਼ੁਲਮ ਹੁੰਦਾ ਹੈ ਤਾਂ ਅਵਾਜ਼ ਉਠਾਉਣ ਵਾਲੇ ਜ਼ਿਆਦਾ ਮਰਦ ਹੀ ਹੁੰਦੇ ਹਨ, ਜਿਹਨਾਂ ਦੀ ਜ਼ਮੀਰ ਜਾਗਦੀ ਹੁੰਦੀ ਹੈ।

ਉੱਨੀ ਜੁਲਾਈ ਤੋਂ ਪਹਿਲਾਂ ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੋਮੈਨ ਦਾ ਇਕ ਵਫਦ ਜਿਸ ਵਿੱਚ ਜਨਰਲ ਸਕੱਤਰ ਐਨੀ ਰਾਜਾ, ਸਕੱਤਰ ਨਿਸ਼ਾ ਸਿੱਧੂ, ਸੁਪਰੀਮ ਕੋਰਟ ਦੀ ਵਕੀਲ ਦੀਕਸ਼ਾ ਸ਼ਾਮਲ ਸਨ, ਨੇ ਮਨੀਪੁਰ ਦਾ ਦੌਰਾ ਕੀਤਾ ਕਿ ਸੱਚਾਈ ਪਤਾ ਕੀਤੀ ਜਾ ਸਕੇ। ਉਹਨਾਂ ਨੇ ਕਿਹਾ ਕਿ ਇਸ ਹਿੰਸਾ ਨੂੰ ਸਰਕਾਰੀ ਸ਼ਹਿ ਪ੍ਰਾਪਤ ਹੈ ਅਤੇ ਉਹਨਾਂ ਮੁੱਖ ਮੰਤਰੀ ਦੇ ਅਸਤੀਫੇ ਦੇ ਡਰਾਮੇ ਦੀ ਗੱਲ ਵੀ ਕੀਤੀ। ਉਹਨਾਂ ਨੇ ਵਾਪਸ ਆ ਕੇ ਅਜੇ ਰਿਪੋਰਟ ਸਾਂਝੀ ਵੀ ਨਹੀਂ ਕੀਤੀ ਸੀ ਕਿਉਂਕਿ ਉਹਨਾਂ ਦਾ ਧਿਆਨ ਮਨੀਪੁਰ ਦੇ ਲੋਕਾਂ ਦੀ ਮਦਦ ਵੱਲ ਸੀ। ਉਹਨਾਂ ਨੇ ਸਾਰੇ ਦੇਸ਼ ਦੀਆਂ ਇਕਾਈਆਂ ਨੂੰ ਮਦਦ ਭੇਜਣ ਲਈ ਕਿਹਾ, ਜਿਸ ਵਿਚ ਪੰਜਾਬ ਇਸਤਰੀ ਸਭਾ ਨੇ ਵੀ ਹਿੱਸਾ ਪਾਇਆ। ਉਧਰ ਮਨੀਪੁਰ ਵਿੱਚ ਇੰਫਾਲ ਦੇ ਪੁਲਸ ਮੁਖੀ ਦੀ ਸ਼ਿਕਾਇਤ 'ਤੇ ਇਹਨਾਂ ਵਿਰੁੱਧ ਐੱਫ ਆਈ ਆਰ ਦਰਜ ਕਰ ਲਈ ਗਈ। ਜਿਸ ਤੋਂ ਸਪੱਸ਼ਟ ਹੈ ਕਿ ਹਰ ਬੋਲਣ ਵਾਲੀ ਅਵਾਜ਼ ਨੂੰ ਰਾਜ ਅਤੇ ਕੇਂਦਰ ਸਰਕਾਰਾਂ ਦਬਾਅ ਦੇਣੀ ਚਾਹੁੰਦੀਆਂ ਹਨ।

ਸਾਡੀ ਜਥੇਬੰਦੀ ਔਰਤਾਂ ਦੇ ਸਸ਼ਕਤੀਕਰਨ ਲਈ ਲੜ ਰਹੀ ਹੈ, ਪਰ ਸ਼ਰਮ ਆਉਂਦੀ ਹੈ ਕਿ ਜਿਹਨਾਂ ਔਰਤਾਂ ਨੂੰ ਸ਼ਕਤੀ ਮਿਲੀ ਹੈ, ਉਹ ਪੀੜਤ ਔਰਤਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਵੀ ਨਹੀਂ ਮਾਰਦੀਆਂ। ਸਾਡੀ ਰਾਸ਼ਟਰਪਤੀ ਨੇ ਮਨੀਪੁਰ ਵਿੱਚ ਔਰਤਾਂ 'ਤੇ ਹੋਏ ਜ਼ੁਲਮ ਵਿਰੁੱਧ ਇਕ ਸ਼ਬਦ ਨਹੀਂ ਬੋਲਿਆ। ਸਾਂਸਦ ਕਿਰਨ ਖੇਰ ਜੇ ਬੋਲੇਗੀ ਤਾਂ ਸ਼ਾਇਦ ਕਹੇਗੀ ਇਹ ਸਾਡੀ ਸੰਸਕ੍ਰਿਤੀ ਹੈ। ਸਿਮਰਤੀ ਇਰਾਨੀ ਨੂੰ ਸ਼ਾਇਦ ਉਹ ਚੂੜੀਆਂ ਨਹੀਂ ਲੱਭੀਆਂ, ਜਿਹੜੀਆਂ ਉਸ ਨੇ ਨਿਰਭੈਆ ਕਾਂਡ ਵੇਲੇ, ਵੇਲੇ ਦੇ ਪ੍ਰਧਾਨ ਮੰਤਰੀ ਨੂੰ ਭੇਜੀਆਂ ਸਨ।

ਮੋਦੀ ਜੀ ਤੁਹਾਡੀ ਡਬਲ ਇੰਜਨ ਵਾਲੀ ਨੀਤੀ ਨੇ ਦੇਸ਼ ਦਾ ਬਹੁਤ ਨੁਕਸਾਨ ਕੀਤਾ ਹੈ, ਜਿੱਥੇ ਵੀ ਡਬਲ ਇੰਜਨ ਸਰਕਾਰ ਹੈ, ਉੱਥੇ ਹੀ ਔਰਤਾਂ ਦਲਿਤਾਂ ਅਤੇ ਘੱਟ ਗਿਣਤੀਆਂ 'ਤੇ ਬਹੁਤ ਜ਼ੁਲਮ ਹੋ ਰਿਹਾ ਹੈ। "ਬੇਟੀ ਬਚਾਓ, ਬੇਟੀ ਪੜ੍ਹਾਓ" ਦਾ ਨਾਅਰਾ ਵੀ ਤੁਹਾਡਾ ਮੂੰਹ ਚਿੜਾ ਰਿਹਾ ਹੈ। ਔਰਤ 'ਤੇ ਜ਼ੁਲਮ ਤਾਂ ਭਾਰਤ-ਪਾਕਿ ਵੰਡ ਵੇਲੇ ਦੀ ਤ੍ਰਾਸਦੀ ਨੂੰ ਵੀ ਪਿੱਛੇ ਛੱਡ ਰਿਹਾ ਹੈ।

ਮੈਤੇਈ ਅਤੇ ਕੁੱਕੀ ਭਾਈਚਾਰਿਆਂ ਵਿੱਚ ਫਸਾਦ ਇਕ ਸੋਚੀ-ਸਮਝੀ ਸਾਜ਼ਿਸ਼ ਹੈ ਤਾਂ ਕਿ ਕੁੱਕੀ ਕਬੀਲੇ ਨੂੰ ਡਰਾ ਕੇ ਭਜਾ ਦਿੱਤਾ ਜਾਵੇ ਅਤੇ ਜ਼ਮੀਨ ਕਾਰਪੋਰੇਟਾਂ ਨੂੰ ਦਿੱਤੀ ਜਾਵੇ। ਇਹ ਖੇਡ ਸਾਰੇ ਦੇਸ਼ ਵਿੱਚ ਖੇਡੀ ਜਾ ਰਹੀ ਹੈ। ਸਾਰੀਆਂ ਅਗਾਂਹਵਧੂ ਧਿਰਾਂ ਅਤੇ ਜਾਗਦੀ ਜ਼ਮੀਰ ਵਾਲੇ ਲੋਕਾਂ ਨੂੰ ਇਸ ਦੇ ਖਿਲਾਫ ਡਟਣ ਦੀ ਲੋੜ ਹੈ।

*# ਸੰਪਰਕ : 99881-76811*

# ਸਿਹਤ ਢਾਂਚੇ 'ਚ ਸੁਧਾਰ ਲਈ ਸਰਕਾਰਾਂ ਧਿਆਨ ਕਰਨ



**ਨਰਿੰਦਰ ਸਿੰਘ**

ਦੇਸ਼ ਵਿਚ ਆਮ ਲੋਕਾਂ ਨੂੰ ਮਿਲਣ ਵਾਲੀਆਂ ਸਿਹਤ ਸਹੂਲਤਾਂ ਦੀ ਹਾਲਤ ਬਹੁਤ ਚਿੰਤਾਜਨਕ ਹੈ। ਮੁਲਕ ਭਰ 'ਚ ਸਿਵਲ ਹਸਪਤਾਲਾਂ ਦੀ ਹਾਲਤ ਪਹਿਲਾਂ ਹੀ ਕਾਫੀ ਖਰਾਬ ਚੱਲ ਰਹੀ ਹੈ ਅਤੇ ਹੁਣ ਵੀ ਹਾਲਤ ਬਹੁਤ ਤਰਸਯੋਗ ਹੈ। ਭਾਰਤ ਵਿਚ ਡਾਕਟਰਾਂ ਅਤੇ ਨਰਸਾਂ ਤੋਂ ਇਲਾਵਾ ਹੋਰ ਅਮਲੇ ਦੀ ਸਰਕਾਰੀ ਹਸਪਤਾਲਾਂ ਵਿਚ ਬਹੁਤ ਘਾਟ ਹੈ। ਜੀਵਨ ਰੱਖਿਅਕ ਅਤੇ ਮਹਿੰਗੀਆਂ ਦਵਾਈਆਂ ਦੀ ਕਮੀ ਹਮੇਸ਼ਾ ਰਹਿੰਦੀ ਹੈ। ਸਰਕਾਰੀ ਹਸਪਤਾਲਾਂ ਵਿਚ ਮਰੀਜ਼ਾਂ ਲਈ ਲੋੜੀਂਦੇ ਬੈੱਡ ਨਹੀਂ ਹਨ। ਜੇ ਬੈੱਡ ਹੁੰਦੇ ਵੀ ਹਨ ਤਾਂ ਉਨ੍ਹਾਂ ਲਈ ਢੁਕਵੀਆਂ ਸਹੂਲਤਾਂ ਨਹੀਂ ਹੁੰਦੀਆਂ। ਨਕਲੀ ਦਵਾਈਆਂ ਦਾ ਵਧ ਰਿਹਾ ਧੰਦਾ ਵੀ ਵੱਡੇ ਸਵਾਲ ਖੜੇ ਕਰਦਾ ਹੈ। ਭਾਰਤ ਵਿਚ ਨਕਲੀ ਦਵਾਈਆਂ ਨੇ ਬਜ਼ਾਰ ਦਾ 15 ਤੋਂ 20 ਫੀਸਦੀ ਹਿੱਸਾ ਘੇਰਿਆ ਹੋਇਆ ਹੈ, ਜਿਨ੍ਹਾ ਦੀ ਕੀਮਤ 20 ਅਰਬ ਅਮਰੀਕਨ ਡਾਲਰ ਹੈ। ਨਕਲੀ ਦਵਾਈਆਂ ਦਾ ਬਜ਼ਾਰ ਵਧਦਾ-ਫੁੱਲਦਾ ਜਾ ਰਿਹਾ ਹੈ। ਇਹ ਸਿਰਫ ਉਪਭੋਗਪਤੀਆਂ ਦੀ ਨਾ ਸਮਝੀ ਕਾਰਨ, ਸਖਤ ਸਜ਼ਾ ਦੀ ਕਮੀ ਅਤੇ ਸਭ ਤੋਂ ਉਪਰ ਨਕਾਰਾ ਕੰਟਰੋਲ ਕਾਰਨ ਹੈ।

ਦਵਾਈਆਂ ਦੇ ਖੇਤਰ ਵਿਚ ਬਹੁਤ ਲੁੱਟ ਮਚੀ ਹੋਈ ਹੈ। ਦਵਾਈ ਨਿਰਮਾਤਾ ਕੰਪਨੀਆਂ ਨੇ ਡਾਕਟਰਾਂ ਨਾਲ ਗੰਢ-ਤੁੱਪ ਕਰ ਰੱਖੀ ਹੈ। ਡਾਕਟਰ ਮਹਿੰਗੀਆਂ ਦਵਾਈਆਂ ਕੋਡ ਵਰਡ 'ਚ ਲਿਖਦੇ ਹਨ ਤਾਂ ਜੋ ਮਰੀਜ਼ ਹੋਰ ਕਿਤੋਂ ਦਵਾਈ ਖਰੀਦ ਨਾ ਸਕਣ। ਹਾਲਾਂਕਿ ਦਵਾਈ ਦਾ ਪੂਰਾ ਨਾਂਅ ਵੱਡੇ ਅੱਖਰਾਂ ਵਿਚ ਲਿਖਣ ਦੇ ਦਿਸ਼ਾ-ਨਿਰਦੇਸ਼ ਡਾਕਟਰਾਂ ਨੂੰ ਜਾਰੀ ਕੀਤੇ ਗਏ ਹਨ। ਜਾਣਬੁੱਝ ਕੇ ਮਹਿੰਗੀਆਂ ਦਵਾਈਆਂ ਕੋਡ ਵਰਡ 'ਚ ਲਿਖ ਕੇ ਲੋਕਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਨਿੱਜੀ ਹਸਪਤਾਲਾਂ ਦੇ ਡਾਕਟਰ ਮਰੀਜ਼ਾਂ ਦੇ ਬੇਮਤਲਬੇ ਟੈਸਟ ਵੀ ਕਰਵਾਉਂਦੇ ਹਨ, ਜੋ ਕਈ ਵਾਰ ਮਰੀਜ਼ ਦੀ ਬਿਮਾਰੀ ਦੇ ਨੇੜੇ-ਤੇੜੇ ਵੀ ਨਹੀਂ ਹੁੰਦੇ। ਕਮਿਸ਼ਨ ਦੇ ਚੱਕਰ ਨੇ ਸਿਹਤ ਪ੍ਰਣਾਲੀ ਨੂੰ ਖੋਖਲਾ ਕਰ ਦਿੱਤਾ ਹੈ, ਜਿਸ ਦਾ ਖਮਿਆਜ਼ਾ ਆਮ ਲੋਕ ਚੁਕਾਉਣ ਲਈ ਬੇਵੱਸ ਹਨ। ਜਨਤਕ ਸਿਹਤ ਸੰਸਥਾਵਾਂ 'ਚ ਸਿਹਤ ਸਹੂਲਤਾਂ ਨਿਘਾਰ ਦੇ ਰਾਹ 'ਤੇ ਹਨ, ਜਿਸ ਕਾਰਨ ਲੋਕਾਂ ਨੂੰ ਨਿੱਜੀ ਹਸਪਤਾਲਾਂ ਵੱਲ ਰੁਖ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਨਿੱਜੀ ਹਸਪਤਾਲਾਂ ਵਿਚ ਇਲਾਜ ਮਹਿੰਗਾ ਹੋਣ ਕਾਰਨ ਲੋਕ ਬੇ ਮੌਤ ਮਰ ਰਹੇ ਹਨ।

ਨੀਤੀ ਆਯੋਗ ਦੀ ਰਿਪੋਰਟ ਅਨੁਸਾਰ ਭਾਰਤ 'ਚ 4300 ਲੋਕ ਹਰ ਰੋਜ਼ ਇਲਾਜ ਦੀ ਘਾਟ ਕਾਰਨ ਮਰਦੇ ਹਨ। 1.4 ਮਿਲੀਅਨ ਲੋਕ ਹਰ ਸਾਲ ਗੁਰਦਿਆਂ ਸੰਬੰਧੀ ਬਿਮਾਰੀਆਂ ਦੇ ਚੱਲਦਿਆਂ ਡਾਇਲਸਿਸ ਦਾ ਖਰਚਾ ਨਾ ਉਠਾ ਸਕਣ ਕਾਰਨ ਜਾਨ ਗਵਾਉਂਦੇ ਹਨ। ਵਿਸ਼ਵ ਸਿਹਤ ਸੰਗਠਨ ਅਨੁਸਾਰ ਇਕ ਹਜ਼ਾਰ ਮਰੀਜ਼ਾਂ ਪਿੱਛੇ ਇਕ ਡਾਕਟਰ ਦੀ ਲੋੜ ਹੈ, ਜਦੋਂ ਕਿ ਭਾਰਤ ਵਿਚ ਦਸ ਹਜ਼ਾਰ ਲੋਕਾਂ ਲਈ ਸਿਰਫ ਇਕ ਐਲੋਪੈਥਿਕ ਡਾਕਟਰ ਉਪਲੱਬਧ ਹੈ। ਇਸੇ ਤਰ੍ਹਾਂ ਭਾਰਤ ਵਿਚ 90 ਹਜ਼ਾਰ ਲੋਕਾਂ ਲਈ ਇਕ ਸਰਕਾਰੀ ਹਸਪਤਾਲ ਹੈ। 78 ਫੀਸਦੀ ਡਾਕਟਰ ਸ਼ਹਿਰੀ ਭਾਰਤ ਵਿਚ ਸੇਵਾ ਕਰਦੇ ਹਨ। ਭਾਰਤ ਦੇ ਪੇਂਡੂ ਸਿਹਤ ਸੰਭਾਲ ਵਿਚ ਬੁਨਿਆਦੀ ਦਵਾਈਆਂ ਦੀ ਅਣਉਪਲੱਬਧਤਾ ਇਕ ਲਗਾਤਾਰ ਸਮੱਸਿਆ ਹੈ। ਮਾਸੂਮ ਅਤੇ ਅਨਪੜ੍ਹ ਮਰੀਜ਼ਾਂ ਜਾਂ ਉਨ੍ਹਾਂ ਦੇ ਰਿਸ਼ਤੇਦਾਰਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਦੇਸ਼ ਦੇ ਢਹਿ-ਢੇਰੀ ਹੋ ਰਹੇ ਜਨਤਕ ਸਿਹਤ ਢਾਂਚੇ ਦੇ ਮੱਦੇਨਜ਼ਰ ਜ਼ਿਆਦਾਤਰ ਮਰੀਜ਼ ਪ੍ਰਾਈਵੇਟ ਕਲੀਨਿਕਾਂ ਅਤੇ ਹਸਪਤਾਲਾਂ ਵਿਚ ਜਾਣ ਲਈ ਮਜਬੂਰ ਹਨ।

ਡਾਕਟਰਾਂ ਦੀ ਘਾਟ ਕਾਰਨ ਪੇਂਡੂ ਲੋਕਾਂ ਨੂੰ ਮਜਬੂਰ ਹੋ ਕੇ ਝੋਲਾ ਛਾਪ ਡਾਕਟਰਾਂ ਪਾਸ ਇਲਾਜ ਲਈ ਜਾਣਾ ਪੈਂਦਾ ਹੈ। ਝੋਲਾ ਛਾਪ ਜਾਂ ਨਕਲੀ ਡਾਕਟਰ ਪੇਂਡੂ ਮੈਡੀਕਲ ਪ੍ਰੈਕਟੀਸ਼ਨਰ ਜੋ ਕਿ 80 ਫੀਸਦੀ ਬਾਹਰੀ ਮਰੀਜ਼ਾਂ ਦੀ ਦੇਖਭਾਲ ਪ੍ਰਦਾਨ ਕਰਦੇ ਹਨ, ਕੋਲ ਇਸ ਲਈ ਰਸਮੀ ਯੋਗਤਾ ਨਹੀਂ ਹੈ। ਇਸ ਕਰਕੇ ਗਰੀਬ ਲੋਕ ਰੋਜ਼ਾਨਾ ਲੋੜੀਂਦੀਆਂ ਤੇ ਫਰੀ ਸਿਹਤ ਸਹੂਲਤਾਂ ਨਾ ਮਿਲਣ ਕਾਰਨ ਦਮ ਤੋੜ ਰਹੇ ਹਨ। ਇਸ ਵੇਲੇ ਪੇਂਡੂ ਖੇਤਰਾਂ 'ਚ ਭਾਰਤ ਅੰਦਰ ਬਿਹਾਰ ਰਾਜ ਅੰਦਰ ਅਠਾਰਾਂ ਹਜ਼ਾਰ ਮਰੀਜ਼ਾਂ ਲਈ ਇਕ ਬੈੱਡ ਹੈ ਅਤੇ ਯੂਪੀ ਵਿਚ ਉਨਤਾਲੀ ਹਜ਼ਾਰ ਮਰੀਜ਼ਾਂ ਲਈ ਇਕ ਬੈੱਡ ਵਿਵਸਥਾ ਹੈ, ਜਦਕਿ ਚੀਨ ਅੰਦਰ ਇਕੱਤੀ ਸੌ ਮਰੀਜ਼ਾਂ ਲਈ ਇੱਕ ਬੈੱਡ ਦੀ ਵਿਵਸਥਾ ਹੈ। ਮੈਡੀਕਲ ਕੌਂਸਲ ਆਫ ਇੰਡੀਆ ਅਨੁਸਾਰ ਭਾਰਤ ਅੰਦਰ ਰਜਿਸਟਰਡ ਡਾਕਟਰਾਂ ਦੀ ਸੰਖਿਆ ਲੱਗਭੱਗ ਇਕ ਕਰੋੜ ਦੱਸੀ ਹੈ। ਦੇਸ਼ 'ਚ ਸਿਹਤ ਸੰਭਾਲ 'ਤੇ ਖਰਚ ਹੁੰਦੀ 63 ਫੀਸਦੀ ਰਾਸ਼ੀ ਲੋਕਾਂ ਦੀ ਜੇਬ 'ਚੋਂ ਜਾਂਦੀ ਹੈ, ਜਦਕਿ ਬੀਮਾ ਖੇਤਰ ਨਾਗਰਿਕਾਂ ਦੀ ਸਿਹਤ 'ਤੇ ਖਰਚ ਹੋਣ ਵਾਲੀ ਰਕਮ ਦਾ ਮਾਤਰ 12 ਫੀਸਦੀ ਕਵਰ ਕਰਦਾ ਹੈ। 76 ਫੀਸਦੀ ਭਾਰਤੀਆਂ ਕੋਲ ਸਿਹਤ ਬੀਮਾ ਨਹੀਂ ਹੈ।

ਯੂਨੀਸੈਫ ਦੀ ਰਿਪੋਰਟ ਅਨੁਸਾਰ ਸਾਲ 2020-21 ਦੌਰਾਨ ਭਾਰਤ ਵਿਚ ਮਰਨ ਵਾਲੇ ਨਵਜਾਤ ਸ਼ਿਸ਼ੂਆਂ, ਜਨਮ ਦੇਣ ਵਾਲੀਆਂ ਮਾਵਾਂ ਅਤੇ ਮ੍ਰਿਤਕ ਪੈਦਾ ਹੋਏ ਬੱਚਿਆਂ ਦੀ ਗਿਣਤੀ 7 ਲੱਖ 88 ਹਜ਼ਾਰ ਰਹੀ ਹੈ। ਜਦੋਂਕਿ ਵਿਸ਼ਵ ਪੱਧਰ 'ਤੇ ਇਸੇ ਸਮੇਂ ਦੌਰਾਨ 45 ਲੱਖ ਨਵਜਾਤ ਸ਼ਿਸ਼ੂਆਂ ਅਤੇ ਉਨ੍ਹਾਂ ਨੂੰ ਜਨਮ ਦੇਣ ਵਾਲੀਆਂ ਮਾਵਾਂ ਦੀ ਮੌਤ ਹੋਈ ਹੈ। ਜੱਚਾ-ਬੱਚਾ ਦੀਆਂ ਮੌਤਾਂ ਪੱਖੋਂ ਭਾਰਤ ਦੀ ਹਾਲਤ ਤਰਸਯੋਗ ਹੈ। ਦੁਨੀਆ 'ਚ ਸਭ ਤੋਂ ਵੱਧ ਬਾਲ ਮੌਤਾਂ ਭਾਰਤ ਵਿਚ ਹੁੰਦੀਆਂ ਹਨ। ਸੇਵ ਦ ਚਿਲਡਰਨ ਸੰਸਥਾ ਅਨੁਸਾਰ ਦੁਨੀਆਂ 'ਚ ਨਵਜੰਮੇ ਬੱਚਿਆਂ ਦੀਆਂ ਕੁੱਲ ਮੌਤਾਂ 'ਚੋਂ 29 ਫੀਸਦੀ ਮੌਤਾਂ ਇਕੱਲੇ ਭਾਰਤ 'ਚ ਹੁੰਦੀਆਂ ਹਨ। ਭਾਰਤ ਵਿਚ ਸਿਹਤ ਸੇਵਾਵਾਂ ਤੇ ਜੀ.ਡੀ.ਪੀ. ਦਾ ਸਿਰਫ 1.3 ਫੀਸਦੀ ਹੀ ਖਰਚਿਆ ਜਾ ਰਿਹਾ ਹੈ। ਜਦਕਿ ਭੂਟਾਨ, ਸ੍ਰੀਲੰਕਾ ਅਤੇ ਨੇਪਾਲ ਵਰਗੇ ਗਰੀਬ ਦੇਸ਼ਾਂ ਵਿਚ ਵੀ ਸਿਹਤ ਸੇਵਾਵਾਂ 'ਤੇ ਖਰਚ ਭਾਰਤ ਨਾਲੋਂ ਵੱਧ ਹੈ। ਲੋਕਾਂ ਦੀ ਸਿਹਤ ਲਈ ਸੰਵਿਧਾਨਕ ਫ਼ਰਜ਼ ਕੇਂਦਰ ਅਤੇ ਰਾਜਾਂ ਦੀ ਡਿਊਟੀ ਹੈ।

ਭਾਰਤ ਦੁਨੀਆ ਵਿਚ ਸਭ ਤੋਂ ਘੱਟ ਪ੍ਰਤੀ ਵਿਅਕਤੀ ਸਿਹਤ ਸੰਭਾਲ ਖਰਚੇ ਵਾਲੇ ਦੇਸ਼ਾਂ 'ਚੋਂ ਇਕ ਹੈ। ਅਮਰੀਕਾ ਸਿਹਤ ਸੇਵਾਵਾਂ ਤੇ ਨਿਰੋਲ ਘਰੇਲੂ ਉਤਪਾਦਨ ਦਾ 17.4 ਫੀਸਦੀ ਜਰਮਨੀ 10.7 ਫੀਸਦੀ, ਕੈਨੇਡਾ 9.8 ਫੀਸਦੀ, ਪਾਕਿਸਤਾਨ 3.9 ਫੀਸਦੀ ਅਤੇ ਭਾਰਤ 1.3 ਫੀਸਦੀ ਹਿੱਸਾ ਖਰਚ ਕਰਦਾ ਹੈ। ਭਾਰਤ ਵਿਚ ਸਿਹਤ ਸਹੂਲਤਾਂ ਲਈ ਬੱਜਟ ਵਿਚ ਬਹੁਤ ਘੱਟ ਰਾਸ਼ੀ ਰੱਖੀ ਜਾਂਦੀ ਹੈ। ਲੋਕਾਂ ਨੂੰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੇ ਮਾਮਲੇ ਵਿਚ ਭਾਰਤ 195 ਦੇਸ਼ਾਂ 'ਚੋਂ 154ਵੇਂ ਸਥਾਨ 'ਤੇ ਹੈ। ਇਸ ਵੇਲੇ ਦੇਸ਼ ਅੰਦਰ ਪੇਂਡੂ ਲੋਕਾਂ ਦੀ ਸਿਹਤ ਅਤੇ ਸਹੂਲਤਾਂ ਦੀ ਤਸਵੀਰ ਬਹੁਤ ਦਰਦਨਾਕ ਦਿਸ ਰਹੀ ਹੈ। ਭਾਵੇਂ ਸਰਕਾਰ ਨੇ ਕਈ ਨੀਤੀਆਂ ਅਤੇ ਪ੍ਰੋਗਰਾਮ ਸ਼ੁਰੂ ਕੀਤੇ ਹਨ, ਪਰ ਸਫਲਤਾ ਅੰਸ਼ਕ ਤੌਰ 'ਤੇ ਹੀ ਹੋ ਰਹੀ ਹੈ, ਪਰ ਸਿਹਤ ਸਹੂਲਤਾਂ ਦੀ ਹਾਲਤ ਜਿਉਂ ਦੀ ਤਿਉਂ ਹੀ ਨਜ਼ਰ ਆ ਰਹੀ ਹੈ। ਪ੍ਰਾਇਮਰੀ ਹੈਲਥ ਕੇਅਰ ਵਿਚ ਭਾਰਤ ਦੇ ਪ੍ਰਮੁੱਖ ਪ੍ਰੋਗਰਾਮ, ਰਾਸ਼ਟਰੀ ਸਿਹਤ ਮਿਸ਼ਨ ਦੀ ਸਮੁੱਚੀ ਸਥਿਤੀ ਨਿਰਾਸ਼ਾਜਨਕ ਬਣੀ ਹੋਈ ਹੈ।

ਸਿਹਤ ਬੱਜਟ ਵਿਚ ਹਿੱਸਾ ਸਾਲ 2006 ਵਿਚ 73 ਫੀਸਦੀ ਤੋਂ ਘਟਾ ਕੇ ਸਾਲ 2019 ਵਿਚ 50 ਫੀਸਦੀ ਰਹਿ ਗਿਆ ਹੈ, ਕਿਉਂਕਿ ਰਾਜਾਂ ਦੁਆਰਾ ਸਿਹਤ ਖਰਚਿਆਂ ਵਿਚ ਕੋਈ ਸਮਾਨ ਅਤੇ ਮਹੱਤਵਪੂਰਨ ਵਾਧਾ ਨਹੀਂ ਕੀਤਾ ਗਿਆ। ਸਰਕਾਰਾਂ ਭਾਵੇਂ ਸਿਹਤ ਸਹੂਲਤਾਂ ਦੇਣ ਸੰਬੰਧੀ ਜਿੰਨੀਆਂ ਮਰਜ਼ੀ ਟਾਹਰਾਂ ਮਾਰੀ ਜਾਣ। ਪਿਛਲੇ ਅੱਠ ਸਾਲਾਂ ਦੌਰਾਨ ਬੁਨਿਆਦੀ ਸਿਹਤ ਸੰਭਾਲ ਦੇ ਖੇਤਰ ਵਿਚ ਨਿਵੇਸ਼ ਘਟਿਆ ਹੈ, ਜਿਸ ਨਾਲ ਪਹਿਲਾਂ ਦੇ ਸਾਲਾਂ ਦੌਰਾਨ ਕੀਤੀਆਂ ਪ੍ਰਾਪਤੀਆਂ ਵੀ ਖਤਰੇ ਵਿਚ ਪੈ ਗਈਆਂ ਹਨ। ਸਿਹਤ ਸਹੂਲਤਾਂ ਦੇ ਵਿਸਥਾਰ ਅਤੇ ਸੁਧਾਰ ਦੀ ਰਫ਼ਤਾਰ ਮੱਠੀ ਪੈ ਚੁੱਕੀ ਹੈ। ਉਪਰੋਂ ਮਹਾਂਮਾਰੀ, ਮੌਸਮੀ ਤਬਦੀਲੀ ਅਤੇ ਮਹਿੰਗੇ ਹੁੰਦੇ ਜਾ ਰਹੇ ਜੀਵਨ ਨੇ ਨਵੀਆਂ ਵੰਗਾਰਾਂ ਖੜੀਆਂ ਕਰ ਦਿੱਤੀਆਂ ਹਨ। ਨਤੀਜੇ ਵਜੋਂ ਬੱਚੇ ਅਤੇ ਮਹਿਲਾਵਾਂ ਸਭ ਤੋਂ ਮਾੜੇ ਨਤੀਜੇ ਭੁਗਤ ਰਹੇ ਹਨ। ਯੂਨੀਸੈਫ ਅਨੁਸਾਰ ਅਜਿਹੀਆਂ ਮੌਤਾਂ ਨੂੰ ਸਸਤੀਆਂ ਅਤੇ ਬੇਹਤਰੀਨ ਸਿਹਤ ਸਹੂਲਤਾਂ ਹੀ ਘਟਾ ਸਕਦੀਆਂ ਹਨ। ਭਾਰਤ ਨੂੰ ਸਸਤੀਆਂ ਅਤੇ ਬੇਹਤਰੀਨ ਸਿਹਤ ਸਹੂਲਤਾਂ ਦੀ ਹੋਰ ਵੀ ਜ਼ਿਆਦਾ ਜ਼ਰੂਰਤ ਹੈ।

ਦੇਸ਼ ਦੀ ਸਿਹਤ ਡਾਕਟਰਾਂ ਤੇ ਦਵਾਈਆਂ ਦੀ ਕਮੀ ਨਾਲ ਜੂਝ ਰਹੀ ਹੈ। ਲੈਂਸੈਟ ਸਰਵੇਖਣ ਅਨੁਸਾਰ ਭਾਰਤ 'ਚ ਰਾਸ਼ਟਰੀ ਪੱਧਰ 'ਤੇ ਸ਼ੂਗਰ ਦਾ ਪ੍ਰਸਾਰ 11.4 ਫੀਸਦੀ ਹੈ, ਜਦੋਂ ਕਿ 35.5 ਫੀਸਦੀ ਭਾਰਤੀ ਬਲੱਡ ਪ੍ਰੈਸ਼ਰ ਤੋਂ ਪੀੜਤ ਹਨ। ਇਸ ਤੋਂ ਇਲਾਵਾ 24 ਫੀਸਦੀ ਭਾਰਤੀ ਹਾਈ ਕੋਲੈਸਟਰੋਲ ਤੋਂ ਪੀੜਤ ਪਾਏ ਗਏ ਹਨ। ਇਹ ਅਜਿਹੀ ਬਿਮਾਰੀ ਹੈ, ਜਿਸ 'ਚ ਖ਼ੂਨ ਧਮਣੀਆਂ 'ਚ ਜਮ੍ਹਾਂ ਹੋ ਜਾਂਦਾ ਹੈ ਅਤੇ ਇਸ ਨਾਲ ਦਿਲ ਦੇ ਦੌਰੇ ਦੀ ਸੰਭਾਵਨਾ ਹੁੰਦੀ ਹੈ। 15.3 ਫੀਸਦੀ ਲੋਕਾਂ ਨੂੰ ਪ੍ਰੀ-ਡਾਇਬਟੀਜ਼ ਦੀ ਗੰਭੀਰ ਸਿਹਤ ਸਮੱਸਿਆ ਹੈ। ਜਿੱਥੇ ਖ਼ੂਨ ਵਿਚ ਜਮ੍ਹਾਂ ਸ਼ੂਗਰ ਦਾ ਪੱਧਰ ਸਧਾਰਨ ਤੋਂ ਜ਼ਿਆਦਾ ਹੁੰਦਾ ਹੈ। ਪਰ ਇਹ ਟਾਈਪ 2 ਸ਼ੂਗਰ ਨਹੀਂ ਹੈ। ਖੋਜ ਅਨੁਸਾਰ ਪੰਜਾਬ 'ਚ 51.8 ਫੀਸਦੀ ਹਾਈ ਬਲੱਡ ਪ੍ਰੈਸ਼ਰ ਦੀ ਦਰ ਦਰਜ ਕੀਤੀ ਗਈ ਹੈ, ਜਦਕਿ ਮੇਘਾਲਿਆ 'ਚ ਇਹ ਦਰ 24.3 ਫੀਸਦੀ ਹੈ।

ਸਾਲ 2021 'ਚ ਭਾਰਤ 'ਚ 10.1 ਕਰੋੜ ਲੋਕ ਸ਼ੂਗਰ ਅਤੇ 13.6 ਕਰੋੜ ਲੋਕ ਪ੍ਰੀ-ਡਾਇਬਟੀਜ਼ ਤੋਂ ਪੀੜਤ ਸਨ, ਜਦਕਿ 31.5 ਕਰੋੜ ਲੋਕ ਬਲੱਡ ਪ੍ਰੈਸ਼ਰ ਤੋਂ ਪੀੜਤ ਸਨ। 25.4 ਕਰੋੜ ਲੋਕਾਂ ਨੂੰ ਵਧਦੇ ਪੇਟ ਦਾ ਮੋਟਾਪਾ ਸੀ। ਇਸ ਤੋਂ ਇਲਾਵਾ ਦੇਸ਼ 'ਚ 21.3 ਕਰੋੜ ਲੋਕਾਂ ਨੂੰ ਕੋਲੈਸਟਰੋਲ ਦੀ ਸਮੱਸਿਆ ਸੀ। ਮਿਸਾਲ ਦੇ ਤੌਰ 'ਤੇ 2019 ਤੋਂ 2021 ਦੇ ਦੌਰਾਨ ਰਾਸ਼ਟਰੀ ਪਰਵਾਰ ਸਿਹਤ ਸਰਵੇਖਣ-5 ਨੇ ਦਿਖਾਇਆ ਕਿ 15 ਸਾਲ ਤੋਂ ਜ਼ਿਅਦਾ ਉਮਰ ਦੀਆਂ 21 ਫੀਸਦੀ ਔਰਤਾਂ ਨੂੰ ਬਲੱਡ ਪ੍ਰੈਸ਼ਰ ਸੀ, ਜਦਕਿ ਇਸੇ ਉਮਰ ਵਰਗ ਦੇ 24 ਫੀਸਦੀ ਪੁਰਸ਼ਾਂ 'ਚ ਇਹ ਦੇਖਿਆ ਗਿਆ। ਇਸੇ ਉਮਰ ਵਰਗ ਦੇ 24 ਫੀਸਦੀ ਪੁਰਸ਼ਾਂ 'ਚ ਇਹ ਦੇਖਿਆ ਗਿਆ। ਇਸੇ ਸਰਵੇਖਣ ਤੋਂ ਪਤਾ ਲੱਗਾ ਕਿ 15 ਤੋਂ 49 ਸਾਲ ਦੀ ਉਮਰ ਦੀਆਂ 6.4 ਫੀਸਦੀ ਔਰਤਾਂ ਮੋਟਾਪਾਗ੍ਰਸਤ ਹਨ, ਜਦਕਿ ਇਸੇ ਉਮਰ ਵਰਗ ਦੇ 4 ਫੀਸਦੀ ਪੁਰਸ਼ਾਂ 'ਚ ਇਹ ਪਾਇਆ ਗਿਆ।

ਵਿਸ਼ਵ ਸਿਹਤ ਸੰਗਠਨ ਅਨੁਸਾਰ 1975 ਤੋਂ ਬਾਅਦ ਮੋਟਾਪੇ ਦੀ ਦਰ ਲੱਗਭੱਗ 3 ਗੁਣਾ ਵਧੀ ਹੈ ਅਤੇ ਨੌਜਵਾਨਾਂ ਵਿਚ ਇਹ ਸਮੱਸਿਆ ਦਾ 5 ਗੁਣਾ ਵਾਧਾ ਹੋਇਆ ਹੈ। ਭਾਰਤ ਵਿਚ 21 ਲੱਖ ਤੋਂ ਵੱਧ ਲੋਕ ਏਡਜ਼ ਤੋਂ ਪੀੜਤ ਹਨ। ਭਾਰਤ ਵਿਚ 15 ਕਰੋੜ ਲੋਕ ਮੋਟੇ ਢਿੱਡਾਂ ਵਾਲੇ ਹਨ। ਮੋਟਾਪੇ ਦੀ ਵਜ੍ਹਾ ਕਾਰਨ ਹਰ ਸਾਲ 28 ਲੱਖ ਲੋਕ ਮੌਤ ਦਾ ਸ਼ਿਕਾਰ ਹੋ ਰਹੇ ਹਨ। ਸ਼ੂਗਰ, ਦਿਲ ਦੇ ਰੋਗ, ਹਾਈ ਬਲੱਗ ਪ੍ਰੈਸ਼ਰ, ਸਟਰੋਕ ਅਤੇ ਕੁਝ ਕੈਂਸਰ ਵਰਗੀਆਂ ਬਿਮਾਰੀਆਂ ਆਦਿ ਮੋਟਾਪੇ ਦਾ ਕਾਰਨ ਹੋ ਸਕਦੀਆਂ ਹਨ। ਭਾਰਤ 'ਚ ਹਰ ਸਾਲ 17 ਲੱਖ ਲੋਕ ਦਿਲ ਦੇ ਰੋਗਾਂ ਕਾਰਨ ਆਪਣੀਆਂ ਜਾਨਾਂ ਗੁਆ ਦਿੰਦੇ ਹਨ। ਇੰਡੀਅਨ ਹਾਰਟ ਐਸੋਈਏਸ਼ਨ ਨੇ ਆਪਣੀ ਇਕ ਰਿਪੋਰਟ 'ਚ ਖੁਲਾਸਾ ਕੀਤਾ ਹੈ ਕਿ 50 ਫੀਸਦੀ ਦੌਰੇ 50 ਸਾਲ ਤੋਂ ਘੱਟ ਉਮਰ ਅਤੇ 25 ਫੀਸਦੀ ਭਾਰਤੀਆਂ ਵਿਚ 40 ਸਾਲ ਤੋਂ ਘੱਟ ਉਮਰ ਦੇ ਲੋਕਾਂ ਨੂੰ ਦਿਲ ਦੀਆਂ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਭਾਰਤ ਵਿਚ ਕਰੀਬ ਅੱਠ ਕਰੋੜ ਲੋਕ ਬਲੱਡ ਪ੍ਰੈਸ਼ਰ ਦੀ ਦਵਾਈ ਦੀ ਵਰਤੋਂ ਕਰਦੇ ਹਨ।

ਮੁਲਕ ਭਰ ਦੇ ਸਰਕਾਰੀ ਹਸਪਤਾਲਾਂ ਵਿਚ 81.3 ਫੀਸਦੀ ਵਿਚ ਬਿਜਲੀ, 45.4 ਫੀਸਦੀ 'ਚ ਲੈਬਾਰਟਰੀ ਪੂਰਤੀ, 47.4 ਫੀਸਦੀ ਵਿਚ ਜਣੇਪਾ ਰੂਮ ਅਤੇ ਇੱਥੋਂ ਤੱਕ ਕਿ ਅੱਧਿਆਂ ਵਿਚ ਪਾਣੀ ਦੀ ਪੂਰਤੀ ਦੀ ਅਣਹੋਂਦ ਹੈ। ਸਭ ਲਈ ਸਿਹਤ, ਸਿੱਖਿਆ ਤੇ ਰੁਜ਼ਗਾਰ ਸਾਡਾ ਜਮਹੂਰੀ ਹੱਕ ਹੈ, ਪਰ ਦੇਸ਼ ਦੀ ਹਾਕਮ ਜਮਾਤ ਨੇ ਡਾਕਟਰੀ ਸਿੱਖਿਆ ਦਾ ਨਿੱਜੀਕਰਨ ਕਰਕੇ ਇਸ ਕਿੱਤੇ ਨੂੰ ਕਾਰਪੋਰੇਟ ਹੱਬ ਬਣਾ ਕੇ ਸੇਵਾ ਤੇ ਲੋਕ ਭਲਾਈ ਦੀ ਥਾਂ ਮੁਨਾਫਾ ਕਮਾਊ ਧੰਦਾ ਬਣਾ ਦਿੱਤਾ ਹੈ। ਸਰਕਾਰੀ ਹਸਪਤਾਲ ਦੇ ਪ੍ਰਬੰਧ ਨੂੰ ਸੁਧਾਰਨ ਲਈ ਸਰਕਾਰ ਨੂੰ ਵਿਸ਼ੇਸ਼ ਤਰਜੀਹ ਦੇਣੀ ਚਾਹੀਦੀ ਹੈ।

ਦੇਸ਼ ਦੇ ਆਮ ਨਾਗਰਿਕ ਨੂੰ ਸਿਹਤ ਸਹੂਲਤਾਂ ਆਸਾਨੀ ਨਾਲ ਮੁਹੱਈਆ ਕਰਵਾਉਣ ਲਈ ਪ੍ਰਕਿਰਿਆਵਾਂ ਨੂੰ ਸੌਖਾ ਬਣਾਏ ਜਾਣ ਦੀ ਲੋੜ ਹੈ। ਸਰਕਾਰੀ ਹਸਪਤਾਲਾਂ ਵਿਚ ਡਾਕਟਰਾਂ ਤੇ ਨਰਸਿੰਗ ਸਟਾਫ ਦੀ ਕਮੀ ਨੂੰ ਤੁਰੰਤ ਦੂਰ ਕੀਤਾ ਜਾਣਾ ਚਾਹੀਦਾ ਹੈ। ਹਸਪਤਾਲਾਂ ਵਿਚ ਜ਼ਰੂਰੀ ਦਵਾਈਆਂ ਮਿਲਣ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਬਜ਼ਾਰ ਵਿਚ ਨਕਲੀ ਦਵਾਈਆਂ 'ਤੇ ਤੁਰੰਤ ਰੋਕ ਲਾਉਣੀ ਚਾਹੀਦੀ ਹੈ। ਸਰਕਾਰੀ ਹਸਪਤਾਲਾਂ ਵਿਚ ਸਾਫ਼ ਸਫਾਈ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਜਿੱਥੇ ਸਿਹਤ ਸੇਵਾਵਾਂ ਲਈ ਬੱਜਟ ਦੀ ਰਾਸ਼ੀ ਵਧਾਈ ਜਾਣੀ ਚਾਹੀਦੀ ਹੈ ਅਤੇ ਪ੍ਰਧਾਨ ਮੰਤਰੀ ਵੱਲੋਂ ਸਿਹਤ ਸੇਵਾਵਾਂ ਲਈ ਐਲਾਨੀਆਂ ਜਾ ਰਹੀਆਂ ਯੋਜਨਾਵਾਂ 'ਤੇ ਇਮਾਨਦਾਰੀ ਅਤੇ ਪ੍ਰਤੀਬੱਧਤਾ ਨਾਲ ਅਮਲ ਵੀ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਲੋਕਾਂ ਦਾ ਖਿਆਲ ਰੱਖਣਾ ਅਤੇ ਉਨ੍ਹਾਂ ਦੀ ਚਿੰਤਾ ਕਰਨੀ ਇਕ ਚੰਗੀ ਸਰਕਾਰ ਦਾ ਮੁੱਢਲਾ ਸਿਧਾਂਤ ਹੈ।

**# ਸੰਪਰਕ : 98146-62260**

# ਸੀ ਪੀ ਆਈ ਮਲੋਟ ਵੱਲੋਂ ਮਨੀਪੁਰ ਹਿੰਸਾ ਖਿਲਾਫ ਰੈਲੀ ਤੇ ਰੋਸ ਮਾਰਚ

## ਪ੍ਰਧਨ ਮੰਤਰੀ ਤੇ ਗ੍ਰਹਿ ਮੰਤਰੀ ਦੇਣ ਅਸਤੀਫਾ : ਸੁਦਰਸ਼ਨ ਜੱਗਾ



**ਮਲੋਟ (ਪੱਤਰ ਪ੍ਰੇਰਕ)**-ਭਾਰਤੀ ਕਮਿਊਨਿਸਟ ਪਾਰਟੀ ਤੇ ਪੰਜਾਬ ਇਸਤਰੀ ਸਭਾ ਮਲੋਟ ਨੇ ਮਨੀਪੁਰ ਹਿੰਸਾ ਖਿਲਾਫ ਰੈਲੀ ਤੇ ਰੋਸ ਮਾਰਚ ਵਿੱਚ ਭਰਾਤਰੀ ਜਥੇਬੰਦੀਆਂ ਨੇ ਵੀ ਸ਼ਮੂਲੀਅਤ ਕੀਤੀ। ਭਾਰੀ ਗਿਣਤੀ ਵਿੱਚ ਔਰਤਾਂ ਤੇ ਪਾਰਟੀ ਕਾਰਕੁਨਾਂ ਨੇ ਭਾਗ ਲਿਆ। ਇਸ ਰੋਸ ਰੈਲੀ ਨੂੰ ਪੰਜਾਬ ਇਸਟਰੀ ਸਭਾ ਦੇ ਆਗੂ ਕਾ. ਸੁਦੇਸ਼ ਕੁਮਾਰੀ, ਪ੍ਰੇਮ ਲਤਾ, ਪ੍ਰਵੀਨ ਕੁਮਾਰੀ ਸੀ ਪੀ ਆਈ ਦੇ ਬਲਾਕ ਸਕੱਤਰ ਸੁਦਰਸ਼ਨ ਜੱਗਾ, ਪੈਨਸ਼ਨਰ ਐਸੋਸੀਏਸ਼ਨ ਦੇ ਮਹਾਵੀਰ ਪ੍ਰਸਾਦ ਸ਼ਰਮਾ, ਟਰੇਡ ਯੂਨੀਅਨ ਆਗੂ ਹਿੰਮਤ ਸਿੰਘ ਕੁਲਵਿੰਦਰ ਸਿੰਘ ਤੇ ਰਿਟਾ. ਹੈੱਡਮਾਸਟਰ ਰਕੇਸ਼ ਜੈਨ ਤੋਂ ਇਲਾਵਾ, ਏ ਆਈ ਐੱਸ ਐੱਫ ਆਗੂ ਗੁਰਬਿੰਦਰ ਸਿੰਘ, ਕੁੱਲ ਹਿੰਦ ਕਿਸਾਨ ਸਭਾ ਦੇ ਗੁਰਪ੍ਰੀਤ ਕੱਟਿਆਂਵਾਲੀ, ਨਰੇਗਾ ਆਗੂ ਹਰੀ ਰਾਮ ਸ਼ੇਰਗੜ੍ਹ, ਗੁਰਤੇਜ ਬਾਮ ਅਤੇ ਸਤਪਾਲ ਚੁਰਾਇਆ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਮਨੀਪੁਰ ਦੀਆਂ ਸ਼ਰਮਨਾਕ ਹਿੰਸਕ ਤੇ ਰੇਪ ਦੀਆਂ ਘਟਨਾਵਾਂ 'ਤੇ ਬੀਜੇਪੀ ਦੀ ਸੂਬਾ ਸਰਕਾਰ ਅਤੇ ਕੇਂਦਰ ਦੀ ਸਖਤ ਆਲੋਚਨਾ ਕੀਤੀ ਤੇ ਡਬਲ ਇੰਜਨ ਸਰਕਾਰ ਦੇ ਮੁੱਖ ਮੰਤਰੀ ਐਨ ਬੀਰੇਨ ਤੇ ਪ੍ਰਧਾਨ ਮੰਤਰੀ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਅਸਤੀਫੇ ਦੀ ਮੰਗ ਕੀਤੀ। ਬੀਜੇਪੀ ਸਰਕਾਰ ਦੇ ਔਰਤਾਂ ਪ੍ਰਤੀ ਨੰਗੇ ਚੇਹਰੇ ਬਾਰੇ ਦੱਸਦਿਆਂ ਸੁਦਰਸ਼ਨ ਜੱਗਾ ਨੇ ਕਿਹਾ ਕਿ ਜਿਨ੍ਹਾਂ ਸੂਬਿਆਂ ਵਿੱਚ ਬੀਜੇਪੀ ਸਰਕਾਰਾਂ ਹਨ, ਯ ਪੀ, ਮੱਧ ਪ੍ਰਦੇਸ, ਮਹਾਰਾਸ਼ਟਰ, ਆਸਾਮ ਔਰਤਾਂ ਨਾਲ ਬਲਾਤਕਾਰ ਤੇ ਕਤਲਾਂ ਵਿੱਚ ਦੇਸ਼ ਵਿੱਚ ਸਭ ਤੋਂ ਮੋਹਰੀ ਹਨ, ਔਰਤਾਂ ਖਿਲਾਫ ਜੁਰਮਾ ਦੇ ਸਭ ਤੋਂ ਵੱਧ ਮਾਮਲੇ ਯੂ ਪੀ ਤੇ ਮਾਹਾਂਰਾਸ਼ਟਰ, ਮੱਧ ਪ੍ਰਦੇਸ ਵਿੱਚ ਹਨ। ਬੇਟੀ ਪੜ੍ਹਾਉ ਬੇਟੀ ਬਚਾਓ ਦੇ ਬੀਜੇਪੀ ਦੇ ਖੋਖਲੇ ਨਾਅਰੇ ਦੀ ਥਾਂ ਦੇਸ਼ ਦੇ ਲੋਕਾਂ ਨੂੰ ਬੇਟੀ ਬਚਾਓ ਬੀਜੇਪੀ ਭਜਾਉ ਦਾ ਨਾਅਰਾ ਲਾਉਣਾ ਚਾਹੀਦਾ ਹੈ। ਬੁਲਾਰਿਆਂ ਨੇ ਵੱਖ ਵੱਖ ਕੇਸਾਂ ਦੇ ਉਦਾਹਰਨ ਦਿੰਦਿਆਂ ਗੁਜਰਾਤ ਦੰਗਿਆਂ ਤੇ ਬ੍ਰਿਜ ਭੂਸ਼ਨ ਵਰਗਿਆਂ ਮੁਜਰਮਾਂ ਦੀ ਬੀਜੇਪੀ ਵੱਲੋਂ ਪੁਸ਼ਤ ਪਨਾਹੀ ਦਾ ਦੋਸ਼ ਲਗਾਇਆ, ਸਰਿਆਂ ਬੁਲਾਰਿਆਂ ਇੱਕਮਤ ਹੋ ਕੇ ਆਉਂਦੀਆਂ ਪਾਰਲੀਮੈਂਟ ਚੋਣਾਂ ਵਿੱਚ ਬੀਜੇਪੀ ਨੂੰ ਹਰਾਉਣ ਦਾ ਸੱਦਾ ਦਿੱਤਾ। ਕਾਮਰੇਡ ਸੁਦੇਸ਼ ਕੁਮਾਰੀ ਨੇ ਆਲ ਇੰਡੀਆ ਵੂਮੈਨ ਫੈਡਰੇਸ਼ਨ ਦੇ ਮਨੀਪੁਰ ਗਏ ਡੈਲੀਗੇਟ ਐਨੀਰਾਜਾ, ਨਿਸ਼ਾ ਸਿੱਧੂ ਤੇ ਦਿਕਸ਼ਾ ਦਿਵੇਦੀ ਤੇ ਬੀਜੇਪੀ ਸਰਕਾਰ ਵੱਲੋਂ ਦਰਜ ਕੀਤੇ ਝੂਠੇ ਮੁਕੱਦਮਿਆਂ ਨੂੰ ਕਾਰਜ ਕਰਨ ਦੀ ਮੰਗ ਕੀਤੀ ਰੈਲੀ ਮਗਰੋਂ ਕੀਤੇ ਰੋਸ ਮਾਰਚ ਸਮੇਂ ਸ਼ਹਿਰ ਦੇ ਗਾਂਧੀ ਚੌਕ ਵਿੱਚ ਮਨੀਪੁਰ ਤੇ ਕੇਂਦਰ ਦੀ ਬੀਜੇਪੀ ਸਰਕਾਰ ਦੀ ਅਰਥੀ ਫੂਕੀ। ਰੈਲੀ ਵਿੱਚ ਸੁਨੀਤਾ ਰਾਣੀ, ਸ਼ੀਲਾ ਰਾਣੀ, ਰਜੀਆ ਰਾਮ, ਰਾਜ ਸਿੰਘ, ਆਲਮ ਵਾਲ, ਸੁਖਜੀਤ ਕੌਰ, ਅੰਜੂ ਰਾਣੀ ਤੇ ਆਸ਼ਾ ਰਾਣੀ, ਸਿਮਰਨ ਕੌਰ, ਹਰਮੀਤ ਕੌਰ ਵੀ ਸ਼ਾਮਲ ਹੋਏ।

# ਵਾਲਮੀਕਿ/ਮਜ਼ਬੀ ਸਿੱਖ ਮਹਾਂਸਭਾ ਨੇ ਭਾਜਪਾ ਸਰਕਾਰ ਦਾ ਫੂਕਿਆ ਪੁਤਲਾ



**ਮੋਗਾ (ਅਮਰਜੀਤ ਬੱਬਰੀ)**-ਵਾਲਮੀਕਿ/ਮਜ਼ਬੀ ਸਿੱਖ ਮਹਾਂਸਭਾ ਦੇ ਪ੍ਰਧਾਨ ਬਲਜਿੰਦਰ ਧਾਲੀਵਾਲ, ਜਨਰਲ ਸਕੱਤਰ ਇੰਦਰਪਾਲ ਸਿੰਘ, ਚੇਅਰਮੈਨ ਬਚਿੱਤਰ ਸਿੰਘ, ਉੱਪ-ਚੇਅਰਮੈਨ ਜਗਤਾਰ ਸਿੰਘ ਮੱਖੂ ਤੇ ਡਾ. ਜਸਵਿੰਦਰ ਸਿੰਘ ਦੀ ਸਾਂਝੀ ਅਗਵਾਈ ਵਿੱਚ ਮਨੀਪੁਰ ਵਿੱਚ ਦੇਸ਼ ਤੇ ਸਾਰੀ ਦੁਨੀਆ ਨੂੰ ਸ਼ਰਮਸਾਰ ਕਰਨ ਵਾਲੀ ਘਟਨਾ ਦੇ ਵਿਰੋਧ ਵਿੱਚ ਮਨੀਪੁਰ 'ਚ ਭਾਜਪਾ ਦੀ ਐੱਨ ਬੀਰੇਨ ਸਿੰਘ ਦੀ ਸਰਕਾਰ ਦਾ ਪਿੱਟ ਸਿਆਪਾ ਕਰ ਕੇ ਪੁਤਲਾ ਫੂਕਿਆ ਗਿਆ। ਇਸ ਮੌਕੇ ਆਗੂਆਂ ਨੇ ਅਰਥੀ ਫੂਕ ਮੁਜ਼ਾਹਰਾ ਕੀਤਾ। ਇਸ ਮੌਕੇ ਉਨ੍ਹਾਂ ਦੱਸਿਆ ਕਿ ਮਨੀਪੁਰ 'ਚ ਔਰਤਾਂ ਦੀ ਕੀਤੀ ਗਈ ਬੇਪੱਤੀ ਤੇ ਘੱਟ ਗਿਣਤੀਆਂ ਦੇ ਸਮੁਦਾਇ ਦੇ ਲੋਕਾਂ ਨੂੰ ਘਰੋਂ ਬੇਘਰ ਕਰ ਦਿੱਤਾ। ਆਗੂਆਂ ਨੇ ਦੱਸਿਆ ਕਿ ਪਿਛਲੇ ਦਿਨੀਂ 10 ਜੁਲਾਈ ਨੂੰ ਇਨਸਾਨੀਅਤ ਨੂੰ ਸ਼ਰਮਸਾਰ ਕਰ ਦੇਣ ਵਾਲੀ ਮਨੀਪੁਰ ਵਿਖੇ ਵਾਪਰੀ ਘਟਨਾ ਦੀ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ, ਜਿਸ ਦੀ ਇਕੱਲੇ ਭਾਰਤ ਵਿੱਚ ਹੀ ਨਹੀਂ, ਸਗੋਂ ਵਿਸ਼ਵ ਵਿਚ ਇਸ ਘਟਨਾ ਦੀ ਅਲੋਚਨਾ ਹੋਈ। ਮਨੀਪੁਰ ਵਿੱਚ ਐੱਨ ਬੀਰੇਨ ਸਿੰਘ ਮੁੱਖ ਮੰਤਰੀ ਹਨ ਤੇ ਭਾਜਪਾ ਸਰਕਾਰ ਹੈ। ਇਸ ਘਟਨਾ ਦੀ ਵੀਡੀਓ 10 ਜੁਲਾਈ ਨੂੰ ਸੋਸ਼ਲ ਮੀਡੀਆ ਰਾਹੀਂ ਸਾਹਮਣੇ ਆਈ, ਪਰ ਮਨੀਪੁਰ ਦੀ ਭਾਜਪਾ ਸਰਕਾਰ ਸਭ ਕੁਝ ਚੁੱਪਚਾਪ ਜ਼ੁਲਮ ਹੁੰਦਾ ਦੇਖਦੀ ਰਹੀ। ਵਾਲਮੀਕਿ/ਮਜ਼ਬੀ ਸਿੱਖ ਮਹਾਂਸਭਾ ਨੇ ਇਸ ਘਟਨਾ ਦੇ ਵਿਰੋਧ ਵਿੱਚ ਮਨੀਪੁਰ ਦੀ ਭਾਜਪਾ ਸਰਕਾਰ ਦਾ ਮੇਨ ਬੱਸ ਸਟੈਂਡ ਚੌਕ ਮੋਗਾ ਵਿਖੇ ਪਿੱਟ ਸਿਆਪਾ ਕਰ ਕੇ ਪੁਤਲਾ ਫੂਕਿਆ ਤੇ ਭਾਜਪਾ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਇਸ ਮੌਕੇ ਅਮਨਦੀਪ ਸਿੰਘ ਕਾਦਰਵਾਲਾ, ਸੁਖਦੀਪ ਸਿੰਘ ਝੰਡੇਆਣਾ ਸ਼ਰਕੀ, ਜਗਸੀਰ ਘਾਰੂ, ਜਗਤਾਰ ਧਰਮਕੋਟ, ਹਰਬੰਸ ਸਾਗਰ, ਹਰਦੀਪ ਬਹੋਨਾ, ਬਿੰਦਰ ਸਿੰਘ, ਸੇਵਕਾ ਸਿੰਘ ਅਜੀਤਵਾਲ, ਅਵਤਾਰ ਸਮਾਲਸਰ, ਜਗਦੀਪ ਸਿੰਘ ਲੰਡੇਕੇ, ਦਵਿੰਦਰਵੀਰ ਲੰਡੇਕੇ, ਦਰਸ਼ਨ ਸਿੰਘ, ਚਰਨ ਸਿੰਘ, ਜੀਵਨ ਸਿੰਘ, ਛਿੰਦਰਪਾਲ ਸਿੰਘ, ਬੂਟਾ ਸਿੰਘ, ਗੁਰਪ੍ਰੀਤ ਝੰਡੇਆਣਾ ਸ਼ਰਕੀ, ਬਲਦੇਵ ਕਿਸ਼ਨਪੁਰਾ, ਗੁਰਤੇਜ ਸਿੰਘ, ਲਖਵੀਰ ਕੁੱਕੂ, ਬੱਬੂ ਮਹਿਨਾ, ਗੁਰਪ੍ਰੀਤ ਸਿੰਘ, ਸੇਵਕ ਅਜੀਤਵਾਲ, ਵਿਨੋਦ ਘਾਰੂ, ਜਸਵਿੰਦਰ ਸਿੰਘ ਭਿੰਡਰ, ਲਖਵੀਰ ਡਾਲਾ, ਅਰੁਣ ਕੁਮਾਰ, ਬਲਵੰਤ ਸਿੰਘ ਭਿੰਡਰ ਆਦਿ ਹਾਜ਼ਰ ਸਨ।

# ਫਿਰਕੂ-ਫਾਸ਼ੀਵਾਦੀ, ਕਾਰਪੋਰੇਟ ਪੱਖੀ ਮੋਦੀ-ਸ਼ਾਹ ਸਰਕਾਰ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਕੋਈ ਕਸਰ ਨਹੀਂ ਛੱਡਾਂਗੇ : ਪਾਸਲਾ



**ਬਰਨਾਲਾ (ਪੱਤਰ ਪ੍ਰੇਰਕ)**-"ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐੱਮ.ਪੀ.ਆਈ.) 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਫਿਰਕੂ-ਫਾਸ਼ੀਵਾਦੀ, ਕਾਰਪੋਰੇਟ ਪੱਖੀ ਮੋਦੀ-ਸ਼ਾਹ ਸਰਕਾਰ ਨੂੰ ਕੇਂਦਰੀ ਸੱਤਾ ਤੋਂ ਲਾਂਭੇ ਕਰਨ ਲਈ ਦੇਸ਼ ਦੇ ਸਮੂਹ ਖੱਬੇ, ਜਮਹੂਰੀ, ਧਰਮ ਨਿਰਪੱਖ ਸਿਆਸੀ ਦਲਾਂ, ਲੜਾਕੂ ਸੰਗਠਨਾਂ, ਇਨਸਾਫ ਪਸੰਦ ਤੇ ਅਗਾਂਹਵਧੂ ਸੰਸਥਾਵਾਂ ਤੇ ਬੁੱਧੀਜੀਵੀਆਂ ਦਾ ਏਕਾ ਉਸਾਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ।" ਇਹ ਸ਼ਬਦ ਪਾਰਟੀ ਦੀ ਪੰਜਾਬ ਰਾਜ ਕਮੇਟੀ ਵੱਲੋਂ ਬਰਨਾਲਾ ਦੀ ਅਨਾਜ ਮੰਡੀ ਵਿਖੇ ਸੱਦੀ ਗਈ ਮਾਲਵਾ ਜ਼ੋਨ ਦੀ ਪ੍ਰਭਾਵਸ਼ਾਲੀ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਆਰ.ਐੱਮ.ਪੀ.ਆਈ. ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਕਹੇ।

ਸਾਥੀ ਪਾਸਲਾ ਨੇ ਦੱਸਿਆ ਕਿ ਸਤੰਬਰ ਮਹੀਨੇ ਦੇ ਪਹਿਲੇ ਪੰਦਰਵਾੜੇ ਦੌਰਾਨ ਮੋਦੀ ਸਰਕਾਰ ਨੂੰ ਚਲਦਾ ਕਰਨ ਦਾ ਸੁਨੇਹਾ ਘਰ-ਘਰ ਪੁਚਾਉਣ ਲਈ ਰਾਜ ਕਮੇਟੀ ਵੱਲੋਂ ਸੂਬੇ ਅੰਦਰ ਦੋ ਜੱਥਾ ਮਾਰਚ ਕੀਤੇ ਜਾਣਗੇ, ਜਿਨ੍ਹਾਂ ਦੌਰਾਨ ਕੀਤੀਆਂ ਜਾਣ ਵਾਲੀਆਂ ਸੈਂਕੜੇ ਜਨ ਸਭਾਵਾਂ ਰਾਹੀਂ ਬਦਲਵੀਆਂ, ਲੋਕ ਪੱਖੀ ਨੀਤੀਆਂ ਵਾਲੇ ਹਕੀਕੀ ਰਾਜਨੀਤਕ ਬਦਲ ਦੀ ਰੂਪ ਰੇਖਾ ਵੀ ਲੋਕਾਈ ਸਨਮੁੱਖ ਪੇਸ਼ ਕੀਤੀ ਜਾਵੇਗੀ।

ਉਨ੍ਹਾ ਕਿਹਾ ਕਿ ਅੱਜ ਦੀ ਕਨਵੈਨਸ਼ਨ ਸਮੂਹ ਦੇਸ਼ ਵਾਸੀਆਂ, ਖਾਸ ਕਰਕੇ ਨਾਬਰੀ, ਸਾਂਝੀਵਾਲਤਾ ਤੇ ਬਰਾਬਰੀ ਦੀਆਂ ਮਹਾਨ ਪ੍ਰੰਪਰਾਵਾਂ ਦੇ ਵਾਰਸ ਪੰਜਾਬੀਆਂ ਨੂੰ ਸੱਦਾ ਦਿੰਦੀ ਹੈ ਕਿ ਉਹ ਭਾਰਤ ਨੂੰ ਮੰਨੂਵਾਦੀ ਰਾਜਕੀ ਢਾਂਚੇ ਵਾਲੇ ਧਰਮ ਅਧਾਰਤ ਕੱਟੜ ਰਾਸ਼ਟਰ ਦੀ ਕਾਇਮੀ ਦੇ ਆਰ.ਐੱਸ.ਐੱਸ. ਦੇ ਤਬਾਹਕੁੰਨ ਏਜੰਡੇ ਨੂੰ ਫੇਲ੍ਹ ਕਰਨ ਲਈ ਹਰ ਮੁਹਾਜ 'ਤੇ ਆਰ-ਪਾਰ ਦੇ ਘੋਲ ਵਿੱਢਣ।

ਉਨ੍ਹਾ ਅਪੀਲ ਕਿ ਦੇਸ਼ ਵਾਸੀ ਲਾਸਾਨੀ ਸੁਤੰਤਰਤਾ ਸੰਗਰਾਮੀਆਂ ਦੀਆਂ ਅਦੁੱਤੀ ਸ਼ਹਾਦਤਾਂ ਤੇ ਬੇਮਿਸਾਲ ਕੁਰਬਾਨੀਆਂ ਸਦਕਾ ਹਾਸਲ ਹੋਈ ਆਜ਼ਾਦੀ ਪਿੱਛੋਂ ਕਾਇਮ ਹੋਏ ਦੇਸ਼ ਦੇ ਲੋਕ ਰਾਜੀ, ਧਰਮ ਨਿਰਪੱਖ ਤੇ ਫੈਡਰਲ ਢਾਂਚੇ ਦੀ ਰਾਖੀ ਲਈ ਗਰਜਵੀਂ ਆਵਾਜ਼ ਬੁਲੰਦ ਕਰਨ।

ਕਨਵੈਨਸ਼ਨ ਵੱਲੋਂ ਸੱਦਾ ਦਿੱਤਾ ਗਿਆ ਕਿ ਪੰਜਾਬ ਵਾਸੀ ਸੂਬਿਆਂ ਦੇ ਅਧਿਕਾਰਾਂ ਦੇ ਕੀਤੇ ਜਾ ਰਹੇ ਘਾਣ ਖਿਲਾਫ਼, ਮੋਦੀ ਸਰਕਾਰ ਵੱਲੋਂ ਪੰਜਾਬ ਨਾਲ ਲਗਾਤਾਰ ਕੀਤੇ ਜਾ ਰਹੇ ਧੱਕੇ-ਵਿਤਕਰੇ ਦੇ ਖਾਤਮੇ ਲਈ ਤੇ ਪੰਜਾਬ ਦੇ ਚਿਰਾਂ ਤੋਂ ਲਮਕਦੇ ਆ ਰਹੇ ਮਸਲਿਆਂ ਦੇ ਸਰਵ ਪ੍ਰਵਾਨਿਤ, ਨਿਆਂ ਸੰਗਤ ਹੱਲ ਲਈ ਸਮੂਹ ਪੰਜਾਬੀਆਂ ਦਾ ਜਮਹੂਰੀ ਲੀਹਾਂ 'ਤੇ ਬਾਜ਼ਾਬਤਾ ਘੋਲ ਵਿੱਢਣ ਦੇ ਆਰ ਐੱਮ ਪੀ ਆਈ ਤੇ ਖੱਬੀਆਂ ਧਿਰਾਂ ਦੇ ਸੱਦੇ ਪ੍ਰਤੀ ਹਾਂ-ਪੱਖੀ ਹੁੰਗਾਰਾ ਭਰਨ।

ਸੂਬੇ ਦੀ ਭਗਵੰਤ ਮਾਨ ਸਰਕਾਰ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਮੋਦੀ ਮਾਰਕਾ ਨਿਜੀਕਰਨ, ਉਦਾਰੀਕਰਨ ਦੀਆਂ ਨੀਤੀਆਂ, ਨਸ਼ਾ ਤਸਕਰਾਂ ਤੇ ਮਾਫੀਆ ਗ੍ਰੋਹਾਂ ਦੀ ਪੁਸ਼ਤ ਪਨਾਹੀ ਅਤੇ ਕੇਂਦਰੀ ਸਰਕਾਰ ਦੇ ਨੀਤੀ ਪੈਂਤੜੇ ਬਾਰੇ ਧਾਰੀ ਅਪਰਾਧਕ ਚੁੱਪ ਖਿਲਾਫ਼ ਡੱਟਣ ਦੀ ਅਪੀਲ ਕੀਤੀ ਗਈ।

## ਕਾਤਰਾਂ

### ਲੋਕਾਂ ਦਾ ਕੰਮ ਪਹਿਲ ਦੇ ਅਧਾਰ 'ਤੇ ਕੀਤਾ ਜਾਵੇਗਾ : ਦਿਵਿਆ ਸਿੰਗਲਾ



**ਅਮਲੋਹ, (ਲਖਵੀਰ ਸਿੰਘ)** ਤਹਿਸੀਲਦਾਰ ਦਿਵਿਆ ਸਿੰਗਲਾ ਨੇ ਚਾਰਜ ਸੰਭਾਲਦਿਆਂ ਕਿਹਾ ਕਿ ਇਲਾਕੇ ਦੇ ਲੋਕਾਂ ਨੂੰ ਦਫ਼ਤਰ ਵਿੱਚ ਕੰਮ ਕਾਜ ਕਰਾਉਣ ਵਾਸਤੇ ਕਿਸੇ ਪ੍ਰਕਾਰ ਦੀ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਉਨ੍ਹਾਂ ਦਾ ਕੰਮ ਪਹਿਲ ਦੇ ਆਧਾਰ ਉੱਤੇ ਕੀਤਾ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਕਿਸੇ ਪ੍ਰਕਾਰ ਦੀ ਦਫ਼ਤਰ ਵਿੱਚ ਕੋਈ ਦਿੱਕਤ ਆਉਂਦੀ ਹੈ ਤਾਂ ਮੇਰੇ ਧਿਆਨ ਵਿੱਚ ਜ਼ਰੂਰ ਲਿਆਂਦਾ ਜਾਵੇ, ਉਥੇ ਹੀ ਜੇਕਰ ਦਫ਼ਤਰ ਦਾ ਕੋਈ ਮੁਲਾਜ਼ਮ ਕੰਮ ਵੀ ਕੁਤਾਹੀ ਕਰਦਾ ਪਾਇਆ ਗਿਆ ਤਾਂ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਮੈਨੂੰ ਅਮਲੋਹ ਵਿਖੇ ਤਹਿਸੀਲਦਾਰ ਤਾਇਨਾਤ ਕੀਤਾ ਗਿਆ ਹੈ ਅਤੇ ਆਪਣੀ ਡਿਊਟੀ ਨੂੰ ਇਮਾਨਦਾਰੀ ਨਾਲ ਨਿਭਾਇਆ ਜਾਵੇਗਾ।

### ਮਾਡਰਨ ਕਾਲਜ ਆਫ਼ ਐਜੂਕੇਸ਼ਨ 'ਚ ਕੁਦਰਤ ਸੰਭਾਲ ਦਿਵਸ ਸਮਾਗਮ ਕਰਾਇਆ

**ਚੀਮਾ ਮੰਡੀ, (ਰਵਿੰਦਰ ਚੀਮਾ)** ਮਾਡਰਨ ਕਾਲਜ ਆਫ ਐਜੂਕੇਸ਼ਨ ਬੀਰ ਕਲਾਂ ਵਿਖੇ ਵਿਸ਼ਵ ਕੁਦਰਤ ਸੰਭਾਲ ਦਿਵਸ ਮੌਕੇ ਇਕ ਸਮਾਗਮ ਕਰਾਇਆ ਗਿਆ। ਕਾਲਜ ਦੇ ਪ੍ਰਿੰਸੀਪਲ ਡਾ. ਵੀ.ਕੇ ਰਾਏ ਦੀ ਅਗਵਾਈ ਵਿੱਚ ਕਾਲਜ ਦੇ ਵਿਦਿਆਰਥੀਆਂ ਤੇ ਸਟਾਫ ਵੱਲੋਂ ਕਾਲਜ ਵਿੱਚ ਬੂਟੇ ਲਾਏ ਗਏ। ਇਸ ਤੋਂ ਬਾਅਦ ਪ੍ਰਿੰਸੀਪਲ ਨੇ ਸ਼ਾਮਲ ਸਾਰੇ ਹੀ ਵਿਦਿਆਰਥੀਆਂ ਨੂੰ ਕੁਦਰਤ ਨੂੰ ਸੰਭਾਲ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਕੁਦਰਤ ਤੇ ਵਾਤਾਵਰਨ ਦੀ ਸੰਭਾਲ ਲਈ ਸਰਕਾਰਾਂ ਬਹੁਤ ਉਪਰਾਲੇ ਕਰ ਰਹੀਆਂ ਹਨ, ਪਰ ਇਸਦੇ ਨਾਲ ਨਾਲ ਇਹ ਭਾਰਤ ਦੇ ਹਰੇਕ ਨਾਗਰਿਕ ਦਾ ਹੱਕ ਬਣਦਾ ਹੈ ਕਿ ਇਸ ਵਿੱਚ ਯੋਗਦਾਨ ਪਾਵੇ। ਸਾਨੂੰ ਅਪਣੇ ਘਰਾਂ ਵਿੱਚ, ਵਿਹੜੇ ਵਿੱਚ ਅਤੇ ਆਲੇ ਦੁਆਲੇ ਵੀ ਬੂਟੇ ਲਾਉਣੇ ਚਾਹੀਦੇ ਹਨ। ਇਸਦੇ ਨਾਲ ਹੀ ਸਾਫ ਸਫਾਈ ਵੱਲ ਧਿਆਨ ਹੋਣਾ ਵੀ ਬਹੁਤ ਜ਼ਰੂਰੀ ਹੈ।

ਡਾ. ਨਵਜੋਤ ਕੌਰ ਨੇ ਸਾਰੇ ਵਿਦਿਆਰਥੀਆਂ ਨੂੰ ਘਰ ਦੇ ਬਾਹਰ ਦੀ ਸਫਾਈ ਰੱਖਣ ਤੇ ਹਰ ਇੱਕ ਵਿਦਿਆਰਥੀ ਨੂੰ ਬੂਟੇ ਲਾਉਣ ਅਤੇ ਉਨ੍ਹਾਂ ਦੀ ਸੰਭਾਲ ਰੱਖਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਕਾਲਜ ਦੇ ਸਮੂਹ ਅਧਿਆਪਕਾਂ ਸਹਿਤ ਸਾਰੇ ਹੀ ਵਿਦਿਆਰਥੀ ਸ਼ਾਮਲ ਸਨ।

### ਸੇਵਾ ਕੇਂਦਰ ਮੁਲਾਜ਼ਮਾਂ ਨੇ ਦਿੱਤਾ ਕੈਬਨਿਟ ਮੰਤਰੀ ਨੂੰ ਮੰਗ ਪੱਤਰ

**ਸੰਗਰੂਰ (ਪ੍ਰਵੀਨ ਸਿੰਘ)**-ਸੇਵਾ ਕੇਂਦਰ ਮੁਲਾਜ਼ਮ ਯੂਨੀਅਨ, ਪੰਜਾਬ (ਅਕਬਰਪੁਰ) ਨੇ ਮੁਲਾਜ਼ਮਾਂ ਦੀਆਂ ਦਰਪੇਸ਼ ਸਮੱਸਿਆਵਾਂ ਤੇ ਮੰਗਾਂ ਨੂੰ ਲੈ ਕੇ ਇੱਕ ਮੰਗ ਪੱਤਰ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੂੰ ਦਿੱਤਾ। ਜਥੇਬੰਦੀ ਨੇ ਮੰਗ-ਪੱਤਰ ਰਾਹੀਂ ਸੇਵਾ ਕੇਂਦਰ ਮੁਲਾਜ਼ਮਾਂ ਨੂੰ ਰੈਗੂਲਰ ਕਰਨ, ਤਨਖਾਹਾਂ 'ਚ ਵਾਧਾ ਕਰਨ, ਗਜ਼ਟਿਡ ਛੁੱਟੀਆਂ ਮੁਲਾਜ਼ਮਾਂ ਉੱਤੇ ਲਾਗੂ ਕਰਨ ਅਤੇ ਠੇਕਾ ਨਿੱਜੀ ਕੰਪਨੀਆਂ ਨੂੰ ਨਾ ਦੇਣ ਦੇ ਮੁੱਦੇ ਨੂੰ ਜ਼ੋਰ ਨਾਲ ਉਭਾਰਿਆ। ਜਥੇਬੰਦੀ ਦੇ ਸੂਬਾ ਸਰਪ੍ਰਸਤ ਅਵਤਾਰ ਅਕਬਰਪੁਰ, ਸੰਗਰੂਰ ਅਤੇ ਸੂਬਾ ਪ੍ਰਧਾਨ ਬਲਜਿੰਦਰ ਸਿੰਘ ਖਿਆਲੀ ਚਹਿਲਾਂਵਾਲੀ (ਮਾਨਸਾ) ਉੱਤੇ ਅਧਾਰਤ ਵਫ਼ਦ ਨੇ ਇਸ ਸਬੰਧੀ ਸੇਵਾ ਕੇਂਦਰ ਮੁਲਾਜ਼ਮਾਂ ਦੀਆਂ ਮੰਗਾਂ ਤੇ ਮਸਲੇ ਕੈਬਨਿਟ ਮੰਤਰੀ ਸ਼੍ਰੀ ਅਰੋੜਾ ਦੇ ਧਿਆਨ 'ਚ ਲਿਆਂਦੇ, ਜਿਸ ਉੱਤੇ ਸ਼੍ਰੀ ਅਰੋੜਾ ਨੇ ਜਲਦ ਉਪਰੋਕਤ ਤੱਥਾਂ ਉਤੇ ਵਿਚਾਰ ਕਰਕੇ ਹੱਲ ਕਰਨ ਦਾ ਭਰੋਸਾ ਦਿੱਤਾ।

# ਲੜਕੀ ਦੀ ਲਾਸ਼ ਨੂੰ ਥਾਣੇ ਅੱਗੇ ਰੱਖ ਕੇ ਪੁਲਸ ਦਾ ਕੀਤਾ ਪਿੱਟ ਸਿਆਪਾ

## ਪੀੜਤ ਪਰਵਾਰ ਵੱਲੋਂ ਪੁਲਸ 'ਤੇ ਦੋਸ਼ੀਆਂ ਨੂੰ ਬਚਾਉਣ ਦੇ ਦੋਸ਼



**ਦਿੜ੍ਹਬਾ, (ਜਸਵੀਰ ਲਾਡੀ)**-ਥਾਣਾ ਛਾਜਲੀ ਅੱਗੇ ਇੱਕ ਲੜਕੀ ਦੀ ਲਾਸ਼ ਨੂੰ ਰੱਖ ਕੇ ਲਹਿਰਾਂ-ਸੁਨਾਮ ਰੋਡ ਜਾਮ ਕਰਕੇ ਪੁਲਸ ਦਾ ਪਿੱਟ ਸਿਆਪਾ ਕੀਤਾ ਗਿਆ। ਧਰਨਾਕਾਰੀ ਪੁਲਸ 'ਤੇ ਦੋਸ਼ ਲਾ ਰਹੇ ਹਨ ਕਿ ਦੋਸ਼ੀਆਂ 'ਤੇ ਨਰਮ ਧਾਰਾ ਲਾ ਕੇ ਦੋਸ਼ੀਆਂ ਨੂੰ ਬਚਾਉਣਾ ਚਾਹੁੰਦੀ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਦੋਸ਼ੀਆਂ ਤੇ 302 ਦਾ ਪਰਚਾ ਦਰਜ ਕੀਤਾ ਜਾਵੇ ਤੇ ਰਹਿੰਦੇ ਦੋਸ਼ੀਆਂ ਨੂੰ ਪਰਚੇ 'ਚ ਸ਼ਾਮਲ ਕੀਤਾ ਜਾਵੇ।

ਪਰਮਜੀਤ ਕੌਰ ਪਤਨੀ ਜਗਸੀਰ ਸਿੰਘ ਵਾਸੀ ਬਾਸੀਅਰਖ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਸ ਦੀ ਲੜਕੀ ਖੁਸ਼ਪ੍ਰੀਤ ਕੌਰ ਦਾ ਵਿਆਹ ਪੰਜ ਮਹੀਨੇ ਪਹਿਲਾਂ ਹਰਮਨ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਰਟੋਲ ਨਾਲ ਹੋਇਆ ਸੀ। ਵਿਆਹ ਤੋਂ ਕੁਝ ਸਮਾਂ ਬਾਅਦ ਹੀ ਉਸ ਦਾ ਪਤੀ ਹਰਮਨ ਸਿੰਘ ਉਸ ਦੀ ਕੁੱਟ-ਮਾਰ ਤੇ ਤੰਗ ਪ੍ਰੇਸ਼ਾਨ ਕਰਨ ਲੱਗ ਗਿਆ ਸੀ, ਕਿਉਂਕਿ ਹਰਮਨ ਸਿੰਘ ਦੇ ਕਿਸੇ ਹੋਰ ਕੁੜੀ ਨਾਲ ਸੰਬੰਧ ਹਨ। ਮੇਰੀ ਲੜਕੀ ਮੈਨੂੰ ਕਹਿੰਦੀ ਰਹਿੰਦੀ ਸੀ "ਮੈਂ ਇਸ ਤੋਂ ਤੰਗ ਆ ਕੇ ਕਿਸੇ ਦਿਨ ਆਪਣੀ ਜ਼ਿੰਦਗੀ ਖਤਮ ਕਰ ਲਵਾਂਗੀ, "ਸੋ ਉਸ ਨੇ ਪੱਖੇ ਨਾਲ ਫਾਹਾ ਲੈ ਕੇ ਆਪਣੀ ਜ਼ਿੰਦਗੀ ਖਤਮ ਕਰ ਲਈ ਹੈ। ਥਾਣਾ ਛਾਜਲੀ ਦੇ ਮੁਖੀ ਸ੍ਰੀ ਪ੍ਰਤੀਕ ਜਿੰਦਲ ਨੇ ਦੱਸਿਆ ਕਿ ਹਰਮਨ ਸਿੰਘ ਪੁੱਤਰ ਦਰਸ਼ਨ ਸਿੰਘ ਦੇ ਖਿਲਾਫ ਐੱਫ. ਆਈ. ਆਰ. ਦਰਜ ਕਰਕੇ 306 ਆਈ.ਪੀ.ਸੀ. ਧਾਰਾ ਤਹਿਤ ਪਰਚਾ ਦਰਜ ਕਰ ਦਿੱਤਾ ਹੈ ਤੇ ਕਿਸੇ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ। ਧਰਨਾਕਾਰੀਆਂ ਨਾਲ ਗੱਲਬਾਤ ਕਰਨ ਲਈ ਡੀ. ਐੱਸ. ਪੀ. ਸਲੂਰ ਘਰਾਟ ਸ੍ਰ. ਪ੍ਰਿਥਵੀ ਸਿੰਘ ਚਾਹਲ ਵਿਸ਼ੇਸ਼ ਤੌਰ 'ਤੇ ਪਹੁੰਚੇ, ਪਰ ਖਬਰ ਲਿਖੇ ਜਾਣ ਤੱਕ ਗੱਲ ਕਿਸੇ ਕਿਨਾਰੇ ਨਹੀਂ ਲੱਗੀ।

# ਕ੍ਰਿਸ਼ੀ ਵਿਗਿਆਨ ਕੇਂਦਰ ਵਿਖੇ ਕਿਸਾਨਾਂ ਲਈ ਵੈੱਬ ਟੈਲੀਕਾਸਟ

**ਸਮਰਾਲਾ, (ਸੁਰਜੀਤ ਸਿੰਘ)** ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਆਈ.ਸੀ.ਏ.ਆਰ. ਅਟਾਰੀ ਜ਼ੋਨ-1, ਲੁਧਿਆਣਾ ਤੇ ਨਿਰਦੇਸ਼ਕ ਪਸਾਰ ਸਿੱਖਿਆ, ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ ਦੀ ਅਗਵਾਈ ਹੇਠ ਕੇ.ਵੀ.ਕੇ. ਵਿਖੇ ਪੀ.ਐਮ ਕਿਸਾਨ ਸਕੀਮ ਅਧੀਨ ਮਾਣਯੋਗ ਪ੍ਰਧਾਨ ਮੰਤਰੀ, ਭਾਰਤ ਵੱਲੋਂ ਕਿਸਾਨਾਂ ਲਈ ਚੌਦਵੀਂ ਕਿਸ਼ਤ ਜਾਰੀ ਕਰਨ ਲਈ ਕਰਾਏ ਗਏ ਪ੍ਰੋਗਰਾਮ ਦਾ ਵੈੱਬ ਟੈਲੀਕਾਸਟ ਕਰਾਇਆ ਗਿਆ। ਪ੍ਰੋਗਰਾਮ ਵਿੱਚ ਸਮਰਾਲਾ ਤੇ ਨਾਲ ਲੱਗਦੇ ਪਿੰਡਾਂ ਤੋਂ ਲਗਭਗ 87 ਕਿਸਾਨਾਂ ਅਤੇ ਕਿਸਾਨ ਬੀਬੀਆਂ ਨੇ ਭਾਗ ਲਿਆ। ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਇੰਜੀ. ਕਰੁਣ ਸ਼ਰਮਾ, ਸਹਾਇਕ ਪ੍ਰੋਫ਼ੈਸਰ (ਐਗਰੀ ਇੰਜੀ) ਨੇ ਕਿਸਾਨਾਂ ਨੂੰ ਇਸ ਸਕੀਮ ਬਾਰੇ ਜਾਣੂ ਕਰਾਇਆ। ਡਾ. ਹਰਸ਼ਨੀਤ ਸਿੰਘ ਸਹਾਇਕ ਪ੍ਰੋਫ਼ੈਸਰ (ਭੂਮੀ ਵਿਗਿਆਨ) ਨੇ ਕਿਸਾਨਾਂ ਨਾਲ ਮਿੱਟੀ ਪਰਖ਼ ਸੰਬੰਧੀ ਵਿਚਾਰ ਸਾਂਝੇ ਕੀਤੇ। ਡਾ. ਜਗਦੀਪ ਕੌਰ, ਸਹਾਇਕ ਪ੍ਰੋਫ਼ੈਸਰ, (ਪੌਦ ਸੁਰੱਖਿਆ) ਨੇ ਕਿਸਾਨਾਂ ਨਾਲ ਕਿੰਨੂ, ਅਮਰੂਦ ਅਤੇ ਹੋਰ ਫ਼ਲਦਾਰ ਬੂਟਿਆਂ ਦੀਆਂ ਬਿਮਾਰੀਆਂ ਬਾਰੇ ਵਿਚਾਰ ਸਾਂਝੇ ਕੀਤੇ। ਇਸ ਤੋਂ ਇਲਾਵਾ ਅਗਾਂਹਵਧੂ ਕਿਸਾਨ ਰਜਿੰਦਰ ਸਿੰਘ ਨੇ ਕਿਸਾਨਾਂ ਨੂੰ ਕਿਸਾਨ ਸਮੂਹ ਤੇ ਕਿਸਾਨ ਉਤਪਾਦਕ ਸੰਗਠਨਾਂ ਨਾਲ ਜੁੜਨ ਦੀ ਅਪੀਲ ਕੀਤੀ ਅਤੇ ਪਿੰਡ ਬੌਂਦਲੀ ਤੋਂ ਸੈਕਟਰੀ ਹੁਸ਼ਿਆਰ ਸਿੰਘ ਨੇ ਪਿੰਡਾਂ ਵਿੱਚ ਚਲਾਈਆਂ ਜਾ ਰਹੀਆਂ ਸੁਸਾਇਟੀਆਂ ਅਤੇ ਉਨ੍ਹਾਂ ਦੇ ਕਿਸਾਨਾਂ ਨੂੰ ਫ਼ਾਇਦਿਆਂ ਬਾਰੇ ਦੱਸਿਆ। ਪ੍ਰੋਗਰਾਮ ਦੇ ਅੰਤ ਵਿੱਚ ਇੰਜੀ. ਕਰੁਣ ਸ਼ਰਮਾ, ਇੰਚਾਰਜ ਕੇ.ਵੀ.ਕੇ ਸਮਰਾਲਾ ਨੇ ਸਾਰੇ ਆਏ ਹੋਏ ਕਿਸਾਨਾਂ ਦਾ ਧੰਨਵਾਦ ਕੀਤਾ ਅਤੇ ਕਿਸਾਨਾਂ ਨੂੰ ਨਿੰਬੂ, ਅਮਰੂਦ ਅਤੇ ਆਂਵਲੇ ਦੇ ਫ਼ਲਦਾਰ ਬੂਟੇ ਵੀ ਵੰਡੇ ਗਏ।



# ਪੁਲਸ ਤੋਂ ਬੇਖੌਫ ਚੋਰਾਂ ਨੇ ਇਕੋ ਰਾਤ ਦੋ ਦੁਕਾਨਾਂ ਲੁੱਟੀਆਂ

## 5 ਲੱਖ ਦੀ ਨਕਦੀ ਤੇ ਹੋਰ ਸਾਮਾਨ ਚੋਰੀ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸਮਾਣਾ ਵਿਖੇ ਚੋਰਾਂ ਦੇ ਹੌਸਲੇ ਦਿਨੋਂ ਦਿਨ ਬੁਲੰਦ ਹੁੰਦੇ ਜਾ ਰਹੇ ਹਨ, ਚੋਰਾਂ 'ਚ ਪੁਲਸ ਪ੍ਰਸ਼ਾਸਨ ਦਾ ਡਰ ਖਤਮ ਹੋ ਚੁੱਕਾ ਜਾਪਦਾ ਹੈ, ਚੋਰ ਬੇਖੌਫ ਹੋ ਕੇ ਚੋਰੀਆਂ ਨੂੰ ਅੰਜਾਮ ਦੇ ਰਹੇ ਹਨ। ਬੀਤੀ ਰਾਤ ਚੋਰਾਂ ਵੱਲੋਂ ਰਾਜਲਾ ਰੋਡ 'ਤੇ ਸਥਿਤ ਦੋ ਦੁਕਾਨਾਂ 'ਤੇ ਅੱਧੀ ਰਾਤ ਵੇਲੇ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੰਦੇ ਹੋਏ ਦੋਵੇਂ ਦੁਕਾਨਾਂ ਵਿੱਚੋਂ ਤਕਰੀਬਨ 5 ਲੱਖ ਦੇ ਕਰੀਬ ਨਕਦ ਰਾਸ਼ੀ ਤੇ ਹੋਰ ਸਾਮਾਨ ਚੋਰੀ ਕਰ ਲਿਆ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦੇ ਦੁਕਾਨਾਂ ਦੇ ਮਾਲਕਾਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਜਦੋਂ ਸਵੇਰੇ ਉਹ ਦੁਕਾਨਾਂ 'ਤੇ ਪੁੱਜੇ ਤੇ ਦੁਕਾਨਾਂ ਖੋਲ੍ਹੀਆਂ ਤਾਂ ਉਨ੍ਹਾਂ ਦੇਖਿਆ ਕਿ ਕਾਊਂਟਰਾਂ ਤੇ ਦਰਵਾਜ਼ਿਆਂ ਦੇ ਤਾਲੇ ਟੁੱਟੇ ਹੋਏ ਸਨ ਅਤੇ ਦੁਕਾਨਾਂ ਵਿੱਚ ਰੱਖੀ ਨਕਦ ਰਾਸ਼ੀ ਗਾਇਬ ਸੀ। ਦੁਕਾਨਦਾਰਾਂ ਦੇ ਦੱਸਣ ਮੁਤਾਬਿਕ ਚੋਰ ਛੱਤਾਂ ਰਾਹੀ ਦੁਕਾਨਾਂ ਵਿੱਚ ਦਾਖਲ ਹੋਏ, ਇਹ ਸਾਰੀ ਘਟਨਾ ਸੀ ਸੀ ਟੀ ਵੀ ਕੈਮਰਿਆਂ ਵਿੱਚ ਕੈਦ ਹੋ ਗਈ ਹੈ, ਜਿਸ ਦੀ ਰਿਕਾਰਡਿੰਗ ਪੁਲਸ ਪ੍ਰਸ਼ਾਸਨ ਨੂੰ ਦੇ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਇਨ੍ਹਾਂ ਵਿੱਚੋਂ ਇੱਕ ਦੁਕਾਨਦਾਰ 'ਚ ਤਕਰੀਬਨ ਇੱਕ ਸਾਲ ਪਹਿਲਾਂ ਵੀ ਚੋਰੀ ਹੋਈ ਸੀ, ਜਿਸ ਦੀ ਅਜੇ ਤੱਕ ਕੋਈ ਵੀ ਉੱਘ ਸੁੱਘ ਨਹੀਂ ਲੱਗ ਸਕੀ। ਦੁਕਾਨ ਦੇ ਮਾਲਕਾਂ ਦੀਪਕ ਗਰਗ (ਜੈ ਸਤੀ ਮਾਂ ਕਰਿਆਨਾ ਮਰਚੈਂਟਸ) ਤੇ ਸਿਟੀ ਇੰਟੀਰੀਅਰ ਦੇ ਮਾਲਕ ਸਰਬਜੀਤ ਸਿੰਘ ਤੁਲੀ ਵੱਲੋਂ ਪ੍ਰਸ਼ਾਸਨ ਤੋਂ ਮੰਗ ਕੀਤੀ ਗਈ ਹੈ ਕਿ ਜਲਦ ਤੋਂ ਜਲਦ ਚੋਰੀ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਚੋਰਾਂ ਨੂੰ ਕਾਬੂ ਕਰਕੇ ਉਨ੍ਹਾਂ ਦੀ ਚੋਰੀ ਦੀ ਭਰਪਾਈ ਕਰਵਾਈ ਜਾਵੇ।

# ਹੈਪੇਟਾਈਟਸ ਤੋਂ ਬਚਣ ਲਈ ਇਲਾਜ ਦੇ ਨਾਲ ਬਚਾਅ ਵੀ ਜ਼ਰੂਰੀ : ਡਾ. ਬਲਕਾਰ ਸਿੰਘ



**ਜ਼ੀਰਾ (ਨਰਿੰਦਰ ਅਨੇਜਾ)**-ਹਰ ਸਾਲ ਵਿਸ਼ਵ ਵਿੱਚ ਲੱਖਾਂ ਲੋਕ ਹੈਪੇਟਾਈਟਸ (ਕਾਲਾ ਪੀਲੀਆ) ਬਿਮਾਰੀ ਨਾਲ ਆਪਣੀ ਜਾਨ ਗਵਾ ਬੈਠਦੇ ਹਨ, ਜਦੋਂ ਕਿ ਇਸ ਬੀਮਾਰੀ ਦਾ ਸਹੀ ਸਮੇਂ ਤੇ ਜਾਂਚ ਕਰਵਾ ਕੇ ਇਸ ਦਾ ਇਲਾਜ ਕੀਤਾ ਜਾ ਸਕਦਾ ਹੈ ਤੇ ਇਸ ਬੀਮਾਰੀ ਨਾਲ ਹੋਣ ਵਾਲੀਆਂ ਮੌਤਾਂ ਨੂੰ ਰੋਕਿਆ ਜਾ ਸਕਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਡਾ. ਬਲਕਾਰ ਸਿੰਘ ਸੀਨੀਅਰ ਮੈਡੀਕਲ ਅਫਸਰ ਪੀ ਐੱਚ ਸੀ ਕੱਸੋਆਨਾ ਨੇ ਦੱਸਿਆ ਕਿ ਵਿਸ਼ਵ ਹੈਪੇਟਾਈਟਸ ਦਿਵਸ ਹਰ ਸਾਲ 28 ਜੁਲਾਈ ਨੂੰ ਦੁਨੀਆ ਭਰ ਵਿੱਚ ਮਨਾਇਆ ਜਾਂਦਾ ਹੈ। ਇਸ ਮੁਹਿੰਮ ਤਹਿਤ ਬਲਾਕ ਪੀ ਐੱਚ ਸੀ ਕੱਸੋਆਨਾ ਵਿੱਚ ਪੈਂਦੇ ਸਿਹਤ ਕੇਂਦਰਾਂ ਤੇ ਲੋਕਾਂ ਨੂੰ ਜਾਗਰੂਕਤਾ ਸੈਮੀਨਾਰ ਲਗਾ ਕੇ ਜਾਗਰੂਕ ਕੀਤਾ ਗਿਆ। ਇਸ ਦੌਰਾਨ ਜਾਣਕਾਰੀ ਦਿੰਦੇ ਹੋਏ ਵਿਕਰਮਜੀਤ ਸਿੰਘ ਬਲਾਕ ਐਜੂਕੇਟਰ ਨੇ ਦੱਸਿਆ ਕਿ ਹੈਪੇਟਾਈਟਸ ਜਿਗਰ ਦੀ ਬੀਮਾਰੀ ਹੈ, ਜੋ ਵਾਇਰਸ ਕਾਰਨ ਹੁੰਦੀ ਹੈ। ਹੈਪੇਟਾਈਟਸ ਪੰਜ ਤਰ੍ਹਾਂ ਦਾ ਹੁੰਦਾ ਹੈ, ਜਿਸ ਵਿੱਚ ਹੈਪੇਟਾਈਟਸ ਏ, ਬੀ, ਸੀ, ਡੀ ਤੇ ਈ ਹਨ।

ਹੈਪੇਟਾਈਟਸ ਏ ਤੇ ਈ ਕਿਸਮ ਦੂਸ਼ਿਤ ਪਾਣੀ ਤੇ ਗਲੇ ਸੜੇ ਫਲ ਖਾਣ ਨਾਲ ਤੇ ਮੱਖੀਆਂ ਦੁਆਰਾ ਦੂਸ਼ਿਤ ਕੀਤੇ ਭੋਜਨ ਖਾਣ ਅਤੇ ਬਿਨਾਂ ਹੱਥ ਧੋਤੇ ਭੋਜਨ ਖਾਣ ਨਾਲ ਹੁੰਦਾ ਹੈ। ਹੈਪੇਟਾਈਟਸ ਬੀ ਤੇ ਸੀ ਦੂਸ਼ਿਤ ਖੂਨ ਚੜ੍ਹਾਉਣ ਨਾਲ, ਨਸ਼ੇ ਦੇ ਆਦੀ ਲੋਕਾਂ ਵੱਲੋਂ ਸਾਂਝੀਆਂ ਸੂਈਆਂ ਵਰਤਨ ਨਾਲ, ਟੈਟੂ ਬਣਵਾਉਣ ਨਾਲ, ਗ੍ਰਸਤ ਮਾਂ ਤੋਂ ਬੱਚੇ ਨੂੰ, ਗ੍ਰਸਤ ਵਿਅਕਤੀਆਂ ਨਾਲ ਸਰੀਰਕ ਸਬੰਧ ਬਣਾਉਣ ਨਾਲ ਹੋ ਸਕਦਾ ਹੈ। ਹੈਪੇਟਾਈਟਸ ਦੇ ਲੱਛਣ ਬੁਖਾਰ, ਭੁੱਖ ਨਾ ਲੱਗਣਾ, ਜਿਗਰ ਦਾ ਕੈਂਸਰ, ਪਿਸ਼ਾਬ ਦਾ ਪੀਲਾ ਹੋਣਾ ਹੋ ਸਕਦੇ ਹਨ। ਇਸ ਬੀਮਾਰੀ ਤੋਂ ਬਚਾਅ ਬਾਰੇ ਉਨ੍ਹਾਂ ਦੱਸਿਆ ਕਿ ਸੂਈਆਂ ਦਾ ਸਾਂਝਾ ਇਸਤੇਮਾਲ ਨਾ ਕਰੋ, ਮਨਜ਼ੂਰਸ਼ੁਦਾ ਬਲੱਡ ਬੈਂਕ ਤੋਂ ਖੂਨ ਲਗਵਾਉਣਾ, ਸੁਰੱਖਿਅਤ ਸੰਭੋਗ, ਮੇਲਿਆਂ ਵਿੱਚ ਟੈਟੂ ਨਾ ਬਣਵਾਓ ਤੇ ਸਾਫ ਪਾਣੀ ਦੀ ਵਰਤੋਂ, ਖਾਣ ਪੀਣ ਦੀਆਂ ਵਸਤਾਂ ਤਾਜ਼ੀਆਂ ਤੇ ਸਾਫ ਹੋਣ ਆਦਿ ਤਰੀਕਿਆਂ ਨਾਲ ਹੈਪੇਟਾਈਟਸ ਤੋਂ ਬਚਾਅ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਹੈਪੇਟਾਈਟਸ ਸੀ ਦਾ ਇਲਾਜ ਸਰਕਾਰੀ ਹਸਪਤਾਲਾਂ ਵਿੱਚ ਮੁਫਤ ਕੀਤਾ ਜਾਂਦਾ ਹੈ। ਇਸ ਦੌਰਾਨ ਸਿਹਤ ਵਰਕਰ ਤੇ ਹੋਰ ਲੋਕ ਹਾਜ਼ਰ ਸਨ।

# ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੀ ਮੀਟਿੰਗ ਅੱਜ

**ਜਲਾਲਾਬਾਦ, (ਜੀਤ ਕੁਮਾਰ)** ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਜ਼ਿਲ੍ਹਾ ਫ਼ਾਜ਼ਿਲਕਾ ਦੇ ਬਲਾਕ ਜਲਾਲਾਬਾਦ, ਗੁਰੂਹਰਸਹਾਏ, ਅਰਨੀਵਾਲਾ ਤਿੰਨ ਬਲਾਕਾਂ ਦੀ ਵਿਸ਼ੇਸ਼ ਮੀਟਿੰਗ 29 ਜੁਲਾਈ ਨੂੰ ਸਵੇਰੇ 11 ਵਜੇ ਮਾਰਕੀਟ ਕਮੇਟੀ ਦਫਤਰ ਵਿੱਚ ਰੱਖੀ ਗਈ ਹੈ। ਜ਼ਿਲ੍ਹਾ ਪ੍ਰਧਾਨ ਗੁਰਭੇਜ ਸਿੰਘ ਰੋਹੀਵਾਲਾ ਨੇ ਸਾਰੇ ਚੁਣੇ ਹੋਏ ਬਲਾਕ ਦੇ ਨੁਮਾਇੰਦੇ ਅਤੇ ਸਮੂਹ ਪਿੰਡਾਂ ਦੀਆਂ ਇਕਾਈ ਪ੍ਰਧਾਨ/ਸਕੱਤਰ ਜਾਂ ਇਕਾਈ ਦਾ ਅਹੁਦੇਦਾਰ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਹ ਵਿਸ਼ੇਸ਼ ਮੀਟਿੰਗ ਮਣੀਪੁਰ ਵਿੱਚ ਭੈਣਾਂ ਨਾਲ ਹੋਏ ਘਿਨਾਉਣੇ ਤੇ ਸ਼ਰਮਸਾਰ ਵਰਤਾਰੇ ਤੇ 6 ਅਗਸਤ ਨੂੰ ਹੋਣ ਵਾਲੇ ਐਕਸ਼ਨ ਵਿੱਚ ਸ਼ਾਮਲ ਹੋਣ ਅਤੇ ਹੋਰ ਜ਼ਰੂਰੀ ਏਜੰਡਿਆਂ 'ਤੇ ਵੀ ਗੱਲਬਾਤ ਕੀਤੀ ਜਾਵੇਗੀ।

### ਸੂਬਾ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਦਾ ਪੁਤਲਾ ਫੂਕਿਆ

**ਮਾਨਸਾ/ਝੁਨੀਰ (ਪਮਾਰ)** ਪੰਜਾਬ ਵਿੱਚ ਚੱਲ ਰਹੀ ਨਸ਼ਾ ਵਿਰੋਧੀ ਲਹਿਰ ਨੂੰ ਅੱਗੇ ਵਧਾਉਂਦੇ ਹੋਏ ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਵੱਲੋਂ ਝੁਨੀਰ ਬਲਾਕ ਦੇ ਪਿੰਡ ਰਾਮਾਨੰਦੀ ਵਿੱਚ ਕਿਸਾਨਾਂ-ਮਜ਼ਦੂਰਾਂ ਦਾ ਭਾਰੀ ਇਕੱਠ ਕੀਤਾ ਗਿਆ ਅਤੇ ਸੂਬਾ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਦਾ ਪੁਤਲਾ ਫੂਕਿਆ ਗਿਆ। ਇਕੱਠ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਅਕਲੀਆ ਨੇ ਕਿਹਾ ਕਿ ਆਮ ਆਦਮੀ ਦੀ ਸਰਕਾਰ ਨੂੰ ਸੱਤਾ ਵਿੱਚ ਆਇਆਂ ਕਰੀਬ ਡੇਢ ਸਾਲ ਹੋ ਚੁੱਕਿਆ ਹੈ, ਪਰ ਤਿੰਨ ਮਹੀਨਿਆਂ ਵਿੱਚ ਨਸ਼ੇ ਦਾ ਲੱਕ ਤੋੜਨ ਵਾਲੀ ਸਰਕਾਰ ਨਸ਼ੇ ਦਾ ਵਪਾਰ ਰੋਕਣ ਵਿੱਚ ਨਖਿੱਧ ਸਿੱਧ ਹੋਈ ਹੈ, ਬਲਕਿ ਨਸ਼ਾ ਸੌਦਾਗਰਾਂ ਦੇ ਹੌਸਲੇ ਹੋਰ ਬੁਲੰਦ ਹੋਏ ਹਨ। ਉਨ੍ਹਾਂ ਕਿਹਾ ਕਿ ਆਉਂਦੀ 14 ਅਗਸਤ ਨੂੰ ਪਰਵਿੰਦਰ ਸਿੰਘ ਝੋਟੇ ਨਾਲ ਹੋਈ ਬੇਇਨਸਾਫ਼ੀ ਅਤੇ ਨਸ਼ਾ ਵਿਰੋਧੀ ਕਾਨਫਰੰਸ ਵਿੱਚ ਵੱਡੀ ਗਿਣਤੀ ਵਿੱਚ ਪਹੁੰਚਿਆ ਜਾਵੇ। ਇਸ ਮੌਕੇ ਮੱਖਣ ਸਿੰਘ ਭੈਣੀ ਬਾਘਾ ਸਮੇਤ ਬਲਵਿੰਦਰ ਸ਼ਰਮਾ, ਗੁਰਾ ਸਿੰਘ ਭਲਾਈਕੇ, ਜਰਨੈਲ ਸਿੰਘ, ਕਾਲਾ ਸਿੰਘ, ਤੇਜਾ ਸਿੰਘ ਰਾਮਾਨੰਦੀ ਆਦਿ ਮੌਜੂਦ ਰਹੇ।

# ਬਾਰਸ਼ਾਂ ਦੇ ਮੌਸਮ ਦੌਰਾਨ ਕੱਚੇ ਮਕਾਨ 'ਚ ਡਰ ਡਰ ਕੇ ਦਿਨ ਕੱਟ ਰਿਹੈ ਗਰੀਬ ਪਰਵਾਰ

## ਸੀ ਪੀ ਆਈ ਮੈਂਬਰਾਂ ਵੱਲੋਂ ਸਰਕਾਰ ਤੋਂ ਪਰਵਾਰ ਦੀ ਮਦਦ ਕਰਨ ਦੀ ਮੰਗ



**ਮੱਖੂ (ਰਛਪਾਲ ਸਿੰਘ ਸੰਧੂ) :** ਸਰਕਾਰਾਂ ਵੱਲੋਂ ਵੱਡੇ ਵੱਡੇ ਦਾਅਵੇ ਕੀਤੇ ਜਾ ਰਹੇ ਹਨ ਕਿ ਜਿਨ੍ਹਾਂ ਲੋਕਾਂ ਦੇ ਕੱਚੇ ਮਕਾਨ ਹਨ, ਉਨ੍ਹਾਂ ਨੂੰ ਪੱਕੇ ਮਕਾਨ ਬਣਾ ਕੇ ਦਿੱਤੇ ਜਾ ਰਹੇ ਹਨ। ਕਿਸੇ ਨੂੰ ਵੀ ਕੱਚੇ ਮਕਾਨ ਵਿੱਚ ਨਹੀਂ ਰਹਿਣ ਦਿੱਤਾ ਜਾਵੇਗਾ, ਪਰ ਬਲਾਕ ਮੱਖੂ ਦੇ ਪਿੰਡ ਮਾਹਲੇਵਾਲਾ ਦੇ ਵਸਨੀਕ ਸੁਰਜੀਤ ਸਿੰਘ ਪੁੱਤਰ ਮਹਿੰਗਾ ਸਿੰਘ ਆਪਣੀ ਪਤਨੀ, ਪੁੱਤਰ, ਨੂੰਹ ਤੇ ਪੋਤਰੇ-ਪੋਤਰੀਆਂ ਨਾਲ ਕੱਚੀ ਮਿੱਟੀ ਦੇ ਬਣੇ ਦੋ ਕਮਰਿਆਂ ਦੇ ਮਕਾਨ ਵਿੱਚ ਰਹਿ ਰਹੇ ਹਨ। ਮਕਾਨ ਕੱਚੀਆਂ ਕੰਧਾਂ ਤੇ ਬਲੀਆਂ ਦੇ ਸਹਾਰੇ ਖੜੀ ਛੱਤ ਹੋਣ ਕਾਰਨ ਪਰਿਵਾਰ ਵਾਲਿਆਂ ਵਿੱਚ ਛੱਤ ਡਿੱਗਣ ਦਾ ਡਰ ਬਣਿਆ ਰਹਿੰਦਾ ਹੈ। ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਨ ਲਈ ਸੀ ਪੀ ਆਈ ਜ਼ਿਲ੍ਹਾ ਫਿਰੋਜ਼ਪੁਰ ਦੇ ਸਕੱਤਰ ਕਸ਼ਮੀਰ ਸਿੰਘ, ਕਾਮਰੇਡ ਰਤਨ ਸਿੰਘ, ਬਲਕਾਰ ਸਿੰਘ, ਮਨਜੀਤ ਸਿੰਘ, ਨਿਸ਼ਾਨ ਸਿੰਘ, ਰਛਪਾਲ ਸਿੰਘ ਸੰਧੂ ਮੈਂਬਰ ਕੌਂਸਲ ਸਟੇਟ ਸੀ ਪੀ ਆਈ ਪੰਜਾਬ ਜਦ ਪਿੰਡ ਮਾਹਲੇਵਾਲਾ ਵਿਖੇ ਪਹੁੰਚੇ ਤਾਂ ਉਨ੍ਹਾਂ ਦੇਖਿਆ ਕਿ ਪਿੰਡ ਮਾਹਲੇਵਾਲਾ ਦੇ ਸੁਰਜੀਤ ਸਿੰਘ ਪੁੱਤਰ ਮਹਿੰਗਾ ਸਿੰਘ ਆਪਣੇ ਪਰਿਵਾਰ ਨਾਲ ਕੱਚੇ ਮਕਾਨ ਦੇ ਦੋ ਕਮਰਿਆਂ ਵਿੱਚ ਰਹਿ ਰਹੇ ਹਨ। ਇਸ ਮੌਕੇ ਸੁਰਜੀਤ ਸਿੰਘ ਪੁੱਤਰ ਮਹਿੰਗਾ ਸਿੰਘ ਵਾਸੀ ਮਾਹਲੇਵਾਲਾ ਨੇ ਬਹੁਤ ਭਰੇ ਮਨ ਨਾਲ ਦੱਸਿਆ ਕਿ ਉਹ ਲੰਮੇ ਸਮੇਂ ਤੋਂ ਕੱਚੀ ਮਿੱਟੀ ਦੇ ਬਣੇ ਮਕਾਨ ਦੇ ਦੋ ਕਮਰਿਆਂ 'ਚ ਆਪਣੇ ਪਰਵਾਰ ਨਾਲ ਰਹਿ ਰਹੇ ਹਾਂ। ਕੱਚੀ ਮਿੱਟੀ ਦੇ ਬਣੇ ਮਕਾਨ ਦਾ ਬਾਰਸ਼ਾਂ ਦੇ ਮੌਸਮ ਵਿੱਚ ਛੱਤ ਡਿੱਗਣ ਦਾ ਡਰ ਬਣਿਆ ਰਹਿੰਦਾ ਹੈ। ਇਸ ਲਈ ਰਾਤ ਨੂੰ ਕਮਰਿਆਂ ਤੋਂ ਬਾਹਰ ਹੀ ਸੌਈ ਦਾ ਹੈ। ਸੁਰਜੀਤ ਸਿੰਘ ਨੇ ਦੱਸਿਆ ਕਿ ਉਹ ਤੇ ਉਸ ਦਾ ਲੜਕਾ ਮਜ਼ਦੂਰੀ ਕਰਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰ ਰਹੇ ਹਨ। ਮਕਾਨ ਨੂੰ ਪੱਕਾ ਬਣਾਉਣ ਲਈ ਕਈ ਵਾਰ ਸਰਕਾਰਾਂ ਨੂੰ ਅਪੀਲ ਕੀਤੀ ਗਈ, ਪਰ ਕਿਸੇ ਵੀ ਸਰਕਾਰ ਵੱਲੋਂ ਉਨ੍ਹਾਂ ਦੀ ਸੁਣਵਾਈ ਨਹੀਂ ਕੀਤੀ। ਇਸ ਮੌਕੇ ਉਕਤ ਆਗੂਆਂ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਸੁਰਜੀਤ ਸਿੰਘ ਪੁੱਤਰ ਮਹਿੰਗਾ ਸਿੰਘ ਵਾਸੀ ਮਾਹਲੇਵਾਲਾ ਨੂੰ ਪੱਕਾ ਬਣਾਉਣ ਦੀ ਸਹਾਇਤਾ ਰਾਸ਼ੀ ਦਿੱਤੀ ਜਾਵੇ ਤਾਂ ਜੋ ਸੁਰਜੀਤ ਸਿੰਘ ਆਪਣੇ ਪਰਿਵਾਰ ਸਮੇਤ ਪੱਕੇ ਮਕਾਨ ਵਿੱਚ ਰਹਿ ਸਕੇ ਤੇ ਜਾਨੀ ਮਾਲੀ ਨੁਕਸਾਨ ਹੋਣ ਤੋਂ ਬਚ ਸਕੇ।

# ਬੀ ਐੱਲ ਓ ਯੂਨੀਅਨ ਨੇ ਦਿੱਤਾ ਐੱਸ ਡੀ ਐੱਮ ਨੂੰ ਮੰਗ ਪੱਤਰ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਬੀ ਐੱਲ ਓ ਯੂਨੀਅਨ ਹਲਕਾ 074 ਧਰਮਕੋਟ ਦੀ ਐਮਰਜੈਂਸੀ ਮੀਟਿੰਗ ਐੱਸ.ਡੀ.ਐੱਮ. ਦਫਤਰ ਧਰਮਕੋਟ ਵਿਖੇ ਬੁਲਾਈ ਗਈ। ਮੀਟਿੰਗ ਦੌਰਾਨ ਬੀ.ਐੱਲ.ਓਜ਼ ਨੂੰ ਦਰਪੇਸ਼ ਆ ਰਹੀਆਂ ਮੁਸ਼ਕਲਾਂ ਸੰਬੰਧੀ ਵਿਚਾਰਾਂ ਕੀਤੀਆਂ ਗਈਆਂ। ਮੀਟਿੰਗ ਦਾ ਮੁੱਖ ਏਜੰਡਾ ਵੋਟਾਂ ਦੀ ਸਰਸਰੀ ਸੁਧਾਈ 2024 ਦੌਰਾਨ ਐਪ ਦਾ ਨਾ ਚੱਲਣਾ ਸੀ। ਇਸ ਸਬੰਧੀ ਐੱਸ.ਡੀ.ਐੱਮ. ਮੈਡਮ ਚਾਰੂਮਿਤਾ ਧਰਮਕੋਟ ਨੂੰ ਯੂਨੀਅਨ ਵੱਲੋਂ ਮੰਗ ਪੱਤਰ ਦਿੱਤਾ ਗਿਆ। ਐਪ ਦਾ ਕੰਮ ਨਾ ਕਰਨ ਦਾ ਕਾਰਨ ਹਫਤੇ ਵਿੱਚ ਸਿਰਫ ਦੋ ਦਿਨ ਬੀ.ਐੱਲ.ਓਜ਼ ਦੁਆਰਾ ਸੁਧਾਈ ਕੀਤਾ ਜਾਣਾ ਹੈ, ਕਿਉਂਕਿ ਜਦ ਦੋ ਦਿਨ ਬੀ ਐੱਲ ਓਜ਼ ਐਪ ਉੱਪਰ ਕੰਮ ਕਰਦੇ ਹਨ ਤਾਂ ਐਪ ਉੱਪਰ ਲੋਡ ਪੈਣ ਕਾਰਨ ਇਹ ਆਪਣਾ ਕੰਮ ਕਰਨਾ ਛੱਡ ਜਾਂਦਾ ਹੈ। ਪਰਿਵਾਰਾਂ ਵੱਲੋਂ ਵੀ ਜ਼ਿਆਦਾ ਸਮਾਂ ਬੀ ਐੱਲ ਓ ਨੂੰ ਨਹੀਂ ਦਿੱਤਾ ਜਾ ਰਿਹਾ। ਦਰਪੇਸ਼ ਮੁਸ਼ਕਲਾਂ ਸੰਬੰਧੀ ਜਾਣੂ ਹੋ ਕੇ ਐੱਸ.ਡੀ.ਐੱਮ. ਧਰਮਕੋਟ ਵੱਲੋਂ ਜਲਦੀ ਤੋਂ ਜਲਦੀ ਮੁਸ਼ਕਲਾਂ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ। ਇਸ ਮੌਕੇ ਬੀ ਐੱਲ ਓ ਯੂਨੀਅਨ ਦੇ ਨਿਰਮਲਜੀਤ ਸਿੰਘ, ਹਰੀਸ਼ ਕੌੜਾ, ਅਮਨਦੀਪ ਸਿੰਘ, ਸੰਜੀਵ ਨਰੂਲਾ, ਮਨਿੰਦਰਜੀਤ ਸਿੰਘ, ਆਨੰਦ ਗੁਪਤਾ, ਬਲਜੀਤ ਸਿੰਘ, ਰਿੰਪਲ ਕੁਮਾਰ, ਵਿਜੇ ਕੁਮਾਰ, ਗਨੀਸ ਪੱਬੀ, ਤਰਲੋਕ ਸਿੰਘ, ਗੁਰਜੰਟ ਸਿੰਘ ਤੋਂ ਇਲਾਵਾ ਹੋਰ ਯੂਨੀਅਨ ਦੇ ਜੁਝਾਰੂ ਸਾਥੀ ਮੌਜੂਦ ਸਨ।

# ਕੂੜੇ ਦੀਆਂ ਟਰਾਲੀਆਂ ਰੋਕਣ ਕਰਕੇ ਸ਼ਹਿਰ 'ਚ ਲੱਗਾ ਕੂੜੇ ਦਾ ਢੇਰ

## ਮੁਹੱਲਾ ਨਿਵਾਸੀਆਂ ਵੱਲੋਂ ਨਗਰ ਕੌਂਸਲ ਖਿਲਾਫ ਰੋਸ ਮੁਜ਼ਾਹਰਾ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਨਗਰ ਕੌਂਸਲ ਪਾਤੜਾਂ ਵੱਲੋਂ ਨੂੰ ਪਿੰਡ ਜੋਗੇਵਾਲਾ ਵਿਖੇ ਸ਼ਹਿਰ ਦਾ ਕੂੜਾ ਕਰਕਟ ਸੁੱਟਣ ਲਈ ਬਣਾਏ ਗਏ ਡੰਪ ਦੇ ਘੱਗਰ ਦਰਿਆ ਦੇ ਪਾਣੀ ਦੇ ਹੜ੍ਹ ਵਿੱਚ ਆਉਣ ਕਰਕੇ ਆਸ-ਪਾਸ ਦੇ ਪਿੰਡਾਂ ਵਿੱਚ ਫੈਲੇ ਪ੍ਰਦੂਸ਼ਣ ਦੇ ਵਿਰੋਧ ਵਿੱਚ ਪਿੰਡ ਵਾਸੀਆਂ ਵੱਲੋਂ ਪੱਕਾ ਮੋਰਚਾ ਲਗਾ ਕੇ ਕੂੜਾ ਸੁੱਟਣ ਗਈਆਂ ਟਰਾਲੀਆਂ ਨੂੰ ਵਾਪਸ ਕਰ ਦਿੱਤੇ ਜਾਣ ਮਗਰੋਂ ਪੈਦਾ ਹੋਈ ਸਥਿਤੀ ਦੇ ਚਲਦਿਆਂ ਸ਼ਹਿਰ ਦੇ ਜਾਖਲ ਰੋਡ ਉੱਤੇ ਗੱਡਾ ਸਟੈਂਡ ਦੇ ਨਜ਼ਦੀਕ ਬਣਿਆ ਆਰਜ਼ੀ ਕੂੜੇ ਦਾ ਡੰਪ ਆਸ-ਪਾਸ ਦੇ ਲੋਕਾਂ ਲਈ ਸਿਰਦਰਦੀ ਦਾ ਕਾਰਨ ਬਣ ਗਿਆ ਹੈ। ਨਗਰ ਕੌਂਸਲ ਵੱਲੋਂ ਇਸ ਥਾਂ ਉਤੇ ਸੁੱਟੇ ਜਾ ਰਹੇ ਕੂੜੇ ਕਰਕਟ ਤੋਂ ਆਸ-ਪਾਸ ਦੇ ਲੋਕ ਬੇਹੱਦ ਪ੍ਰੇਸ਼ਾਨ ਹਨ। ਇਸ ਦੌਰਾਨ ਮੁਹੱਲਾ ਨਿਵਾਸੀਆਂ ਨੇ ਨਗਰ ਕੌਂਸਲ ਪਾਤੜਾਂ ਖਿਲਾਫ ਰੋਸ ਪ੍ਰਦਰਸ਼ਨ ਕਰਕੇ ਗੁੱਸੇ ਦਾ ਪ੍ਰਗਟਾਵਾ ਕੀਤਾ ਹੈ, ਜਦੋਂਕਿ ਨਗਰ ਕੌਂਸਲ ਦੇ ਪ੍ਰਧਾਨ ਵੱਲੋਂ ਜਲਦੀ ਮਾਮਲੇ ਦਾ ਹੱਲ ਕਰ ਲਏ ਜਾਣ ਭਰੋਸਾ ਦਿੱਤਾ ਗਿਆ ਹੈ। ਰੋਸ ਪ੍ਰਦਰਸ਼ਨ ਕਰ ਰਹੇ ਸ਼ਹਿਰ ਵਾਸੀ ਪਰਵੀਨ ਕੁਮਾਰ, ਹੇਮ ਰਾਜ, ਕਾਲਾ ਸ਼ਰਮਾ, ਗਗਨ ਅਗਰਵਾਲ, ਮਨਦੀਪ ਜੈਨ ਤੇ ਧਰਮ ਪਾਲ ਆਦਿ ਨੇ ਦੱਸਿਆ ਕਿ ਪਿਛਲੇ ਕੁਝ ਦਿਨਾਂ ਤੋਂ ਨਗਰ ਕੌਂਸਲ ਵੱਲੋਂ ਸਾਰੇ ਸ਼ਹਿਰ ਦਾ ਕੂੜਾ ਇਸ ਜਗ੍ਹਾ ਉੱਤੇ ਸੁੱਟਣ ਤੋਂ ਆਸ-ਪਾਸ ਦੇ ਲੋਕ ਬੇਹੱਦ ਪ੍ਰੇਸ਼ਾਨ ਹਨ, ਕਿਉਂਕਿ ਕੂੜੇ ਕਰਕਟ ਦੀ ਵਜ੍ਹਾ ਕਰਕੇ ਮੱਖੀਆਂ ਤੇ ਮੱਛਰਾਂ ਦੀ ਭਰਮਾਰ ਹੋ ਗਈ ਹੈ, ਜਿਸ ਕਰਕੇ ਕਿਸੇ ਵੀ ਸਮੇਂ ਭਿਆਨਕ ਬਿਮਾਰੀ ਫੈਲਣ ਦਾ ਖਤਰਾ ਬਣਿਆ ਹੋਇਆ ਹੈ। ਮੁਹੱਲੇ ਦੇ ਕੁੱਝ ਪਰਿਵਾਰ ਆਪਣੇ ਘਰਾਂ ਨੂੰ ਛੱਡ ਕੇ ਹੋਰ ਜਗ੍ਹਾ ਉੱਤੇ ਰਹਿਣ ਲਈ ਮਜਬੂਰ ਹੋ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਕੂੜੇ ਦੇ ਡੰਪ ਨੂੰ ਹਟਾਉਣ ਦੀ ਮੰਗ ਨੂੰ ਲੈ ਕੇ ਹਾਈ ਕੋਰਟ ਵਿੱਚ ਕੇਸ ਪਾਇਆ ਗਿਆ ਸੀ, ਜਿੱਥੇ ਨਗਰ ਕੌਂਸਲ ਵੱਲੋਂ ਤਿੰਨ ਮਹੀਨਿਆਂ 'ਚ ਮਾਮਲੇ ਦਾ ਹੱਲ ਹੋ ਜਾਣ ਦੀ ਗੱਲ ਕਹੀ ਗਈ ਸੀ, ਪਰ ਛੇ ਮਹੀਨੇ ਬੀਤ ਜਾਣ ਦੇ ਬਾਵਜੂਦ ਮਾਮਲਾ ਜਿਉਂ ਦਾ ਤਿਉਂ ਹੈ। ਉਨ੍ਹਾਂ ਮੰਗ ਕੀਤੀ ਕਿ ਕੂੜੇ ਤੋਂ ਮੁਹੱਲਾ ਨਿਵਾਸੀਆਂ ਨੂੰ ਜਲਦ ਨਿਜਾਤ ਦਿਵਾਈ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਤਪਾਲ, ਹਰਬੰਸ ਲਾਲ, ਕ੍ਰਿਸ਼ਨ ਕੁਮਾਰ, ਰਾਮਾ ਬਾਬੂ, ਸਤਨਾਮ ਸਿੰਘ, ਕਾਲਾ ਮਿਸਤਰੀ, ਸਨਦੀਪ ਟੀਨੂੰ, ਕੇਵਲ ਕ੍ਰਿਸ਼ਨ ਸ਼ਰਮਾ ਤੇ ਗਰੀਬ ਰਾਮ ਆਦਿ ਹਾਜ਼ਰ ਸਨ।


इण्डियन ओवरसीज़ बैंक
Indian Overseas Bank
(भारत सरकार का उपक्रम A Govt. of India Undertaking)
आपकी प्रगति का सच्चा साथी Good people to grow with
www.iob.in

ਇੰਡੀਅਨ ਓਵਰਸੀਜ਼ ਬੈਂਕ
ਵਿਦਿਸ਼ਾ ਸ਼ਾਖਾ : ਪਲਾਟ ਨੰ: 60, ਵਾਰਡ ਨੰ: 7, ਐੱਨ ਐੱਚ-7, ਸਾਂਚੀ ਰੋਡ, ਵਿਦਿਸ਼ਾ-464001 (ਐੱਮ ਪੀ)
ਟੈਲੀ : 07592-230103, 230104, ਈ-ਮੇਲ : iob2167@iob.in

**ਡਿਮਾਂਡ ਨੋਟਿਸ** — **ਡਿਮਾਂਡ ਨੋਟਿਸ ਦੀ ਮਿਤੀ : 04.07.2023**

ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 (ਰੂਲਜਡ ਦੇ ਰੂਲ 3 (1) ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ 2002 (ਸਰਫੇਸੀ ਐਕਟ) ਦੇ ਸੈਕਸ਼ਨ 13 (2) ਤਹਿਤ

1. ਜਦੋਂ ਕਿ ਸਰਫੇਸੀ ਐਕਟ ਤਹਿਤ ਨਿਮਨਹਸਤਾਖਰੀ ਨੇ ਇੰਡੀਅਨ ਓਵਰਸੀਜ਼ ਬੈਂਕ ਦੇ ਅਧਿਕਾਰਤ ਅਫਸਰ ਵਜੋਂ ਅਤੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਕਰਜ਼ਦਾਰਾਂ/ਰਹਿਨਕਾਰਾਂ/ਗਰੰਟਰਾਂ (ਇਸ ਤੋਂ ਬਾਅਦ 'ਉਕਤ ਕਰਜ਼ਦਾਰਾਂ' ਵਜੋਂ ਹਵਾਲਾ) ਨੂੰ ਨੋਟਿਸ 'ਚ ਦਰਸਾਈਆਂ ਰਕਮਾਂ, ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਹੇਠਾਂ ਦਰਸਾਏ ਵੇਰਵੇ ਅਨੁਸਾਰ ਵਾਪਸ ਮੋੜਨ ਲਈ ਉਕਤ ਐਕਟ ਦੇ ਸੈਕਸ਼ਨ 13 (2) ਤਹਿਤ ਡਿਮਾਂਡ ਨੋਟਿਸ ਜਾਰੀ ਕੀਤਾ ਸੀ।
2. ਕਰਜ਼ਦਾਰਾਂ/ਰਹਿਨਕਾਰਾਂ/ਗਰੰਟਰਾਂ ਨੇ ਉਕਤ ਨੋਟਿਸ ਵਿਧੀਵਤ ਤੌਰ 'ਤੇ ਸਵੀਕਾਰ ਨਹੀਂ ਕੀਤੇ। ਇਸ ਲਈ ਬੈਂਕ ਮੁਕੰਮਲ ਸਾਵਧਾਨੀ ਵਰਤਦਿਆਂ ਡਿਮਾਂਡ ਨੋਟਿਸ ਦੀ ਪ੍ਰਕਾਸ਼ਨਾ ਕਰ ਰਿਹਾ ਹੈ। ਨਿਮਨਹਸਤਾਖਰੀ ਨੇ ਇਸ ਲਈ ਉਕਤ ਐਕਟ ਤਹਿਤ ਇਹ ਨੋਟਿਸ ਕਰਜ਼ਦਾਰਾਂ/ਰਹਿਨਕਾਰਾਂ/ਗਰੰਟਰਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ ਦੇ ਅਹਾਤਿਆਂ 'ਤੇ ਚਿਪਕਾ ਦਿੱਤੇ ਗਏ ਹਨ। ਉਕਤ ਨੋਟਿਸਾਂ ਦੀਆਂ ਨਕਲਾਂ ਨਿਮਨਹਸਤਾਖਰੀ ਕੋਲ ਉਪਲੱਬਧ ਹਨ, ਉਕਤ ਕਰਜ਼ਦਾਰ/ਰਹਿਨਕਾਰ/ਗਰੰਟਰ ਜੇਕਰ ਚਾਹੁਣ ਤਾਂ ਉਕਤ ਨਕਲਾਂ ਨਿਮਨ ਹਸਤਾਖਰੀ ਕੋਲੋਂ ਕਿਸੇ ਵੀ ਕੰਮਕਾਜ ਵਾਲੇ ਦਿਨ ਦਫਤਰ ਦੇ ਆਮ ਸਮੇਂ ਦੌਰਾਨ ਪ੍ਰਾਪਤ ਕਰ ਸਕਦੇ ਹਨ।
3. ਉਪਰੋਕਤ ਦੇ ਮੱਦੇਨਜ਼ਰ ਉਕਤ ਕਰਜ਼ਦਾਰਾਂ/ਰਹਿਨਕਾਰਾਂ/ਗਰੰਟਰਾਂ ਨੂੰ ਇੱਕ ਵਾਰ ਫੇਰ ਨੋਟਿਸ ਦਿੱਤਾ ਜਾਂਦਾ ਹੈ ਕਿ ਉਹ ਇਸ ਨੋਟਿਸ ਦੀ ਪ੍ਰਕਾਸ਼ਨਾ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਕਰਜ਼ਾ ਤੇ ਹੋਰ ਦਸਤਾਵੇਜ਼ਾਂ ਤਹਿਤ ਹੇਠਾਂ ਦਰਸਾਈਆਂ/ਅਦਾਇਗੀਯੋਗ ਰਕਮਾਂ ਇੰਡੀਅਨ ਓਵਰਸੀਜ਼ ਬੈਂਕ ਨੂੰ ਅਦਾ ਕਰ ਦੇਣ। ਕਰਜ਼ੇ ਦੀ ਵਾਪਸ ਅਦਾਇਗੀ ਲਈ ਹੇਠਾਂ ਦਰਸਾਏ ਐੱਸਟਸ ਸੰਬੰਧਤ ਪਾਰਟੀਆਂ ਵੱਲੋਂ ਇੰਡੀਅਨ ਓਵਰਸੀਜ਼ ਬੈਂਕ ਕੋਲ ਹੇਠਾਂ ਅਨੁਸਾਰ ਰਹਿਨ ਕੀਤੇ ਹੋਏ ਹਨ।

| ਕਰਜ਼ਦਾਰ ਅਤੇ ਗਰੰਟਰ ਦਾ ਨਾਂਅ ਅਤੇ ਪਤਾ | ਲਿਮਟ ਸਹੂਲਤ ਰਕਮ ਦੀ ਕਿਸਮ | 03.07.2023 ਨੂੰ ਕੁੱਲ ਬਕਾਏ | ਸਕਿਉਰਡ ਐੱਸਟਸ ਦੇ ਵੇਰਵੇ |
|---|---|---|---|
| ਕਰਜ਼ਦਾਰ : ਸ੍ਰੀਮਤੀ ਪ੍ਰਨੀਤ ਕੌਰ ਪਤਨੀ ਬਰਿੰਦਰ ਸਿੰਘ ਗਰੰਟਰ : ਸ੍ਰੀ ਬਰਿੰਦਰ ਸਿੰਘ ਪੁੱਤਰ ਸੁਰਿੰਦਰਪਾਲ ਸਿੰਘ ਦੋਵਾਂ ਦਾ ਸਥਾਈ ਪਤਾ : ਮਕਾਨ ਨੰ: 13, ਸੈਕਟਰ 123, ਸੰਨੀ ਇਨਕਲੇਵ, ਐੱਸ ਏ ਐੱਸ ਨਗਰ, ਮੋਹਾਲੀ, ਪੰਜਾਬ-140301 ਦੋਵਾਂ ਦਾ ਪੱਤਰ ਵਿਹਾਰ ਪਤਾ : ਫਲੈਟ ਨੰ: 111, ਆਰਬਿਟ ਹਾਈਟਸ, ਦੂਜੀ ਮੰਜ਼ਲ, ਵਾਰਡ ਨੰ: 11, ਵਿਦਿਸ਼ਾ ਭੋਪਾਲ ਮੇਨ ਰੋਡ, ਨੇੜੇ ਵਿਵੇਕਾਨੰਦ ਸਕੁਏਅਰ, ਵਿਦਿਸ਼ਾ, (ਐੱਮ ਪੀ) 464001 | ਹਾਊਸਿੰਗ ਲੋਨ ਖਾਤਾ ਨੰ: 216703464000040 ਰੁਪਏ : 15,45,000/- ਵਿਆਜ ਦੀ ਦਰ (ਸਮੇਤ ਬਕਾਇਆ ਵਿਆਜ) ਅਤੇ ਬਕਾਏ 1 ਸਾਲ ਐੱਮ ਸੀ ਐੱਲ ਆਰ + 0% + 2 % ਬਕਾਇਆ ਵਿਆਜ ਸਮੇਤ ਮਹੀਨਾਵਾਰ ਬਕਾਏ | ਰੁ: 19,15,040.80 + ਵਿਆਜ ਅਤੇ ਹੋਰ ਚਾਰਜਿਜ਼ | ਸ੍ਰੀਮਤੀ ਪ੍ਰਨੀਤ ਕੌਰ ਪਤਨੀ ਸ੍ਰੀ ਬਰਿੰਦਰ ਸਿੰਘ ਦੀ ਮਲਕੀਅਤ ਰਿਹਾਇਸ਼ੀ ਫਲੈਟ ਨੰ: 111, ਆਰਬਿਟ ਹਾਈਟਸ, ਦੂਜੀ ਮੰਜ਼ਲ, ਵਾਰਡ ਨੰ: 11, ਵਿਦਿਸ਼ਾ ਭੋਪਾਲ ਮੇਨ ਰੋਡ, ਨੇੜੇ ਵਿਵੇਕਾਨੰਦ ਸਕੁਏਅਰ, ਵਿਦਿਸ਼ਾ 464001 ਦਾ ਬੈਨਾਮਾ ਰਜਿਸਟਰਡ ਮੈਮੋਰੰਡਮ ਰਾਹੀਂ ਜਮ੍ਹਾਂ ਕੀਤੇ ਦਾ ਉਚਿਤ ਗਿਰਵੀਨਾਮਾ। ਗਿਣਤੀ : ਨਿਰਮਤ ਖੇਤਰ : 485 ਵਰਗ ਫੁੱਟ ਕਾਰਪੈਟ ਖੇਤਰ : 437 ਵਰਗ ਫੁੱਟ (ਅੰਦਾਜ਼ਨ) ਹੱਦਾਂ : ਉੱਤਰ : ਫਲੈਟ ਨੰ: 110, ਦੱਖਣ : ਰਿਲਾਇੰਸ ਦੀ ਜ਼ਮੀਨ, ਪੂਰਬ : ਕੋਰੀਡੋਰ, ਦੱਖਣ : ਰਿਲਾਇੰਸ ਦੀ ਜ਼ਮੀਨ। |

ਉਪਰੋਕਤ ਦਰਸਾਈ ਮਿਤੀ ਤੋਂ ਇਕਰਾਰਨਾਮੇ ਦੀ ਦਰ/ਬਕਾਏ ਦੇ ਸਮਝੌਤੇ ਅਨੁਸਾਰ ਅਦਾਇਗੀ ਦੀ ਮਿਤੀ ਤੱਕ ਸਮੇਤ ਭਵਿੱਖੀ ਵਿਆਜ ਅਦਾਇਗੀਯੋਗ।

4. ਜੇਕਰ ਉਕਤ ਕਰਜ਼ਦਾਰ/ਰਹਿਨਕਾਰ/ਗਰੰਟਰ ਉਪਰੋਕਤ ਅਨੁਸਾਰ ਇੰਡੀਅਨ ਓਵਰਸੀਜ਼ ਬੈਂਕ ਨੂੰ ਅਦਾਇਗੀ ਕਰਨ 'ਚ ਅਸਫਲ ਰਹਿੰਦੇ ਹਨ ਤਾਂ ਇੰਡੀਅਨ ਓਵਰਸੀਜ਼ ਬੈਂਕ ਕਰਜ਼ਦਾਰਾਂ/ਰਹਿਨਕਾਰਾਂ/ਗਰੰਟਰਾਂ ਦੇ ਜੋਖਮਾਂ, ਲਾਗਤਾਂ ਅਤੇ ਨਤੀਜਿਆਂ 'ਤੇ ਸਰਫੇਸੀ ਐਕਟ ਦੇ ਸੈਕਸ਼ਨ 13 (4) ਅਤੇ ਰੂਲਜ਼ ਤਹਿਤ ਉਪਰੋਕਤ ਐਸਟਸ ਦੇ ਵਿਰੁੱਧ ਕਾਰਵਾਈ ਕਰੇਗਾ।
5. ਅੱਗੇ, ਕਰਜ਼ਦਾਰਾਂ/ਰਹਿਨਕਾਰਾਂ/ਗਰੰਟਰਾਂ ਦਾ ਧਿਆਨ ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰ ਗ੍ਰਹਿਣ ਲਈ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।
6. ਕਰਜ਼ਦਾਰਾਂ/ਰਹਿਨਕਾਰਾਂ/ਗਰੰਟਰਾਂ 'ਤੇ ਸਰਫੇਸੀ ਐਕਟ ਅਧੀਨ ਓਵਰਸੀਜ਼ ਬੈਂਕ ਦੀ ਅਗਾਊਂ ਲਿਖਤੀ ਮਨਜ਼ੂਰੀ ਤੋਂ ਬਿਨਾਂ ਸਕਿਉਰਡ ਐੱਸਟਸ ਦੀ ਵਿਕਰੀ, ਲੀਜ਼ ਜਾਂ ਹੋਰ ਢੰਗ ਨਾਲ ਤਬਦੀਲੀ ਕਰਨ 'ਤੇ ਪਾਬੰਦੀ ਹੈ। ਕੋਈ ਵਿਅਕਤੀ ਜੋ ਐਕਟ ਅਤੇ ਰੂਲਜ਼ ਦੀ ਉਲੰਘਣਾ ਕਰਦਾ ਹੈ ਜਾਂ ਉਲੰਘਣਾ ਲਈ ਉਤਸੁਕ ਕਰਦਾ ਹੈ ਤਾਂ ਉਹ ਐਕਟ ਦੇ ਸੈਕਸ਼ਨ 29 ਤਹਿਤ ਕੈਦ ਅਤੇ/ਜਾਂ ਜੁਰਮਾਨੇ ਦਾ ਜ਼ਿੰਮੇਵਾਰ ਹੋਵੇਗਾ।

ਸਥਾਨ : ਵਿਦਿਸ਼ਾ — ਸਹੀ/-
ਪ੍ਰਕਾਸ਼ਨਾ ਮਿਤੀ : 28.07.2023 — ਅਧਿਕਾਰਤ ਅਫਸਰ, ਇੰਡੀਅਨ ਓਵਰਸੀਜ਼ ਬੈਂਕ

## ਕੱਚੇ ਅਧਿਆਪਕਾਂ ਨੂੰ ਪੱਕਿਆਂ ਹੋਣ 'ਤੇ ਨਿਯੁਕਤੀ ਪੱਤਰ ਵੰਡੇ



ਫ਼ਤਿਹਗੜ੍ਹ ਚੂੜੀਆਂ (ਜਸਦੇਵ ਮਾਨ)-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਯਤਨਾਂ ਸਦਕਾ ਸਕੂਲ ਸਿੱਖਿਆ ਵਿਭਾਗ ਵਿੱਚ ਸਾਲ 2004 ਤੋਂ ਸੇਵਾ ਨਿਭਾ ਰਹੇ ਸਿੱਖਿਆ ਪ੍ਰੋਵਾਈਡਰ, ਆਈਈਵੀ/ਈਜੀਐੱਸ/ਐੱਸਟੀਆਰ ਵਲੰਟੀਅਰਜ਼ ਦੀਆਂ ਸੇਵਾਵਾਂ ਨੂੰ ਰਾਜ ਸਰਕਾਰ ਵੱਲੋਂ ਰੈਗੂਲਰ ਕਰ ਦਿੱਤਾ ਗਿਆ ਹੈ, ਜਿਸਦੇ ਤਹਿਤ ਸਰਕਾਰੀ ਕੰਨਿਆਂ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਫ਼ਤਿਹਗੜ੍ਹ ਚੂੜੀਆਂ ਵਿਖੇ ਇੱਕ ਪ੍ਰੋਗਰਾਮ ਉਲੀਕਿਆ ਗਿਆ, ਜਿਸ ਵਿਚ ਹਲਕਾ ਫ਼ਤਿਹਗੜ੍ਹ ਚੂੜੀਆਂ ਤੋਂ ਇੰਚਾਰਜ ਅਤੇ ਪਨਸਪ ਦੇ ਚੇਅਰਮੈਨ ਬਲਬੀਰ ਸਿੰਘ ਪੰਨੂੰ ਦੇ ਪਿਤਾ ਤਾਰਾ ਸਿੰਘ ਪੰਨੂੰ, ਚਾਚਾ ਸ਼ਿੰਗਾਰਾ ਸਿੰਘ ਅਤੇ ਭਰਾ ਕੁਲਬੀਰ ਸਿੰਘ ਪੰਨੂੰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਿਨ੍ਹਾਂ ਨੇ ਬਲਾਕ ਫ਼ਤਿਹਗੜ੍ਹ ਚੂੜੀਆਂ ਦੇ ਕੁੱਲ 57 ਸਕੂਲਾਂ ਦੇ 50 ਵਲੰਟੀਅਰਜ਼, 28 ਸਿੱਖਿਆ ਪ੍ਰੋਵਾਈਡਰ, ਆਈਈਵੀ 7 ਅਤੇ ਐਸਟੀਆਰ/ ਏਆਈਈ/ ਈਜੀਐਸ ਦੇ 15 ਵਲੰਟੀਅਰਜ਼ ਨੂੰ ਪੱਕਿਆਂ ਹੋਣ 'ਤੇ ਨਿਯੁਕਤੀ ਪੱਤਰ ਦੇ ਕੇ ਵਧਾਈ ਦਿੱਤੀ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਦੇ ਚੰਗੇ ਫੈਸਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮਾਨ ਸਰਕਾਰ ਆਏ ਦਿਨ ਪੰਜਾਬ ਦੇ ਚੰਗੇ ਭਵਿੱਖ ਲਈ ਕੰਮ ਕਰ ਰਹੀ ਹੈ, ਜਿਸ ਤੋਂ ਲੋਕ ਖੁਸ਼ ਹਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਆਪਣਾ ਵਾਅਦਾ ਪੂਰਾ ਕਰਕੇ ਹਜ਼ਾਰਾਂ ਅਧਿਆਪਕਾਂ ਨੂੰ ਵੱਡੀ ਰਾਹਤ ਦਿੱਤੀ ਹੈ। ਸਕੂਲ ਪ੍ਰਿੰਸੀਪਲ ਅਨੀਤਾ ਅਰੋੜਾ ਅਤੇ ਬੀਪੀਈਓ ਫ਼ਤਿਹਗੜ੍ਹ ਚੂੜੀਆਂ ਜਸਵਿੰਦਰ ਸਿੰਘ ਨੇ ਆਪਣੇ ਸਟਾਫ਼ ਸਮੇਤ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਸਕੂਲ ਪਹੁੰਚਣ ਤੇ ਜੀ ਆਇਆਂ ਕਿਹਾ। ਇਸ ਮੌਕੇ ਗੁਰਬਿੰਦਰ ਸਿੰਘ ਕਾਦੀਆਂ, ਅੰਮ੍ਰਿਤਪਾਲ ਸਿੰਘ ਔਜਲਾ, ਜਗਜੀਤ ਸਿੰਘ, ਅਮਰਜੀਤ ਸਿੰਘ ਦਿਓ, ਤੇਜਵਿੰਦਰ ਸਿੰਘ, ਡਾ. ਮੰਗਲ ਸਿੰਘ, ਲਖਵਿੰਦਰ ਸਿੰਘ ਬੱਲ, ਬਲਜੀਤ ਸਿੰਘ ਚੌਹਾਨ, ਧਰਮਪਾਲ ਜੋਸ਼ੀ, ਅਮੈਨੂਅਲ ਮਸੀਹ, ਅਸ਼ਵਨੀ ਸ਼ਰਮਾ, ਗੁਰਮੀਤ ਸਿੰਘ, ਹਰਦੀਪ ਸਿੰਘ ਤੋਂ ਇਲਾਵਾ ਨਵਨੀਤ ਦੁੱਗਲ, ਜਗਦੀਪ ਸਿੰਘ ਰੰਧਾਵਾ ਐਚ. ਟੀ. ਜਸਵਿੰਦਰ ਸਿੰਘ ਬੀਐਮਟੀ, ਸੀਐਚਟੀ ਕੰਵਲਜੀਤ ਕੌਰ, ਐਚਟੀ ਸੁਰਿੰਦਰਜੀਤ ਸਿੰਘ ਮਾਨ, ਪਲਵਿੰਦਰ ਸਿੰਘ, ਇਕਬਾਲ ਸਿੰਘ, ਰਕੇਸ਼ ਸ਼ਰਮਾ, ਅਮਨਪ੍ਰੀਤ ਕੌਰ, ਜਤਿੰਦਰ ਸਿੰਘ, ਜਸਵੰਤ ਸਿੰਘ, ਨਰੇਸ਼ ਸੱਚਰ, ਹੇਮੰਤ ਕੁਮਾਰ ਸਮੇਤ ਅਧਿਆਪਕ ਅਤੇ ਵਲੰਟੀਅਰਸ ਹਾਜ਼ਰ ਸਨ।

## ਟਿੱਪਰ ਦੀ ਚਪੇਟ 'ਚ ਆਉਣ ਨਾਲ ਇੱਕ ਵਿਦਿਆਰਥਣ ਦੀ ਮੌਤ, ਦੂਜੀ ਗੰਭੀਰ ਜ਼ਖ਼ਮੀ



ਭਲਾਣ (ਢਿੱਲੋ)- ਲੋਕਾਂ ਲਈ ਜੀਅ ਦਾ ਜੰਜਾਲ ਬਣੀ ਨੰਗਲ ਤੋਂ ਕਲਮਾ ਮੋੜ ਜਾਣ ਵਾਲੀ ਸੜਕ ਨੂੰ ਜੇਕਰ ਖੂਨੀ ਸੜਕ ਕਿਹਾ ਜਾਵੇ ਤਾਂ ਕਿ ਅਤਿਕਥਨੀ ਨਹੀਂ ਹੋਵੇਗੀ ਕਿਉਂਕਿ ਜਗ੍ਹਾ-ਜਗ੍ਹਾ ਤੋਂ ਬਿਲਕੁੱਲ ਟੁੱਟ ਚੁੱਕੀ ਇਸ ਸੜਕ ਵਿੱਚ ਆਏ ਦਿਨ ਹੋ ਰਹੇ ਹਾਦਸਿਆਂ ਕਾਰਨ ਕੀਮਤੀ ਜਾਨਾਂ ਜਾ ਰਹੀਆਂ ਹਨ। ਸਵੇਰੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਲਾਣ ਦੀਆਂ ਬਾਰਵੀਂ ਜਮਾਤ ਦੀਆਂ ਵਿਦਿਆਰਥਣਾਂ ਇੱਕ ਓਵਰਲੋਡ ਟਿੱਪਰ ਦੀ ਚਪੇਟ ਵਿੱਚ ਆਉਣ ਕਾਰਨ ਇੱਕ ਲੜਕੀ ਦੀ ਦਰਦਨਾਕ ਮੌਤ ਅਤੇ ਇੱਕ ਗੰਭੀਰ ਜਖਮੀ ਹੋ ਗਈ। ਬਾਰਵੀਂ ਜਮਾਤ ਦੀਆਂ ਵਿਦਿਆਥਣਾਂ ਕੰਚਨ ਪੁੱਤਰੀ ਲਾਜਪਾਲ ਅਤੇ ਮੀਨਾ ਦੇਵੀ ਪੁੱਤਰੀ ਜੰਗ ਬਹਾਦਰ ਜੋ ਕਿ ਸਵੇਰੇ ਸਕੂਲ ਜਾ ਰਹੀਆਂ ਸਨ ਕਿ ਭਲਾਣ ਮਾਰਕੀਟ ਕੋਲ ਓਵਲੋਡ ਟਿੱਪਰ ਦੀ ਚਪੇਟ ਵਿੱਚ ਆਉਣ ਕਾਰਨ ਕੰਚਨ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਗੰਭੀਰ ਜਖਮੀ ਹੋਈ ਮੀਨਾ ਦੇਵੀ ਨੂੰ ਇਲਾਜ ਲਈ ਹਸਪਤਲ ਲਿਜਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਇੱਕਠੇ ਹੋਏ ਪਿੰਡਾਂ ਦੇ ਮੋਹਤਵਰਾਂ ਨੇ ਪੰਜਾਬ ਸਰਕਾਰ ਅਤੇ ਪ੍ਰਸਾਸਨ ਵਿਰੁੱਧ ਜੰਮ ਕੇ ਨਾਅਰੇਬਾਜੀ ਕੀਤੀ ਲੋਕਾਂ ਦਾ ਕਹਿਣਾ ਸੀ ਕਿ ਜੇਕਰ ਮਹਿਕਮੇ ਨੇ ਇਸ ਟੁੱਟੀ ਸੜਕ ਦੀ ਮੁਰੰਮਤ ਕਰਵਾਈ ਹੁੰਦੀ ਤਾਂ ਸਾਡੀ ਬੇਟੀ ਦੀ ਜਾਨ ਨਾ ਜਾਂਦੀ। ਖਬਰ ਲਿਖੇ ਜਾਣ ਤੱਕ ਮ੍ਰਿਤਕਾ ਦੇ ਪਰਵਾਰਕ ਮੈਂਬਰਾਂ ਅਤੇ ਖੇਤਰ ਦੇ ਲੋਕਾਂ ਨੇ ਨੰਗਲ ਕਲਮਾਂ ਮੋੜ ਜਾਣ ਵਾਲੀ ਸੜਕ ਤੇ ਲਾਸ਼ ਰੱਖ ਕੇ ਜਾਮ ਲਗਾਇਆ ਹੋਇਆ ਸੀ। ਇਸ ਮੌਕੇ ਵੱਡੀ ਗਿਣਤੀ ਵਿੱਚ ਵੱਖ ਵੱਖ ਪਿੰਡਾਂ ਦੇ ਪੰਚ, ਸਰਪੰਚ ਅਤੇ ਮੋਹਤਵਰ ਪੱਤਵੰਤੇ ਹਾਜਰ ਸਨ।

## ਹੜ੍ਹ ਪੀੜਤਾਂ ਦੀ ਸਿਹਤਯਾਬੀ ਲਈ ਵਿਭਾਗ ਹਰ ਸਮੇਂ ਤੱਤਪਰ : ਡਾ. ਬੇਅੰਤ ਸਿੰਘ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਅਤੇ ਅ ੈ ਸ ਅ ੈ ਮ ਓ ਘਰਿਆਲਾ ਡਾ. ਨੀਤੂ ਚੱਢਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੀਐੱਚਸੀ ਹਰੀਕੇ ਦੇ ਇੰਚਾਰਜ ਡਾ. ਬੇਅੰਤ ਸਿੰਘ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਲਗਾਤਾਰ ਮੈਡੀਕਲ ਕੈਂਪ ਲਗਾ ਕੇ ਲੋਕਾਂ ਨੂੰ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ। ਟੀਮ ਵੱਲੋ ਹਰ ਰੋਜ਼ ਡਾਊਨ ਸਟਰੀਮ ਦੇ ਪਿੰਡਾਂ ਘੜੁੰਮ, ਕੁੱਤੀਵਾਲਾ, ਸਭਰਾ ਅਤੇ ਡੇਰਿਆਂ ਤੇ ਬੈਠੈ ਲੋਕਾਂ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਉੱਤਮ ਕਾਰਜ 'ਚ ਫਾਰਮੇਸੀ ਅਫਸਰ ਵਰਿੰਦਰਪਾਲ ਸਿੰਘ ਭਾਟੀਆ, ਮਲਟੀਪਰਪਜ਼ ਹੈਲਥ ਵਰਕਰਜ਼ ਟੀਮ ਦੇ ਵੱਡਾ ਯੋਗਦਾਨ ਰਿਹਾ। ਦੱਸਣਯੋਗ ਹੈ ਕਿ ਹੜ੍ਹਾਂ ਦੀ ਮਾਰ ਹੇਠ ਆਏ ਇਲਾਕੇ ਦੇ ਲੋਕਾਂ ਨੂੰ ਵਾਇਰਲ ਇੰਨਫੈਕਸ਼ਨ ਅਤੇ ਚਮੜੀ ਰੋਗਾਂ ਦਾ ਖਤਰਾ ਮੰਡਰਾ ਰਿਹਾ ਹੈ ਜਿਸ ਨੂੰ ਮੁਖ ਰੱਖਦਿਆਂ ਸਿਹਤ ਵਿਭਾਗ ਵੱਲੋ ਆਗਾਊਂ ਪ੍ਰਬੰਧ ਕੀਤੇ ਜਾ ਰਹੇ ਹਨ। ਡਾਕਟਰ ਬੇਅੰਤ ਸਿੰਘ ਨੇ ਦੱਸਿਆ ਕਿ ਮੈਡੀਕਲ ਟੀਮਾਂ 24 ਘੰਟੇ ਆਪਣੀਆਂ ਸੇਵਾਵਾਂ ਦੇ ਰਹੀਆਂ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋ ਲਗਾਏ ਜਾ ਰਹੇ ਕੈਂਪਾਂ ਵਿੱਚ ਪਹੁੰਚ ਕਰਕੇ ਲੋੜਵੰਦ ਮਰੀਜ਼ ਮੁਫਤ ਸਿਹਤ ਸਹੂਲਤਾਂ ਦਾ ਲਾਭ ਲੈ ਸਕਦੇ ਹਨ। ਉਨ੍ਹਾਂ ਕਿਹਾ ਕਿ ਐਮਰਜੈਂਸੀ ਹਾਲਾਤ ਵਿੱਚ ਵੀ ਸਾਡੀ ਟੀਮ ਵੱਲੋਂ ਪੂਰਾ ਸਹਿਯੋਗ ਕੀਤਾ ਜਾਵੇਗਾ।

## ਸ਼੍ਰੀ ਰਾਮ ਪ੍ਰੋਟੀਨ ਲਿਮਿਟਡ ਨੂੰ ਕਪਾਹ ਐਕਸਪੋਰਟ ਕਰਨ ਦਾ ਆਰਡਰ ਮਿਲਿਆ

ਚੰਡੀਗੜ੍ਹ : ਕਪਾਹ ਦੇ ਬੀਜ ਪ੍ਰੋਸੈਸਿੰਗ ਉਦਯੋਗ ਵਿੱਚ ਮੋਹਰੀ ਸ਼੍ਰੀ ਰਾਮ ਪ੍ਰੋਟੀਨ ਲਿਮਟਿਡ (ਐੱਨ ਏਸਈ :ਐੱਸਆਰਪੀਐੱਲ) ਨੇ ਐਲਾਨ ਕੀਤਾ ਹੈ ਕਿ ਉਸਨੇ ਸ਼ਿੰਘਾਈ, ਚੀਨ ਨੂੰ 100% ਸੂਤੀ ਧਾਗੇ ਐੱਨਈ 32 ਸੀਸੀਐੱਚ ਦਾ 63277.20 ਮੀਟਰਕ ਟਨ ਦਾ ਐਕਸਪੋਰਟ ਆਰਡਰ ਪ੍ਰਾਪਤ ਕੀਤਾ। ਕੰਪਨੀ ਨੂੰ ਇਸ ਆਰਡਰ ਤੋਂ ਪ੍ਰਤੀ ਸਾਲ ਲਗਭਗ 50 ਤੋਂ 60 ਕਰੋੜ ਰੁਪਏ ਦੀ ਆਮਦਨ ਹੋਣ ਦੀ ਉਮੀਦ ਹੈ, ਜਿਸ ਨਾਲ 6% ਸਾਲਾਨਾ ਲਾਭ ਹੋ ਸਕਦਾ ਹੈ।

ਕੰਪਨੀ ਦਾ ਰਾਈਟਸ ਇਸ਼ੂ ਵਰਤਮਾਨ ਵਿੱਚ ਖੁੱਲ੍ਹਾ ਹੈ ਜਿਸ ਵਿੱਚ ਕੰਪਨੀ ਨੇ ਆਪਣੇ ਸ਼ੇਅਰਧਾਰਕਾਂ ਨੂੰ ਰਿਕਾਰਡ ਮਿਤੀ ਤੇ ਰੱਖੇ ਹਰੇਕ ਮੌਜੂਦਾ ਇਕੁਇਟੀ ਸੇਅਰ ਲਈ 1 ਅਧਿਕਾਰਾਂ ਦਾ ਅਧਿਕਾਰ ਦਿੱਤਾ ਹੈ। ਰਾਈਟਸ ਇਕੁਇਟੀ ਸੇਅਰ 2.30 ਰੁਪਏ ਪ੍ਰਤੀ ਸ਼ੇਅਰ ਦੇ ਹਿਸਾਬ ਨਾਲ ਪੇਸ ਕੀਤੇ ਜਾ ਰਹੇ ਹਨ। ਇਹ ਮੁੱਦਾ 10 ਅਗਸਤ, 2023 ਨੂੰ ਬੰਦ ਹੋ ਜਾਵੇਗਾ।


### ਪਬਲਿਕ ਨੋਟਿਸ
### ਮੈਡੀਕਲ ਰਿਕਾਰਡ ਖਤਮ ਕਰਨ ਬਾਰੇ

ਇਸ ਨੋਟਿਸ ਰਾਹੀਂ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ਼੍ਰੀਨਾਥ ਕਿਡਨੀ ਸੈਂਟਰ ਦੇ ਪਿਛਲੇ ਪੰਜ ਸਾਲਾਂ ਤੋਂ ਪੁਰਾਣੇ ਮਰੀਜ਼ਾਂ ਦੇ ਮੈਡੀਕਲ ਰਿਕਾਰਡ ਨੂੰ ਨਸ਼ਟ ਕਰ ਰਹੇ ਹਾਂ। 1 ਜਨਵਰੀ 2017 ਤੋਂ ਲੈ ਕੇ 30 ਜੂਨ 2018 ਤੋਂ ਪਹਿਲਾ ਦੇ ਸਾਰੇ ਮੈਡੀਕਲ ਰਿਕਾਰਡ ਨੂੰ ਨਸ਼ਟ ਕੀਤਾ ਜਾ ਰਿਹਾ ਹੈ। ਜਿਹੜੇ ਮਰੀਜ਼ ਮੈਡੀਕਲ ਰਿਕਾਰਡ ਦੀਆਂ ਫੋਟੋ ਕਾਪੀਆਂ ਲੈਣਾ ਚਾਹੁੰਦੇ ਹਨ, ਕਿਰਪਾ ਕਰਕੇ 31 ਅਗਸਤ 2023 ਜਾਂ ਇਸ ਤੋਂ ਪਹਿਲਾਂ ਆਪਣੀ ਫੋਟੋ, ਆਈ.ਡੀ ਪਰੂਫ ਨਾਲ ਲੈ ਕੇ ਸਾਡੇ ਮੈਡੀਕਲ ਰਿਕਾਰਡ ਵਿਭਾਗ ਨਾਲ ਸੰਪਰਕ ਕਰ ਸਕਦੇ ਹਨ। ਕਿਸੇ ਵੀ ਜਾਣਕਾਰੀ ਲਈ ਕਿਰਪਾ ਕਰਕੇ mrd@shrimannhospitals.com, 0181-5017777 — Ext 106, 127 ' ਤੇ ਮੈਡੀਕਲ ਰਿਕਾਰਡ ਵਿਭਾਗ ਨਾਲ ਸੰਪਰਕ ਕਰੋ।

ਕਿਰਪਾ ਕਰਕੇ ਸ਼੍ਰੀਮੰਨ ਸੁਪਰਸਪੈਸ਼ਲਿਟੀ ਹਸਪਤਾਲ ਵਿੱਚ ਮੈਡੀਕਲ ਰਿਕਾਰਡ ਵਿਭਾਗ ਨਾਲ ਸੰਪਰਕ ਕਰੋ।

ਫੋਨ : 0181-5017777 — Ext 106, 127

### ਪਬਲਿਕ ਨੋਟਿਸ
### ਮੈਡੀਕਲ ਰਿਕਾਰਡ ਖਤਮ ਕਰਨ ਬਾਰੇ

ਇਸ ਨੋਟਿਸ ਰਾਹੀਂ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ਼੍ਰੀਰਾਮ ਕਾਰਡਿਐਕ ਸੈਂਟਰ ਦੇ ਪਿਛਲੇ ਪੰਜ ਸਾਲਾਂ ਤੋਂ ਪੁਰਾਣੇ ਮਰੀਜ਼ਾਂ ਦੇ ਮੈਡੀਕਲ ਰਿਕਾਰਡ ਨੂੰ ਨਸ਼ਟ ਕਰ ਰਹੇ ਹਾਂ। 1 ਜਨਵਰੀ 2017 ਤੋਂ ਲੈ ਕੇ 30 ਜੂਨ 2018 ਤੋਂ ਪਹਿਲਾ ਦੇ ਸਾਰੇ ਮੈਡੀਕਲ ਰਿਕਾਰਡ ਨੂੰ ਨਸ਼ਟ ਕੀਤਾ ਜਾ ਰਿਹਾ ਹੈ। ਜਿਹੜੇ ਮਰੀਜ਼ ਮੈਡੀਕਲ ਰਿਕਾਰਡ ਦੀਆਂ ਫੋਟੋ ਕਾਪੀਆਂ ਲੈਣਾ ਚਾਹੁੰਦੇ ਹਨ, ਕਿਰਪਾ ਕਰਕੇ 31 ਅਗਸਤ 2023 ਜਾਂ ਇਸ ਤੋਂ ਪਹਿਲਾਂ ਆਪਣੀ ਫੋਟੋ, ਆਈ.ਡੀ ਪਰੂਫ ਨਾਲ ਲੈ ਕੇ ਸਾਡੇ ਮੈਡੀਕਲ ਰਿਕਾਰਡ ਵਿਭਾਗ ਨਾਲ ਸੰਪਰਕ ਕਰ ਸਕਦੇ ਹਨ। ਕਿਸੇ ਵੀ ਜਾਣਕਾਰੀ ਲਈ ਕਿਰਪਾ ਕਰਕੇ mrd@shrimannhospitals.com, 0181-5017777 — Ext 106, 127 ' ਤੇ ਮੈਡੀਕਲ ਰਿਕਾਰਡ ਵਿਭਾਗ ਨਾਲ ਸੰਪਰਕ ਕਰੋ।

ਕਿਰਪਾ ਕਰਕੇ ਸ਼੍ਰੀਮੰਨ ਸੁਪਰਸਪੈਸ਼ਲਿਟੀ ਹਸਪਤਾਲ ਵਿੱਚ ਮੈਡੀਕਲ ਰਿਕਾਰਡ ਵਿਭਾਗ ਨਾਲ ਸੰਪਰਕ ਕਰੋ।

ਫੋਨ : 0181-5017777 — Ext 106, 127


### Public Notice

I, Sarah Arora D/o Supender Kumar R/o H.No.B 1400, Krishna Street, Near Raj Mahal, Fazilka, Punjab- 152123. Declare that Name of My Mother has been wrongly written as Radha Arora in my 10th Class Certificate. The actual name of My Mother is Anu, which may be amended accordingly. All Please Note.

I, Devender Singh S/o Kanwar Singh R/o VPO. Dujana, Teh Beri, Dojhana (3-N), Jhajjar, Haryana-124102, Declare that name of Mine has been wrongly written as Devender in my minor Son Himanshu Yadav, aged about 16 Years, In his 10th Class Certificate. The actual name of Mine is Devender Singh, which may be amended accordingly. All Please Note.

I Swinder Rai W/o Sh. Mohinder Singh Rai R/o H.no. 379 bank Enclave Phase-1 model town jalandhar declare that in some Documents My name written as Surinder Kaur Rai and in some Documents as Swinder Rai.Both names are of one and the same person.

### COURT NOTICE

In the Court of
Sh. Gurkiran Singh
Civil Judge Junior Division-3, Patiala.
CNR No. PBPT02-002150-2021
Next Date : 29.8.2023
Punjab and Sind Bank
Versus
1. Gurjant Singh

Publication issued to : Gurjant Singh F/o Joginder Singh R/o H.No. 139-B, Street No. 5, Jujhar Nagar, Patiala.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 29.8.2023 at 10.00 a.m.

For details logon to https://highcourtchd.gov.in/?trs=district notice&district=Patiala

Civil Judge Junior Division-3, Patiala.
Dated, this day of 24.7.2023

### COURT NOTICE

In the Court of
Ms. Monika Lamba Civil Judge Senior Division, Faridkot.
CNR No. PBFD02-001590-2022
Next Date : 6.10.2023
Madhu
Versus
General Public

Application us/ 372 of India Succession Act, 1925 for grant of Succession certificate in respect of debts and securities left behind by late Daropadi Devi

Publication issued to : General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 6.10.2023 at 10.00 a.m.

For details logon to https://highcourtchd.gov.in/?trs=district notice & district=Faridkot

Civil Judge Senior Division, Faridkot
Dated, this day of 26.7.2023

### IN THE HON'BLE COURT OF THE XI ADDL. DISTRICT JUDGE cum M.A.C.T, AT: VISAKHAPATNAM
M.O.P. 543/2019

Between:
Vennela Varahalamma @ Varalakshmi & Another ...Petitioners
And
Arun Kumar Yadav & 2 others ...Respondents

NOTICE

To,
Respondent No.2:
M/s. Elite Roadways Pvt. Ltd.,
Owner of Lorry bearing No. PB-13-AW-2388, Near IOL Depot Mehi and Jind Road, Sanguru District, Sangur-148 001, Punjab State.

Please take notice that the above named petitioners herein has filed the above M.O.P. against you and other respondents claiming compensation and the matter stands posted to 31-08-2023 for your appearance. You are hereby required to appear before the Hon'ble Court either in person or through duly instructed Advocate on 31-08-2023 at 10:30 A.M. in the above Court to answer all material questions, failing which the matter will be heard and determined in your absence, exparte as per law.

(By Order of the Hon'ble Court)
J. GANGU NAIDU, Advocate
Visakhapatnam, (Andhra Pradesh)
Cell: 9642307239

### COURT NOTICE

In the Court of
Ms. Sumukhi Judicial Magistrate Ist Class Amritsar.
Next Date : 23.8.2023

Niru Sharma W/o Arun Kumar D/o Narinderpal Sharma R/o 1138/152-B, St. No. 3, Guru Teg Bahadur Nagar, Behind Veer Palace, G.T.B. Nagar, Chandigarh Road, Ludhiana at Present R/o H.No. 2492, Gali No. 2, Karampura Chowk, Rattan Singh, ASR.

Versus

1. Arun Kuamr S/o Late Sukhdev Swami R/o H.No. 1138/152-B, St. No. 3, Guru Teg Bahadur Nagar, Behind Veer Palace, Chandigarh Road, Ludhiana Second Address : Arun Kumar S/o Late Sukhdev Swami R/o H.No. 4195, LIG Flats, Phase-2, Urban Estate, Dhandari Road, Dugri, LDH 2. Swatantar Sharma W/o Late Sukhdev Swami 3. Tarun Kumar S/o Sukhdev Swami 4. Gurpreet Kaur W/o Tarun Kumar

Respondent No. 2, & 4 are R/o H.No. 1138/152-B, St. No. 3, Guru Teg Bahadur Nagar, Behind Veer Palace, Chandigarh Road, Ludhiana

Application U/S 12 D.V. Act

Notice to : Respondent No. 1 : Arun Kumar S/o Late Sukhdev Swami R/o H.No. R/o 1138/152-B, St. No. 3, Guru Teg Bahadur Nagar, Behind Veer Palace, Chandigarh Road, Ludhiana, Second Address : Arun Kumar S/o Late Sukhdev Swami R/o 4195, LIG Flats, Phase-2, Urban Estate, Dhandari Road, Dugri, LDH

In above titled case, the respondent could not be served. It is ordered that respondent should appear in person or through counsel on 23.8.2023 at 10.00 a.m.

For details logon to https://highcourtchd.gov.in/?trs=district notice & district=Amritsar

JMIC, ASR

### COURT NOTICE

In the Court of
Ms. Minakshi Mahajan Addl. Civil Judge (Senior Division), Payal.
CNR No. PBLDD0-000462-2019
Next Date : 7.8.2023
Bank of India
Versus
M/S Vadish Printing Press

Publication issued to : Pankaj Mohinda S/o Ranbir Mohindra R/o Doraha, Tehsil Payal, Distt. Ludhiana.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 7.8.2023 at 10.00 a.m.

For details logon to https://highcourtchd.gov.in/?trs=district notice & district=Ludhiana

Addl. Civil Judge (Senior Division), Payal.
Dated, this day of 27.7.2023

### COURT NOTICE

In the Court of
Ms. Baljinder Sidhu Principal Judge Family Court Sangrur.
CNR No. PBSG01-007026-2022
Next Date : 18.8.2023
Gurpreet Kaur
Versus
Maninder Singh @ Vicky
Detail of offence

Publication issued to : Maninder Singh @ Vicky S/o Beant Singh R/o Vill. Kotla Jattana, Tehsil Chanathal and Distt. Fatehgarh Sahib.

In above titled case, the respondent could not be served. It is ordered that respondent should appear in person or through counsel on 18.8.2023 at 10.00 a.m.

For details logon to https://highcourtchd.gov.in/?trs=district notice & district=Sangrur

Principal Judge Family Court Sangrur
Dated, this day of 27.7.2023

## ਕਲਾਸੀਫਾਈਡ ਇਸ਼ਤਿਹਾਰ

### Public Notice

I, Parveen Kumari W/o Late Brij Mohan R/o H.No. 231/20-A, Labour Colony, Garha, Jalandhar, Punjab-144022, India, declare that my name is mentioned as Parveen Kumari in my all documents. But documents of my daughter Kajal Rajput, my name is mentioned as Parveen. Parveen Kumari and Parveen are the names of one and the same person and carry equal validity. Concerned note.

I, Simarjit Kaur Brar W/o Baljit Singh Brar R/o Chotian Kalan (Moga) declare that in my Passport my name wrongly entered Simerjit Kaur Brar. But my correct name is Simarjit Kaur Brar. So amended my name from Simerjit Kaur Brar to Simarjit Kaur Brar in my Passport.

I Rimpy W/O Kamaljeet Singh Resident Of Flat No. 20 Block 7 Silver Heights Apartment, Wadala Chowk, Jalandhar Declare That I Hereby Disowned And Disinherited My Husband Kamaljeet Singh From My Movable And Immovable Properties, having no concern with us.I and My Family Members Shall Not Be Held Responsible For Any Kind Of Act, Deed, Dealings Related To Him.

I, Neelam Kumari W/o Madan Lal R/o Vill. Salimpur Afgana, P.O. Gurdas Nangal, Pin Code-143520, Distt. Gurdaspur, Punjab, India is known my name Neelam Kumari and Neelam is one and same Person.

I, Keerti Kumar Sharma son of Mast Ram Sharma resident of H. No. 369/3, Near Devi Talab, Sant Nagar, Kapurthala dis-inherit my son Manish Kumar, his wife Sneh Sharma, his children Manas Sharma and Mansi Sharma from my entire movable and immovable property. If any person deals with them, he/she will be responsible for it himself/herself.

### ਗੁਮਸ਼ੁਦਗੀ

ਮੈਂ, ਦੀਪਿਕਾ ਦੁੱਗਲ ਪਤਨੀ ਸ਼ੰਕਰ ਦੁੱਗਲ ਵਾਸੀ ਮਕਾਨ ਨੰਬਰ ਬੀ-12/211, ਮੁਹੱਲਾ ਵੈਦ ਹੇਮ ਰਾਜ ਨਵਾਂਸ਼ਹਿਰ, ਜਿਲਾ ਸ਼ਹੀਦ ਭਗਤ ਸਿੰਘ ਨਗਰ ਪੰਜਾਬ ਦੀ ਰਹਿਣ ਵਾਲੀ ਹਾਂ। ਇਹ ਕਿ ਸਾਡਾ ਇੱਕ ਪਲਾਟ ਵਾਕਿਆ ਗਲੀ ਨੰਬਰ 04, ਖਾਰਾ ਕਲੋਨੀ ਰਾਹੋਂ ਰੋਡ, ਨਵਾਂਸ਼ਹਿਰ ਤਹਿਸੀਲ ਨਵਾਂਸ਼ਹਿਰ, ਜਿਲਾ ਸ਼ਹੀਦ ਭਗਤ ਸਿੰਘ ਨਗਰ, ਪੰਜਾਬ ਵਿਖੇ ਖਰੀਦੀਆਂ ਹੋਇਆ ਹੈ। ਉਸਦੀ ਰਜਿਸਟਰੀ ਪਲਾਟ ਦੇ ਪੁਰਾਣੇ ਮਾਲਕ ਗੁਰਜੀਤ ਸਿੰਘ ਪੁੱਤਰ ਸ਼ੀਸ਼ ਸਿੰਘ ਪੁੱਤਰ ਬਿਸ਼ਨ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਦੌਲਤਪੁਰ, ਤਹਿਸੀਲ ਨਵਾਂਸ਼ਹਿਰ, ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਨਾਮ ਤੇ ਸੀ, ਜੋ ਕਿ ਸੇਲ ਡੀਡ ਸੀਰੀਅਲ ਨੰਬਰ 33 ਮਿਤੀ 03-04-2008 ਰਾਹੀਂ ਗੁਰਮੀਤ ਸਿੰਘ ਪੁੱਤਰ ਹਰਬੰਸ਼ ਸਿੰਘ ਪੁੱਤਰ ਸ਼ੇਰ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਕਰਿਆਮ, ਤਹਿਸੀਲ ਨਵਾਂਸ਼ਹਿਰ, ਜਿਲਾ ਸ਼ਹੀਦ ਭਗਤ ਸਿੰਘ ਨਗਰ ਕੋਲੋ ਬੈਅ ਹੋਈ ਸੀ। ਮੇਰੇ ਕੋਲੋ ਉਕਤ ਪਲਾਟ ਦੀ ਅਸਲ ਰਜਿਸਟਰੀ ਰਾਹੋਂ ਰੋਡ ਨਵਾਂਸ਼ਹਿਰ ਤਹਿਸੀਲ ਨਵਾਂਸ਼ਹਿਰ, ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ 14-03-2023 ਨੂੰ ਮੈਂ ਮਾਡਰਨ ਫੋਟੋ ਸਟੇਟ ਨਵਾਂਸ਼ਹਿਰ ਵਿਖੇ ਫੋਟੋ ਕਾਪੀਆਂ ਕਰਵਾਉਣ ਲਈ ਗਈ ਸੀ, ਰਸਤੇ ਵਿੱਚ ਮੇਰੇ ਕੋਲੋ ਮੇਰਾ ਲਿਫਾਫਾ ਕਿਧਰੇ ਗੁਆਚ ਗਿਆ। ਮੈਂ ਉਸ ਰਜਿਸਟਰੀ ਦੀ ਕਾਫੀ ਭਾਲ ਕੀਤੀ, ਉਹ ਨਹੀ ਮਿਲੀ। ਰਜਿਸਟਰੀ ਦੀ ਗੁੰਮਸ਼ੁਦਗੀ ਦੀ ਪੁਲਿਸ ਰਿਪੋਰਟ ਕਰਵਾ ਦਿਤੀ ਗਈ ਹੈ। ਜੇਕਰ ਕਿਸੇ ਨੰ ਇਹ ਰਜਿਸਟਰੀ ਮਿਲਦੀ ਹੈ, ਤਾਂ ਉਕਤ ਪਤੇ ਤੇ ਪਹੁੰਚਾ ਦਿੱਤੀ ਜਾਵੇ ਜੀ। ਮੋਬਾਇਲ ਨੰਬਰ 98554-20628

### ਆਮ ਸੂਚਨਾ

ਗੁਰਚਰਨ ਸਿੰਘ ਪੁੱਤਰ ਗੱਜਣ ਸਿੰਘ, ਵਾਸੀ ਧੂਰਾ ਦੇ ਨਾਮ ਪਰ ਖੇਵਟ ਪਿੰਡ ਧੂਰਾ ਚੱਲਦੇ ਮੋਟਰ ਕੁਨੈਕਸਨ ਖਾਤਾ ਨੰ:3ਜੇ/273/ਏ.ਪੀ.(10.00 ਪਾਵਰ ਹਾਰਸ) ਨੂੰ ਦਲਵੀਰ ਕੌਰ ਪਤਨੀ ਜਗਸੀਰ ਸਿੰਘ ਵਾਸੀ ਬੇਨੜਾ (ਸੰਗਰੂਰ) ਨੇ ਖੇਵਟ ਪਿੰਡ ਧੂਰਾ ਚੱਲਦੇ ਮੋਟਰ ਕੁਨੈਕਸਨ ਨੂੰ ਆਪਣੇ ਨਾਮ ਤਬਦੀਲ ਕਰਵਾਉਣ ਲਈ ਅਪਲਾਈ ਕੀਤਾ ਹੈ, ਇਤਰਾਜੀ 15 ਦਿਨਾਂ ਅੰਦਰ ਐਸ.ਡੀ.ਓ. ਪਾਵਰਕਾਮ, ਉਪ ਮੰਡਲ ਦਿਹਾਤੀ ਧੂਰੀ ਦੇ ਇਤਰਾਜ ਪੇਸ਼ ਕਰੇ।

ਮੈਂ, ਪੂਨਮ ਪਤਨੀ ਜਤਿੰਦਰ ਕੁਮਾਰ ਵਾਸੀ ਪਿੰਡ ਹਰੀਕੇ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਨੇ ਸ਼ਾਦੀ ਤੋਂ ਬਾਅਦ ਆਪਣਾ ਨਾਂਅ ਪੂਨਮ ਤੋਂ ਬਦਲ ਕੇ ਅਕਸਰਾਂ ਰੱਖ ਲਿਆ ਹੈ। ਪੂਨਮ ਅਤੇ ਅਕਸਰਾਂ ਦੋਨੋਂ ਨਾਂਅ ਮੇਰੇ ਹਨ ਅਤੇ ਮੈਨੂੰ ਮੇਰੇ ਦੋਨੋਂ ਨਾਮਾਂ ਤੋਂ ਜਾਣਿਆ ਜਾਏ। (ਕਮਲੇਸ਼)

### ਬੇਦਖਲੀ ਨੋਟਿਸ

ਮੈਂ, ਨੀਰੂ ਜੈਨ ਪਤਨੀ ਸਵ: ਦਿਨੇਸ਼ ਜੈਨ ਵਾਸੀ ਜੈਨੀਆ, ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਇਹ ਕਿ ਮੇਰਾ ਲੜਕਾ ਨਿਤਿਸ਼ ਜੈਨ ਅਤੇ ਨੂੰਹ ਸਾਕਸ਼ੀ ਲੱਧੜ ਅਤੇ ਪੋਤਰੀ ਹੀਰਲ ਜੈਨ ਜੋ ਕਿ ਮੇਰੇ ਕਹਿਣੇਕਾਰ ਤੋਂ ਬਾਹਰ ਹਨ। ਮੈਂ ਉਨ੍ਹਾਂ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਹੀ ਜ਼ਿੰਮੇਵਾਰ ਹੋਵੇਗਾ। (ਬਲਵਿੰਦਰ)

ਅਸੀਂ, ਤਰਸੇਮ ਲਾਲ ਪੁੱਤਰ ਹੰਸ ਰਾਜ ਅਤੇ ਜੋਤੀ ਪਤਨੀ ਤਰਸੇਮ ਲਾਲ ਵਾਸੀਆਨ ਮਕਾਨ ਨੰ: 643, ਬਸਤੀ ਪੀਰ ਦਾਦ, ਜਲੰਧਰ ਆਪਣੇ ਲੜਕੇ ਕਰਨ ਜੋ ਸਾਡੇ ਕਹਿਣੇ ਤੋਂ ਬਾਹਰ ਹੈ, ਨਾਲ ਕੋਈ ਵੀ ਸੰਬੰਧ ਨਹੀਂ ਰੱਖਣਾ ਚਾਹੁੰਦੇ ਅਤੇ ਇਸ ਨੂੰ ਆਪਣੀ ਸਾਰੀ ਚੱਲ-ਅਚੱਲ ਸੰਪਤੀ ਤੋਂ ਬੇਦਖਲ ਕਰਦੇ ਹਾਂ। ਜੇਕਰ ਕੋਈ ਵੀ ਇਸ ਨਾਲ ਕਿਸੇ ਪ੍ਰਕਾਰ ਦਾ ਸੰਬੰਧ ਰੱਖੇਗਾ ਜਾਂ ਲੈਣ-ਦੇਣ ਕਰੇਗਾ, ਉਹ ਇਸ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਅਤੇ ਸਾਡੇ ਪਰਵਾਰ ਦਾ ਉਸ 'ਚ ਅਤੇ ਉਸ ਦੇ ਕਿਸੇ ਵੀ ਚੰਗੇ-ਮਾੜੇ ਕੰਮਾਂ 'ਚ ਕੋਈ ਸੰਬੰਧ ਨਹੀਂ ਹੋਵੇਗਾ। (8165)

ਮੈਂ, ਸੁਰਜੀਤ ਕੌਰ ਪਤਨੀਂ ਬੱਗਾ ਸਿੰਘ, ਵਾਸੀ ਗੁੱਜਰਾਂ ਵਾਲਾ ਮੁਹੱਲਾ, ਧੂਰੀ (ਸੰਗਰੂਰ) ਆਪਣੇ ਪੋਤਰੇ ਗੁਰਪ੍ਰੀਤ ਸਿੰਘ ਉਰਫ ਕਾਲੂ ਪੱਤਰ ਸਵਰਗੀ ਪੱਪੀ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ਼ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖੁੱਦ ਜ਼ਿੰਮੇਵਾਰ ਹੋਣਗੇ।

ਮੈਂ, ਅਮਰੀਕ ਸਿੰਘ ਪੁੱਤਰ ਗਿਆਨ ਸਿੰਘ ਵਾਸੀ ਧੁਲੇਤਾ, ਤਹਿ: ਫਿਲੌਰ, ਜ਼ਿਲ੍ਹਾ ਜਲੰਧਰ ਦਾ ਕੁਲਵੀਰ ਸਿੰਘ ਮੇਰਾ ਲੜਕਾ ਜੋ ਕਿ ਵਿਦੇਸ਼ ਵਿੱਚ ਰਹਿੰਦਾ ਹੈ ਤੇ ਉਸ ਦਾ ਪਰਵਾਰ ਇੰਡੀਆ ਵਿੱਚ ਹੈ। ਇਹ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਵੀ ਇਹਨਾਂ ਨਾਲ ਲੈਣ-ਦੇਣ ਕਰੇਗਾ, ਉਹ ਖੁਦ ਜ਼ਿੰਮੇਵਾਰ ਹੋਵੇਗਾ। (ਕਰਨ)

ਮੈਂ, ਚਰਨੋ ਪਤਨੀ ਲੇਟ ਪਰਸਨ ਲਾਲ ਵਾਸੀ ਮਕਾਨ ਨੰ. 75, ਮੁਹੱਲਾ ਠੱਠੀ, ਵਾਰਡ ਨੰ. 4, ਅਲਾਵਲਪੁਰ ਥਾਣਾ ਆਦਮਪੁਰ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਵਿਜੇ ਕੁਮਾਰ ਅਤੇ ਉਸਦੀ ਪਤਨੀ ਨੀਲਮ ਰਾਣੀ ਅਤੇ ਉਹਨਾਂ ਦਾ ਲੜਕਾ ਜੈਵਿਨ ਡੈਨੀਅਲ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਸਾਰਿਆਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬਧਿਤ ਨੋਟ ਕਰਨ।

### ਬੇਦਖਲੀ ਨੋਟਿਸ

ਮੈਂ, ਹਰਵਿੰਦਰ ਸਿੰਘ ਪੁੱਤਰ ਸ੍ਰ. ਸਵਿੰਦਰ ਸਿੰਘ ਵਾਸੀ ਮੰਨਣ, ਤਹਿ. ਤੇ ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਮਹਾਬੀਰ ਸਿੰਘ (ਸ਼ਾਦੀਸ਼ੁਦਾ) ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਆਪਣੇ ਲੜਕੇ ਮਹਾਬੀਰ ਸਿੰਘ ਅਤੇ ਉਸ ਦੀ ਪਤਨੀ ਪ੍ਰਭਜੀਤ ਕੌਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। (ਨਾਰੰਗ)

ਮੈਂ, ਮੋਹਿੰਦਰ ਪਾਲ ਪੁੱਤਰ ਅਮਰ ਚੰਦ ਧਾਲੀਵਾਲ ਵਾਸੀ ਧਾਲੀਵਾਲ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੰਜੀਵ ਕੁਮਾਰ ਅਤੇ ਉਸਦੀ ਪਤਨੀ ਜੋਤੀ ਰਾਣੀ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

### ਨਾਂਅ ਦੀ ਬਦਲੀ

ਮੈਂ, ਦਮਨ ਕੁਮਾਰ ਪੁੱਤਰ ਸ੍ਰੀ ਹਰੀ ਕ੍ਰਿਸ਼ਨ ਅਗਰਵਾਲ ਵਾਸੀ ਨਜ਼ਦੀਕ ਬਿੱਟੂ ਗਿਫਟ ਸੈਂਟਰ, ਕੋਤਵਾਲੀ ਬਜ਼ਾਰ, ਹੁਸ਼ਿਆਰਪੁਰ ਨੇ ਆਪਣਾ ਨਾਂਅ ਦਮਨ ਕੁਮਾਰ ਤੋਂ ਬਦਲ ਕੇ ਦਮਨ ਅਗਰਵਾਲ ਰੱਖ ਲਿਆ ਹੈ। (ਹਿਤੇਸ਼)

ਮੈਂ, ਗੀਤਾ ਪਤਨੀਂ ਦੀਪਕ ਗਰਗ, ਵਾਸੀ ਨੇੜੇ ਮੰਗਲਾ ਆਸ਼ਰਮ ਧੂਰੀ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਗੀਤਾ ਰਾਣੀ ਰੱਖ ਲਿਆ ਹੈ।

ਮੈਂ, ਰਾਘਵ ਪੁੱਤਰ ਸ੍ਰੀ ਰਾਕੇਸ਼ ਕੁਮਾਰ ਵਾਸੀ ਜ਼ਿਲ੍ਹਾ ਅਤੇ ਤਹਿ: ਗੁਰਦਾਸਪੁਰ ਨੇ ਆਪਣਾ ਨਾਂਅ ਰਾਘਵ ਤੋਂ ਬਦਲ ਕੇ ਰਾਘਵ ਕੁਮਾਰ ਰੱਖ ਲਿਆ ਹੈ। ਸੰਬੰਧਤ ਨੋਟ ਕਰਨ। (ਮੁਕੇਸ਼)

ਮੈਂ, ਤੀਰਥੋ ਪਤਨੀ ਜਗਦੀਪ ਕੁਮਾਰ ਵਾਸੀ ਧੰਨੋਵਾਲੀ, ਜ਼ਿਲ੍ਹਾ ਜਲੰਧਰ ਨੇ ਆਪਣਾ ਨਾਂਅ ਬਦਲ ਕੇ ਤੀਰਥੋ ਤੋਂ ਤੀਰਥ ਕੌਰ ਰੱਖ ਲਿਆ ਹੈ।

ਮੈਂ, ਸਰੋਜ ਕੁਮਾਰ ਚੁੰਬਰ ਪੁੱਤਰ ਖੁਸ਼ੀਆ ਰਾਮ ਵਾਸੀ ਪਿੰਡ ਤੇ ਡਾਕ: ਵਿਰਕ, ਪੱਤੀ ਮਾਲੋਵਿਰਕ, ਤਹਿ: ਫਿਲੌਰ, ਜ਼ਿਲ੍ਹਾ ਜਲੰਧਰ ਨੇ ਆਪਣਾ ਨਾਂਅ ਬਦਲ ਕੇ ਸਰੋਜ ਕੁਮਾਰ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ ਮਹਿਕ ਕਪਿਲ ਪਤਨੀ ਜਤਿਨ ਵਰਮਾ ਵਾਸੀ ਡਬਲਿਊ ਜੀ 252 ਮੁਹੱਲਾ ਇਸਲਾਮਾਬਾਦ ਜਲੰਧਰ ਨੇ ਆਪਣਾ ਨਾਂ ਬਦਲ ਕੇ ਮਹਿਕ ਤੋਂ ਮਹਿਕ ਕਪਿਲ ਰੱਖ ਲਿਆ ਹੈ।

### Change of Name

I Gurdeep Singh S/o Nirmal Singh R/o Village Patti Adalatpur Rahimabad, Distt. Gurdaspur-143512 have changed my name to Gurdeep is my given name and Singh is my Surname. (sohal)

I, Malkit Singh S/o Sucha Singh R/o Ward No. 4, V.P.O. Garhdiwala, Tehsil Dasuya, Distt. Hoshiarpur, Punjab, declare I have changed my name from Malkiat Singh to Malkit Singh. Concerned please note. (Dogra)

I,Hunerpreet D/O Ravipal Singh R/O 58,Rani Ka Bagh near Vikas Travel,Amritsar,Punjab have changed my name from Hunerpreet to Hunerpreet Kaur.Concerned note.

I,Charanjeet Singh S/O Balkar Singh R/O H.No.19,Gali No.6,Palah Sahib Road,Sarkaria Enclave,Amritsar, Punjab have changed my name from Charanjeet Singh to Charanjit Singh.Concerned note.

I, Pinky Rani W/o Late Chaman Lal R/o Mohalla Munara, Nakodar (Jalandhar), have changed my name from Pinky Rani to Rani Pinky. Please note.

I, Manvinder Chopra S/o Late Sh. Tarsem Lal Chopra R/o H.no. 23, Guru Nanak Nagar, Near Model Town, Jalandhar, Punjab, India, declare that I have changed my daughter name from Liza to Liza Chopra. (8169)

I Jay Prakash S/O Dudhanath R/O H. No. 666, Sodal Road, Preet Nagar, Basti Bhure Khan, Jalandhar, Punjab, Declare That I Have Changed The Name Of My Minor Daughter From Nisha To Nisha Kumari.

I Jayprakash S/o Dudhanath R/o H. No. 666, Sodal Road, Preet Nagar, Basti Bhure Khan, Jalandhar, DECLARE That I have changed the name of my minor son from Sagar to Sagar Kumar.

I, Palvinder Singh S/o Sawinder Singh R/o Vpo Adliwala Ajnala road Amritsar have changed my name to Palwinder Singh

I, Sonia W/o Harpal Singh R/o Village Sardara Wala Post Office Khan Kot Amritsar have declare that Kaur is my Surname and Sonia is my Given name.

I, Ashok Mahajan S/o Hans Raj R/o 128, Shivala Colony Amritsar have changed my name to Ashok Kumar. Please Note it

I, Saab Singh S/o Joginder Singh R/o Village Bala Chak PO Chabba Tehsil and District Tarn Taran have changed my name from Saab Singh to Sahib Singh

I, Harkirat Singh S/o Harjit Singh R/o VPO Sarchur, Block Fatehgarh Churian, Tehsil Batala, Distt. Gurdaspur, Punjab have changed my name from Harkirat Singh to Singh is my surname and Harkirat is my given name.

I, Gurmit W/o JC-195622y Late Sub. Joginder Lal, Village Kaler Ghuman Tehsil Baba Bakala Sahib (Amritsar) have changed my name from Gurmit to Gurmeet Kaur. Concerned Note. (Athoula)

I, Nisha Rani W/o Vishal Sehgal R/o H.No. ED-248, Dhan Mohalla, Jalandhar, I have changed my name from Nisha Rani to Nisha Sehgal. Concerned please note. (8168)

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

### Change of Name

I, Jagir Singh s/o Mohinder Singh r/o H.No. 4, Kabir Avenue, Ladhewali, Jalandhar have changed my minor son name from Gaurav Singh to Gaurav Singh Kaler. All Please Note.

I Gagandeep w/o Sukhdev Ram r/o Village Khokhewal, Tehsil Phillaur, Distt. Jalandhar have changed my minor daughter's name from Nakshdeep to Naksdeep Kaur. All Please Note.

I Gagandeep w/o Sukhdev Ram r/o Village Khokhewal, Tehsil Phillaur, Distt. Jalandhar have changed my minor daughter's name from Naaz Deep to Naazdeep Kaur. All Please Note.

I Naresh Rani w/o Pawan Kumar Bagga r/o H.No.76, Mohalla Satkartarian, Chaura Kho, Phagwara Distt.Kapurthala, (PB) have changed my name Naresh Rani to Naresh Bagga. All Please Note.

I, Abhishek Rathi S/o Shri Gopal Rathi R/o A-194, 2nd Floor, Shushant Lok Phase-2, Sector- 55, Gurgaon, Haryana- 122011. I have changed the name of my minor Son Bhavy Rathi to Avyukt Rathi. All Please Note.

I, Armaan S/o Rajwinder Singh R/o H.No. B3 1238, Sunder Nagar, Jagraon, Ludhiana, Punjab-142026, have changed my name and shall hereafter be Known as Armaandeep Singh. All Please Note.

I, Rupwinder Kaur W/o Hardeep Singh R/o Pheruman Raod, Collage Back Side, VPO. Rayya, Tehsil Baba Bakala, Amritsar, Punjab-143112. have changed my name as Pushpinder Kaur. All Please Note.

I, Usha Chopra W/o Keshav Chander Chopra R/o H.No.NF-55, Quilla Mohalla, Jalandhar-I, Punjab-144001. have changed my name and shall hereafter be Known as Usha Rani. All Please Note.

I, Dinesh Singh Nayal S/o Mohan Singh Nayal R/o A2/503, Tulip White, Sector-69, Gurgaon, Haryana-122001. I have changed the name of my minor Son Arnav Singh Nayal to Aarav Singh Nayal. All Please Note.

I, Virender Nath Chhabra S/o Abnash Chander R/o L-304, Park Elite Premium, Sector- 84, Kheri Kalan(113), Faridabad, Haryana-121002, have changed my name as Virender Chhabra. All Please Note.

I, Gurpreet Singh s/o Gurdeep Singh r/o VPO. Munak Khurd, Teh.Dasuya, Hoshiarpur, Punjab have changed my name to Singh Gurpreet (Surname as Singh) All Please Note.

I, Madhu Sudan Verma s/o Ram Lal r/o Vill. Khudda, Distt. Hoshiarpur declare that Madhu Sudan Verma and Madhu Sudhan Verma is one and the same person. All Please Note.

I, Abhishek s/o Kashmiri Lal r/o 138, Sidharth Nagar, Bootan Mandi, Jalandhar-144003 have changed my name to Abhishek Jakhu. All Please Note.

I, Monisha d/o Kashmiri Lal r/o H.No.138, Sidharth Nagar, Jalandhar-144003 have changed my name to Monisha Jakhu. All Please Note.

I, Vipin Batra s/o Bhagwan Dass r/o H.No.13/26, Raj Nagar, Kapurthala Road, Jalandhar have changed my name to Vipin Kumar. All Please Note.

I, Geetanjli Kathia w/o Harish Chander Kathia r/o 138, Model Town, Jalandhar, Punjab-144003 have changed my name to Geetanjli. All Please Note.

I, Amanjot Kalyan w/o Stephen r/o Chitti, Jalandhar, Chitti, Punjab-144028 have changed my name to Amanjot. All Please Note.

I, Mamta Mohindru w/o Amit Anand r/o WG-555, Uccha Suraj Ganj, Jalandhar have changed my name to Mamta Anand, after marriage. All Please Note. (R)

I, Yashodha w/o Amit Anand r/o EN-146, Rasta Mohalla, Jalandhar have changed my name to Yashoda Anand, after marriage. All Please Note. (R)

I, Amandeep Singh S/o Sh. Palwinder Singh residing at H.No. 101, Harnaam Dass Pura, Jalandhar, Punjab have changed my name to Given Name Amandeep and Surname Singh. All concerned please note.

I, Kiran Kumari W/o Jukesh Kumar Bhogal R/o V.P.O. Bhatoya, Tehsil Dina Nagar, Distt. Gurdaspur, Punjab, have changed my son name Prince Bhogal to Ayansh Bhogal.

I Kulwinder Kumar S/O Kewal Ram R/O Vill Sunner Khurd Distt Jalandhar Have Changed My Minor Daughter Name From Komal To Komal Kumar.please Note.

I Gurmit Singh S/O Joginder Singh R/O Vpo Jhanjoti Teh Ajnala, Amritsar Have Changed My Name From Gurmit Singh To Gurmeet Singh. (sourabh)

## ਅਮਰੀਤ ਕੌਰ ਨੇ ਅਮਰੀਕਾ ਦੀਆਂ ਚਾਰ ਯੂਨੀਵਰਸਿਟੀਆਂ ਤੋਂ ਪ੍ਰਾਪਤ ਕੀਤੀ ਦਾਖਲਾ ਪ੍ਰਵਾਨਗੀ



ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) - ਇੱਕ ਵਾਰ ਫਿਰ ਕੈਮਿਸਟਰੀ ਵਿਭਾਗ ਦੀ ਵਿਦਿਆਰਥਣ ਨੇ ਪੀ ਐਚ ਡੀ ਲਈ ਅਮਰੀਕਾ ਦੀਆਂ ਚਾਰ ਯੂਨੀਵਰਸਿਟੀਆਂ ਤੋਂ ਦਾਖਲਾ ਮਨਜ਼ੂਰੀ ਪ੍ਰਾਪਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ ਦਾ ਨਾਂਅ ਰੌਸ਼ਨ ਕੀਤਾ ਹੈ।

ਪਿੰਡ ਅਟਾਪੁਰ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੀ ਵਸਨੀਕ ਅਮਰੀਤ ਕੌਰ 'ਤੇ ਯੂਨੀਵਰਸਿਟੀ ਨੂੰ ਮਾਣ ਹੈ ਜਿਸ ਨੇ 2018-2023 ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਤੋਂ ਕੈਮਿਸਟਰੀ ਵਿੱਚ ਬੀ ਐਸ ਸੀ (ਆਨਰਜ਼) ਅਤੇ ਐਮ ਐਸ ਸੀ ਪਾਸ ਕੀਤੀ ਹੈ। ਉਹ ਆਪਣੀ ਪੜ੍ਹਾਈ ਦੌਰਾਨ ਜਮਾਤ ਦੀ ਟਾਪਰ ਰਹੀ। ਅਮਰੀਤ ਕੌਰ ਨੇ ਕੈਮਿਸਟਰੀ ਦੇ ਸਹਾਇਕ ਪ੍ਰੋਫੈਸਰ ਡਾ. ਰਾਹੁਲ ਬਡਰੂ ਦੀ ਨਿਗਰਾਨੀ ਹੇਠ ਮਾਸਟਰ ਦੇ ਖੋਜ ਪ੍ਰੋਜੈਕਟ ਨੂੰ ਪੂਰਾ ਕੀਤਾ ਹੈ। ਆਪਣੇ ਅਧਿਆਪਕਾਂ ਦੀ ਅਗਵਾਈ ਹੇਠ ਉਸ ਨੇ ਅਮਰੀਕਾ ਦੀਆਂ ਕਈ ਨਾਮਵਰ ਯੂਨੀਵਰਸਿਟੀਆਂ ਵਿੱਚ ਪੀ ਐਚ ਡੀ ਪ੍ਰੋਗਰਾਮ ਲਈ ਅਪਲਾਈ ਕੀਤਾ ਅਤੇ ਉਸ ਨੂੰ ਚਾਰ ਯੂਨੀਵਰਸਿਟੀਆਂ ਜਿਵੇਂ ਕਿ ਹਿਊਸਟਨ ਯੂਨੀਵਰਸਿਟੀ, ਟੈਕਸਾਸ, ਯੂਨੀਵਰਸਿਟੀ ਆਫ ਨੇਬਰਾਸਕਾ, ਲਿੰਕਨ, ਯੂਨੀਵਰਸਿਟੀ ਆਫ ਓਕਲਾਹੋਮਾ ਅਤੇ ਯੂਨੀਵਰਸਿਟੀ ਆਫ ਵਾਇਮਿੰਗ ਤੋਂ ਦਾਖਲਾ ਮਨਜ਼ੂਰੀ ਮਿਲੀ। ਅਮਰੀਤ ਕੌਰ ਨੇ ਆਪਣੀ ਪੀਐਚਡੀ ਕਰਨ ਲਈ ਯੂਨੀਵਰਸਿਟੀ ਆਫ ਹਿਊਸਟਨ, ਟੈਕਸਾਸ ਦੀ ਚੋਣ ਕੀਤੀ। ਵਿਭਾਗ ਦੇ ਮੁਖੀ ਅਤੇ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਪ੍ਰੋ: ਪ੍ਰਿਤਪਾਲ ਸਿੰਘ ਨੇ ਉਸ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ।

## ਸੇਂਟ ਸੋਲਜਰ ਸਕੂਲ ਜੰਡਿਆਲਾ ਗੁਰੂ ਦੇ ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ ਸਨਮਾਨਿਤ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਮਾਝੇ ਦੇ ਚਾਰ ਜ਼ਿਲਿਆਂ (ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਪਠਾਨਕੋਟ) ਦੇ ਹੋਣਹਾਰ ਖਿਡਾਰੀਆਂ ਅਤੇ ਵਿਦਿਆਰਥੀਆਂ ਨੂੰ ਪ੍ਰਮੋਟ ਕਰਨ ਲਈ ਸਥਾਪਿਤ ਕੀਤੀ ਗਈ ਮਾਝਾ ਸਪੋਰਟਸ ਪ੍ਰੋਮੋਸ਼ਨ ਐਸੋਸੀਏਸ਼ਨ, ਪੰਜਾਬ ਵੱਲੋਂ ਪ੍ਰਸਿੱਧ ਖੇਡ ਪ੍ਰੋਮੋਟਰ ਅਤੇ ਪ੍ਰਧਾਨ ਗੁਰਿੰਦਰ ਸਿੰਘ ਮੱਟੂ (ਇੰਡੀਆ ਬੁੱਕ ਰਿਕਾਰਡ ਹੋਲਡਰ) ਦੀ ਯੋਗ ਅਗਵਾਈ ਹੇਠ ਵਿਰਸਾ ਵਿਹਾਰ, ਗਾਂਧੀ ਗਰਾਊਂਡ, ਅੰਮ੍ਰਿਤਸਰ ਦੇ ਕਰਤਾਰ ਸਿੰਘ ਦੁੱਗਲ ਹਾਲ ਵਿਖੇ ਰਾਜ-ਪੱਧਰੀ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ ਜਿਸ ਵਿੱਚ ਮੁੱਖ ਮਹਿਮਾਨ ਪ੍ਰਮਿੰਦਰ ਸਿੰਘ ਭੰਡਾਲ (ਡੀਸੀਪੀ, ਅੰਮ੍ਰਿਤਸਰ ਪੁਲਸ) ਨੇ ਸੇਂਟ ਸੋਲਜਰ ਸਕੂਲ ਜੰਡਿਆਲਾ ਗੁਰੂ ਦੇ ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ ਨੂੰ ਵਾਤਾਵਰਨ ਅਤੇ ਵਿੱਦਿਆ ਦੇ ਖੇਤਰ ਵਿੱਚ ਬੇਹਤਰੀਨ ਸੇਵਾਵਾਂ ਪ੍ਰਦਾਨ ਕਰਨ ਸਦਕਾ ਸਨਮਾਨਿਤ ਕੀਤਾ। ਮੁੱਖ ਮਹਿਮਾਨ ਭੰਡਾਲ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਪ੍ਰਧਾਨ ਗੁਰਿੰਦਰ ਸਿੰਘ ਮੱਟੂ ਅਤੇ ਉਨ੍ਹਾਂ ਦੀ ਟੀਮ ਵਧਾਈ ਦੇ ਪਾਤਰ ਹਨ ਜਿਨ੍ਹਾਂ ਨੇ ਕੌਮਾਂਤਰੀ ਅਤੇ ਕੌਮੀ ਖਿਡਾਰੀਆਂ ਤੋਂ ਇਲਾਵਾ ਹੋਣਹਾਰ ਮੈਰਿਟ ਹੋਲਡਰ ਵਿਦਿਆਰਥੀਆਂ ਨੂੰ ਮਾਣ ਬਖਸ਼ਿਆ ਹੈ। ਇਸ ਮੌਕੇ ਮੰਚ ਸੰਚਾਲਨ ਦੀ ਭੂਮਿਕਾ ਚਾਚਾ ਗੁਰਮੀਤ ਸਿੰਘ ਸੰਧੂ ਨੇ ਬਾਖੂਬੀ ਨਿਭਾਈ।

ਇਸ ਮੌਕੇ ਡਾਇਰੈਕਟਰ ਮੰਗਲ ਸਿੰਘ ਕਿਸ਼ਨਪੁਰੀ, ਪ੍ਰਿੰ. ਮਨੀਸ਼ਾ ਧਨੁਕਾ, ਪ੍ਰਿੰ .ਕੰਚਨ ਮਲਹੋਤਰਾ, ਪ੍ਰਿੰ. ਪਰਮਜੀਤ ਕੌਰ, ਪ੍ਰਿੰ. ਅਮਰਜੀਤ ਕੌਰ ਲਵਪ੍ਰੀਤ ਸਿੰਘ, ਸ਼ਿਵ ਸਿੰਘ, ਦਮਨਪ੍ਰੀਤ ਕੌਰ, ਅਗਮਜੋਤ ਸਿੰਘ, ਗੋਬਿੰਦ ਅਤੇ ਇੰਦਰਪਾਲ ਸਿੰਘ ਹਾਜ਼ਰ ਸਨ।

## ਜ਼ਿਲ੍ਹੇ ਅੰਦਰ ਹਥਿਆਰਾਂ ਦੇ ਜਨਤਕ ਪ੍ਰਦਰਸ਼ਨ ਉੱਪਰ ਪੂਰਨ ਪਾਬੰਦੀ ਦੇ ਹੁਕਮ

ਕਪੂਰਥਲਾ ( ਰਾਵਿੰਦਰ ਸਿੰਘ) ਪੰਜਾਬ ਸਰਕਾਰ ਵਲੋਂ ਰਾਜ ਵਿਚ ਅਮਨ ਤੇ ਕਾਨੂੰਨ ਬਣਾਈ ਰੱਖਣ ਲਈ ਜਾਰੀ ਹਦਾਇਤਾਂ ਦੇ ਅਨੁਕੂਲ ਜ਼ਿਲ੍ਹਾ ਮੈਜਿਸਟ੍ਰੇਟ ਕਮ ਡਿਪਟੀ ਕਮਿਸ਼ਨਰ ਕੈਪਟਨ ਕਰਨੈਲ ਸਿੰਘ ਵਲੋਂ ਜ਼ਿਲ੍ਹਾ ਕਪੂਰਥਲਾ ਦੀ ਹੱਦ ਅੰਦਰ ਹਥਿਆਰਾਂ ਦੇ ਜਨਤਕ ਪ੍ਰਦਰਸ਼ਨ ਉੱਪਰ ਪੂਰਨ ਪਾਬੰਦੀ ਦੇ ਹੁਕਮ ਜਾਰੀ ਕੀਤੇ ਗਏ ਹਨ। ਇਹ ਪਾਬੰਦੀ ਸ਼ੋਸ਼ਲ ਮੀਡੀਆ ਉੱਪਰ ਵੀ ਲਾਗੂ ਹੋਵੇਗੀ। ਜ਼ਿਲ੍ਹਾ ਮੈਜਿਸਟ੍ਰੇਟ ਵਲੋਂ ਫੌਜਦਾਰੀ ਜਾਬਤਾ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਇਹ ਹੁਕਮ ਜਾਰੀ ਕੀਤੇ ਗਏ ਹਨ। ਹੁਕਮਾਂ ਅਨੁਸਾਰ ਹਥਿਆਰਾਂ ਜਾਂ ਹਿੰਸਾ ਦੀ ਵਡਿਆਈ ਕਰਨ ਵਾਲੇ ਗੀਤਾਂ 'ਤੇ ਵੀ ਪੂਰਨ ਪਾਬੰਦੀ ਹੋਵੇਗੀ। ਇਸ ਤੋਂ ਇਲਾਵਾ ਜਨਤਕ ਇਕੱਠਾਂ, ਧਾਰਮਿਕ ਸਥਾਨਾਂ , ਵਿਆਹ ਪਾਰਟੀਆਂ ਜਾਂ ਹੋਰ ਸਮਾਗਮਾਂ ਵਿਚ ਹਥਿਆਰ ਲੈ ਕੇ ਜਾਣ ਤੇ ਪ੍ਰਦਰਸ਼ਨ ਕਰਨ 'ਤੇ ਵੀ ਮੁਕੰਮਲ ਰੂਪ ਵਿਚ ਪਾਬੰਦੀ ਹੋਵੇਗੀ । ਕਿਸੇ ਵੀ ਭਾਈਚਾਰੇ ਵਿਰੁੱਧ ਨਫਰਤ ਭਰਿਆ ਭਾਸ਼ਣ ਦੇਣ 'ਤੇ ਵੀ ਪਾਬੰਦੀ ਲਾਗੂ ਹੋਵੇਗੀ । ਇਨ੍ਹਾਂ ਹੁਕਮਾਂ ਨੂੰ ਇੰਨ-ਬਿੰਨ ਲਾਗੂ ਕਰਵਾਉਣ ਲਈ ਸੀਨੀਅਰ ਪੁਲਿਸ ਕਪਤਾਨ ਤੇ ਜ਼ਿਲ੍ਹੇ ਦੇ ਸਮੂਹ ਐਸ.ਡੀ.ਐਮਜ਼ ਜਿੰਮੇਵਾਰ ਹੋਣਗੇ। ਜ਼ਿਲ੍ਹਾ ਮੈਜਿਸਟ੍ਰੇਟ ਨੇ ਸਪੱਸ਼ਟ ਕਿਹਾ ਕਿ ਜੇਕਰ ਕੋਈ ਵੀ ਵਿਅਕਤੀ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰੇਗਾ ਤਾਂ ਉਸ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਉਣਾ ਪੁਲਸ ਵਿਭਾਗ ਦੀ ਜਿੰਮੇਵਾਰੀ ਹੋਵੇਗੀ। ਇਹ ਹੁਕਮ 23-09-2023 ਤੱਕ ਲਾਗੂ ਰਹਿਣਗੇ।

29-JULY-PAGE-7.qxd 7/28/2023 10:37 PM Page 1



# ਪਾਰਲੀਮੈਂਟ 'ਚ ਕੋਈ ਵੀ ਬਿੱਲ ਖੁੱਲ੍ਹੀ ਬਹਿਸ ਤੋਂ ਬਿਨਾਂ ਪਾਸ ਨਹੀਂ ਹੋ ਸਕਦਾ : ਮਾਨ

**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-"20 ਜੁਲਾਈ ਤੋਂ ਪਾਰਲੀਮੈਂਟ ਦਾ ਮੌਨਸੂਨ ਰੁੱਤ ਸੈਸ਼ਨ ਸ਼ੁਰੂ ਹੋ ਚੁੱਕਾ ਹੈ, ਪਰ ਮਨੀਪੁਰ ਵਿੱਚ ਉਥੋਂ ਦੀ ਬੀਜੇਪੀ-ਆਰ.ਐੱਸ.ਐੱਸ. ਦੀ ਸ੍ਰੀ ਬਿਰੇਨ ਸਰਕਾਰ ਦੀ ਨਿਗਰਾਨੀ ਹੇਠ ਘੱਟ ਗਿਣਤੀ ਕੂਕੀ ਕੌਮ ਦੀਆਂ 2 ਬੀਬੀਆਂ ਨਾਲ ਕੀਤੇ ਗਏ ਸਮੂਹਕ ਜਬਰ ਜ਼ਨਾਹ ਤੇ ਫਿਰ ਉਨ੍ਹਾਂ ਨੂੰ ਨਗਨ ਕਰਕੇ ਗਲੀਆਂ ਤੇ ਬਜ਼ਾਰਾਂ ਵਿੱਚ ਪ੍ਰੇਡ ਕਰਵਾਉਣ ਦੀ ਅਤਿ ਸ਼ਰਮਨਾਕ ਦਰਿੰਦਗੀ ਭਰੀ ਹੋਈ ਕਾਰਵਾਈ ਨੂੰ ਲੈ ਕੇ ਸਮੁੱਚੀਆਂ ਵਿਰੋਧੀ ਪਾਰਟੀਆਂ ਵੱਲੋਂ ਇਸ ਮੁੱਦੇ ਉਤੇ ਅਗਲਾ ਫੈਸਲਾ ਕਰਨ ਲਈ ਪੈਦਾ ਹੋਏ ਡੈੱਡਲਾਕ ਦੀ ਬਦੌਲਤ ਤੇ ਸਰਕਾਰ ਦੀ ਬਦਨੀਤੀ ਦੀ ਬਦੌਲਤ ਪਾਰਲੀਮੈਂਟ ਦੀ ਕੋਈ ਵੀ ਕਾਰਵਾਈ ਨਹੀਂ ਹੋ ਸਕੀ, ਕਿਉਂਕਿ ਮਨੀਪੁਰ ਵਿੱਚ ਇੱਕ ਫੌਜ ਦੇ ਸੂਬੇਦਾਰ ਦੀ ਪਤਨੀ ਤੇ 1 ਹੋਰ ਬੀਬੀ ਨਾਲ ਅਤਿ ਸ਼ਰਮਨਾਕ ਇਖ਼ਲਾਕ ਤੋਂ ਗਿਰਿਆ ਹੋਇਆ ਕਾਰਾ ਹੋਣ ਦੀ ਬਦੌਲਤ ਸੰਬੰਧਤ ਸੂਬੇ ਤੇ ਸੈਂਟਰ ਦੀਆਂ ਸਰਕਾਰਾਂ ਨੇ 2 ਮਹੀਨੇ ਤੱਕ ਕੋਈ ਨੋਟਿਸ ਨਹੀਂ ਲਿਆ, ਜਿਸ ਤੋਂ ਸਪੱਸ਼ਟ ਹੈ ਕਿ ਸਰਕਾਰੀ ਸ਼ਹਿ ਪ੍ਰਾਪਤ ਬਹੁਗਿਣਤੀ ਫਿਰਕੇ ਦੇ ਲੋਕਾਂ ਨੇ ਇਹ ਅਤਿ ਸ਼ਰਮਨਾਕ ਨਿੰਦਣਯੋਗ ਕਾਰਾ ਕੀਤਾ ਹੈ। ਵਿਰੋਧੀ ਧਿਰ ਇਸ ਮਾਮਲੇ ਉਤੇ ਦੋਸ਼ੀਆਂ ਵਿਰੁੱਧ ਸਖਤ ਕਾਰਵਾਈ ਕਰਨ ਤੇ ਸਰਕਾਰ ਦੇ ਸਟੈਂਡ ਦੀ ਸਪੱਸ਼ਟਤਾ ਚਾਹੁੰਦੀ ਹੈ, ਜਿਸ ਤੋਂ ਸਰਕਾਰ ਤੇ ਪਾਰਲੀਮੈਂਟ ਲੋਕ ਸਭਾ ਦੇ ਸਪੀਕਰ ਸ੍ਰੀ ਓਮ ਬਿਰਲਾ ਭੱਜਦੇ ਨਜ਼ਰ ਆ ਰਹੇ ਹਨ, ਜੋ ਜਮਹੂਰੀ ਢਾਂਚੇ ਤੇ ਕਦਰਾਂ-ਕੀਮਤਾਂ ਦਾ ਘਾਣ ਕਰਨ ਵਾਲੀਆਂ ਕਾਰਵਾਈਆਂ ਹਨ।" ਇਹ ਵਿਚਾਰ ਸ੍. ਸਿਮਰਨਜੀਤ ਸਿੰਘ ਮਾਨ ਐੱਮ ਪੀ ਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪ੍ਰਗਟ ਕੀਤੇ। ਉਨ੍ਹਾ ਕਿਹਾ ਕਿ ਸ੍ਰੀ ਓਮ ਬਿਰਲਾ, ਜੋ ਪਾਰਲੀਮੈਂਟ ਦੀ ਕਾਰਵਾਈ ਦੀ ਦੇਖ-ਰੇਖ ਕਰ ਰਹੇ ਹਨ, ਵੱਲੋਂ ਸਮੁੱਚੀਆਂ ਪਾਰਟੀਆਂ ਦੇ ਆਗੂਆਂ ਨੂੰ ਇਸ ਵਿਸ਼ੇ 'ਤੇ ਨਾ ਬੁਲਾਉਣਾ ਹੋਰ ਵੀ ਦੁੱਖਦਾਇਕ ਹੈ। ਇਹ ਹੋਰ ਵੀ ਗੈਰ-ਕਾਨੂੰਨੀ ਅਮਲ ਹੈ ਕਿ ਲੋਕ ਸਭਾ ਵੱਲੋਂ ਅਜਿਹੇ ਮੁੱਦਿਆਂ ਜਾਂ ਹੋਰ ਬਿੱਲਾਂ 'ਤੇ ਬਹਿਸ ਕਰਨ ਤੋਂ ਬਿਨਾਂ ਬਿੱਲਾਂ ਨੂੰ ਜਬਰੀ ਪਾਸ ਕਰਨ ਲਈ ਯੋਗਦਾਨ ਪਾਉਣਾ ਜਮਹੂਰੀ ਨਿਯਮਾਂ ਦੀ ਉਲੰਘਣਾ ਵਾਲੀ ਕਾਰਵਾਈ ਹੈ। ਸਾਡੀ ਪਾਰਟੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਇਸ ਹੱਕ ਵਿੱਚ ਹੈ ਕਿ ਕੋਈ ਵੀ ਬਿੱਲ ਹਕੂਮਤ ਜਮਾਤ ਜਾਂ ਮਿਸਟਰ ਬਿਰਲਾ ਬਹਿਸ ਕਰਨ ਤੋਂ ਬਿਨਾਂ ਪਾਸ ਨਹੀਂ ਕਰਵਾ ਸਕਦੇ। ਇਸ ਲਈ ਅਸੀਂ ਇਹ ਉਮੀਦ ਰੱਖਾਂਗੇ ਕਿ ਸਪੀਕਰ ਲੋਕ ਸਭਾ ਬਿਨਾਂ ਕਿਸੇ ਬਹਿਸ ਹੋਣ ਤੋਂ ਕਿਸੇ ਵੀ ਕਾਨੂੰਨੀ ਬਿੱਲ ਨੂੰ ਪ੍ਰਵਾਨਗੀ ਦੇਣ ਜਾਂ ਪਾਸ ਕਰਨ ਦੀ ਇਜਾਜ਼ਤ ਨਹੀਂ ਦੇਣਗੇ।

# ਇਮਾਨਦਾਰੀ ਤੇ ਲਗਨ ਨਾਲ ਸੇਵਾਵਾਂ ਨਿਭਾਅ ਰਹੇ ਹਨ ਟ੍ਰੈਫਿਕ ਇੰਚਾਰਜ ਸੁਖਵਿੰਦਰ ਸਿੰਘ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**- ਸਹਾਇਕ ਥਾਣੇਦਾਰ ਸੁਖਵਿੰਦਰ ਸਿੰਘ ਭਾਨਰੀ ਸਮਾਣਾ ਵਿਖੇ ਬਤੌਰ ਟ੍ਰੈਫਿਕ ਇੰਚਾਰਜ ਅਹੁਦਾ ਸੰਭਾਲਣ ਉਪਰੰਤ ਸ਼ਹਿਰ ਵਿੱਚ ਟ੍ਰੈਫਿਕ ਸਮੱਸਿਆ ਨੂੰ ਹੱਲ ਕਰਨ ਲਈ ਹਰ ਵਕਤ ਜਤਨਸ਼ੀਲ ਰਹਿੰਦੇ ਹਨ। ਸ਼ਹਿਰ ਦੇ ਜਿਸ ਬਜ਼ਾਰ ਵਿਚ ਟ੍ਰੈਫਿਕ ਸਮੱਸਿਆ ਪੈਦਾ ਹੁੰਦੀ ਹੈ ਇਹ ਆਪਣੀ ਟੀਮ ਨਾਲ ਉਥੇ ਪਹੁੰਚ ਕੇ ਟ੍ਰੈਫਿਕ ਸਮੱਸਿਆ ਦਾ ਹੱਲ ਕਰ ਦਿੰਦੇ ਹਨ। ਟ੍ਰੈਫਿਕ ਇੰਚਾਰਜ ਸਹਾਇਕ ਥਾਣੇਦਾਰ ਸੁਖਵਿੰਦਰ ਸਿੰਘ ਦਾ ਕਹਿਣਾ ਹੈ ਕਿ ਉਹ ਆਪਣੀ ਡਿਊਟੀ ਨੂੰ ਪੂਰੀ ਤਨਦੇਹੀ, ਇਮਾਨਦਾਰੀ ਅਤੇ ਲਗਨ ਨਾਲ ਕਰ ਰਹੇ ਹਨ। ਉਹ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਕਿਸੇ ਵੀ ਸ਼ਖਸ ਨੂੰ ਨਾ ਬਖਸ਼ ਕੇ ਸਭ ਦੇ ਚਲਾਨ ਕਰ ਰਹੇ ਹਨ। ਉਨ੍ਹਾਂ ਦੋ ਪਹੀਆ ਵਾਹਨ ਚਲਾਉਣ ਵਾਲਿਆਂ ਨੂੰ ਕਿਹਾ ਕਿ ਉਹ ਆਪਣੇ ਸਿਰ 'ਤੇ ਹੈਲਮਟ ਪਾਉਣ ਜਾਂ ਪੱਗੜੀ ਜ਼ਰੂਰ ਬੰਨ੍ਹਣ ਤਾਂ ਜੋ ਕਿਸੇ ਅਣਸੁਖਾਵੀਂ ਘਟਨਾ ਤੋਂ ਬਚਿਆ ਜਾ ਸਕੇ। ਉਨ੍ਹਾਂ ਸਾਰੇ ਵਾਹਨ ਚਾਲਕਾਂ ਨੂੰ ਸੁਚੇਤ ਕੀਤਾ ਕਿ ਆਪਣੇ ਵਾਹਨਾਂ 'ਚ ਆਪਣੇ ਵਾਹਨ ਦੇ ਕਾਗਜ਼ ਵਾਹਨ ਦੇ ਨਾਲ ਰੱਖਣ ਤਾਂ ਜੋ ਪੁਲਸ ਨਾਕੇ 'ਤੇ ਚੈਕਿੰਗ ਦੌਰਾਨ ਕਿਸੇ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਮਾਣਯੋਗ ਉੱਚ ਅਦਾਲਤਾਂ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਸਪੈਸ਼ਲ ਨਾਕਾਬੰਦੀ ਕਰਕੇ ਬੁਲਟ ਮੋਟਰਸਾਈਕਲ ਵਾਲਿਆਂ ਦੇ ਚਾਲਾਨ ਵੀ ਕੀਤੇ ਜਾ ਸਕੇ ਹਨ, ਜਿਨ੍ਹਾਂ ਨੇ ਮੋਟਰਸਾਈਕਲਾਂ ਦੇ ਸਾਈਲੈਂਸਰ ਮੋਡੀਫਾਈਡ ਕਰਵਾਏ ਹੋਏ ਸਨ। ਉਨ੍ਹਾਂ ਬੁਲਟ ਮੋਟਰਸਾਈਕਲ ਵਾਲਿਆਂ ਨੂੰ ਤਾੜਨਾ ਕਰਦਿਆਂ ਕਿਹਾ ਕਿ ਉਹ ਉੱਚ ਅਦਾਲਤਾਂ ਦੇ ਹੁਕਮਾਂ ਦੀ ਪਾਲਣਾ ਕਰਨ। ਉਨ੍ਹਾਂ ਮੋਟਰਸਾਈਕਲ ਮਕੈਨਿਕਾਂ ਨੂੰ ਵੀ ਤਾੜਨਾ ਕੀਤੀ ਕਿ ਉਹ ਬੁਲਟ ਮੋਟਰਸਾਈਕਲਾਂ ਦੇ ਸਾਈਲੈਂਸਰ ਮੋਡੀਫਾਈਡ ਨਾ ਕਰਨ। ਸਰਕਾਰ ਨੂੰ ਚਾਹੀਦਾ ਹੈ ਕਿ ਜਿਹੜੇ ਅਫਸਰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਆਪਣੇ ਡਿਊਟੀ ਕਰਦੇ ਹਨ ਉਨ੍ਹਾਂ ਨੂੰ ਸਨਮਾਨਤ ਕਰੇ ਤਾਂ ਜੋ ਆਪਣੀਆਂ ਹੋਰ ਵਧੇਰੇ ਵਧੀਆ ਸੇਵਾਵਾਂ ਸਰਕਾਰ ਨੂੰ ਦੇ ਸਕਣ। ਇਸ ਮੌਕੇ ਏ ਐਸ ਆਈ ਸੁਖਪਾਲ ਸਿੰਘ, ਏ ਐਸ ਆਈ ਸੁਵਿੰਦਰ ਸਿੰਘ, ਐਚ ਸੀ ਜਸਪਾਲ ਸਿੰਘ, ਐਚ ਸੀ ਹਰਜੀਤ ਸਿੰਘ ਆਦਿ ਹਾਜ਼ਰ ਸਨ।

# ਚਿੱਪ ਵਾਲੇ ਮੀਟਰ ਲਾਉਣ ਖਿਲਾਫ ਰੂਮੀ ਦਫਤਰ ਅੱਗੇ ਰੋਸ ਰੈਲੀ

## ਪਾਵਰਕਾਮ ਸਬਰ ਅਜ਼ਮਾਉਣ ਤੋਂ ਬਾਜ਼ ਆਵੇ : ਬੱਸੂਵਾਲ



**ਜਗਰਾਓਂ (ਅਮਿਤ ਖੰਨਾ, ਸੰਜੀਵ ਅਰੋੜਾ)**-ਪਿੰਡ ਚੀਮਾ ਤੇ ਭੰਮੀਪੁਰਾ ਦੇ ਕਿਸਾਨਾਂ ਤੇ ਮਜ਼ਦੂਰਾਂ ਨੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਪ੍ਰਧਾਨ ਤਰਸੇਮ ਸਿੰਘ ਬੱਸੂਵਾਲ ਤੇ ਮੀਤ ਪ੍ਰਧਾਨ ਮਨਦੀਪ ਸਿੰਘ ਧਾਲੀਵਾਲ ਦੀ ਅਗਵਾਈ 'ਚ ਪਾਵਰਕਾਮ ਵੱਲੋਂ ਠੀਕ ਠਾਕ ਚਲਦੇ ਬਿਜਲੀ ਮੀਟਰ ਲਾਹ ਕੇ ਨਵੇਂ ਚਿੱਪ ਵਾਲੇ ਮੀਟਰ ਲਾਉਣ ਖਿਲਾਫ ਰੂਮੀ ਦਫਤਰ ਅੱਗੇ ਭਾਰੀ ਰੋਸ ਰੈਲੀ ਕੀਤੀ। ਇਸ ਸਮੇਂ ਰੋਸ ਪ੍ਰਦਰਸ਼ਨ 'ਚ ਸ਼ਾਮਲ ਲੋਕਾਂ ਨੂੰ ਸੰਬੋਧਨ ਕਰਦਿਆਂ ਇਕਾਈ ਪ੍ਰਧਾਨਾਂ ਨਿਰਮਲ ਸਿੰਘ ਭੰਮੀਪੁਰ, ਪਰਮਜੀਤ ਸਿੰਘ ਚੀਮਾ ਨੇ ਪਾਵਰਕਾਮ ਨੂੰ ਚਿਤਾਵਨੀ ਦਿੱਤੀ ਕਿ ਪੰਜਾਬੀਆਂ ਤੇ ਸੰਯੁਕਤ ਕਿਸਾਨ ਮੋਰਚੇ ਦੇ ਫੈਸਲੇ ਮੁਤਾਬਿਕ ਪਿਛਲੇ ਲੰਮੇਂ ਸਮੇਂ ਤੋਂ ਚਿੱਪ ਵਾਲੇ ਮੀਟਰਾਂ ਦਾ ਵਿਰੋਧ ਹੁੰਦਾ ਆ ਰਿਹਾ ਹੈ। ਪਾਵਰਕਾਮ ਨੂੰ ਵੱਡੇ ਲੁਟੇਰੇ ਕਾਰਪੋਰੇਟਾਂ ਦੇ ਹੱਥਾਂ 'ਚ ਦੇਣ ਤੇ ਰੁਜ਼ਗਾਰ ਨੂੰ ਵੱਡੇ ਪਧਰ 'ਤੇ ਖਤਮ ਕਰਨ ਲਈ ਇਹ ਮੀਟਰ ਲਗਾਏ ਜਾ ਰਹੇ ਹਨ। ਸਿੱਟੇ ਵਜੋਂ ਜਿੱਥੇ ਬਿਜਲੀ ਦਰਾਂ ਦੀ ਰਾਹਤ ਮਾਫੀ ਖਤਮ ਹੋਵੇਗੀ, ਉਥੇ ਪ੍ਰੀਪੇਡ ਮੀਟਰਾਂ ਰਾਹੀਂ ਐਡਵਾਂਸ ਰਕਮ ਹਾਸਲ ਕਰਕੇ ਹੀ ਬਿਜਲੀ ਸਪਲਾਈ ਕੀਤੀ ਜਾਵੇਗੀ। ਇਕ ਪਾਸੇ ਤਕਨੀਕੀ ਕਾਲਜ ਆਈ ਟੀ ਆਈਜ਼ ਹਰ ਸੜਕ 'ਤੇ ਖੋਲ੍ਹੇ ਜਾ ਰਹੇ ਹਨ ਤੇ ਦੂਜੇ ਪਾਸੇ ਮੀਟਰ ਰੀਡਰ, ਬਿਲਵੰਡਕ, ਲੈਜਰਕੀਪਰ, ਮਾਲ ਵਿਭਾਗ, ਡੈਟਾ ਕੁਲੈਕਟਰ, ਕੈਸ਼ੀਅਰ ਦੀਆਂ ਅਸਾਮੀਆਂ ਖਤਮ ਕਰਕੇ ਪੱਕੇ ਰੁਜ਼ਗਾਰ ਦਾ ਵਢਾਂਗਾ ਕੀਤਾ ਜਾ ਰਿਹਾ ਹੈ। ਟੈਕਨੀਕਲ ਕੰਮ ਤਾਂ ਪਹਿਲਾਂ ਹੀ ਠੇਕੇਦਾਰਾਂ ਨੂੰ ਦਿੱਤਾ ਜਾ ਚੁੱਕਾ ਹੈ। ਪੱਕੀ ਨੌਕਰੀ ਖਤਮ ਕਰਕੇ ਪੱਕੀ ਤਨਖਾਹ ਤੇ ਸਾਰੇ ਸੇਵਾ ਲਾਭ ਖਤਮ ਕਰ ਦਿੱਤੇ ਗਏ ਹਨ। ਬੀ ਐੱਸ ਐੱਨ ਐੱਲ ਵਾਂਗ ਹੌਲੀ ਹੌਲੀ ਖਾਲੀ ਹੋ ਰਹੇ ਪਾਵਰਕਾਮ ਦਫਤਰ ਵੀ ਵੇਚ ਦਿੱਤੇ ਜਾਣਗੇ। ਸਿੱਟਾ ਇਹ ਨਿਕਲੇਗਾ ਕਿ ਜਿਸ ਕੋਲ ਪੈਸਾ ਹੋਵੇਗਾ, ਉਹ ਬਿਜਲੀ ਵਰਤਣ ਲਈ ਸਿਮ ਖਰੀਦ ਕੇ ਚਿੱਪ ਵਾਲੇ ਮੀਟਰ 'ਚ ਪਾ ਕੇ ਵਰਤ ਸਕੇਗਾ ਤੇ ਗਰੀਬ ਬੰਦਾ ਗਰਮੀ 'ਚ ਮਰੇਗਾ, ਬੀਮਾਰ ਹੋ ਕੇ ਮਰ ਜਾਵੇਗਾ। ਇਸ ਦੇਸ਼ 'ਚ ਸਿਰਫ ਪੈਸੇ ਵਾਲਿਆਂ ਨੂੰ ਹੀ ਜਿਉਣ ਦਾ ਹੱਕ ਹੋਵੇਗਾ। ਇਸ ਸਮੇਂ ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਦੇਹੜਕਾ ਨੇ ਸਮੂਹ ਪਿੰਡਾਂ ਦੇ ਕਿਸਾਨ ਮਜ਼ਦੂਰ ਭੈਣਾਂ ਭਰਾਵਾਂ ਨੂੰ ਚਿੱਪ ਵਾਲੇ ਮੀਟਰਾਂ ਖਿਲਾਫ ਡਿਊਟੀਆਂ ਵੰਡ ਕੇ ਪਿੰਡਾਂ 'ਚ ਪਹਿਰੇਦਾਰੀ ਕਰਨ ਦੀ ਅਪੀਲ ਕੀਤੀ ਹੈ।

## ਕਾਤਰਾਂ

### ਮੁਫਤ ਮੈਡੀਕਲ ਕੈਂਪ ਭਲਕੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਲੋਕਾਂ ਨੂੰ ਸਿਹਤ ਸਹੂਲਤਾਂ ਦੇਣ ਲਈ ਫਿਰੋਜ਼ਪੁਰ ਵੈੱਲਫੇਅਰ ਕਲੱਬ ਵੱਲੋਂ 30 ਜੁਲਾਈ ਨੂੰ ਮੁਫਤ ਮੈਡੀਕਲ ਕੈਂਪ ਲਗਾਇਆ ਜਾਵੇਗਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਪ੍ਰਧਾਨ ਕੁਲਦੀਪ ਮੈਣੀ, ਅਰੁਣ ਸ਼ਰਮਾ, ਰਾਜੂ ਖੇੜਾ ਤੇ ਪ੍ਰੋਜੈਕਟ ਚੇਅਰਮੈਨ ਬਲਜੀਤ ਸਿੰਘ ਨੇ ਦੱਸਿਆ ਕਿ ਸੰਸਥਾ ਵੱਲੋਂ ਇਹ ਕੈਂਪ ਸਵਰਗੀ ਪ੍ਰਵੀਨ ਮਲਹੋਤਰਾ ਦੀ ਯਾਦ ਵਿੱਚ ਲਗਾਇਆ ਜਾ ਰਿਹਾ ਹੈ, ਜਿਸ ਵਿੱਚ ਐੱਨ ਐੱਚ ਐੱਸ ਹਸਪਤਾਲ ਜਲੰਧਰ ਦੇ ਪ੍ਰਸਿੱਧ ਡਾ. ਨਵੀਨ ਚਿਤਕਾਰਾ ਤੇ ਡਾ. ਨਿਤਿਨ ਗਰਗ ਦਿਮਾਗ਼ ਅਤੇ ਰੀੜ ਦੀਆਂ ਹੱਡੀਆਂ ਦੇ ਮਰੀਜ਼ਾਂ ਦਾ ਚੈੱਕਅੱਪ ਕਰਨਗੇ। ਉਨ੍ਹਾਂ ਲੋਕਾਂ ਨੂੰ ਇਸ ਕੈਂਪ ਵਿੱਚ ਵੱਧ ਚੜ੍ਹ ਕੇ ਲਾਭ ਉਠਾਉਣ ਲਈ ਪ੍ਰੇਰਿਤ ਕੀਤਾ।

### ਮੋਦੀ ਨੇ ਢੀਂਡਸਾ ਨੂੰ ਪ੍ਰਕਾਸ਼ ਸਿੰਘ ਬਾਦਲ ਦਾ ਵਾਰਸ ਦੱਸ ਕੇ ਵੱਡਾ ਸੱਚ ਬਿਆਨ ਕੀਤਾ-ਰੂਬਲ ਗਿੱਲ ਕੈਨੇਡਾ

**ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)**-ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸਿੱਖ ਕੌਮ ਦੇ ਮਹਾਨ ਆਗੂ ਸੁਖਦੇਵ ਸਿੰਘ ਢੀਂਡਸਾ ਸਾਬਕਾ ਮੈਂਬਰ ਰਾਜ ਸਭਾ ਨੂੰ ਪ੍ਰਕਾਸ਼ ਸਿੰਘ ਬਾਦਲ ਦਾ ਵਾਰਸ ਦੱਸ ਕੇ ਵੱਡਾ ਸੱਚ ਬਿਆਨ ਕੀਤਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਯੂਥ ਅਕਾਲੀ ਦਲ ਸੰਯੁਕਤ ਦੇ ਸੀਨੀਅਰ ਆਗੂ ਰੂਬਲ ਗਿੱਲ ਕੈਨੇਡਾ ਨੇ ਇੱਥੇ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਢੀਂਡਸਾ ਨੇ ਵੱਖ-ਵੱਖ ਅਹੁਦਿਆਂ 'ਤੇ ਕੰਮ ਕਰਦਿਆਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਅਵਾਜ਼ ਨੂੰ ਬੇਬਾਕੀ ਨਾਲ ਬੁਲੰਦ ਕੀਤਾ ਹੈ। ਇਸ ਵੇਲੇ ਪੰਜਾਬ ਦੀ ਰਾਜਨੀਤੀ 'ਚ ਢੀਂਡਸਾ ਵਰਗੇ ਘਾਗ ਸਿਆਸਤਦਾਨਾਂ ਦੀ ਅਗਵਾਈ ਦੀ ਵੱਡੀ ਲੋੜ ਹੈ। ਢੀਂਡਸਾ ਦੀ ਮੰਗ ਅਨੁਸਾਰ ਜੇਕਰ ਸ਼੍ਰੋਮਣੀ ਅਕਾਲੀ ਦਲ ਪਹਿਲਾਂ ਵਾਂਗ ਮੁੜ ਤੋਂ ਸਿਧਾਂਤਾਂ 'ਤੇ ਪਹਿਰਾ ਦੇਵੇਗਾ ਤਾਂ ਪੰਜਾਬ ਦੇ ਲੋਕ ਇਸ ਨੂੰ ਮੁੜ ਤੋਂ ਬੁਲੰਦੀਆਂ 'ਤੇ ਪਹੁੰਚਾ ਦੇਣਗੇ।

### ਐੱਸ ਐੱਸ ਕਾਲਜ ਦਾ ਬੀ ਐੱਡ ਦਾ ਨਤੀਜਾ ਸ਼ਾਨਦਾਰ



**ਭੀਖੀ, (ਧਰਮਵੀਰ ਸ਼ਰਮਾ)**-ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਬੀ. ਐੱਡ. ਦਸੰਬਰ 2022 ਸਮੈਸਟਰ ਤੀਸਰਾ ਦੇ ਐਲਾਨੇ ਗਏ ਨਤੀਜੇ ਵਿੱਚ ਸਥਾਨਕ ਐੱਸ ਐੱਸ ਕਾਲਜ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਨਤੀਜੇ ਵਿੱਚ ਭਾਵਨਾ ਰਾਣੀ ਪੁੱਤਰੀ ਸੁਭਾਸ਼ ਕੁਮਾਰ ਨੇ 94.66 ਫੀਸਦੀ ਅੰਕ ਹਾਸਲ ਕਰਕੇ ਪਹਿਲਾ, ਪ੍ਰਿਅੰਕਾ ਰਾਣੀ ਪੁੱਤਰੀ ਦਰਸ਼ਨ ਕੁਮਾਰ ਨੇ 93 ਫੀਸਦੀ ਅੰਕ ਹਾਸਲ ਕਰਕੇ ਦੂਸਰਾ ਤੇ ਗੁਰਪ੍ਰੀਤ ਕੌਰ ਪੁੱਤਰੀ ਛਿੰਦਰ ਸਿੰਘ ਨੇ 92 ਫੀਸਦੀ ਅੰਕ ਹਾਸਲ ਕਰਕੇ ਤੀਸਰਾ ਸਥਾਨ ਹਾਸਲ ਕੀਤਾ ਹੈ। ਇਨ੍ਹਾਂ ਵਿਦਿਆਰਥਣਾਂ ਨੇ ਚੰਗੇ ਅੰਕ ਪ੍ਰਾਪਤ ਕਰਕੇ ਸੰਸਥਾ ਦਾ ਨਾਮ ਪੂਰੇ ਇਲਾਕੇ ਵਿੱਚ ਰੋਸ਼ਨ ਕੀਤਾ ਹੈ। ਇਸ ਮੌਕੇ ਸੰਸਥਾ ਦੇ ਚੇਅਰਮੈਨ ਡਾ. ਸੋਮਨਾਥ ਮਹਿਤਾ ਨੇ ਇਨ੍ਹਾਂ ਵਿਦਿਆਰਥਣਾਂ ਨੂੰ ਚੰਗੇ ਨਤੀਜੇ ਲਈ ਵਧਾਈ ਦਿੱਤੀ ਤੇ ਇਨ੍ਹਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।

### ਕੇਂਦਰ ਸਰਕਾਰ ਖਿਲਾਫ ਔਰਤਾਂ ਦਾ ਚੰਡੀਗੜ੍ਹ 'ਚ ਵਿਸ਼ਾਲ ਰੋਸ ਪ੍ਰਦਰਸ਼ਨ 6 ਨੂੰ

**ਮੋਗਾ (ਅਮਰਜੀਤ ਬੱਬਰੀ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਮੀਟਿੰਗ ਅਮਰਜੀਤ ਸਿੰਘ ਸੈਦੋਕੇ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸੂਬਾ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਆਗੂਆਂ ਨੇ ਦੱਸਿਆ ਕਿ ਭਾਜਪਾ ਸਰਕਾਰ ਅਸਲ ਵਿੱਚ ਕਿਰਤੀ ਲੋਕਾਂ ਨੂੰ ਆਪਸ ਵਿੱਚ ਲੜਾ ਕੇ ਉਨ੍ਹਾਂ ਦੇ ਜਲ, ਜੰਗਲ ਤੇ ਜ਼ਮੀਨ ਸਮੇਤ ਸਾਰੇ ਜਨਤਕ ਕਾਰੋਬਾਰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨਾ ਚਾਹੁੰਦੀ ਹੈ। ਉਨ੍ਹਾ ਕਿਹਾ ਕਿ 4 ਮਈ ਨੂੰ ਮਨੀਪੁਰ ਅੰਦਰ ਦੋ ਕਬਾਇਲੀ ਔਰਤਾਂ ਨੂੰ ਨਿਰਵਸਤਰ ਕਰਨ ਤੇ ਅਨੇਕਾਂ ਨੂੰ ਬਲਾਤਕਾਰ ਦਾ ਸ਼ਿਕਾਰ ਬਣਾਉਣ ਦੇ ਕਾਰੇ ਤੋਂ ਇਲਾਵਾ ਕੇਂਦਰ ਦੀ ਭਾਜਪਾ ਸਰਕਾਰ ਪੂਰੇ ਦੇਸ਼ ਵਿੱਚ ਚਲਾਈ ਜਾ ਰਹੀ ਫਿਰਕੂ ਫਾਸ਼ੀਵਾਦੀ ਮੁਹਿੰਮ ਖਿਲਾਫ ਸੂਬਾ ਕਮੇਟੀ ਨੇ, ਜੋ 6 ਅਗਸਤ ਨੂੰ ਚੰਡੀਗੜ੍ਹ ਵਿੱਚ ਔਰਤਾਂ ਦਾ ਵਿਸ਼ਾਲ ਰੋਸ ਪ੍ਰਦਰਸ਼ਨ ਕਰਨ ਦਾ ਫੈਸਲਾ ਕੀਤਾ ਗਿਆ, ਉਸ 'ਚ ਮੋਗਾ ਜ਼ਿਲ੍ਹੇ ਦੀਆਂ ਸੈਂਕੜੇ ਔਰਤਾਂ ਸ਼ਮੂਲੀਅਤ ਕਰਨਗੀਆਂ। ਇਸ ਪ੍ਰੋਗਰਾਮ ਦੀ ਤਿਆਰੀ ਲਈ ਪਿੰਡਾਂ 'ਚ ਮੀਟਿੰਗਾਂ ਰੈਲੀਆਂ ਕਰਨ ਦਾ ਫੈਸਲਾ ਕੀਤਾ ਗਿਆ। ਜਥੇਬੰਦੀ ਵੱਲੋਂ ਮੰਗ ਕੀਤੀ ਗਈ ਕਿ ਕਾਤਲਾਂ ਤੇ ਔਰਤਾਂ ਵਿਰੁੱਧ ਘਿਨੌਣੇ ਜ਼ੁਲਮਾਂ ਦੇ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਕੇ ਸਖਤ ਸਜ਼ਾਵਾਂ ਦਿੱਤੀਆਂ ਜਾਣ।

# ਅਧਿਆਪਕਾਂ ਨੇ ਫੂਕਿਆ ਪ੍ਰਧਾਨ ਮੰਤਰੀ ਮੋਦੀ ਦਾ ਪੁਤਲਾ

## *ਮਨੀਪੁਰ ਦੇ ਮੁੱਖ ਮੰਤਰੀ ਬਿਰੇਨ ਸਿੰਘ ਨੂੰ ਫੌਰੀ ਬਰਖਾਸਤ ਕੀਤਾ ਜਾਵੇ : ਡੀ ਟੀ ਐੱਫ*




**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਮਨੀਪੁਰ ਵਿਖੇ ਹੋ ਰਹੀ ਸਾੜਫੂਕ, ਲੁੱਟ ਖੋਹ, ਕਤਲੋਗਾਰਤ ਤੇ ਕਬਾਇਲੀ ਔਰਤਾਂ ਨਾਲ ਹੋਏ ਵਹਿਸੀ ਜਬਰ ਜ਼ਿਨਾਹ ਦੀਆਂ ਘਟਨਾਵਾਂ ਨੂੰ ਰੋਕਣ 'ਚ ਨਾਕਾਮ ਕੇਂਦਰ ਤੇ ਮਨੀਪੁਰ ਦੀ ਭਾਜਪਾ ਸਰਕਾਰ ਖਿਲਾਫ ਅਧਿਆਪਕਾਂ ਅਤੇ ਕੁੱਕ ਵਰਕਰਾਂ ਵੱਲੋਂ ਪਾਤੜਾਂ ਵਿਖੇ ਪੁਰਾਣੇ ਬੱਸ ਸਟੈਂਡ ਸਾਹਮਣੇ ਚੌਕ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਫੂਕਿਆ ਗਿਆ। ਪੰਜਾਬ-ਯੂ ਟੀ ਸਾਂਝੇ ਫਰੰਟ ਦੇ ਸੱਦੇ 'ਤੇ ਕੀਤੇ ਇਸ ਰੋਸ ਮੁਜ਼ਾਹਰੇ 'ਚ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੀ ਅਗਵਾਈ 'ਚ ਮੁਲਾਜ਼ਮਾਂ ਤੋਂ ਇਲਾਵਾ ਨੌਜਵਾਨ ਭਾਰਤ ਸਭਾ ਤੇ ਕਿਰਤੀ ਕਿਸਾਨ ਯੂਨੀਅਨ ਦੇ ਕਾਰਕੁਨਾਂ ਨੇ ਵੀ ਸ਼ਮੂਲੀਅਤ ਕੀਤੀ।

ਡੀ ਟੀ ਐੱਫ ਦੇ ਜ਼ਿਲ੍ਹਾ ਪ੍ਰਧਾਨ ਅਤਿੰਦਰਪਾਲ ਸਿੰਘ, ਜ਼ਿਲ੍ਹਾ ਆਗੂ ਜਸਪਾਲ ਚੌਧਰੀ ਤੇ ਰਾਜੀਵ ਕੁਮਾਰ ਨੇ ਕਿਹਾ ਕਿ ਮਨੀਪੁਰ ਵਿਖੇ ਦੋ ਕਬਾਇਲੀ ਔਰਤਾਂ ਨਾਲ ਵਾਪਰੀ ਹੌਲਨਾਕ ਘਟਨਾ ਲਈ ਸੂਬੇ ਦੇ ਮੁੱਖ ਮੰਤਰੀ ਬਿਰੇਨ ਸਿੰਘ ਸਰਕਾਰ ਤੇ ਕੇਂਦਰੀ ਭਾਜਪਾ ਹਕੂਮਤ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ, ਕਿਉਂਕਿ ਇਸ ਅੰਨ੍ਹੀਂ ਹਿੰਸਾ ਦੀ ਸਥਿਤੀ ਨੂੰ ਪਨਪਣ ਤੇ ਉਭਾਰਨ ਲਈ ਭਾਜਪਾ ਤੇ ਆਰ ਐੱਸ ਐੱਸ ਨੇ ਮਨੀਪੁਰ 'ਚ ਫਿਰਕੂ ਧਰੁਵੀਕਰਨ ਦੇ ਖਤਰਨਾਕ ਬੀਜ ਬੀਜੇ ਹਨ। ਇੰਫਾਲ ਘਾਟੀ 'ਚ ਰਹਿਣ ਵਾਲੇ ਮੈਤੇਈ ਫਿਰਕੇ ਤੇ ਪਹਾੜਾਂ 'ਚ ਵੱਸਦੇ ਕੁੱਕੀ ਤੇ ਨਾਗਾ ਕਬਾਇਲੀਆਂ ਦੇ ਆਪਸੀ ਵਖਰੇਵਿਆਂ ਨੂੰ ਧਾਰਮਿਕ-ਫਿਰਕੂ ਰੰਗਤ ਦੇ ਕੇ ਪ੍ਰਸ਼ਾਸਕੀ ਪੁਸ਼ਤਪਨਾਹੀ ਹੇਠ ਪਿਛਲੇ 80 ਦਿਨਾਂ ਤੋਂ ਕਬਾਇਲੀਆਂ ਖਿਲਾਫ ਭੀੜ ਤੰਤਰੀ ਹਿੰਸਾ ਨੂੰ ਬੇਲਗਾਮ ਛੱਡਿਆ ਹੋਇਆ ਹੈ। ਇਸ ਹਕੂਮਤੀ ਸ਼ਹਿ ਪ੍ਰਾਪਤ ਹਿੰਸਾ 'ਤੇ ਪਰਦਾ ਪਾਉਣ ਲਈ ਇੰਟਰਨੈੱਟ ਸੇਵਾਵਾਂ ਨੂੰ ਬੰਦ ਕਰਕੇ ਢਾਲ ਵਜੋਂ ਵਰਤਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮਨੀਪੁਰ ਜਬਰ ਜ਼ਿਨਾਹ ਦੀ ਦਰਿੰਦਗੀ ਨੇ ਮੋਦੀ ਹਕੂਮਤ ਦੀ ਘੱਟ ਗਿਣਤੀਆਂ, ਕਬਾਇਲੀ ਤੇ ਔਰਤ ਵਿਰੋਧੀ ਮਾਨਸਿਕਤਾ ਨੂੰ ਪ੍ਰਤੱਖ ਰੂਪ ਵਿੱਚ ਬੇਪਰਦ ਕੀਤਾ ਹੈ। ਇਸ ਘਟਨਾ ਦੇ ਰੋਸ ਵਿੱਚ ਅਧਿਆਪਕਾਂ ਵੱਲੋਂ ਵੱਡੀ ਗਿਣਤੀ 'ਚ ਸਕੂਲਾਂ ਵਿੱਚ ਕਾਲੇ ਬਿੱਲੇ ਵੀ ਲਗਾਏ ਗਏ। ਰੋਸ ਪ੍ਰਦਰਸ਼ਨ 'ਚ ਸ਼ਾਮਲ ਕਿਸਾਨ ਆਗੂ ਕਰਮਜੀਤ ਸਿੰਘ ਤੇ ਨੌਜਵਾਨ ਆਗੂ ਦਵਿੰਦਰ ਛਬੀਲਪੁਰ ਨੇ ਕਿਹਾ ਕਿ ਮਨੀਪੁਰ 'ਚ ਔਰਤਾਂ ਵਿਰੁੱਧ ਇਸ ਤਰ੍ਹਾਂ ਦੀ ਘਿਰਨਤ ਘਟਨਾ ਦੇ ਦੋਸ਼ੀਆਂ ਖਿਲਾਫ ਫੌਰੀ ਸਖਤ ਕਦਮ ਚੁੱਕੇ ਜਾਣ ਤੇ ਮਨੀਪੁਰ ਵਿੱਚ ਹਿੰਸਾ ਭੜਕਾਉਣ ਲਈ ਜ਼ਿੰਮੇਵਾਰ ਭਾਜਪਾ ਦੀ ਬੀਰੇਨ ਸਰਕਾਰ ਨੂੰ ਤੁਰੰਤ ਭੰਗ ਕਰਨਾ ਚਾਹੀਦਾ ਤੇ ਸ਼ਾਂਤੀ ਬਹਾਲ ਕਰਨੀ ਚਾਹੀਦੀ ਹੈ।

# ਚਾਰ ਰੋਜ਼ਾ ਬੈਡਮਿੰਟਨ ਸਬ ਜੂਨੀਅਰ ਸਟੇਟ ਚੈਂਪੀਅਨਸ਼ਿਪ ਸ਼ਾਨੋ-ਸ਼ੌਕਤ ਨਾਲ ਸੰਪੰਨ




**ਸਮਰਾਲਾ, (ਸੁਰਜੀਤ ਸਿੰਘ)**- ਸਮਰਾਲਾ ਇਲਾਕੇ 'ਚ ਪਹਿਲੀ ਵਾਰ ਰਿਐਤ ਬੈਡਮਿੰਟਨ ਅਕੈਡਮੀ ਵਿਖੇ ਹੋ ਰਹੀ ਚਾਰ ਰੋਜ਼ਾ ਬੈਡਮਿੰਟਨ ਸਬ ਜੂਨੀਅਰ ਸਟੇਟ ਚੈਂਪੀਅਨਸ਼ਿਪ ਸ਼ਾਨੋ ਸ਼ੌਕਤ ਨਾਲ ਸੰਪੰਨ ਹੋਈ। ਇਸ ਸਟੇਟ ਚੈਂਪੀਅਨਸ਼ਿਪ ਵਿਚ ਸਿਹਤ ਮੰਤਰੀ ਡਾ. ਬਲਬੀਰ ਸਿੰਘ, ਬਲਵੀਰ ਸਿੰਘ ਰਾਜੇਵਾਲ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ), ਜਗਤਾਰ ਸਿੰਘ ਦਿਆਲਪੁਰਾ ਐਮ ਐਲ ਏ ਹਲਕਾ ਸਮਰਾਲਾ, ਸਾਬਕਾ ਵਿਧਾਇਕ ਜਗਜੀਵਨ ਸਿੰਘ ਖੀਰਨੀਆਂ, ਜ਼ਿਲ੍ਹਾ ਕਮਿਸ਼ਨਰ ਸੁਰਭੀ ਮਲਿਕ, ਐਸ ਡੀ ਐਮ ਕੁਲਦੀਪ ਬਾਵਾ, ਐਸ ਐਮ ਓ ਡਾ. ਤਰਕਿਜੋਤ ਸਿੰਘ ਨੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ। ਇਸ ਮੌਕੇ ਸਿਹਤ ਮੰਤਰੀ ਡਾ .ਬਲਬੀਰ ਸਿੰਘ ਨੇ ਖਿਡਾਰੀਆਂ ਨੂੰ ਕਿਹਾ ਕਿ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਖੇਡਾਂ ਅਹਿਮ ਰੋਲ ਅਦਾ ਕਰਦੀਆਂ ਹਨ। ਖੇਡਾਂ ਵਿਚ ਉਨ੍ਹਾਂ ਦੀ ਭਾਗੀਦਾਰੀ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਲੈ ਜਾਂਦੀ ਹੈ। ਸਮਰਾਲਾ ਖੇਤਰ ਵਿਚ ਇਹ ਅਕੈਡਮੀ ਬੱਚਿਆਂ ਦੇ ਵਿਕਾਸ ਲਈ ਇਕ ਵਧੀਆ ਉਪਰਾਲਾ ਹੈ। ਅਕੈਡਮੀ ਦੇ ਸੰਸਥਾਪਕ ਅਜੇਪਾਲ ਸਿੰਘ ਰਿਐਤ ਅਤੇ ਕੋਚ ਗੁਰਮੁਖ ਸਿੰਘ ਨੇ ਦੱਸਿਆ ਕਿ ਆਖਰੀ ਦਿਨ 30 ਮੈਚ ਹੋਏ। 15 ਸਾਲ ਤੋਂ ਘੱਟ ਉਮਰ ਵਰਗ ਵਿੱਚ ਲੜਕੀਆਂ ਦੇ ਸਿੰਗਲ ਵਿਚ ਗੁਰਸਿਮਰਤ ਕੌਰ ਨੇ ਪਹਿਲਾ, ਗੁਰਲੀਨ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਲੜਕੇ ਸਿੰਗਲ ਵਿਚ ਜਗਸ਼ੇਰ ਸਿੰਘ ਨੇ ਪਹਿਲਾ ਤੇ ਅਖਿਲ ਅਰੋੜਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਲੜਕੀਆਂ ਡਬਲ ਵਿਚ ਗੁਰਲੀਨ ਕੌਰ ਅਤੇ ਗੁਰਸਿਮਰਤ ਕੌਰ ਪਹਿਲੇ ਸਥਾਨ 'ਤੇ ਰਹੀ ਅਤੇ ਸਮਾਇਰਾ, ਦਿਸ਼ਿਕਾ ਦੂਜੇ ਸਥਾਨ 'ਤੇ ਰਹੀ। ਲੜਕੇ ਦੇ ਡਬਲ ਵਿਚ ਅਖਿਲ ਅਰੋੜਾ ਤੇ ਵਿਰੇਨ ਸੇਠ ਪਹਿਲੇ, ਕਰਤਿਗਿਆ ਅਤੇ ਸਾਹਿਬ ਦੂਜੇ ਸਥਾਨ 'ਤੇ। ਮਿਕਸਡ ਡਬਲ ਵਿਚ ਦਿਸ਼ਿਕਾ ਤੇ ਵਿਰਾਜ ਸ਼ਰਮਾ ਨੇ ਪਹਿਲਾ ਤੇ ਸਮਾਇਰਾ ਤੇ ਸਾਹਿਬ ਨੇ ਦੂਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ 17 ਸਾਲ ਤੋਂ ਘੱਟ ਉਮਰ ਵਰਗ ਵਿੱਚ ਲੜਕੀਆਂ ਦੇ ਸਿੰਗਲ ਵਿਚ ਸਮਰਿਧੀ ਪਹਿਲੇ ਤੇ ਸਾਨਵੀ ਨੌਟੀਆਲ ਦੂਜੇ ਸਥਾਨ 'ਤੇ। ਲੜਕੇ ਦੇ ਸਿੰਗਲ ਵਿਚ ਧਰੁਵ ਦੱਤਾ ਪਹਿਲੇ ਅਤੇ ਦੀਵਯਮ ਸਚਦੇਵਾ ਦੂਜੇ ਸਥਾਨ 'ਤੇ ਰਹੇ। ਇਸੇ ਤਰ੍ਹਾਂ ਲੜਕੀਆਂ ਦੇ ਡਬਲ ਵਿਚ ਸਮਰਿਧੀ, ਸਾਨਵੀ ਨੌਟੀਆਲ ਪਹਿਲੇ ਤੇ ਅਤੇ ਆਰੂਸੀ ਮਹਿਤਾ ਤੇ ਮਨਮੀਤ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਲੜਕਿਆਂ ਦੇ ਡਬਲ ਵਿਚ ਦੀਵਯਮ ਤੇ ਨਿਲੇਸ਼ ਸੇਠ ਪਹਿਲੇ ਅਤੇ ਗੁਰਸਰਨ ਸਿੰਘ ਤੇ ਰੀਆਨ ਕਪੂਰ ਨੇ ਦੂਜਾ ਸਥਾਨ ਹਾਸਲ ਕੀਤਾ। ਮਿਕਸਡ ਡਬਲ ਵਿਚ ਧਰੁਵ ਦੱਤਾ ਤੇ ਸਾਨਵੀ ਨੌਟੀਆਲ ਪਹਿਲੇ ਅਤੇ ਵੰਸ਼ ਬੱਤਰਾ ਤੇ ਸੀਜਾ ਦੂਜੇ ਸਥਾਨ 'ਤੇ ਰਹੀਆਂ।

# ਅਗਰਵਾਲ ਕੰਪਲੈਕਸ ਸ਼ਾਸ਼ਤਰੀ ਮਾਰਕਿਟ ਦੀ ਮੀਟਿੰਗ ਹੋਈ



**ਕੋਟਕਪੂਰਾ (ਸ਼ਾਮ ਲਾਲ ਚਾਵਲਾ)** ਅਗਰਵਾਲ ਕੰਪਲੈਕਸ ਸ਼ਾਸਤਰੀ ਮਾਰਕਿਟ ਦੀ ਇਕ ਹੰਗਾਮੀ ਮੀਟਿੰਗ ਹੋਈ ਜਿਸ ਵਿੱਚ ਸਰਬਸੰਮਤੀ ਨਾਲ ਇਹ ਫੈਸਲਾ ਲਿਆ ਗਿਆ ਕਿ 7 ਅਗਸਤ ਦਿਨ ਸੋਮਵਾਰ ਮਾਤਾ ਜਵਾਲਾ ਜੀ ਹਿਮਾਚਲ ਪ੍ਰਦੇਸ਼ ਤੋਂ ਆਏ ਅਖੰਡ ਜੋਤ ਦੇ ਪ੍ਰਕਾਸ਼ ਸਮੇਂ ਸਮੂਹ ਸ਼ਹਿਰ ਵਿੱਚੋਂ ਕੱਢੀ ਜਾਂਦੀ 47ਵੀਂ ਝੰਡਾ ਅਖੰਡ ਜੋਤ ਸੋਭਾ ਯਾਤਰਾ ਮੇਲਾ ਮਾਂ ਜਵਾਲਾ ਸਮੇਂ ਸਮੂਹ ਦੁਕਾਨਦਾਰ ਭਾਈਚਾਰੇ ਵੱਲੋਂ ਜੋਤ ਦਾ ਸ਼ਰਧਾ ਪੂਰਵਕ ਸਵਾਗਤ ਕੀਤਾ ਜਾਵੇਗਾ। ਪ੍ਰਧਾਨ ਗੁਰਪਾਲ ਸਿੰਘ ਪਾਲੂ ਨੇ ਦੱਸਿਆ ਕਿ ਇਸ ਮੌਕੇ ਫੁੱਲਾਂ ਦੇ ਹਾਰਾਂ ਦੇ ਨਾਲ ਮਾਤਾ ਜੀ ਦੀ ਜੋਤ ਦਾ ਸਵਾਗਤ ਕੀਤਾ ਜਾਵੇਗਾ ਅਤੇ ਜਲੇਬੀਆਂ, ਚਾਹ ਦਾ ਲੰਗਰ ਵੀ ਲਗਾਇਆ ਜਾਵੇਗਾ। ਉਨ੍ਹਾਂ ਅੱਗੇ ਇਹ ਵੀ ਦੱਸਿਆ ਕਿ ਆਲ ਇੰਡੀਆ ਹਿੰਦੂ ਵੈਲਫੇਅਰ ਕਮੇਟੀ ਦੇ ਪ੍ਰਧਾਨ ਸ੍ਰੀ ਨਰੇਸ਼ ਕੁਮਾਰ ਸਹਿਗਲ ਵੱਲੋਂ ਹਰ ਸਾਲ ਸ਼ੋਭਾ ਯਾਤਰਾ ਹਿੰਦੂ ਰੀਤੀ ਰਿਵਾਜ ਨਾਲ ਕੱਢੀ ਜਾਂਦੀ ਹੈ, ਜਿਸ ਦਾ ਸਮੂਹ ਸ਼ਹਿਰ ਭਰਪੂਰ ਸਵਾਗਤ ਕਰਦਾ ਹੈ। ਪੁਰਾਣੀ ਦਾਣਾ ਮੰਡੀ ਵਿਖੇ ਇਹ ਲੰਗਰ ਲਾਇਆ ਜਾਵੇਗਾ। ਮੀਟਿੰਗ ਵਿੱਚ ਪਾਲੂ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਨਰੇਸ਼ ਸਿੰਗਲਾ, ਮੀਤ ਪ੍ਰਧਾਨ ਸੰਜੇ ਕੁਮਾਰ ਸਿੰਗਲਾ, ਸੈਕਟਰੀ ਸ਼ਕਤੀ ਮੜੀਆ, ਕੈਸ਼ੀਅਰ ਸਤੀਸ਼ ਸਿੰਗਲਾ ਅਤੇ ਹੈਰੀ ਜਸਪ੍ਰੀਤ, ਆਰਯਨ, ਅਮਿਤ ਬਾਂਸਲ ਤੇ ਹੋਰ ਬਹੁਤ ਸਾਰੇ ਮੈਂਬਰ ਹਾਜ਼ਰ ਸਨ।

# ਐਸ.ਸੀ.ਡੀ. ਸਰਕਾਰੀ ਕਾਲਜ ਦੇ ਵਿਦਿਆਰਥੀਆਂ ਦੀ ਅਲੂਮਨੀ ਐਸੋਸੀਏਸ਼ਨ ਕਾਲਜ 'ਚ ਗੈਰ-ਕਾਨੂੰਨੀ ਕਬਜ਼ਿਆਂ ਤੋਂ ਨਰਾਜ਼

**ਲੁਧਿਆਣਾ (ਐਮ ਐਸ ਭਾਟੀਆ)**-ਐਸ.ਸੀ.ਡੀ ਸਰਕਾਰੀ ਕਾਲਜ ਦੀ ਅਲੂਮਨੀ ਐਸੋਸੀਏਸ਼ਨ ਨੇ ਨਵੇਂ ਸਟੀਲ ਢਾਂਚੇ ਦੀ ਉਸਾਰੀ ਕਰਕੇ ਕਾਲਜ ਦੇ ਮੈਦਾਨ ਵਿੱਚ ਗੈਰ-ਕਾਨੂੰਨੀ ਤੌਰ 'ਤੇ ਕਬਜ਼ਾ ਕਰਨ ਵਿੱਚ ਐਨ.ਸੀ.ਸੀ ਏਅਰ ਸਕੁਐਡਰਨ ਨੰਬਰ 4 ਦੇ ਹਥਕੰਡਿਆਂ ਤੇ ਨਾਰਾਜ਼ ਹੁੰਦਿਆਂ ਕਿਹਾ ਹੈ ਕਿ ਇਸ ਨਾਲ ਖਿਡਾਰੀਆਂ ਨੂੰ (ਲੜਕੇ ਤੇ ਲੜਕੀਆਂ ਦੋਵਾਂ ਨੂੰ) ਗਰਾਊਂਡ ਵਿੱਚ ਜੋ ਸਿਰਫ ਇੱਕ ਹੀ ਚੇਂਜਿੰਗ ਰੂਮ ਹੈ, ਤੱਕ ਪਹੁੰਚ ਕਰਨ ਤੋਂ ਰੋਕਿਆ ਗਿਆ ਹੈ।

ਪਹਿਲਾਂ ਉਨ੍ਹਾਂ ਨੂੰ ਇੱਕ ਕਮਰਾ ਅਤੇ ਬਾਥਰੂਮ ਵਰਤਣ ਲਈ ਦਿੱਤਾ ਗਿਆ ਸੀ, ਪਰ ਉਨ੍ਹਾਂ ਨੇ ਨਾਜਾਇਜ਼ ਤੌਰ 'ਤੇ ਵੱਡੀਆਂ ਇਮਾਰਤਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ।

ਅਲੂਮਨੀ ਕੋਆਰਡੀਨੇਟਰ ਬ੍ਰਿਜ ਭੂਸ਼ਣ ਗੋਇਲ ਨੇ ਕਿਹਾ ਹੈ ਕਿ 'ਅਸੀਂ ਇਸ ਮੁੱਦੇ 'ਤੇ ਕਾਲਜ ਦੇ ਪ੍ਰਿੰਸੀਪਲ ਦੇ ਨਾਲ ਖੜੇ ਹਾਂ, ਜਿਨ੍ਹਾਂ ਨੇ ਪਹਿਲਾਂ ਹੀ ਡੀਪੀਆਈ ਉੱਚ ਸਿੱਖਿਆ ਨੂੰ ਦਖਲ ਦੇਣ ਲਈ ਲਿਖਿਆ ਹੈ ਅਤੇ ਕਾਰਜਕਾਰੀ ਇੰਜੀਨੀਅਰ ਨੂੰ ਸਟੀਲ ਸ਼ੈੱਡਾਂ ਦੀ ਇਸ ਅਣਅਧਿਕਾਰਤ ਉਸਾਰੀ ਨੂੰ ਰੋਕਣ ਲਈ ਸੂਚਿਤ ਕੀਤਾ ਹੈ।'

ਉਨ੍ਹਾਂ ਦੱਸਿਆ ਕਿ ਕਾਲਜ ਦੇ ਇੱਕ ਅੰਤਰਰਾਸ਼ਟਰੀ ਵਾਲੀਬਾਲ ਕੋਚ, ਗੁਰਜੋਤ ਸਿੰਘ ਦੁਆਰਾ ਸਾਨੂੰ ਸੂਚਿਤ ਕੀਤਾ ਗਿਆ ਹੈ ਕਿ ਖਿਡਾਰੀਆਂ ਨੂੰ ਐਨ.ਸੀ.ਸੀ ਸਕੁਐਡਰਨ ਅਧਿਕਾਰੀਆਂ ਦੁਆਰਾ ਕਾਲਜ ਵਿੱਚ ਉਪਲਬਧ ਬਾਥਰੂਮ ਤੇ ਚੇਂਜਿੰਗ ਰੂਮ ਦੀ ਵਰਤੋਂ ਕਰਨ ਦੀ ਆਗਿਆ ਨਹੀਂ ਦਿੱਤੀ ਜਾ ਰਹੀ। ਕੁੜੀਆਂ ਖਿਡਾਰੀਆਂ ਨੂੰ ਸਭ ਤੋਂ ਵੱਧ ਨੁਕਸਾਨ ਹੁੰਦਾ ਹੈ। ਬਦਕਿਸਮਤੀ ਨਾਲ, ਇਹ ਉਸਾਰੀਆਂ ਐਤਵਾਰ ਨੂੰ ਉਦੋਂ ਹੋਈਆਂ ਜਦੋਂ ਕਾਲਜ ਬੰਦ ਸੀ ਤੇ ਕਾਲਜ ਦੇ ਕੰਮ ਦੇ ਸਮੇਂ ਤੋਂ ਬਾਅਦ ਵੀ।

ਕਾਲਜ ਪ੍ਰਬੰਧਕਾਂ ਦੇ ਕਹਿਣ 'ਤੇ ਵੀ ਉਹ ਨਹੀਂ ਰੁਕੇ। ਸਾਡਾ ਅਲਮਾ ਮੇਟਰ ਪਹਿਲਾਂ ਹੀ ਅੰਤਰਰਾਸ਼ਟਰੀ ਕ੍ਰਿਕਟਰਾਂ ਤੋਂ ਇਲਾਵਾ ਬਾਸਕਟਬਾਲ ਤੇ ਵਾਲੀਬਾਲ ਵਿੱਚ ਕਈ ਅਰਜੁਨ ਐਵਾਰਡੀ ਪੈਦਾ ਕਰ ਚੁੱਕਾ ਹੈ। ਐਨ.ਸੀ.ਸੀ. ਅਥਾਰਟੀਜ ਜਿਨ੍ਹਾਂ ਨੂੰ ਸਿਰਫ ਅਸਥਾਈ ਪ੍ਰਬੰਧ ਵਜੋਂ ਥਾਂ ਦਿੱਤੀ ਗਈ ਸੀ, ਹੁਣ ਨਵੀਂ ਪੀੜ੍ਹੀ ਦੇ ਖਿਡਾਰੀਆਂ ਅਤੇ ਕੋਚਾਂ ਲਈ ਵੱਡੀ ਰੁਕਾਵਟ ਹੈ। ਉਨ੍ਹਾਂ ਦੱਸਿਆ ਕਿ ਉਹ ਡਿਪਟੀ ਕਮਿਸ਼ਨਰ ਤੇ ਪੁਲਿਸ ਕਮਿਸ਼ਨਰ ਨੂੰ ਦਖ਼ਲ ਦੇਣ ਦੀ ਬੇਨਤੀ ਕਰਦੇ ਹਨ ਤਾਂ ਜੁ ਇਹ ਇੱਕ ਵੱਡੇ ਮੁੱਦੇ ਵਿੱਚ ਨਾ ਤਬਦੀਲ ਹੋਵੇ, ਕਿਉਂਕਿ ਮਾਮਲਾ ਨੌਜਵਾਨ ਵਿਦਿਆਰਥੀਆਂ ਅਤੇ ਖਿਡਾਰੀਆਂ ਨਾਲ ਸਬੰਧਤ ਹੈ।

# ਸਰਵਹਿੱਤਕਾਰੀ ਵਿੱਦਿਆ ਮੰਦਰ 'ਚ ਵਿਗਿਆਨ ਪ੍ਰਦਰਸ਼ਨੀ ਲਗਾਈ



**ਭੀਖੀ, (ਧਰਮਵੀਰ ਸ਼ਰਮਾ)**-ਸਥਾਨਕ ਸਰਵਹਿੱਤਕਾਰੀ ਵਿੱਦਿਆ ਮੰਦਰ ਭੀਖੀ ਵਿਖੇ ਵਿਗਿਆਨ ਹਫਤੇ ਦੌਰਾਨ ਸਕੂਲ ਪੱਧਰੀ ਵਿਗਿਆਨ ਵਿਸ਼ੇ ਦੀ ਮਾਡਲ ਪ੍ਰਦਰਸ਼ਨੀ ਲਗਾਈ ਗਈ। ਇਸ ਵਿਗਿਆਨ ਮਾਡਲ ਪ੍ਰਦਰਸ਼ਨੀ ਵਿੱਚ ਚੌਥੀ ਜਮਾਤ ਤੋਂ 12ਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਭਾਗ ਲਿਆ। ਮਾਡਲ ਪ੍ਰਦਰਸ਼ਨੀ ਨੂੰ ਐਲ.ਕੇ.ਜੀ., ਯੂ.ਕੇ.ਜੀ., ਪਹਿਲੀ ਤੇ ਦੂਜੀ ਜਮਾਤ ਦੇ ਬੱਚੇ ਵੀ ਦੇਖਣ ਲਈ ਆਏ ਤੇ ਬਹੁਤ ਖੁਸ਼ ਹੋਏ। ਇਸ ਮਾਡਲ ਪ੍ਰਦਰਸ਼ਨੀ ਦਾ ਸਕੂਲ ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ ਦੀ ਦੇਖ-ਰੇਖ ਹੇਠ ਵਿਗਿਆਨ ਦੇ ਅਧਿਆਪਕਾਂ ਵੱਲੋਂ ਨਿਰੀਖਣ ਕੀਤਾ ਗਿਆ। ਸਕੂਲ ਪੱਧਰ ਤੇ ਹੋਈ ਇਸ ਪ੍ਰਦਰਸ਼ਨੀ ਵਿੱਚ ਚੁਣੇ ਹੋਏ ਬੱਚਿਆਂ ਨੂੰ ਹੀ ਅਗਲੇ ਪੱਧਰ 'ਤੇ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਭੇਜਿਆ ਜਾਂਦਾ ਹੈ। ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ ਵੱਲੋਂ ਸਾਰੇ ਮਾਡਲਾਂ ਦੀ ਪ੍ਰਸ਼ੰਸਾ ਕੀਤੀ ਗਈ ਤੇ ਬੱਚਿਆਂ ਨੂੰ ਅੱਗੇ ਵਧਣ ਲਈ ਪ੍ਰੇਰਿਤ ਕੀਤਾ।

# ਤੇਜਾ ਰੁਹੇਲਾ 'ਚ ਮੀਂਹ ਕਾਰਨ ਦੋ ਘਰ ਹੋਏ ਢਹਿ-ਢੇਰੀ

## ਪੱਕੇ ਘਰਾਂ 'ਚ ਪਈਆਂ ਵੱਡੀਆਂ ਤਰੇੜਾਂ, ਸਰਕਾਰ ਤੋਂ ਆਰਥਿਕ ਮਦਦ ਦੀ ਮੰਗ

**ਫਾਜ਼ਿਲਕਾ (ਕ੍ਰਿਸ਼ਨ ਸਿੰਘ)**-ਪਿਛਲੇ ਦਿਨੀਂ ਪਏ ਭਾਰੀ ਮੀਂਹ ਕਾਰਨ ਕਈ ਘਰਾਂ ਨੂੰ ਨੁਕਸਾਨ ਪੁੱਜਾ ਹੈ। ਇਸੇ ਤਰ੍ਹਾਂ ਸਰਹੱਦੀ ਪਿੰਡ ਤੇਜਾ ਰੁਹੇਲਾ ਵਿੱਚ ਦੋ ਘਰ ਢਹਿ ਢੇਰੀ ਹੋ ਗਏ, ਜਿਸ ਕਾਰਨ ਕੋਈ ਜਾਨੀ ਨੁਕਸਾਨ



ਹੋਣ ਤੋਂ ਬਚਾਅ ਹੋ ਗਿਆ, ਪਰ ਘਰ ਅੰਦਰ ਪਿਆ ਕੀਮਤੀ ਸਾਮਾਨ ਦਾ ਭਾਰੀ ਨੁਕਸਾਨ ਹੋ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੀੜਤ ਮਕਾਨ ਮਾਲਕ ਰਾਜ ਸਿੰਘ ਪੁੱਤਰ ਗੁਰਨਾਮ ਸਿੰਘ ਨੇ ਦੱਸਿਆ ਕਿ ਤੇਜ਼ ਮੀਂਹ ਕਾਰਨ ਉਨ੍ਹਾਂ ਦਾ ਕੱਚਾ ਮਕਾਨ ਢਹਿ ਗਿਆ। ਉਸ ਨੇ ਦੱਸਿਆ ਕਿ ਜਦੋਂ ਉਹ ਘਰ 'ਚ ਮੌਜੂਦ ਸਨ ਤਾਂ ਅਚਾਨਕ ਉਸ ਦਾ ਮਕਾਨ ਡਿੱਗਣ ਲੱਗਾ, ਜਿਸ ਤੋਂ ਬਾਅਦ ਉਨ੍ਹਾਂ ਨੇ ਘਰੋਂ ਬਾਹਰ ਆ ਕੇ ਆਪਣੀ ਜਾਨ ਬਚਾਈ। ਉਸ ਨੇ ਦੱਸਿਆ ਕਿ ਇਸ ਹਾਦਸੇ 'ਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ, ਪਰ ਘਰ ਅੰਦਰ ਪਿਆ ਕੀਮਤੀ ਸਾਮਾਨ ਦਾ ਕਾਫੀ ਨੁਕਸਾਨ ਹੋਇਆ ਹੈ। ਇਸੇ ਤਰ੍ਹਾਂ ਪਿੰਡ ਦੇ ਇੱਕ ਹੋਰ ਵਿਅਕਤੀ ਦਾ ਕੱਚਾ ਘਰ ਡਿੱਗ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬੂਟਾ ਸਿੰਘ ਪੁੱਤਰ ਹਰਨਾਮ ਸਿੰਘ ਨੇ ਦੱਸਿਆ ਕਿ ਬੀਤੇ ਦਿਨ ਹੋਈ ਭਾਰੀ ਬਾਰਸ਼ ਕਾਰਨ ਉਸ ਦਾ ਮਕਾਨ ਢਹਿ ਗਿਆ ਤੇ ਸਾਮਾਨ ਦਾ ਵੀ ਕਾਫੀ ਨੁਕਸਾਨ ਹੋ ਗਿਆ। ਉਨ੍ਹਾ ਦੱਸਿਆ ਕਿ ਉਹ ਲੋਕ ਬਹੁਤ ਹੀ ਗਰੀਬ ਹਨ ਤੇ ਮਿਹਨਤ ਮਜ਼ਦੂਰੀ ਕਰਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾਉਂਦੇ ਹਨ। ਉਨ੍ਹਾਂ ਕੋਲ ਇਹ ਇੱਕੋ ਇੱਕ ਕੱਚਾ ਘਰ ਸੀ, ਜੋ ਮੀਂਹ ਕਾਰਨ ਢਹਿ ਗਿਆ ਹੈ।

ਇਸੇ ਤਰ੍ਹਾਂ ਪਿੰਡ ਦੀ ਹੀ ਇੱਕ ਵਿਧਵਾ ਔਰਤ ਰਾਣੋ ਬਾਈ ਦੇ ਘਰ ਨੂੰ ਵੀ ਵੱਡੀਆਂ ਤਰੇੜਾਂ ਆ ਗਈਆਂ, ਜਿਸ ਕਾਰਨ ਉਨ੍ਹਾਂ ਨੂੰ ਮਕਾਨ ਡਿੱਗਣ ਦਾ ਖਤਰਾ ਬਣਿਆ ਹੋਇਆ ਹੈ। ਪਿੰਡ ਵਾਸੀਆਂ ਨੇ ਦੱਸਿਆ ਕਿ ਇਸ ਤੋਂ ਇਲਾਵਾ ਅੱਧੀ ਦਰਜਨ ਘਰਾਂ ਦਾ ਵੀ ਭਾਰੀ ਨੁਕਸਾਨ ਹੋਇਆ ਹੈ। ਹਰ ਕਿਸੇ ਦੇ ਡਿੱਗਣ ਦਾ ਖਤਰਾ ਬਣਿਆ ਹੋਇਆ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਦੇ ਘਰ ਤੇ ਉਸ 'ਚ ਪਏ ਕੀਮਤੀ ਸਾਮਾਨ ਦੇ ਨੁਕਸਾਨ ਲਈ ਆਰਥਿਕ ਸਹਾਇਤਾ ਦਿੱਤੀ ਜਾਵੇ।

# 'ਪਹਿਲਾਂ ਬਚਾਵਾਂਗੇ ਨਸਲਾਂ-ਫਿਰ ਬਚਾਵਾਂਗੇ ਫਸਲਾਂ'

## ਨਸ਼ੇ ਦੇ ਮੁਕੰਮਲ ਖਾਤਮੇ ਲਈ ਪਿੰਡ ਵਾੜਾਦਰਾਕਾ ਦੇ ਵਸਨੀਕਾਂ ਨੇ ਦਿਖਾਈ ਇਕਜੁਟਤਾ



**ਕੋਟਕਪੂਰਾ, (ਰਛਪਾਲ ਭੁੱਲਰ)** ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਵੱਲੋਂ ਨੇੜਲੇ ਪਿੰਡ ਵਾੜਾਦਰਾਕਾ ਦੀ ਗ੍ਰਾਮ ਪੰਚਾਇਤ, ਗੁਰਦਵਾਰਾ ਪ੍ਰਬੰਧਕ ਕਮੇਟੀ ਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਕਰਾਏ ਗਏ ਨਸ਼ਾ ਵਿਰੋਧੀ ਸੈਮੀਨਾਰ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਪੁੱਜੇ ਸ਼ਮਸ਼ੇਰ ਸਿੰਘ ਸ਼ੇਰਗਿੱਲ ਡੀਐੱਸਪੀ ਕੋਟਕਪੂਰਾ ਨੇ ਵਿਸ਼ਵਾਸ਼ ਦਿਵਾਇਆ ਕਿ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਵੱਲੋਂ ਨਸ਼ੇ ਦੇ ਮੁਕੰਮਲ ਖਾਤਮੇ ਲਈ ਵਿੱਢੀ ਮੁਹਿੰਮ ਤਹਿਤ ਕਿਸੇ ਨਾਲ ਨਸ਼ੇ ਦੇ ਮੁੱਦੇ 'ਤੇ ਕੋਈ ਰਿਆਇਤ ਨਹੀਂ ਕੀਤੀ ਜਾ ਰਹੀ, ਭਾਵੇਂ ਕੋਈ ਕਿੰਨਾ ਵੀ ਉੱਚੇ ਰੁਤਬੇ ਵਾਲਾ ਸਖਸ਼ ਕਿਉਂ ਨਾ ਹੋਵੇ। ਯੂਨੀਅਨ ਦੇ ਪ੍ਰਧਾਨ ਹਰਪ੍ਰੀਤ ਸਿੰਘ ਚਾਨਾ ਮੁਤਾਬਕ ਚੇਅਰਮੈਨ ਗੁਰਿੰਦਰ ਸਿੰਘ ਮਹਿੰਦੀਰੱਤਾ ਸਮੇਤ ਰਣਜੀਤ ਸਿੰਘ ਟੋਨੀ, ਮਾ ਹਰਜਿੰਦਰ ਸਿੰਘ ਹਰੀਨੌਂ, ਵਰਿੰਦਰਪਾਲ ਸਿੰਘ, ਕਰਮਜੀਤ ਸਿੰਘ ਸਰਪੰਚ, ਗੁਰਜੰਟ ਸ਼ਰਮਾ, ਅਮਰਜੀਤ ਸਿੰਘ ਸੈਕਟਰੀ ਤੇ ਹੋਰਨਾਂ ਬੁਲਾਰਿਆਂ ਨੇ ਨਸ਼ਾ ਫੈਲਣ ਦੇ ਕਾਰਨ, ਸਮੱਸਿਆ ਦਾ ਹੱਲ ਅਤੇ ਨਸ਼ੇ ਦੇ ਮੁਕੰਮਲ ਖਾਤਮੇ ਸਬੰਧੀ ਨੁਕਤੇ ਸਾਂਝੇ ਕਰਦਿਆਂ ਆਖਿਆ ਕਿ ਪੰਜਾਬ ਭਰ ਦੀਆਂ 13 ਹਜਾਰ ਤੋਂ ਵੀ ਜਿਆਦਾ ਪੰਚਾਇਤਾਂ ਨੂੰ ਨਸ਼ੇ ਦੇ ਖਾਤਮੇ ਲਈ ਇਕਮੁਠਤਾ ਦਿਖਾਉਣੀ ਪਵੇਗੀ। ਉਨ੍ਹਾਂ ਦੱਸਿਆ ਕਿ ਜਿਸ ਤਰ੍ਹਾਂ ਪਿੰਡ ਵਾੜਾਦਰਾਕਾ ਦੇ ਵਸਨੀਕਾਂ ਨੇ ਹਰ ਤਰ੍ਹਾਂ ਦੀ ਸਿਆਸੀ ਪਾਰਟੀਬਾਜ਼ੀ ਅਤੇ ਧੜੇਬੰਦੀ ਨੂੰ ਪਾਸੇ ਰੱਖ ਕੇ ਅਰਥਾਤ ਹਰ ਤਰ੍ਹਾਂ ਦੇ ਵਖਰੇਵੇਂ ਤੋਂ ਉੱਪਰ ਉੱਠ ਕੇ 'ਪਹਿਲਾਂ ਬਚਾਵਾਂਗੇ ਨਸਲਾਂ-ਫਿਰ ਬਚਾਵਾਂਗੇ ਫ਼ਸਲਾਂ' ਵਾਲੇ ਬੈਨਰ ਹੇਠ ਨਸ਼ੇ ਦੇ ਖਾਤਮੇ ਦੀ ਸਹੁੰ ਚੁੱਕੀ ਹੈ ਅਤੇ ਬਕਾਇਦਾ ਮਤਾ ਪਾਸ ਕੀਤਾ ਗਿਆ ਹੈ ਕਿ ਕੋਈ ਵੀ ਪਿੰਡ ਵਾਸੀ ਨਸ਼ਾ ਤਸਕਰਾਂ, ਨਸ਼ੇੜੀਆਂ ਜਾਂ ਉਨ੍ਹਾਂ ਦੀ ਸਰਪ੍ਰਸਤੀ ਕਰਨ ਵਾਲਿਆਂ ਦਾ ਸਾਥ ਦੇਣ ਦੀ ਬਜਾਇ ਉਲਟਾ ਉਸਦਾ ਵਿਰੋਧ ਕਰੇਗਾ ਅਤੇ ਇਸ ਮੁੱਦੇ 'ਤੇ ਪਿੰਡ ਵਾਸੀਆਂ ਦਾ ਫੈਸਲਾ ਸਰਬ ਸਾਂਝਾ ਹੋਵੇਗਾ, ਉਸ ਤੋਂ ਹੋਰਨਾਂ ਪਿੰਡਾਂ ਦੀਆਂ ਪੰਚਾਇਤਾਂ ਨੂੰ ਪ੍ਰੇਰਨਾ ਮਿਲਣੀ ਸੁਭਾਵਕ ਹੈ। ਪਿੰਡ ਵਿੱਚ ਵਧਦੀਆਂ ਜਾ ਰਹੀਆਂ ਚੋਰੀ ਅਤੇ ਲੁੱਟ ਖੋਹ ਦੀਆਂ ਘਟਨਾਵਾਂ ਪ੍ਰਤੀ ਬੁਲਾਰਿਆਂ ਵਲੋਂ ਚਿੰਤਾ ਜਤਾਉਣ ਉਪਰੰਤ ਚਮਕੌਰ ਐੱਸਐੱਚਓ ਥਾਣਾ ਸਦਰ ਕੋਟਕਪੂਰਾ ਨੇ ਵਿਸ਼ਵਾਸ ਦਿਵਾਇਆ ਕਿ ਚੋਰੀ ਅਤੇ ਲੁੱਟ ਖੋਹ ਦੇ ਮਾਮਲੇ ਵਿੱਚ ਕਿਸੇ ਨਾਲ ਲਿਹਾਜ ਨਹੀਂ ਕੀਤਾ ਜਾਵੇਗਾ, ਸਗੋਂ ਚੋਰੀ ਜਾਂ ਲੁੱਟ ਖੋਹ ਦੀ ਘਟਨਾ ਵਿੱਚ ਕਾਬੂ ਕੀਤੇ ਗਏ ਚੋਰ ਜਾਂ ਲੁਟੇਰੇ ਦਾ ਅਦਾਲਤ ਤੋਂ ਰਿਮਾਂਡ ਲੈਣ ਉਪਰੰਤ ਪਿੰਡ ਵਾੜਾ ਦਰਾਕਾ ਸਮੇਤ ਆਸ-ਪਾਸ ਦੇ ਪਿੰਡਾਂ ਵਿੱਚ ਵਾਪਰੀਆਂ ਚੋਰੀ ਅਤੇ ਲੁੱਟ-ਖੋਹ ਦੀਆਂ ਘਟਨਾਵਾਂ ਦੇ ਮਾਮਲੇ ਵੀ ਉਸ ਚੋਰ ਜਾਂ ਲੁਟੇਰੇ ਤੋਂ ਸੁਲਝਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।

# ਲੋਕ ਗਾਇਕ ਸੁਰਿੰਦਰ ਸ਼ਿੰਦਾ ਤੇ ਨਾਵਲਕਾਰ ਅਸ਼ੋਕ ਵਸ਼ਿਸ਼ਟ ਦੇ ਦੇਹਾਂਤ 'ਤੇ ਦੁੱਖ ਪ੍ਰਗਟ



**ਲੁਧਿਆਣਾ (ਐਮ ਐਸ ਭਾਟੀਆ/ਰੈਕਟਰ ਕਥੂਰੀਆ)** ਪੰਜਾਬੀ ਲੋਕ ਗਾਇਕ ਸੁਰਿੰਦਰ ਸ਼ਿੰਦਾ ਤੇ ਦਿੱਲੀ ਵਸਦੇ ਪੰਜਾਬੀ ਨਾਵਲਕਾਰ (ਮੈਂਬਰ ਪੰਜਾਬੀ ਸਾਹਿਤ ਅਕਾਡਮੀ ਕਾਰਜਕਾਰਨੀ) ਅਸ਼ੋਕ ਵਸ਼ਿਸ਼ਟ ਦੇ ਪਿਛਲੇ ਦਿਨੀਂ ਸੁਰਗਵਾਸ ਹੋਣ 'ਤੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਨੇ ਡੂੰਘੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਹੈ।

ਸੁਰਿੰਦਰ ਸ਼ਿੰਦਾ ਪੰਜਾਬੀ ਮਾਂ ਬੋਲੀ ਵਿੱਚ ਲੋਕ ਗਾਥਾਵਾਂ, ਗੀਤ, ਕਾਫੀਆਂ ਤੇ ਹੋਰ ਸਾਹਿਤ ਰੂਪ ਗਾਉਣ ਦੀ ਵਿਸ਼ੇਸ਼ ਮੁਹਾਰਤ ਰੱਖਦੇ ਸਨ। ਲਗਪਗ ਪੰਜਾਹ ਸਾਲਾਂ ਦੇ ਸੰਗੀਤ ਸਫ਼ਰ ਵਿੱਚ ਉਨ੍ਹਾਂ 1000 ਤੋਂ ਵੱਧ ਗੀਤ ਰਿਕਾਰਡ ਕੀਤੇ। ਕਈ ਫ਼ਿਲਮਾਂ ਵਿੱਚ ਸੰਗੀਤ ਦੇਣ ਤੇ ਗਾਇਨ ਤੋਂ ਇਲਾਵਾ ਅਦਾਕਾਰੀ ਵੀ ਕੀਤੀ।

ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਹੈ ਕਿ ਅਗਲੇ ਸਾਲ ਜੁਲਾਈ ਮਹੀਨੇ ਉਨ੍ਹਾਂ ਦੀ ਦੋਸਤੀ ਦੀ ਪੰਜਾਹਵੀਂ ਵਰ੍ਹੇਗੰਢ ਸੀ।

ਸ੍ਰੀ ਵਸ਼ਿਸ਼ਟ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪ੍ਰੋ ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਦੋਵੇਂ ਵੀਰ ਹੀ ਕਮਾਲ ਦੇ ਇਨਸਾਨ ਸਨ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ ਸ ਪ ਸਿੰਘ, ਪੰਜਾਬੀ ਸਾਹਿਤ ਅਕਾਡਮੀ ਦੇ ਸਾਬਕਾ ਪ੍ਰਧਾਨ ਪ੍ਰੋ ਰਵਿੰਦਰ ਸਿੰਘ ਭੱਠਲ, ਪੰਜਾਬੀ ਕਵੀ ਸਹਿਜਪ੍ਰੀਤ ਸਿੰਘ ਮਾਂਗਟ, ਮਨਜਿੰਦਰ ਧਨੋਆ, ਤ੍ਰੈਲੋਚਨ ਲੋਚੀ, ਰਾਜਦੀਪ ਸਿੰਘ ਤੂਰ, ਪ੍ਰਭਜੋਤ ਸਿੰਘ ਸੋਹੀ, ਤਰਨਜੀਤ ਸਿੰਘ ਕਿੰਨੜਾ ਮੁੱਖ ਸੰਪਾਦਕ 'ਸੰਗੀਤ ਦਰਪਣ', ਹਰਮੋਹਨ ਸਿੰਘ ਗੁੱਡੂ, ਜਸਮੇਰ ਸਿੰਘ ਢੱਟ, ਚੇਅਰਮੈਨ ਸਭਿਆਚਾਰਕ ਸੱਥ ਪੰਜਾਬ, ਡਾ ਨਿਰਮਲ ਜੌੜਾ, ਡਾਇਰੈਕਟਰ ਵਿਦਿਆਰਥੀ ਭਲਾਈ ਪੀ ਏ ਯੂ ਲੁਧਿਆਣਾ, ਰਵਿੰਦਰ ਰੰਗੂਵਾਲ, ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ, ਪ੍ਰਿਥੀਪਾਲ ਸਿੰਘ ਹੇਅਰ ਐੱਸ ਪੀ, ਕਰਮਪਾਲ ਸਿੰਘ ਢਿੱਲੋਂ, ਸੁਰਜੀਤ ਮਾਧੋਪੁਰੀ, ਮੋਹਨ ਗਿੱਲ, ਜਰਨੈਲ ਸਿੰਘ ਸੇਖਾ, ਜਰਨੈਲ ਸਿੰਘ ਆਰਟਿਸਟ, ਅੰਗਰੇਜ਼ ਸਿੰਘ ਬਰਾੜ (ਕੈਨੇਡਾ) ਵਿਧਾਇਕ ਮਨਪ੍ਰੀਤ ਸਿੰਘ ਅਯਾਲੀ, ਜਗਦੀਸ਼ਪਾਲ ਸਿੰਘ ਗਰੇਵਾਲ, ਸਰਪੰਚ ਪਿੰਡ ਦਾਦ, ਤੇਜਪ੍ਰਤਾਪ ਸਿੰਘ ਸੰਧੂ, ਰਿਟਾਇਰਡ ਆਈ ਜੀ ਗੁਰਪ੍ਰੀਤ ਸਿੰਘ ਤੂਰ ਤੇ ਕੁਝ ਹੋਰ ਸ਼ਖ਼ਸੀਅਤਾਂ ਨੇ ਦੋਹਾਂ ਸੁਹਜਵੰਤ ਕਲਾਕਾਰਾਂ ਦੇ ਬੇਵਕਤ ਦੇਹਾਂਤ 'ਤੇ ਡੂੰਘੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਹੈ।

ਸ਼੍ਰੋਮਣੀ ਪੰਜਾਬੀ ਲੋਕ ਗਾਇਕ ਸੁਰਿੰਦਰ ਛਿੰਦਾ ਦਾ ਅੰਤਮ ਸੰਸਕਾਰ 29 ਜੁਲਾਈ ਨੂੰ ਦੁਪਹਿਰ ਇੱਕ ਵਜੇ ਮਾਡਲ ਟਾਊਨ ਐਕਸਟੈਨਸ਼ਨ ਸ਼ਮਸ਼ਾਨਘਾਟ ਲੁਧਿਆਣਾ ਵਿਖੇ ਕੀਤਾ ਜਾਵੇਗਾ।

# ਹੜ੍ਹ ਪੀੜਤਾਂ ਲਈ ਰਾਸ਼ਨ ਸਮੱਗਰੀ ਕੀਤੀ ਰਵਾਨਾ



**ਮਲੋਟ, (ਗੁਰਮੀਤ ਸਿੰਘ ਮੱਕੜ)**:-ਪਿਛਲੇ ਦਿਨੀਂ ਹੋਈਆਂ ਭਾਰੀ ਬਾਰਿਸ਼ਾਂ ਨਾਲ ਪੰਜਾਬ ਦੇ ਕਈ ਜ਼ਿਲ੍ਹਿਆਂ ਦੇ ਪਿੰਡਾਂ ਦਾ ਭਾਰੀ ਨੁਕਸਾਨ ਹੋਇਆ ਹੈ, ਜਿੱਥੇ ਫਸਲਾਂ ਦੇ ਨਾਲ ਨਾਲ ਕਈ ਲੋਕ ਬੇਘਰ ਹੋ ਗਏ ਹਨ। ਜਿਨ੍ਹਾਂ ਦੀ ਮਦਦ ਲਈ ਪੰਜਾਬ ਦੇ ਕਈ ਪਿੰਡਾਂ ਵਿਚੋਂ ਇਨ੍ਹਾਂ ਲੋੜਵੰਦ ਲੋਕਾਂ ਲਈ ਰਾਹਤ ਸਮੱਗਰੀ ਭੇਜੀ ਜਾ ਰਹੀ ਹੈ। ਇਸ ਦੇ ਚੱਲਦੇ ਅੱਜ ਪਿੰਡ ਦਾਨੇਵਾਲਾ ਦੇ ਗੁਰਦੁਆਰਾ ਸ੍ਰੀ ਚਰਨ ਕਮਲ ਭੋਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਬਲਜੀਤ ਸਿੰਘ ਦੀ ਪ੍ਰੇਰਨਾ ਸਦਕਾ ਇਲਾਕੇ ਭਰ ਦੀਆਂ ਸੰਗਤਾਂ ਵੱਲੋਂ ਇਕੱਠੀ ਕੀਤੀ ਸੁੱਕੇ ਰਾਸ਼ਨ ਦੀ ਰਾਹਤ ਸਮੱਗਰੀ ਗੁਰਦੁਆਰਾ ਸਾਹਿਬ ਤੋਂ ਬਾਬਾ ਬਲਜੀਤ ਸਿੰਘ ਨੇ ਅਰਦਾਸ ਕਰਨ ਉਪਰੰਤ ਹੜ੍ਹ ਪੀੜ੍ਹਤ ਇਲਾਕੇ ਲਈ ਰਵਾਨਾ ਕੀਤੀ।

ਬਾਬਾ ਜੀ ਵਲੋਂ ਇਨ੍ਹਾਂ ਹੜ੍ਹ ਪੀੜਤ ਲੋਕਾਂ ਦੀ ਚੜ੍ਹਦੀ ਕਲਾ ਦੀ ਅਰਦਾਸ ਕੀਤੀ। ਉਨ੍ਹਾਂ ਕਿਹਾ ਕਿ ਸਰਹੱਦੀ ਪਿੰਡਾਂ ਵਿਚ ਹਾਲਾਤ ਹਾਲੇ ਵੀ ਬਹੁਤ ਨਾਜ਼ੁਕ ਹਨ ਅਤੇ ਲੋਕਾਂ ਕੋਲ ਖਾਣਾ ਪਕਾਉਣ ਲਈ ਵੀ ਸਾਧਨ ਨਹੀਂ ਹਨ, ਜਿਸ ਕਰਕੇ ਹੜ੍ਹ ਪੀੜਤਾਂ ਦੀ ਜ਼ਰੂਰਤ ਅਨੁਸਾਰ ਸੰਗਤ ਨੇ ਲੰਗਰ ਤਿਆਰ ਕਰਕੇ ਵੀ ਭੇਜਿਆ ਹੈ। ਹੜ੍ਹ ਦੀ ਮਾਰ ਹੇਠ ਆਏ ਇਲਾਕਿਆਂ ਦੀ ਸੰਗਤ ਲਈ ਸੁੱਕਾ ਰਾਸ਼ਨ ਅਤੇ ਲੰਗਰ ਭੇਜਣ ਦੀ ਸੇਵਾ ਨਿਰੰਤਰ ਜਾਰੀ ਹੈ। ਉਨ੍ਹਾਂ ਕਿਹਾ ਕਿ ਅੱਜ ਤੀਸਰੀ ਵਾਰ ਗੁਰੂਘਰ ਦੀ ਸੰਗਤ ਵੱਲੋਂ ਭੇਜੇ ਗਏ ਲੰਗਰ ਵਿਚ ਸੁੱਕਾ ਰਾਸ਼ਨ ਦੇ ਨਾਲ ਨਾਲ ਤਿਆਰ ਕੀਤਾ ਹੋਇਆ ਲੰਗਰ ਵੀ ਭੇਜਿਆ ਗਿਆ।

ਬਾਬਾ ਬਲਜੀਤ ਸਿੰਘ ਨੇ ਸੰਗਤ ਨੂੰ ਅਪੀਲ ਕੀਤੀ ਕਿ ਉਹ ਇਸ ਸੰਕਟ ਦੀ ਘੜੀ ਵਿਚ ਵੱਧ ਤੋਂ ਵੱਧ ਹੜ੍ਹ ਪੀੜ੍ਹਤਾਂ ਲੋਕਾਂ ਦੀ ਸਹਾਇਤਾ ਕਰਦਿਆਂ ਹਰ ਜ਼ਰੂਰਤਮੰਦ ਲਈ ਯੋਗ ਵਸਤੂਆਂ ਭੇਜਣ ਦੀ ਕ੍ਰਿਪਾਲਤਾ ਕਰਨ।

# ਕੈਬਨਿਟ ਮੰਤਰੀ ਅਰੋੜਾ ਨੇ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਵੰਡੀਆਂ



**ਲੌਂਗੋਵਾਲ, (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**-ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਲੌਂਗੋਵਾਲ ਇਲਾਕੇ ਦੇ 8 ਪਿੰਡਾਂ ਵਿੱਚ ਕਰੀਬ 5 ਕਰੋੜ ਰੁਪਏ ਦੀਆਂ ਗ੍ਰਾਂਟਾਂ ਦੀ ਵੰਡ ਕੀਤੀ ਹੈ। ਕੈਬਨਿਟ ਮੰਤਰੀ ਨੇ ਪਿੰਡ ਸਾਹੋਕੇ 'ਚ 1.35 ਕਰੋੜ, ਬੁੱਗਰ ਵਿਖੇ 90.64 ਲੱਖ, ਰੱਤੋਕੇ 'ਚ 1.27 ਕਰੋੜ ਤੇ ਤਕੀਪੁਰ 'ਚ 69.34 ਲੱਖ ਰੁਪਏ ਵਾਟਰ ਵਰਕਸ ਕੰਮਾਂ ਲਈ ਜਾਰੀ ਕੀਤੇ ਹਨ। ਇਸ ਤੋਂ ਇਲਾਵਾ ਪਿੰਡ ਤੋਗਾਵਾਲ 'ਚ ਵਾਲੀਬਾਲ ਗਰਾਊਂਡ ਲਈ 4.60 ਲੱਖ, ਪੀਣ ਵਾਲੇ ਪਾਣੀ ਲਈ 2 ਲੱਖ, ਪਿੰਡ ਦਿਆਲਗੜ੍ਹ 'ਚ ਧਰਮਸ਼ਾਲਾ ਦੀ ਉਸਾਰੀ ਲਈ 6.95 ਲੱਖ, ਪੀਣ ਵਾਲੇ ਪਾਣੀ ਲਈ 1.60 ਲੱਖ, ਸਾਹੋਕੇ 'ਚ ਵਾਲੀਬਾਲ ਗਰਾਊਂਡ ਲਈ 4.60 ਲੱਖ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀ ਚਾਰਦੀਵਾਰੀ ਤੇ ਮੁਰੰਮਤ ਲਈ 7.50 ਲੱਖ, ਪਿੰਡ ਮੰਡੇਰ ਖੁਰਦ ਵਿਖੇ ਧਰਮਸ਼ਾਲਾ ਦੀ ਉਸਾਰੀ ਲਈ 3 ਲੱਖ ਤੇ ਗਲੀਆਂ ਨਾਲੀਆਂ ਲਈ 4.50 ਲੱਖ, ਪਿੰਡ ਬੁੱਗਰ ਵਿਖੇ ਧਰਮਸ਼ਾਲਾ ਦੀ ਉਸਾਰੀ ਲਈ 7 ਲੱਖ ਤੇ ਪੀਣ ਵਾਲੇ ਪਾਣੀ ਲਈ 0.81 ਲੱਖ, ਪਿੰਡ ਰੱਤੋਕੇ 'ਚ ਗਲੀਆਂ ਨਾਲੀਆਂ ਲਈ 9 ਲੱਖ, ਸਕੂਲ 'ਚ ਬਾਥਰੂਮ ਲਈ 1.50 ਲੱਖ, ਧਰਮਸ਼ਾਲਾ ਲਈ 6.95 ਲੱਖ, ਪਿੰਡ ਤਕੀਪੁਰ 'ਚ ਸ਼ਮਸ਼ਾਨਘਾਟ ਦੀ ਚਾਰਦੀਵਾਰੀ ਲਈ 5 ਲੱਖ, ਸਰਕਾਰੀ ਹਾਈ ਸਕੂਲ ਦੀ ਚਾਰਦੀਵਾਰੀ ਲਈ 3.50 ਲੱਖ ਤੇ ਮੰਡੇਰ ਕਲਾਂ ਵਿਖੇ ਧਰਮਸ਼ਾਲਾ ਦੀ ਉਸਾਰੀ ਲਈ 7 ਲੱਖ ਰੁਪਏ ਤੇ ਪੀਣ ਵਾਲੇ ਪਾਣੀ ਲਈ 1.28 ਲੱਖ ਰੁਪਏ ਦੀ ਗਰਾਂਟ ਵੀ ਜਾਰੀ ਕੀਤੀ ਗਈ। ਇਸ ਮੌਕੇ ਐੱਸ.ਡੀ.ਐੱਮ. ਨਵਰੀਤ ਕੌਰ ਸੇਖੋਂ, ਬੀ.ਡੀ.ਪੀ.ਓ. ਗੁਰਦਰਸ਼ਨ ਸਿੰਘ, ਡੀ.ਐੱਸ.ਪੀ. ਭਰਪੂਰ ਸਿੰਘ, ਐੱਸ. ਡੀ. ਓ. ਪੰਚਾਇਤੀ ਰਾਜ ਪ੍ਰਭਜੋਤ ਕੌਰ, ਸੁੱਖ ਸਾਹੋਕੇ, ਬਲਵਿੰਦਰ ਸਿੰਘ ਢਿੱਲੋਂ, ਰਾਜ ਸਿੰਘ ਰਾਜੂ, ਪ੍ਰਮਿੰਦਰ ਕੌਰ ਬਰਾੜ ਪ੍ਰਧਾਨ ਨਗਰ ਕੌਂਸਲ, ਨੀਟੂ ਸ਼ਰਮਾ, ਸਰਪੰਚ ਗੁਰਬਖਸ਼ੀਸ਼ ਸਿੰਘ, ਗੁਰਮੀਤ ਸਿੰਘ ਫੌਜੀ, ਰਣਜੀਤ ਸਿੰਘ ਕੂਕਾ ਮੀਤ ਪ੍ਰਧਾਨ ਨਗਰ ਕੌਂਸਲ, ਮੇਲਾ ਸਿੰਘ ਸੂਬੇਦਾਰ, ਸਿਸਨਪਾਲ ਗਰਗ ਆਦਿ ਹਾਜ਼ਰ ਸਨ।

29-July-PAGE- 8 qxd.qxd 7/28/2023 10:42 PM Page 1



# ਜਸਵੀਰ ਰਾਜਾ ਵੱਲੋਂ ਕੱਚਿਆਂ ਤੋਂ ਪੱਕੇ ਕੀਤੇ 58 ਅਧਿਆਪਕਾਂ ਨੂੰ ਨਿਯੁਕਤੀ ਪੱਤਰ



ਟਾਂਡਾ ਉੜਮੁੜ (ਉਂਕਾਰ ਸਿੰਘ, ਜਸਵਿੰਦਰ ਸੰਧੂ) ਪੰਜਾਬ ਸਰਕਾਰ ਨੇ ਆਪਣੇ ਕੀਤੇ ਵਾਅਦੇ ਮੁਤਾਬਕ ਕੱਚੇ ਅਧਿਆਪਕਾਂ ਨੂੰ ਪੱਕਿਆਂ ਕੀਤਾ ਹੈ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੂਬਾ ਉਪ ਪ੍ਰਧਾਨ ਤੇ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਸਰਕਾਰੀ ਸਕੂਲ ਖੱਖ ਵਿਖੇ ਹੋਏ ਇੱਕ ਸਮਾਗਮ ਦੌਰਾਨ ਕੀਤਾ।

ਇਸ ਮੌਕੇ ਉਨ੍ਹਾਂ ਸਰਕਾਰ ਵੱਲੋਂ ਪੱਕੇ ਕੀਤੇ ਗਏ 27 ਅਧਿਆਪਕਾਂ ਨੂੰ ਨਿਯੁਕਤੀ ਪੱਤਰ ਦੇਣ ਦੇ ਨਾਲ-ਨਾਲ ਸਰਕਾਰ ਵੱਲੋਂ ਭੇਜੇ ਗਏ ਯਾਦਗਾਰੀ ਚਿੰਨ੍ਹ ਤੇ ਪ੍ਰਸ਼ੰਸਾ ਪੱਤਰ ਵੀ ਭੇਟ ਕੀਤੇ। ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਕੁੱਲ 1250 ਅਧਿਆਪਕ ਪੱਕੇ ਕਰਕੇ ਅੱਜ ਉਹਨਾਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ ਹਨ ਤਾਂ ਜੋ ਉਹ ਰੁਜਗਾਰ ਪ੍ਰਾਪਤ ਕਰ ਸਕਣ। ਇਸ ਮੌਕੇ ਉਹਨਾਂ ਪੱਕੇ ਕੀਤੇ ਅਧਿਆਪਕਾਂ ਨੂੰ ਮੁਬਾਰਕਬਾਦ ਦਿੰਦੇ ਹੋਏ ਆਪਣੀ ਡਿਊਟੀ ਇਮਾਨਦਾਰੀ ਤੇ ਜਿੰਮੇਵਾਰੀ ਦੁਆਰਾ ਨਿਭਾਉਣ ਦੇ ਨਾਲ-ਨਾਲ ਸਰਕਾਰ ਵੱਲੋਂ ਸਰਕਾਰੀ ਸਕੂਲਾਂ 'ਚ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਕੀਤੇ ਜਾ ਰਹੇ ਯਤਨਾਂ ਵਿੱਚ ਆਪਣਾ ਯੋਗਦਾਨ ਪਾਉਣ ਦੀ ਅਪੀਲ ਕੀਤੀ। ਇਸੇ ਤਰ੍ਹਾਂ ਹੀ ਵਿਧਾਇਕ ਜਸਵੀਰ ਰਾਜਾ ਨੇ ਸਰਕਾਰੀ ਐਲੀਮੈਂਟਰੀ ਸਕੂਲ ਜਾਜਾ ਵਿਖੇ ਵੀ 31 ਅਧਿਆਪਕਾਂ ਨੂੰ ਨਿਯੁਕਤੀ ਪੱਤਰ ਦਿੰਦੇ ਹੋਏ ਸੂਬਾ ਸਰਕਾਰ ਦੀਆਂ ਲੋਕ ਉਸਾਰੂ ਨੀਤੀਆਂ ਤੋਂ ਜਾਣੂ ਕਰਵਾਇਆ।

ਇਸ ਮੌਕੇ ਬਲਾਕ ਪ੍ਰਧਾਨ ਕੇਸਵ ਸਿੰਘ ਸੈਣੀ, ਡਿਪਟੀ ਡੀ.ਓ ਸੁਖਵਿੰਦਰ ਸਿੰਘ, ਬੀ.ਪੀਈ.ਓ ਬਲਾਕ-1ਜਸਵਿੰਦਰ ਪਾਲ ਸਿੰਘ, ਬੀ.ਪੀਈ.ਓ ਬਲਾਕ-2 ਸਰੂਤੀ ਲਾਲ, ਸੀ. ਐਚ .ਟੀ ਸੁਖਵਿੰਦਰ ਕੌਰ, ਸੀ. ਐਚ.ਟੀ ਨਛੱਤਰ ਰਾਮ, ਅਵਤਾਰ ਸਿੰਘ, ਜਰਨੈਲ ਸਿੰਘ, ਰਵਿੰਦਰ ਸਿੰਘ, ਇੰਦਰਜੀਤ ਸਿੰਘ ਧਾਲੀਵਾਲ, ਨਰਿੰਦਰ ਅਰੋੜਾ, ਨਿਰਮਲਜੀਤ ਕੌਰ, ਜਸਵਿੰਦਰ ਸਿੰਘ, ਧਰਮ ਸਿੰਘ, ਸਮਸ਼ੇਰ ਸਿੰਘ, ਦਿਲਬਾਗ ਸਿੰਘ, ਹੰਕਾਰ ਸਿੰਘ ਬਲਕਾਰ ਸਿੰਘ, ਅਮਰਜੀਤ ਸਿੰਘ, ਜੰਗ ਬਹਾਦਰ, ਇੰਦਰ ਸਿੰਘ, ਗੁਰਜੀਤ ਸਿੰਘ ਰਮਨਦੀਪ ਸਿੰਘ, ਚਰਣਜੀਤ ਕੌਰ, ਗੁਰਦੀਪ ਕੌਰ, ਸੁਰਜੀਤ ਕੌਰ, ਜਸਵੰਤ ਕੌਰ, ਜਸਵੀਰ ਕੌਰ, ਸੁਖਜੀਤ ਕੌਰ, ਜਸਵੰਤ ਸਿੰਘ, ਮਨਵਿੰਦਰ ਕੌਰ, ਰੇਨੂ ਬਾਲਾ ਆਦਿ ਵੀ ਹਾਜ਼ਰ ਸਨ।

# ਸ਼ਹਿਰ ਨੂੰ ਜਲਦ ਹੀ ਕੀਤਾ ਜਾਵੇਗਾ ਡੰਪ ਮੁਕਤ : ਜਿੰਪਾ



**ਹੁਸ਼ਿਆਰਪੁਰ (ਓ ਪੀ ਰਾਣਾ, ਬਲਬੀਰ ਸਿੰਘ ਸੈਣੀ)** ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਹੁਸ਼ਿਆਰਪੁਰ ਸ਼ਹਿਰ ਨੂੰ ਜਲਦ ਹੀ ਡੰਪ ਮੁਕਤ ਕਰ ਦਿੱਤਾ ਜਾਵੇਗਾ। ਫੂਡ ਸਟਰੀਟ ਵਿਖੇ ਨਗਰ ਨਿਗਮ ਦੇ ਸਫ਼ਾਈ ਸੇਵਕਾਂ ਨੂੰ ਕੂੜਾ ਚੁੱਕਣ ਵਾਲੀਆਂ 100 ਵਿਸ਼ੇਸ਼ ਰਿਕਸ਼ਾ-ਰੇਹੜੀਆਂ ਸੌਂਪਦਿਆਂ ਉਨ੍ਹਾਂ ਕਿਹਾ ਕਿ ਸਫ਼ਾਈ ਕਰਮੀਆਂ ਨੂੰ 52 ਲੱਖ ਰੁਪਏ ਦੀ ਲਾਗਤ ਨਾਲ ਅਜਿਹੀਆਂ 200 ਰਿਕਸ਼ਾ-ਰੇਹੜੀਆਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ, ਜਿਨ੍ਹਾਂ ਵਿਚ ਸੁੱਕੇ ਅਤੇ ਗਿੱਲੇ ਕੂੜੇ ਲਈ ਅਲੱਗ-ਅਲੱਗ ਖਾਨੇ ਬਣੇ ਹੋਏ ਹਨ। ਉਨ੍ਹਾਂ ਕਿਹਾ ਕਿ ਇਸ ਨਾਲ ਸ਼ਹਿਰ ਦੇ ਸਫ਼ਾਈ ਪ੍ਰਬੰਧਾਂ ਲਈ ਵੱਡੀ ਜ਼ਰੂਰਤ ਪੂਰੀ ਹੋਈ ਹੈ ਅਤੇ ਇਸ ਨਾਲ ਸਾਰਾ ਕੂੜਾ ਸ਼ਹਿਰ ਤੋਂ ਬਾਹਰ ਪਹੁੰਚਾਉਣ ਵਿਚ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਵਲੋਂ ਸ਼ਹਿਰ ਨੂੰ ਡੰਪ ਮੁਕਤ ਕਰਨ ਦਾ ਕੀਤਾ ਵਾਅਦਾ ਪੂਰਾ ਕੀਤਾ ਜਾ ਰਿਹਾ ਹੈ, ਜਿਸ ਤਹਿਤ ਫੂਡ ਸਟਰੀਟ ਨੂੰ ਪਹਿਲਾਂ ਹੀ ਡੰਪ ਮੁਕਤ ਕੀਤਾ ਜਾ ਚੁੱਕਾ ਹੈ।

ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਸਹਾਇਕ ਕਮਿਸ਼ਨਰ ਵਿਓਮ ਭਾਰਦਵਾਜ, ਸਹਾਇਕ ਕਮਿਸ਼ਨਰ ਨਗਰ ਨਿਗਮ ਸੰਦੀਪ ਤਿਵਾੜੀ, ਕੌਂਸਲਰ ਸਾਹਿਬਾਨ ਤੋਂ ਇਲਾਵਾ ਨਗਰ ਨਿਗਮ ਦੇ ਅਧਿਕਾਰੀ ਤੇ ਕਰਮਚਾਰੀ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਸ਼ਾਹਕੋਟ 'ਚ ਰੋਸ ਪ੍ਰਦਰਸ਼ਨ 29 ਨੂੰ



**ਸ਼ਾਹਕੋਟ (ਗਿਆਨ ਸੈਦਪੁਰੀ)** - ਮਨੀਪੁਰ ਵਿੱਚ ਵਾਪਰੀਆਂ ਸ਼ਰਮਨਾਕ ਘਟਨਾਵਾਂ ਦੇ ਵਿਰੋਧ ਵਿੱਚ 29 ਜੁਲਾਈ ਨੂੰ ਸਾਹਕੋਟ ਵਿੱਚ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਵਿੱਚ ਮੋਦੀ ਸਰਕਾਰ ਦਾ ਪੁਤਲਾ ਫੂਕਿਆ ਜਾਵੇਗਾ। 29 ਜੁਲਾਈ ਨੂੰ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਵਿੱਚ ਸੀ ਪੀ ਆਈ, ਜਬਰ ਵਿਰੋਧੀ ਸੰਘਰਸ਼ ਕਮੇਟੀ ਸਾਹਕੋਟ ਅਤੇ ਹੋਰ ਖੱਬੀਆਂ ਧਿਰਾਂ ਸ਼ਾਮਲ ਹੋਣਗੀਆਂ। ਇਸ ਸੰਬੰਧ ਵਿੱਚ ਵੀਰਵਾਰ ਨੂੰ ਸਾਹਕੋਟ ਸਾਂਝੀ ਮੀਟਿੰਗ ਹੋਈ। ਰੋਸ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ। ਮੀਟਿੰਗ ਵਿੱਚ ਕਾਮਰੇਡ ਨਿਰਮਲ ਸਿੰਘ ਮਲਸੀਆ, ਸੁਨੀਲ ਕੁਮਾਰ, ਗੁਰਬਖਸ਼ ਕੌਰ ਸਾਦਿਕਪੁਰ ਆਦਿ ਸ਼ਾਮਲ ਸਨ।

# ਛੇ ਪਿੰਡਾਂ 'ਚ ਹੋਵੇਗਾ ਮੁੱਖ ਮੰਤਰੀ ਦਾ ਜਨਸੰਵਾਦ

**ਚੰਡੀਗੜ੍ਹ (ਕ੍ਰਿਸ਼ਨ ਗਰਗ)** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਵੱਲੋਂ ਗ੍ਰਾਮੀਣ ਖੇਤਰ ਵਿੱਚ ਲੋਕਾਂ ਦੀ ਸਮੱਸਿਆਵਾਂ ਦੇ ਬਾਰੇ ਜ਼ਮੀਨੀ ਹਕੀਕਤ 'ਤੇ ਖੁੱਦ ਜਾਣਕਾਰੀ ਲੈਣ ਲਈ ਸ਼ੁਰੂ ਕੀਤਾ ਗਿਆ ਜਨ ਸੰਵਾਦ ਪ੍ਰੋਗਰਾਮ ਲੋਕਾਂ ਨੂੰ ਖੂਬ ਰਾਸ ਆ ਰਿਹਾ ਹੈ। ਇਕ ਪਾਸੇ ਮੁੱਖ ਮੰਤਰੀ ਜਿੱਥੇ ਲੋਕਾਂ ਦੇ ਵਿਚ ਇਕ ਮੁਖੀਆ ਦੀ ਤਰ੍ਹਾ ਸਮੱਸਿਆਵਾਂ ਨੂੰ ਸੁਣ ਕੇ ਅਧਿਕਾਰੀਆਂ ਨੂੰ ਮੌਕੇ 'ਤੇ ਹੀ ਨਿਪਟਾਉਣ ਦੇ ਨਿਰਦੇਸ਼ ਦਿੰਦੇ ਹਨ। ਮੁੱਖ ਮੰਤਰੀ ਇੱਕ ਜਿਲ੍ਹੇ ਵਿੱਚ 3 ਦਿਨ ਤੱਕ ਰਹਿੰਦੇ ਹਨ ਅਤੇ ਲਗਭਗ ਇੱਕ ਦਰਜਨ ਪਿੰਡਾਂ ਵਿੱਚ ਜਨਸੰਵਾਦ ਕਰਦੇ ਹਨ। ਮੁੱਖ ਮੰਤਰੀ ਸ਼ੁੱਕਰਵਾਰ 28 ਜੁਲਾਈ ਤੋਂ ਮਹੇਂਦਰਗੜ੍ਹ ਜਿਲ੍ਹੇ ਦੇ ਕਨੀਨਾ ਤੋਂ ਜਨ ਸੰਵਾਦ ਪ੍ਰੋਗਰਾਮ ਦੀ ਮੁੜ ਸ਼ੁਰੂਆਤ ਕਰਨਗੇ।

# ਹੜ੍ਹ ਨਾਲ ਹੋਏ ਨੁਕਸਾਨ ਦਾ ਸਰਵੇ 15 ਦਿਨਾਂ 'ਚ ਹੋਵੇਗਾ ਮੁਕੰਮਲ : ਰਾਜਪਾਲ



**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ):** ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਲੋਹੀਆਂ ਬਲਾਕ 'ਚ ਹੜ੍ਹ ਪ੍ਰਭਾਵਿਤ ਖੇਤਰ ਦੇ ਦੌਰੇ ਤੋਂ ਬਾਅਦ ਕਿਹਾ ਕਿ ਹੜ੍ਹਾਂ ਨਾਲ ਹੋਏ ਨੁਕਸਾਨ ਦੇ ਅਨੁਮਾਨ ਦੀ ਪ੍ਰਕਿਰਿਆ ਨੂੰ ਆਉਂਦੇ 15 ਦਿਨਾਂ ਤੱਕ ਮੁਕੰਮਲ ਹੋਣ ਉਪਰੰਤ ਰਿਪੋਰਟਾਂ ਦੇ ਅਧਾਰ 'ਤੇ ਹੜ੍ਹ ਦੀ ਮਾਰ ਹੇਠ ਆਏ ਪਰਵਾਰਾਂ ਨੂੰ ਬਣਦਾ ਮੁਆਵਜ਼ਾ ਜਾਰੀ ਕੀਤਾ ਜਾਵੇਗਾ। ਜ਼ਿਲ੍ਹਾ ਪ੍ਰਸ਼ਾਸਨ ਵਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਕੀਤੇ ਗਏ ਰਾਹਤ ਅਤੇ ਮੁੜ ਵਸੇਬਾ ਕਾਰਜਾਂ ਦੀ ਸ਼ਲਾਘਾ ਕਰਦਿਆਂ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਕਿਹਾ ਕਿ ਗਿੱਦੜਪਿੰਡੀ ਵਿਖੇ ਲੋਕਾਂ ਨੇ ਉਨ੍ਹਾਂ ਨੂੰ ਦੱਸਿਆ ਕਿ ਕਿਵੇਂ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਦਿਨ-ਰਾਤ ਇਕ ਕਰਕੇ ਹੜ੍ਹ ਦੀ ਲਪੇਟ ਵਿੱਚ ਆਉਣ ਵਾਲੇ ਪਰਵਾਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ। ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ, ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਅਤੇ ਹੋਰਨਾਂ ਅਧਿਕਾਰੀਆਂ ਸਮੇਤ ਗਿੱਦੜਪਿੰਡੀ ਪੁਲ 'ਤੇ ਲੋਕਾਂ ਨਾਲ ਗੱਲਬਾਤ ਕਰਦਿਆਂ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਕਿਹਾ ਕਿ ਇਲਾਕੇ ਨੂੰ ਹੜ੍ਹਾਂ ਦੀ ਮਾਰ ਤੋਂ ਬਚਾਉਣ ਲਈ ਪੁਖ਼ਤਾ ਇੰਤਜ਼ਾਮ ਕੀਤੇ ਜਾਣਗੇ ਤਾਂ ਜੋ ਅਕਸਰ ਲੋਕਾਂ ਦਾ ਜਨ-ਜੀਵਨ ਪ੍ਰਭਾਵਿਤ ਹੋਣ ਤੋਂ ਬਚਾਇਆ ਜਾ ਸਕੇ। ਉਨ੍ਹਾਂ ਨੇ ਲੋਕਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਤੋਂ ਰਾਹਤ ਕਾਰਜਾਂ ਸੰਬੰਧੀ ਜਾਣਕਾਰੀ ਵੀ ਹਾਸਲ ਕੀਤੀ ਅਤੇ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਹਰ ਸੰਭਵ ਮਦਦ ਯਕੀਨੀ ਬਣਾਈ ਜਾਵੇਗੀ।

ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਅਤੇ ਹੋਰਨਾਂ ਅਧਿਕਾਰੀਆਂ ਨੇ ਆਉਣ ਵਾਲੇ ਸਮੇਂ 'ਚ ਇਸ ਖੇਤਰ ਨੂੰ ਹੜ੍ਹ ਦੀ ਮਾਰ ਤੋਂ ਬਚਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਵਿਸਥਾਰ ਨਾਲ ਦੱਸਿਆ।

# ਪ੍ਰਿੰਸੀਪਲ ਮਨੋਰਮਾ ਮਹਿੰਦਰਾ ਨੇ 'ਸਾਂਝੀ ਰਸੋਈ' ਪ੍ਰੋਜੈਕਟ 'ਚ ਪਾਇਆ ਯੋਗਦਾਨ



**ਹੁਸ਼ਿਆਰਪੁਰ,: (ਓ ਪੀ ਰਾਣਾ, ਬਲਬੀਰ ਸਿੰਘ ਸੈਣੀ)** ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਮੁਹੱਲਾ ਈਸ਼ ਨਗਰ, ਹੁਸ਼ਿਆਰਪੁਰ ਵਿਖੇ ਚਲਾਇਆ ਜਾ ਰਿਹਾ 'ਸਾਂਝੀ ਰਸੋਈ' ਪ੍ਰੋਜੈਕਟ ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਕੋਮਲ ਮਿੱਤਲ ਦੀ ਯੋਗ ਅਗਵਾਈ ਹੇਠ ਬਹੁਤ ਹੀ ਸਫਲਤਾ ਪੂਰਵਕ ਚੱਲ ਰਿਹਾ ਹੈ, ਜਿਸ ਦਾ ਰੋਜ਼ਾਨਾ 300 ਤੋਂ 400 ਗਰੀਬ/ਲੋੜਵੰਦ/ਬੇਘਰੇ ਵਿਅਕਤੀ ਲਾਭ ਪ੍ਰਾਪਤ ਕਰ ਰਹੇ ਹਨ। ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਸਕੱਤਰ ਮੰਗੇਸ਼ ਸੂਦ ਨੇ ਦੱਸਿਆ ਕਿ ਇਸ ਪ੍ਰੋਜੈਕਟ ਲਈ ਮਨੋਰਮਾ ਮਹਿੰਦਰਾ (ਸੇਵਾਮੁਕਤ ਪ੍ਰਿੰਸੀਪਲ, ਸਰਕਾਰੀ ਕਾਲਜ, ਹੁਸ਼ਿਆਰਪੁਰ) ਵੱਲੋਂ ਆਪਣੇ ਪਤੀ ਸਵ: ਵਾਈ ਐਮ. ਮਹਿੰਦਰਾ ਦੀ ਮਿੱਠੀ ਯਾਦ ਵਿੱਚ 5100 ਰੁਪਏ ਦੀ ਰਕਮ ਦਾਨ ਵਜੋਂ ਮੁਹੱਈਆ ਕੀਤੀ ਗਈ ਹੈ। ਮੰਗੇਸ਼ ਸੂਦ ਨੇ ਦੱਸਿਆਂ ਕਿ ਜ਼ਿਲ੍ਹਾ ਰੈੱਡ ਕਰਾਸ ਵੱਲੋਂ ਚਲਾਇਆ ਜਾ ਰਿਹਾ ਇਹ ਪ੍ਰੋਜੈਕਟ ਜ਼ਿਲ੍ਹੇ ਦੇ ਦਾਨੀ ਸੱਜਣਾਂ/ਸਮਾਜ ਸੇਵਕਾਂ ਵੱਲੋਂ ਦਾਨ ਵਜੋਂ ਮੁਹੱਈਆ ਕੀਤੇ ਜਾ ਰਹੇ ਫੰਡਾਂ ਦੁਆਰਾ ਹੀ ਚਲਾਇਆ ਜਾ ਰਿਹਾ ਹੈ। ਜਿਨ੍ਹਾਂ ਵਲੋਂ ਜਿੱਥੇ "ਬੁੱਕ-ਏ-ਡੇਅ" ਸਕੀਮ ਅਧੀਨ ਆਪਣੇ ਪਰਿਵਾਰਕ ਮੈਂਬਰਾਂ ਦੇ ਜਨਮ ਦਿਨ, ਵਿਆਹ ਵਰ੍ਹੇਗੰਢ ਅਤੇ ਯਾਦਾਂ ਨਾਲ ਸਬੰਧਤ ਦਿਨ ਸਾਂਝੀ ਰਸੋਈ, ਹੁਸ਼ਿਆਰਪੁਰ ਵਿਖੇ ਮਨਾ ਕੇ ਲਗਾਤਾਰ ਵਿੱਤੀ ਸਹਾਇਤਾ ਮੁਹੱਈਆ ਕਰਨ ਦੇ ਨਾਲ ਰਾਸ਼ਨ ਸਮੱਗਰੀ ਦੀ ਸਹਾਇਤਾ ਵੀ ਮੁੱਹਈਆ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸਾਂਝੀ ਰਸੋਈ ਲੋੜਵੰਦ/ਗਰੀਬ/ਬੇਘਰੇ ਵਿਅਕਤੀਆਂ ਦੀ ਸਹਾਇਤਾ ਲਈ ਇਕ ਬਹੁਤ ਹੀ ਲਾਭਦਾਇਕ ਪ੍ਰੋਜੈਕਟ ਹੈ। ਇਸ ਲਈ ਉਨ੍ਹਾਂ ਇਸ ਪ੍ਰੋਜੈਕਟ ਨੂੰ ਲਗਾਤਾਰ ਚਾਲੂ ਰੱਖਣ ਲਈ ਜ਼ਿਲ੍ਹਾ ਹੁਸ਼ਿਆਰਪੁਰ ਦੇ ਦਾਨੀ ਸੱਜਣਾਂ/ਸਮਾਜ ਸੇਵਕਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਇਸ ਪ੍ਰੋਜੈਕਟ ਦੀ ਸਫਲਤਾ ਲਈ ਉਹ ਆਪਣਾ ਵੱਡਮੁੱਲਾ ਸਹਿਯੋਗ ਦੇਣ।

# ਲਾਅ ਐਂਡ ਆਰਡਰ ਨੂੰ ਬਣਾਈ ਰੱਖਣ ਲਈ ਅਧਿਕਾਰੀ ਆਪਸੀ ਤਾਲਮੇਲ ਨਾਲ ਕੰਮ ਕਰਨ : ਡੀ ਸੀ



**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਜਿਲ੍ਹੇ ਵਿੱਚ ਵਧੀਆ ਲਾ ਐਂਡ ਆਰਡਰ ਸਥਾਪਿਤ ਕਰਨ ਦੇ ਲਈ ਪੁਲਸ ਅਤੇ ਪ੍ਰਸਾਸਨਿਕ ਅਧਿਕਾਰੀ ਇਕ ਦੂਸਰੇ ਨਾਲ ਤਾਲਮੇਲ ਕਰਕੇ ਕੰਮ ਕਰਨ। ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਜਿਲਾ ਪ੍ਰਬੰਧਕੀ ਕੰਪਲੈਕਸ ਵਿਖੇ ਪੁਲਸ ਅਤੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਨਾਲ ਮੀਟਿੰਗ ਕਰਦੇ ਹੋਏ ਇਹ ਗੱਲ ਕਹੀ। ਇਸ ਮੌਕੇ ਉਨ੍ਹਾਂ ਦੇ ਨਾਲ ਐਸ ਐਸ ਪੀ ਡਾ. ਅਖਿਲ ਚੌਧਰੀ ਵੀ ਮੌਜੂਦ ਸਨ। ਇਸ ਦੌਰਾਨ ਐਸ ਐਸ ਪੀ ਡਾ. ਅਖਿਲ ਚੌਧਰੀ ਨੇ ਪੁਲਸ ਅਤੇ ਸਿਵਲ ਪ੍ਰਸਾਸਨਿਕ ਅਧਿਕਾਰੀਆਂ ਨੂੰ ਹਦਾਇਤ ਕਰਦਿਆ ਕਿਹਾ ਕਿ ਲਾਅ ਐਂਡ ਆਰਡਰ ਨੂੰ ਮੇਨਟੇਨ ਕਰਨ ਲਈ ਪ੍ਰਸਾਸਨਿਕ ਅਧਿਕਾਰੀਆਂ ਦਾ ਵੀ ਅਹਿਮ ਰੋਲ ਹੁੰਦਾ ਹੈ। ਉਨ੍ਹਾਂ ਨੇ ਸਿਵਲ ਹਸਪਤਾਲਾਂ 'ਚ ਤਾਇਨਾਤ ਡਾਕਟਰਜ ਨੂੰ ਹਦਾਇਤ ਕਰਦੇ ਹੋਏ ਕਿਹਾ ਕਿ ਲੜਾਈ ਝਗੜੇ ਦੇ ਕੇਸਾਂ ਦੇ ਵਿੱਚ ਮੈਡੀਕਲ ਲੀਗਲ ਰਿਪੋਟ ਸਪੱਸ਼ਟ ਹੋਣੀ ਚਾਹੀਦੀ ਹੈ। ਇਸ ਦੇ ਅਧਾਰ 'ਤੇ ਹੀ ਬਾਅਦ ਵਿੱਚ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਂਦੀ ਹੈ। ਕਰਾਈਮ ਨੂੰ ਰੋਕਣ ਦੇ ਲਈ ਸਮੇਂ ਅਹਿਮ ਰੋਲ ਨਿਭਾਉਂਦਾ ਹੈ। ਜੇਕਰ ਸਹੀ ਸਮੇਂ 'ਤੇ ਸੂਚਨਾ ਮਿਲ ਜਾਵੇ ਤਾਂ ਕਰਾਇਮ ਹੋਣ ਤੋਂ ਰੋਕਿਆ ਜਾ ਸਕਦਾ ਹੈ। ਐਸ ਪੀ ਡਾ. ਮੁਕੇਸ਼ ਕੁਮਾਰ, ਐਸ ਡੀ ਐਮ ਨਵਾਂਸ਼ਹਿਰ ਡਾ. ਸ਼ਿਵ ਰਾਜ ਬੱਲ, ਐਸ ਡੀ ਐਮ ਬਲਾਚੌਰ ਬਿਕਰਮਜੀਤ ਪੰਥੇ, ਡੀ ਐਸ ਪੀ ਬਲਾਚੌਰ ਦਵਿੰਦਰ ਸਿੰਘ ਤੋਂ ਇਲਾਵਾ ਹੋਰ ਵੀ ਪ੍ਰਸ਼ਾਸਨਿਕ ਤੇ ਪੁਲਸ ਅਧਿਕਾਰੀ ਮੌਜੂਦ ਸਨ।

# ਐੱਨ ਪੀ ਐੱਸ ਕਰਮਚਾਰੀ 10 ਅਗਸਤ ਨੂੰ ਕਰਨਗੇ ਦਿੱਲੀ ਵਿਖੇ ਸੰਸਦ ਮਾਰਚ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਪੁਰਾਣੀ ਪੈਨਸ਼ਨ ਯੋਜਨਾ ਬਹਾਲੀ ਸੰਯੁਕਤ ਮੰਚ ਦੇ ਸੱਦੇ 'ਤੇ ਦੇਸ਼ ਭਰ ਦੇ ਐਨ ਪੀ ਐਸ ਮੁਲਾਜਮ ਰਾਮ ਲੀਲਾ ਮੈਦਾਨ ਤੋਂ ਸੰਸਦ ਵੱਲ ਰੋਸ਼ ਮਾਰਚ ਦੇ ਸਬੰਧ 'ਚ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰੈਸ ਸਕੱਤਰ ਪ੍ਰੇਮ ਸਿੰਘ ਠਾਕੁਰ ਦੀ ਅਗਵਾਈ 'ਚ ਇੱਕ ਅਹਿਮ ਮੀਟਿੰਗ ਹੋਈ। ਪੰਜਾਬ ਤੋਂ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੀ ਅਗਵਾਈ ਵਿੱਚ ਐਨ ਪੀ ਐਸ ਮੁਲਾਜਮ ਵੱਡਾ ਕਾਫਲਾ ਲੈ ਕੇ ਪਹੁੰਚਣਗੇ। ਗੁਰਿੰਦਰਪਾਲ ਸਿੰਘ ਖੇੜੀ, ਬਲਵਿੰਦਰ ਸਿੰਘ ਅਤੇ ਓਮ ਪ੍ਰਕਾਸ਼ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਅਦਾਰੇ ਪੀ ਐਫ ਆਰ ਡੀ ਏ ਵੱਲੋਂ ਪੁਰਾਣੀ ਪੈਨਸ਼ਨ ਬਹਾਲ ਕਰਨ 'ਚ ਲਾਈਆਂ ਜਾ ਰਹੀਆਂ ਅਟਕਲਾਂ ਕਾਰਨ ਦੇਸ਼ ਭਰ ਦੇ ਐਨ ਪੀ ਐਸ ਮੁਲਾਜਮਾਂ 'ਚ ਭਾਰੀ ਰੋਸ਼ ਹੈ। ਉਹਨਾਂ ਕਿਹਾ ਕਿ ਜਿਲ੍ਹਾ ਰੂਪਨਗਰ ਤੋ ਸੈਕੜੇ ਮੁਲਾਜਮ ਭਾਗ ਲੈਣਗੇ। ਇਸ ਮੌਕੇ ਹਰਮੀਤ ਸਿੰਘ, ਕੁਲਵੀਰ ਸਿੰਘ, ਸੁਦੇਸ਼ ਕੁਮਾਰੀ, ਜਰਨੈਲ ਸਿੰਘ, ਅਜੇ ਕੁਮਾਰ, ਹਰਭਜਨ ਸਿੰਘ, ਕੁਲਵਿੰਦਰ ਸਿੰਘ, ਮਨੀਸ਼ ਕੁਮਾਰ, ਲਖਵਿੰਦਰ ਸਾਲਾਪੁਰ, ਉਮਰਾਓ ਸਿੰਘ, ਤਰੁਨ ਲੋਤਰਾ, ਜਗਵਿੰਦਰ ਸਿੰਘ, ਰੁਪਿੰਦਰ ਸਿੰਘ, ਭੁਪਿੰਦਰ ਸਿੰਘ, ਵਿਸ਼ਾਲ ਮਹਿਤਾ, ਹਰਪ੍ਰੀਤ ਸਿੰਘ, ਮਦਨ ਬਹਾਦੁਰ, ਦੀਪਕ, ਅਵਤਾਰ ਸਿੰਘ, ਕੁਲਦੀਪ ਸਿੰਘ, ਨਰਿੰਦਰ ਆਦਿ ਹਾਜ਼ਰ ਸਨ।

# ਮੈਸੰਜਰ ਆਫ ਪੀਸ ਆਰਗੇਨਾਈਜੇਸ਼ਨ ਦੇ ਵਫਦ ਨੇ ਬਲਕਾਰ ਸਿੰਘ ਨਾਲ ਕੀਤੀ ਮੁਲਾਕਾਤ



**ਫਿਲੌਰ (ਨਿਰਮਲ)**- ਪੀਸ ਐਂਬੈਸਡਰ ਸਲੀਮ ਸੁਲਤਾਨੀ, ਪ੍ਰਧਾਨ ਮੈਸੰਜਰ ਆਫ ਪੀਸ ਆਰਗੇਨਾਈਜੇਸਨ (ਇੰਡੀਆ) ਵੱਲੋਂ ਪੀਸ ਰਿਸਰਚ ਸੈਂਟਰ ਲਈ ਸਰਕਾਰ ਪਾਸੋਂ ਲੋੜੀਦੀ ਜ਼ਮੀਨ ਮੁਹੱਇਆ ਕਰਵਾਉਣ ਸੰਬੰਧੀ ਜੋ ਲਿਖਤੀ ਸਿਫਾਰਿਸ਼ ਪਿਛਲੇ ਦਿਨੀ ਕੁਲਦੀਪ ਸਿੰਘ ਧਾਲੀਵਾਲ (ਐਨ ਆਰ ਆਈ) ਮੰਤਰੀ ਪੰਜਾਬ ਸਰਕਾਰ, ਵੱਲੋਂ ਬਲਕਾਰ ਸਿੰਘ ਮੰਤਰੀ ਸਥਾਨਕ ਸਰਕਾਰ ਵਿਭਾਗ ਨੂੰ ਕੀਤੀ ਗਈ ਸੀ, ਉਸ ਸੰਬੰਧੀ ਮੰਤਰੀ ਨਾਲ ਵਿਭਾਗ ਦੇ ਦਫਤਰ ਚੰਡੀਗੜ੍ਹ ਵਿਖੇ ਮੁਲਾਕਾਤ ਕਰਕੇ ਅਗਲੀ ਚਾਰਾਜੋਈ ਲਈ ਸੰਬੰਧਤ ਪੱਤਰ ਉਨ੍ਹਾਂ ਨੂੰ ਦਿੱਤਾ ਗਿਆ, ਇਸ ਮੌਕੇ ਸਲੀਮ ਸੁਲਤਾਨੀ ਵੱਲੋਂ ਇਸ ਰਿਸਰਚ ਸੈਂਟਰ ਦੇ ਪਰਪੋਜਲ ਅਤੇ ਮੈਸੰਜਰ ਆਫ ਪੀਸ ਆਰਗੇਨਾਈਜੇਸ਼ਨ ਦੇ ਪਿਛਲੇ ਲੰਬੇ ਸਮੇਂ ਤੋਂ ਸਮਾਜ 'ਚ ਸ਼ਾਂਤੀ-ਸਦਭਾਵਨਾ ਅਤੇ ਸਾਂਝੀਵਾਲਤਾ ਦੇ ਮਿਸ਼ਨ ਦੇ ਪ੍ਰਚਾਰ - ਪ੍ਰਸਾਰ ਰਾਹੀ ਸਮਾਜ 'ਚ ਕੱਟੜਵਾਦੀ, ਵੱਖਵਾਦੀ, ਜਾਤੀਵਾਦ ਅਤੇ ਨਫਰਤ ਆਦਿ ਸੋਚ ਨੂੰ ਬਦਲਕੇ ਧਾਰਮਿਕ-ਸਮਾਜਿਕ ਸਦਭਾਵਨਾ ਅਤੇ ਪੰਜਾਬ, ਪੰਜਾਬੀ, ਪੰਜਾਬੀਅਤ ਅਤੇ ਮਨੁੱਖਤਾ ਲਈ ਪਿਆਰ ਦੇ ਮਿਸ਼ਨ ਨਾਲ ਜੋੜਨਾ ਹੈ ਦੇ, ਪ੍ਰਤੀ ਜਾਣੂ ਵੀ ਕਰਵਾਇਆ, ਜਿਸ ਤੇ ਮੰਤਰੀ ਵੱਲੋਂ ਵਿਸਵਾਸ ਜਿਤਾਉਂਦੇ ਹੋਏ ਅਗਲੀ ਮੀਟਿੰਗ ਦਾ ਸਮਾਂ 15 ਅਗਸਤ ਤੋ ਬਾਅਦ ਰੱਖਿਆ ਗਿਆ। ਇਸ ਮੌਕੇ ਉਨ੍ਹਾਂ ਨਾਲ ਬਾਬਾ ਦੀਪਕ ਸਾਹ ਪ੍ਰਧਾਨ ਵਿਸਵ ਸੂਫੀ ਸੰਤ ਸਮਾਜ ਪੰਜਾਬ ਅਤੇ ਸਮਾਜ ਸੇਵੀ ਸਖਸੀਅਤਾ ਹਾਜ਼ਰ ਸਨ।

# ਡੇਂਗੂ ਜਾਗਰੂਕਤਾ ਮੁਹਿੰਮ ਤਹਿਤ ਕੀਤੀਆਂ ਗਤੀਵਿਧੀਆਂ

**ਆਦਮਪੁਰ, (ਪਰਮਜੀਤ ਸਿੰਘ)**- ਡੇਂਗੂ ਜਾਗਰੂਕਤਾ ਮੁਹਿੰਮ ਤਹਿਤ ਸੀ ਐਚ ਸੀ ਆਦਮਪੁਰ ਅਧੀਨ ਆਉਂਦੇ ਖੇਤਰਾਂ 'ਚ ਸਿਵਲ ਸਰਜਨ ਡਾ. ਰਮਨ ਸ਼ਰਮਾ ਦੇ ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਕਮਲਜੀਤ ਕੌਰ ਦੀ ਦੇਖਰੇਖ 'ਚ ਵੱਖ-ਵੱਖ ਗਤੀਵਿਧੀਆਂ ਕੀਤੀਆਂ ਗਈਆਂ। ਸਿਹਤ ਵਿਭਾਗ ਦੀਆਂ ਟੀਮਾਂ ਨੇ ਰਿਹਾਇਸ਼ੀ ਇਲਾਕਿਆਂ 'ਚ ਲੋਕਾਂ ਦੇ ਘਰਾਂ ਅੰਦਰ ਪਏ ਗਮਲਿਆਂ, ਟੁੱਟੇ-ਭੱਜੇ ਭਾਂਡਿਆਂ ਜਾਂ ਹੋਰ ਸਾਮਾਨ ਦੀ ਜਾਂਚ ਕੀਤੀ, ਜਿੱਥੇ ਡੇਂਗੂ ਦਾ ਲਾਰਵਾ ਪੈਦਾ ਹੋ ਸਕਦਾ ਹੈ। ਟੀਮਾਂ ਨੇ ਜ਼ਿਆਦਾ ਸਮੇਂ ਤੋਂ ਪਿਆ ਪਾਣੀ ਸਾਫ ਕਰਵਾਇਆ ਅਤੇ ਲੋਕਾਂ ਨੂੰ ਆਪ ਵੀ ਨਿਯਮਿਤ ਤੌਰ 'ਤੇ ਕੂਲਰਾਂ, ਗਮਲਿਆਂ ਆਦਿ ਦਾ ਪਾਣੀ ਬਦਲਣ ਸੰਬੰਧੀ ਹਦਾਇਤਾਂ ਦਿੱਤੀਆਂ। ਸੀਨੀਅਰ ਮੈਡੀਕਲ ਅਫਸਰ ਡਾ. ਕਮਲਜੀਤ ਕੌਰ ਨੇ ਕਿਹਾ ਕਿ ਲੋਕ ਇਹ ਧਿਆਨ ਰੱਖਣ ਕਿ ਕਿਸੇ ਵੀ ਸਰੋਤ 'ਚ ਇੱਕ ਹਫ਼ਤੇ ਤੱਕ ਪਾਣੀ ਜਮਾ ਨਾ ਰਹੇ। ਗਮਲਿਆਂ, ਪੰਛੀਆਂ ਨੂੰ ਪਾਣੀ ਪਿਲਾਉਣ ਲਈ ਰੱਖੇ ਕਟੋਰਿਆਂ ਆਦਿ ਦਾ ਪਾਣੀ ਵੀ ਬਦਲਦੇ ਰਹਿਣ, ਤਾਂ ਜੋ ਲਾਰਵਾ ਬਣਨ ਦਾ ਸਮਾ ਨਾ ਮਿਲੇ।

# ਪੰਜਾਬ ਰੈਸਲਿੰਗ ਐਸੋਸੀਏਸ਼ਨ ਦੀ ਸਲਾਨਾ ਮੀਟਿੰਗ



**ਫਗਵਾੜਾ ( ਇੰਦਰਜੀਤ ਸਿੰਘ ਮਠਾੜੂ )** ਪੰਜਾਬ ਰੈਸਲਿੰਗ ਐਸੋਸੀਏਸ਼ਨ ਦੀ ਸਾਲਾਨਾ ਮੀਟਿੰਗ ਸਿਟੀ ਕਲੱਬ ਫਗਵਾੜਾ ਵਿਖੇ ਹੋਈ ਜਿਸਦੀ ਪ੍ਰਧਾਨਗੀ ਐਸੋਸੀਏਸ਼ਨ ਦੇ ਪੰਜਾਬ ਪ੍ਰਧਾਨ ਪਦਮ ਸ੍ਰੀ ਕਰਤਾਰ ਸਿੰਘ (ਆਈ ਪੀ ਐਸ) ਵੱਲੋਂ ਕੀਤੀ ਗਈ। ਜਿਸ ਵਿਚ ਉੱਘੇ ਉਦਯੋਗਪਤੀ ਕੇ.ਕੇ. ਸਰਦਾਨਾ ਵਿਸੇਸ ਤੌਰ 'ਤੇ ਮੌਜੂਦ ਰਹੇ। ਮੀਟਿੰਗ ਦੌਰਾਨ 13 ਜਿਲ੍ਹਿਆਂ ਦੇ ਨਵੇਂ ਥਾਪੇ ਗਏ ਪ੍ਰਧਾਨਾਂ ਦੀ ਜਾਣ-ਪਛਾਣ ਕਰਵਾਈ ਗਈ। ਐਸੋਸੀਏਸ਼ਨ ਦੇ ਜਨਰਲ ਸਕੱਤਰ ਰਣਵੀਰ ਸਿੰਘ ਕੁੰਡੂ ਨੇ ਦੱਸਿਆ ਕਿ ਰਾਸ਼ਟਰੀ ਪੱਧਰ 'ਤੇ ਗੋਲਡ ਮੈਡਲ ਜਿੱਤਣ ਵਾਲੇ ਪਹਿਲਵਾਨਾਂ ਦੇ ਕੋਚ ਨੂੰ 20 ਹਜਾਰ ਰੁਪਏ ਇਨਾਮ, ਸਿਵਲ ਮੈਡਲ ਜਿੱਤਣ ਵਾਲੇ ਪਹਿਲਵਾਨਾਂ ਦੇ ਕੋਚ ਨੂੰ ਪੰਦਰਾ ਹਜ਼ਾਰ ਜਦਕਿ ਕਾਂਸੇ ਦਾ ਮੈਡਲ ਜਿੱਤਣ ਵਾਲੇ ਪਹਿਲਵਾਨ ਦੇ ਕੋਚ ਨੂੰ ਦਸ ਹਜ਼ਾਰ ਰੁਪਏ ਇਨਾਮ ਨਾਲ ਹੌਸਲਾ ਅਫਜਾਈ ਕੀਤੀ ਗਈ। ਅੰਤਰਰਾਸ਼ਟਰੀ ਮੁਕਾਬਲਿਆਂ 'ਚ ਗੋਲਡ ਮੈਡਲ ਜਿੱਤਣ ਵਾਲੇ ਪੰਜ ਪਹਿਲਵਾਨਾਂ ਨੂੰ 10 ਹਜ਼ਾਰ ਰੁਪਏ ਮਹੀਨਾ ਸਹਾਇਤਾ ਦਾ ਐਲਾਨ ਕੀਤਾ ਗਿਆ। ਪੰਜਾਬ ਪ੍ਰਧਾਨ ਪਦਮ ਸ੍ਰੀ ਕਰਤਾਰ ਸਿੰਘ ਨੇ ਕਿਹਾ ਕਿ ਐਸੋਸੀਏਸ਼ਨ ਦਾ ਮੰਤਵ ਪੰਜਾਬ ਦੇ ਪਹਿਲਵਾਨਾਂ ਨੂੰ ਹਰ ਤਰ੍ਹਾਂ ਨਾਲ ਉਤਸਾਹਤ ਕਰਨਾ ਹੈ ਤਾਂ ਜੋ ਉਹ ਪੂਰੀ ਤਨਦੇਹੀ ਨਾਲ ਆਪਣਾ ਧਿਆਨ ਕੁਸ਼ਤੀ 'ਚ ਲਗਾ ਸਕਣ। 2024 'ਚ ਹੋਣ ਵਾਲੇ ਕੁਸ਼ਤੀ ਮੁਕਾਬਲਿਆਂ ਦੀ ਸੂਚੀ ਵੀ ਜਾਰੀ ਕੀਤੀ ਗਈ।

# ਸੰਤ ਪਵਨ ਕੁਮਾਰ ਤਾਜੇਵਾਲ ਦੇ ਪਿਤਾ ਭਗਤ ਸਵਰਨਾ ਰਾਮ ਨਮਿਤ ਸ਼ਰਧਾਂਜਲੀ ਸਮਾਗਮ



**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)** ਸੰਤ ਪਵਨ ਕੁਮਾਰ ਸਰਪੰਚ ਪਿੰਡ ਤਾਜੇਵਾਲ ਦੇ ਸਤਿਕਾਰਯੋਗ ਪਿਤਾ ਭਗਤ ਸਵਰਨਾ ਰਾਮ ਨਮਿਤ ਸ਼ਰਧਾਂਜਲੀ ਸਮਾਗਮ ਪਿੰਡ ਤਾਜੇਵਾਲ ਵਿਖੇ ਸ੍ਰੀ ਗੁਰੂ ਰਵਿਦਾਸ ਮੰਦਰ ਵਿਖੇ ਹੋਇਆ। ਇਸ ਮੌਕੇ ਸਭ ਤੋਂ ਪਹਿਲਾਂ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਭਾਈ ਪ੍ਰਗਟ ਸਿੰਘ, ਸਰਦਾਰ ਜਸਪਾਲ ਸਿੰਘ, ਸੰਤ ਸਤਨਾਮ ਦਾਸ ਬਿਛੋਈ ਅਤੇ ਸੰਤ ਮਲਕੀਤ ਦਾਸ ਡੇਰਾ ਬੱਲਾਂ ਵਲੋਂ ਕਥਾ ਕੀਰਤਨ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ ਗਿਅ। ਇਸ ਮੌਕੇ ਸੰਤਾਂ ਮਹਾਂਪੁਰਸ਼ਾ ਨੇ ਭਗਤ ਸਵਰਨਾ ਰਾਮ ਦੀ ਧਾਰਮਿਕ ਵਿਰਾਸਤ ਦੀ ਜਿੰਮੇਵਾਰੀ ਦੀ ਪੱਗ ਸੰਤ ਪਵਨ ਕੁਮਾਰ ਤਾਜੇਵਾਲ ਦੇ ਬੰਨੀ ਗਈ। ਇਸ ਮੌਕੇ ਸੰਤ ਸਤਨਾਮ ਦਾਸ, ਸੰਤ ਜਸਵਿੰਦਰ ਸਿੰਘ ਡਾਂਡੀਆਂ, ਸੰਤ ਮਲਕੀਤ ਦਾਸ, ਸੰਤ ਗੁਰਮੁਖ ਦਾਸ, ਸੰਤ ਓਮ ਪ੍ਰਕਾਸ, ਸੰਤ ਕੁਲਦੀਪ ਸਿੰਘ, ਡਾ. ਰਾਜ ਕੁਮਾਰ ਵਿਧਾਇਕ ਹਲਕਾ ਚੱਬੇਵਾਲ, ਜਸਵੰਤ ਸਿੰਘ ਬਿਛੋਹੀ, ਰਾਣਾ ਸਾਰੰਗਵਾਲ, ਡਾਕਟਰ ਕੁਲਵਿੰਦਰ ਬਿੱਟੂ ਸੈਲਾ, ਵਿਕੀ ਕਾਲੇਵਾਲ, ਡਾਕਟਰ ਕੁਲਵਿੰਦਰ ਜੰਡੋਲੀ, ਜਸਵਿੰਦਰ ਸਿੰਘ ਸਰਪੰਚ ਸੂਣਾ, ਅਮਰੀਕ ਚੱਬੇਵਾਲ, ਬਲਦੇਵ ਜੱਟਪੁਰ, ਰਮੇਸ, ਡਾਕਟਰ ਸੀਸ, ਜਸਵਿੰਦਰ ਸਿੰਘ ਸ੍ਰੋਮਣੀ ਸ੍ਰੀ ਗੁਰੂ ਰਵਿਦਾਸ ਸਭਾ ਹੁਸ਼ਿਆਰਪੁਰ, ਜੁਗਿੰਦਰ ਰਾਮ, ਜਸਵਿੰਦਰ ਸਿੰਘ, ਵਿਜੈ ਕੁਮਾਰ, ਗੁਰਪ੍ਰੀਤ, ਅਜੇ ਕੁਮਾਰ, ਸੋਹਣ ਲਾਲ, ਵਰਿੰਦਰ ਕੈਂਥ, ਮਨਜਿੰਦਰ ਮੰਗਾ, ਠੇਕੇਦਾਰ ਅਮਰਜੀਤ ਸਿੰਘ, ਗਿਆਨੀ ਪ੍ਰਗਟ ਸਿੰਘ, ਜਸਪਾਲ ਸਿੰਘ, ਹਰਮੇਸ ਲਾਲ, ਆਸਾ ਰਾਣੀ, ਦਲਜੀਤ ਕੌਰ, ਹਰਜਿੰਦਰ ਕੌਰ ਸਮੇਤ ਪਰਿਵਾਰਕ ਮੈਂਬਰ, ਰਿਸ਼ਤੇਦਾਰ, ਸਾਕ-ਸਬੰਧੀ, ਸੰਤ ਮਹਾਂਪੁਰਸ ਅਤੇ ਵੱਖ-ਵੱਖ ਸੰਸਥਾਵਾਂ ਤੋਂ ਸਨਮਾਨਯੋਗ ਸਖਸੀਅਤਾਂ ਹਾਜ਼ਰ ਸਨ।

ਸਮਾਗਮ ਦੇ ਅਖੀਰ ਵਿੱਚ ਸਰਪੰਚ ਸੰਤ ਪਵਨ ਕੁਮਾਰ ਤਾਜੇਵਾਲ ਅਤੇ ਠੇਕੇਦਾਰ ਅਮਰਜੀਤ ਵੱਲੋਂ ਆਈਆਂ ਹੋਈਆਂ ਸੰਗਤਾਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

# ਸੇਂਟ ਸੋਲਜਰ ਦੀਆਂ ਵਿਦਿਆਰਥਣਾਂ ਨੇ ਬੋਲੀਆਂ ਪਾ ਕੇ ਮਨਾਈ ਤੀਜ



**ਜਲੰਧਰ ( ਇਕਬਾਲ ਸਿੰਘ ਉੱਭੀ)** - ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਕਪੂਰਥਲਾ ਰੋਡ ਬ੍ਰਾਂਚ ਦੀਆਂ ਵਿਦਿਆਰਥਣਾਂ ਵੱਲੋਂ ਤੀਜ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ, ਜਿਸ ਵਿਚ ਵਿਦਿਆਰਥਣਾਂ ਅਤੇ ਅਧਿਆਪਕ ਸੱਭਿਆਚਾਰਕ ਪਹਿਰਾਵੇ ਵਿਚ ਸੰਸਥਾ ਵਿਚ ਪਹੁੰਚ ਕੇ ਪ੍ਰੋਗਰਾਮ ਨੂੰ ਖਾਸ ਬਣਾਇਆ ਗਿਆ। ਇਸ ਮੌਕੇ ਵਿਦਿਆਰਥਣਾਂ ਨੇ ਲੋਕ ਗੀਤ, ਬੋਲੀਆਂ, ਡਾਂਸ, ਗਿੱਧਾ, ਭੰਗੜਾ ਅਤੇ ਮਾਡਲਿੰਗ ਪੇਸ਼ ਕਰਕੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਸਮਾਗਮ ਵਿੱਚ ਪਿੰਡ ਦੀ ਝਲਕ ਦਿਖਾਉਣ ਲਈ ਫੁਲਕਾਰੀਆਂ, ਛੱਜਾਂ, ਚਾਟੀਆਂ, ਮਧਾਣੀਆਂ ਸਜਾਈਆਂ ਗਈਆਂ ਸਨ। ਇਸ ਮੌਕੇ ਵੱਖ-ਵੱਖ ਮੁਕਾਬਲੇ ਵੀ ਕਰਵਾਏ ਗਏ।

ਪ੍ਰਿੰਸੀਪਲ ਸ੍ਰੀਮਤੀ ਦਿਵਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਤੀਜ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਅਮੀਰ ਪੰਜਾਬੀ ਸੱਭਿਆਚਾਰ ਨੂੰ ਕਾਇਮ ਰੱਖਣ ਲਈ ਅਜਿਹੇ ਸੱਭਿਆਚਾਰਕ ਪ੍ਰੋਗਰਾਮ ਕਰਵਾਉਣੇ ਬਹੁਤ ਜ਼ਰੂਰੀ ਹਨ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਸੱਭਿਆਚਾਰ ਨਾਲ ਜੁੜੇ ਰਹਿਣ।

ਵਾਈਸ ਚੇਅਰਪਰਸਨ ਸ੍ਰੀਮਤੀ ਸੰਗੀਤਾ ਚੋਪੜਾ ਨੇ ਸਾਰਿਆਂ ਨੂੰ ਤੀਜ ਦੇ ਤਿਉਹਾਰ ਦੀ ਵਧਾਈ ਦਿੱਤੀ ਅਤੇ ਸਾਰਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

# ਰੋਟਰੀ ਕਲੱਬ ਵੱਲੋਂ ਕਾਰਗਿਲ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਕਾਰਗਿਲ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਰੋਟਰੀ ਕਲੱਬ ਹੁਸ਼ਿਆਰਪੁਰ ਮਿਡ ਟਾਊਨ ਵਲੋਂ ਇਕ ਸਮਾਰੋਹ ਵਾਰ ਮੈਮੋਰਿਅਲ ਹੁਸ਼ਿਆਰਪੁਰ ਵਿਖੇ ਕੀਤਾ ਗਿਆ। ਜਿਸ 'ਚ ਕਲੱਬ ਪ੍ਰਧਾਨ ਅਮਰਜੀਤ ਅਰਨੇਜਾ ਨੇ ਕਿਹਾ ਕਿ ਕਾਰਗਿਲ ਯੁੱਧ ਨੂੰ 24 ਸਾਲ ਹੋ ਚੁੱਕੇ ਹਨ, ਅੱਜ ਵੀ ਅਸੀਂ ਭਾਰਤੀ ਸੈਨਾ ਦੇ ਸ਼ੂਰਵੀਰਾਂ ਦੀ ਬਹਾਦਰੀ ਦੀ ਗਾਥਾ ਸੁਣ ਕੇ ਮਾਣ ਕਰਦੇ ਹਾਂ। ਇਸ ਮੌਕੇ ਕਲੱਬ ਦੇ ਮੈਂਬਰਾਂ ਵਲੋਂ ਵਾਰ-ਮੈਮੋਰੀਅਲ ਤੇ ਫੁੱਲ ਚੜ੍ਹਾਏ ਅਤੇ ਸ਼ਹੀਦਾਂ ਦੀ ਯਾਦ ਵਿੱਚ ਮੋਮਬੱਤੀਆਂ ਜਲਾਈਆਂ। ਸਕੱਤਰ ਇੰਦਰਪਾਲ ਸਚਦੇਵਾ ਨੇ ਕਿਹਾ ਕਿ ਹਰ ਸਾਲ 26 ਜੁਲਾਈ ਨੂੰ ਵਿਜੈ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਰਿਟਾਇਰਡ ਮੇਜਰ ਜਨਰਲ ਜੇ.ਐਸ. ਢਿੱਲੋਂ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਅਤੇ ਕਲੱਬ ਵਲੋਂ ਉਨਾਂ ਨੂੰ ਸਨਮਾਨ ਚਿੰਨ ਵੀ ਦਿੱਤਾ ਗਿਆ। ਮੈਨੇਜਰ ਜਨਰਲ ਢਿੱਲੋਂ ਨੇ ਕਾਰਗਿਲ ਸ਼ਹੀਦਾਂ ਦੇ ਬਾਰੇ ਜਾਣਕਾਰੀ ਦਿੱਤੀ। ਕਲੱਬ ਮੈਂਬਰ ਮਨੋਜ ਓਹਰੀ, ਜਗਮੀਤ ਸੇਠੀ, ਡੀ.ਪੀ.ਕਥੂਰੀਆ, ਸੰਜੀਵ ਸ਼ਰਮਾ, ਅਸ਼ੋਕ ਸ਼ਰਮਾ, ਮੋਹਿੰਦਰ ਸਿੰਘ ਚਾਵਲਾ, ਜਤਿੰਦਰ ਕੁਮਾਰ, ਗੋਪਾਲ ਵਾਸੂਦੇਵਾ, ਰੋਹਿਤ ਚੋਪੜਾ, ਲੋਕੇਸ਼ ਮੇਹਰਾ ਆਦਿ ਮੌਜੂਦ ਸਨ।

# ਡਾ. ਅੰਬੇਡਕਰ ਪਾਰਕ ਹਦੀਆਬਾਦ ਵਿਖੇ ਸ਼ਾਹੂ ਮੇਲੇ ਦਾ ਸ਼ਾਨਦਾਰ ਆਯੋਜਨ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਡਾ. ਬੀ ਆਰ ਅੰਬੇਡਕਰ ਵੈਲਫੇਅਰ ਸੁਸਾਇਟੀ ਵੱਲੋਂ ਰਾਖਵੇਂਕਰਨ ਦੇ ਨਾਇਕ ਛਤਰਪਤੀ ਸ਼ਾਹੂ ਮਹਾਰਾਜ ਦੇ ਜਨਮ ਦਿਨ ਨੂੰ ਸਮਰਪਿਤ ਸੱਭਿਆਚਾਰਕ ਸਮਾਗਮ 'ਸ਼ਾਹੂ ਮੇਲਾ' ਡਾ. ਬੀ.ਆਰ. ਅੰਬੇਡਕਰ ਪਾਰਕ, ਹਦੀਆਬਾਦ ਫਗਵਾੜਾ ਵਿਖੇ ਕਰਵਾਇਆ ਗਿਆ। ਜਿਸ ਵਿੱਚ ਦਿੱਲੀ ਯੂਨੀਵਰਸਿਟੀ ਤੋਂ ਡਾ. ਲਕਸ਼ਮਣ ਯਾਦਵ ਮੁੱਖ ਮਹਿਮਾਨ ਵਜੋਂ ਅਤੇ ਸੁਮਿਤ ਚੌਹਾਨ ਸੰਪਾਦਕ ਨਿਊਜ਼ ਵੀਕ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਰਮੇਸ਼ ਕੌਲ ਚੇਅਰਮੈਨ ਡਾ: ਬੀ.ਆਰ. ਅੰਬੇਡਕਰ ਵੈਲਫੇਅਰ ਸੁਸਾਇਟੀ ਅਤੇ ਉਨ੍ਹਾਂ ਦੀ ਪਤਨੀ ਸੀਤਾ ਕੌਲ ਨੇ ਕੀਤੀ। ਇਸ ਦੌਰਾਨ ਛੋਟੀਆਂ-ਛੋਟੀਆਂ ਬੱਚੀਆਂ ਅਤੇ ਸਕੂਲੀ ਵਿਦਿਆਰਥਣਾਂ ਨੇ ਜੋਤੀਬਾ ਫੂਲੇ, ਡਾ: ਅੰਬੇਡਕਰ ਅਤੇ ਸਵ. ਕਾਂਸ਼ੀ ਰਾਮ ਦੇ ਸੰਘਰਸ਼ ਨੂੰ ਸਮਰਪਿਤ ਗੀਤਾਂ, ਕਵਿਤਾਵਾਂ ਅਤੇ ਕੋਰੀਓਗ੍ਰਾਫੀ ਦੀਆਂ ਖੂਬਸੂਰਤ ਪੇਸ਼ਕਾਰੀਆਂ ਦਿੱਤੀਆਂ। ਗਾਇਕ ਆਸ਼ੂ ਸਿੰਘ ਅਤੇ ਬੀਬਾ ਸਰਬਜੀਤ, ਗੋਲਡੀ ਮਲਿਕ ਅਤੇ ਹਰਨਾਮਦਾਸ ਬਹਿਲਪੁਰੀ ਨੇ ਮਿਸ਼ਨਰੀ ਅਤੇ ਇਨਕਲਾਬੀ ਗੀਤ ਪੇਸ਼ ਕੀਤੇ। ਇਸ ਤੋਂ ਇਲਾਵਾ ਗੁਰਦਿਆਲ ਬੋਧ, ਅਮਰਜੀਤ ਬੋਧ ਯੂ.ਕੇ. ਦਾ ਮੇਲੇ ਵਿੱਚ ਭਾਗ ਲੈਣ ਵਾਲੀਆਂ ਲੜਕੀਆਂ ਨੂੰ ਫੁਲਕਾਰੀਆਂ ਭੇਟ ਕਰਨ ਅਤੇ ਮਨਮੋਹਨ ਜੱਖੂ ਦਾ ਮੇਲੇ ਦੇ ਆਯੋਜਨ ਵਿੱਚ ਸਹਿਯੋਗ ਲਈ ਧੰਨਵਾਦ ਪ੍ਰਗਟਾਇਆ। ਮੁੱਖ ਮਹਿਮਾਨ ਲਕਸ਼ਮਣ ਯਾਦਵ ਨੇ ਛਤਰਪਤੀ ਸ਼ਾਹੂ ਮਹਾਰਾਜ ਦੇ ਜੀਵਨ ਸੰਘਰਸ਼ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਉਨ੍ਹਾਂ ਨੇ ਰਾਜ ਪਾਠ ਦਾ ਸੁਖ ਭੋਗਣ ਦੀ ਬਜਾਏ ਆਪਣਾ ਜੀਵਨ ਲੋਕ ਸੇਵਾ ਨੂੰ ਸਮਰਪਿਤ ਕੀਤਾ ਸੀ। ਹਾਸਰਸ ਕਲਾਕਾਰ ਮਲਕੀਤ ਬਬੇਲੀ ਅਤੇ ਸਿਕੰਦਰ ਨੇ ਆਪਣੀ ਹਾਸਰਸ ਪਿਟਾਰੀ ਨਾਲ ਹਾਜ਼ਰੀਨ ਦਾ ਮਨੋਰੰਜਨ ਕੀਤਾ। ਇਸ ਮੌਕੇ ਬਿਹਾਰੀ ਲਾਲ ਮਾਹੀ, ਤਰਸੇਮ ਬੱਧਨ ਐਸ.ਡੀ.ਓ., ਦੇਵਰਾਜ ਸੁਮਨ, ਰਾਧੇਸ਼ਾਮ, ਵਿਜੇ ਬੱਧਨ, ਬਲਦੇਵ ਲਾਲ ਬਾਹਮਣੀਆ, ਸਰਵਜੀਤ ਕੌਰ ਸਾਬਕਾ ਕੌਂਸਲਰ, ਬਿੰਦਰ, ਅਸ਼ਵਨੀ ਕੁਮਾਰ ਪ੍ਰਧਾਨ ਵਿਸ਼ਵ ਬੋਧ ਸੰਘ, ਮਹਿੰਦਰ ਸੰਧੂ, ਸਰਬਜੀਤ ਕੌਲ, ਆਸ਼ਾ ਕੌਲ, ਤਾਨੀਆ, ਪ੍ਰੀਆ, ਸੋਨੀਆ, ਨਿਸ਼ੀ, ਮਮਤਾ ਕੌਲ, ਚਰਨਜੀਤ ਝੱਲੀ, ਮੱਖਣ ਚੌਹਾਨ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

# ਹੋਟਲ ਮਾਲਕਾਂ ਲਈ ਹਦਾਇਤਾਂ ਜਾਰੀ

ਕਪੂਰਥਲਾ, ( ਰਾਵਿੰਦਰ ਸਿੰਘ) ਜ਼ਿਲ੍ਹਾ ਮੈਜਿਸਟਰੇਟ ਕਪੂਰਥਲਾ ਕੈਪਟਨ ਕਰਨੈਲ ਸਿੰਘ ਨੇ ਫੌਜਦਾਰੀ ਜਾਬਤਾ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲਾ ਕਪੂਰਥਲਾ ਵਿਚ ਪੈਂਦੇ ਸਮੂਹ ਸਾਈਬਰ ਕੈਫੇ/ਐਸ. ਟੀ. ਡੀ, ਪੀ. ਸੀ. ਓ/ਹੋਟਲ ਮਾਲਕਾਂ ਲਈ ਵੱਖ-ਵੱਖ ਹੁਕਮ ਜਾਰੀ ਕਰਦਿਆਂ ਕਿਹਾ ਹੈ ਕਿ ਉਹ ਆਪਣੇ ਅਦਾਰਿਆਂ ਵਿਚ ਸੀ. ਸੀ. ਟੀ. ਵੀ ਕੈਮਰੇ ਲਗਾਉਣਗੇ, ਜਿਨਾਂ ਵਿਚ ਪਿਛਲੇ 7 ਦਿਨਾਂ ਦੀ ਰਿਕਾਰਡਿੰਗ ਦੀ ਸਹੂਲਤ ਹੋਣੀ ਚਾਹੀਦੀ ਹੈ। ਜਾਰੀ ਹੁਕਮਾਂ ਵਿਚ ਇਹ ਵੀ ਕਿਹਾ ਗਿਆ ਹੈ ਕਿ ਕੋਈ ਵੀ ਵਿਅਕਤੀ, ਜਿਸ ਦੀ ਸ਼ਨਾਖਤ ਉਕਤ ਅਦਾਰੇ ਦੇ ਮਾਲਕ/ਮੈਨੇਜਰ ਵੱਲੋਂ ਨਾ ਕੀਤੀ ਗਈ ਹੋਵੇ, ਉਹ ਅਦਾਰੇ ਦੀ ਵਰਤੋਂ ਨਹੀਂ ਕਰੇਗਾ। ਇਸ ਤੋਂ ਇਲਾਵਾ ਸਾਈਬਰ ਕੈਫੇ/ਹੋਟਲ ਆਦਿ ਦੇ ਮਾਲਕ ਆਉਣ ਵਾਲੇ ਵਿਅਕਤੀ ਦੇ ਅੰਦਰਾਜ ਸੰਬੰਧੀ ਰਜਿਸਟਰ ਲਗਾਉਣਗੇ। ਕੈਫੇ ਦੀ ਵਰਤੋਂ ਕਰਨ ਵਾਲੇ ਰਜਿਸਟਰ ਵਿਚ ਆਪਣੀ ਹੱਥ ਲਿਖਤ ਨਾਲ ਆਪਣਾ ਨਾਮ, ਪੱਕਾ ਪਤਾ, ਟੈਲੀਫੋਨ ਨੰਬਰ ਅਤੇ ਸ਼ਨਾਖਤ ਲਿਖਣਗੇ ਅਤੇ ਰਜਿਸਟਰ 'ਤੇ ਆਪਣੇ ਦਸਤਖ਼ਤ ਵੀ ਕਰਨਗੇ। ਜਾਰੀ ਹੁਕਮਾਂ ਵਿਚ ਇਹ ਵੀ ਕਿਹਾ ਗਿਆ ਹੈ ਕਿ ਕੈਫੇ/ਹੋਟਲ ਵਿਚ ਆਉਣ ਵਾਲੇ ਦੀ ਸ਼ਨਾਖਤ ਆਧਾਰ ਕਾਰਡ, ਸ਼ਨਾਖਤੀ ਕਾਰਡ, ਵੋਟਰ ਕਾਰਡ, ਡਰਾਈਵਿੰਗ ਲਾਇਸੰਸ, ਪਾਸਪੋਰਟ, ਫੋਟੋ ਵਾਲੇ ਕ੍ਰੈਡਿਟ ਕਾਰਡ ਰਾਹੀਂ ਕੀਤੀ ਜਾਵੇਗੀ।

ਇਸ ਤੋਂ ਇਲਾਵਾ ਸਰਵਰ 'ਤੇ ਕੀਤੀ ਗਈ ਕਾਰਵਾਈ ਇਕ ਮੇਨ ਸਰਵਰ 'ਤੇ ਰੱਖੀ ਜਾਵੇਗੀ, ਜਿਸ ਦਾ ਰਿਕਾਰਡ ਘੱਟੋ-ਘੱਟ 6 ਮਹੀਨੇ ਲਈ ਰੱਖਿਆ ਜਾਵੇਗਾ। ਜੇਕਰ ਸਾਈਬਰ ਕੈਫੇ/ਐਸ. ਟੀ. ਡੀ, ਪੀ. ਸੀ. ਓ/ਹੋਟਲ ਵਿਚ ਆਉਣ ਵਾਲੇ ਵਿਅਕਤੀ ਦੀ ਕਾਰਵਾਈ ਸ਼ੱਕੀ ਜਾਪੇ ਤਾਂ ਸਬੰਧਤ ਮਾਲਕ ਇਸ ਦੀ ਸੂਚਨਾ ਤੁਰੰਤ ਸਬੰਧਤ ਪੁਲਿਸ ਥਾਣੇ ਨੂੰ ਦੇਵੇਗਾ। ਇਸ ਤੋਂ ਇਲਾਵਾ ਉਸ ਵਿਅਕਤੀ ਵੱਲੋਂ ਵਰਤੋਂ ਵਿਚ ਲਿਆਂਦੇ ਗਏ ਕੰਪਿਊਟਰ ਦਾ ਰਿਕਾਰਡ ਮੇਨਟੇਨ ਕਰਨ ਲਈ ਵੀ ਕਿਹਾ ਗਿਆ ਹੈ। ਇਹ ਹੁਕਮ 23/09/2023 ਤੱਕ ਲਾਗੂ ਰਹਿਣਗੇ।

# ਵਿਆਹ-ਸ਼ਾਦੀਆਂ ਤੇ ਹੋਰ ਸਮਾਗਮਾਂ 'ਤੇ ਫਾਇਰ ਆਰਮਜ਼ ਦੀ ਵਰਤੋਂ 'ਤੇ ਰੋਕ

**ਕਪੂਰਥਲਾ, ( ਰਾਵਿੰਦਰ ਸਿੰਘ)** ਜ਼ਿਲ੍ਹਾ ਮੈਜਿਸਟ੍ਰੇਟ-ਕਮ-ਡਿਪਟੀ ਕਮਿਸ਼ਨਰ ਕੈਪਟਨ ਕਰਨੈਲ ਸਿੰਘ ਨੇ ਫੌਜਦਾਰੀ ਜਾਬਤਾ ਸੰਘਤਾ 1973 ਦੀ ਧਾਰਾ 144 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਮਾਨਵ ਜੀਵਨ ਦੀ ਸੁਰੱਖਿਆ ਲਈ ਅਤੇ ਅਮਨ 'ਤੇ ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ ਲਈ ਹੁਕਮ ਜਾਰੀ ਕੀਤੇ ਹਨ ਕਿ ਜ਼ਿਲ੍ਹਾ ਕਪੂਰਥਲਾ ਦੀ ਹਦੂਦ ਅੰਦਰ ਵਿਆਹਾਂ /ਸ਼ਾਦੀਆਂ ਤੇ ਹੋਰ ਸਮਾਗਮਾਂ ਆਦਿ ਤੇ ਫਾਇਰ ਆਰਮਜ ਆਦਿ ਚਲਾਉਣ ਅਤੇ ਜ਼ਿਲ੍ਹੇ ਦੀ ਹਦੂਦ ਅੰਦਰ ਸਾਰੇ ਮੈਰਿਜ ਪੈਲਸਾਂ/ਹੋਟਲਾਂ/ਹੋਰ ਅਜਿਹੀਆਂ ਥਾਵਾਂ ਜਿਵੇਂ ਵਿਆਹ/ਸ਼ਾਦੀਆਂ ਅਤੇ ਹੋਰ ਸਮਾਗਮ ਕੀਤੇ ਜਾਂਦੇ ਹਨ,ਵਿਚ ਫਾਇਰ ਆਰਮਜ਼ ਦੀ ਵਰਤੋ ਕਰਨ ਅਤੇ ਲਾਇਸੰਸੀ/ਗੈਰ ਲਾਇਸੰਸੀ ਅਸਲਾ ਤੇ ਮਨੁੱਖੀ ਜੀਵਨ ਲਈ ਘਾਤਕ ਹਰੇਕ ਤਰ੍ਹਾਂ ਦੇ ਹਥਿਆਰ ਨਾਲ ਲੈ ਕੇ ਜਾਣ 'ਤੇ ਵੀ ਪਾਬੰਦੀ ਲਾਈ ਗਈ ਹੈ।

ਸੀਨੀਅਰ ਪੁਲਸ ਕਪਤਾਨ ਜ਼ਿਲ੍ਹੇ ਦੀ ਹਦੂਦ ਅੰਦਰ ਇਨ੍ਹਾਂ ਹੁਕਮਾਂ ਨੂੰ ਮੁੱਖ ਥਾਣਾ ਅਫਸਰਾਂ ਰਾਹੀਂ ਲਾਗੂ ਕਰਵਾਉਣ ਲਈ ਹਦਾਇਤਾਂ ਜਾਰੀ ਕਰਨਗੇ। ਇਹ ਹੁਕਮ ਵੀ 23/09/2023 ਤੱਕ ਲਾਗੂ ਰਹਿਣਗੇ।

# 'ਵਾਹ ! ਸਾਡੇ ਗ਼ਦਰੀ ਬਾਬੇ' ਪੁਸਤਕ 'ਤੇ ਵਿਚਾਰ-ਚਰਚਾ




**ਐਸ.ਏ.ਐਸ.ਨਗਰ, (ਗੁਰਜੀਤ ਬਿੱਲਾ)** ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਅਤੇ ਵਿਸ਼ਵ ਪੰਜਾਬੀ ਪ੍ਰਚਾਰ ਸਭਾ, ਚੰਡੀਗੜ੍ਹ ਵੱਲੋਂ ਪ੍ਰਿੰ. ਬਹਾਦਰ ਸਿੰਘ ਗੋਸਲ ਦੀ ਪੁਸਤਕ 'ਵਾਹ ! ਸਾਡੇ ਗ਼ਦਰੀ ਬਾਬੇ' ਨੂੰ ਲੋਕ ਅਰਪਣ ਅਤੇ ਵਿਚਾਰ ਚਰਚਾ ਆਯੋਜਿਤ ਕੀਤੀ ਗਈ। ਸਮਾਗਮ ਦੇ ਆਰੰਭ 'ਚ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਦਵਿੰਦਰ ਸਿੰਘ ਬੋਹਾ ਨੇ ਪੁਸਤਕ ਬਾਰੇ ਕਿਹਾ ਕਿ ਇਹੋ ਜਿਹੀਆਂ ਇਤਿਹਾਸਕ ਕਿਤਾਬਾਂ ਸਾਡੇ ਪਾਠਕ੍ਰਮਾਂ ਦਾ ਹਿੱਸਾ ਹੋਣੀਆਂ ਚਾਹੀਦੀਆਂ ਹਨ। ਸਮਾਗਮ ਦੇ ਮੁੱਖ ਮਹਿਮਾਨ ਵਜੋਂ ਪੁੱਜੇ ਪ੍ਰੋ. ਵਾਈਸ ਚਾਂਸਲਰ, ਚੰਡੀਗੜ੍ਹ ਯੂਨੀਵਰਸਿਟੀ ਪ੍ਰੋ. ਦੇਵਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਕਿਸੇ ਇਤਿਹਾਸਕ ਵਿਸ਼ੇ 'ਤੇ ਲਿਖਣਾ ਆਸਾਨ ਕੰਮ ਨਹੀਂ ਹੁੰਦਾ ਲੇਕਿਨ ਹਥਲੀ ਪੁਸਤਕ ਇੱਕ ਮਹਾਨ ਦਸਤਾਵੇਜ਼ ਹੈ। ਗ਼ਦਰੀ ਬੀਬੀ ਗੁਲਾਬ ਕੌਰ ਬਾਰੇ ਵੀ ਲਿਖ ਕੇ ਲੇਖਕ ਨੇ ਉਹਨਾਂ ਨਾਲ ਇਨਸਾਫ਼ ਕੀਤਾ ਹੈ। ਸ਼੍ਰੋਮਣੀ ਪੱਤਰਕਾਰ ਅਤੇ ਸਾਹਿਤਕਾਰ ਕਮਲਜੀਤ ਸਿੰਘ ਬਨਵੈਤ ਵੱਲੋਂ ਪੁਸਤਕ ਪ੍ਰਤੀ ਆਪਣੇ ਭਾਵ ਵਿਅਕਤ ਕਰਦੇ ਹੋਏ ਕਿਹਾ ਕਿ ਪ੍ਰਿੰ. ਬਹਾਦਰ ਸਿੰਘ ਗੋਸਲ ਦੀ ਕਲਮ ਨੂੰ ਸਲਾਮ ਹੈ। ਨਿਰੰਤਰ ਵੱਖ-ਵੱਖ ਵਿਸ਼ਿਆਂ ਉੱਪਰ ਲਿਖਦੇ ਹੋਏ ਇੱਕ ਵਿਲੱਖਣ ਇਤਿਹਾਸਕ ਵਿਸ਼ੇ ਨੂੰ ਪਾਠਕਾਂ ਸਾਹਮਣੇ ਪੇਸ਼ ਕੀਤਾ ਹੈ।

# ਡਿਪਟੀ ਕਮਿਸ਼ਨਰ ਵੱਲੋਂ ਮਿਸ਼ਨ ਵਾਤਸਲਯ ਤਹਿਤ ਸਪਾਂਸਰਸ਼ਿਪ ਲਈ 14 ਨਵੇਂ ਕੇਸ ਪ੍ਰਵਾਨ



ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ) ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਵੱਲੋਂ ਮਿਸ਼ਨ ਵਾਤਸਲਯ ਤਹਿਤ 14 ਨਵੇਂ ਕੇਸਾਂ ਨੂੰ ਸਪਾਂਸਰਸ਼ਿਪ ਪ੍ਰਦਾਨ ਕਰਨ ਲਈ ਪ੍ਰਵਾਨਗੀ ਦਿੱਤੀ ਗਈ। ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਪਾਂਸਰਸ਼ਿਪ ਅਤੇ ਫੋਸਟਰ ਕੇਅਰ ਅਪ੍ਰੂਵਲ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਮੇਟੀ ਮੈਂਬਰਾਂ ਨੂੰ ਲੋੜਵੰਦ ਬੱਚਿਆਂ ਦੀ ਭਲਾਈ, ਉਨ੍ਹਾਂ ਅਧਿਕਾਰਾਂ ਦੀ ਰਾਖੀ ਲਈ ਸਰਗਰਮ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਵੱਧ ਤੋਂ ਵੱਧ ਲੋੜਵੰਦ ਅਤੇ ਯੋਗ ਬੱਚਿਆਂ ਨੂੰ ਸਕੀਮ ਤਹਿਤ ਕਵਰ ਕੀਤਾ ਜਾਵੇ ਅਤੇ ਕੋਈ ਵੀ ਜ਼ਰੂਰਤਮੰਦ ਤੇ ਯੋਗ ਲਾਭਪਾਤਰੀ ਸਕੀਮ ਦੇ ਲਾਭ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਕੀਮ ਤਹਿਤ ਅਜਿਹੇ 0 ਤੋਂ 18 ਸਾਲ ਉਮਰ ਵਰਗ ਦੇ ਬੱਚੇ, ਜਿਨ੍ਹਾਂ ਦੀ ਮਾਤਾ ਵਿਧਵਾ/ਤਲਾਕਸ਼ੁਦਾ ਹੋਵੇ ਜਾਂ ਬੱਚੇ ਪਰਵਾਰ ਵੱਲੋਂ ਬੇਸਹਾਰਾ ਛੱਡ ਦਿੱਤੇ ਗਏ ਹੋਣ, ਜਾਂ ਉਹ ਬੱਚੇ ਜਿਨ੍ਹਾਂ ਦੇ ਮਾਤਾ-ਪਿਤਾ ਜਾਨ-ਲੇਵਾ/ਖਤਰਨਾਕ ਬਿਮਾਰੀ ਦਾ ਸ਼ਿਕਾਰ ਹਨ ਜਾਂ ਮਾਤਾ-ਪਿਤਾ ਵਿੱਤੀ ਅਤੇ ਸਰੀਰਕ ਤੌਰ 'ਤੇ ਬੱਚਿਆਂ ਦੀ ਦੇਖਭਾਲ ਕਰਨ ਵਿੱਚ ਅਸਮੱਰਥ ਹਨ, ਜੇ.ਜੇ. ਐਕਟ 2015 ਅਨੁਸਾਰ ਦੇਖਭਾਲ ਅਤੇ ਸੁਰੱਖਿਆ ਦੀ ਲੋੜ ਵਾਲੇ ਬੱਚੇ ਜਿਵੇਂ ਕਿ ਬੇਘਰ, ਕੁਦਰਤੀ ਆਫ਼ਤ ਦਾ ਸ਼ਿਕਾਰ, ਬਾਲ ਮਜ਼ਦੂਰੀ, ਉਹ ਬੱਚੇ ਜੋ ਸੜਕ 'ਤੇ ਰਹਿ ਰਹੇ ਹੋਣ, ਦੁਰਵਿਵਹਾਰ ਜਾਂ ਸ਼ੋਸ਼ਣ ਦਾ ਸ਼ਿਕਾਰ ਹੋਣ ਇਸ ਸਕੀਮ ਦਾ ਲਾਭ ਲੈ ਸਕਦੇ ਹਨ। ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਅਜੈ ਭਾਰਤੀ, ਬਾਲ ਸੁਰੱਖਿਆ ਅਫਸਰ ਅਮਨੀਤ ਕੌਰ, ਕਮੇਟੀ ਮੈਂਬਰ ਜੇ.ਕੇ. ਗੁਲਾਟੀ ਅਤੇ ਪਰਮਿੰਦਰ ਬੇਰੀ ਵੀ ਮੌਜੂਦ ਸਨ।

# ਐਮ ਐੱਸ ਕੇ ਬੋਰਡਿੰਗ ਸਕੂਲ 'ਚ ਬੱਚਿਆਂ ਦੇ ਮੁਕਾਬਲੇ



ਟਾਂਡਾ ਉੜਮੁੜ (ਉਂਕਾਰ ਸਿੰਘ, ਜਸਵਿੰਦਰ ਸੰਧੂ) ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਐਮ ਐਸ ਕੇ ਡੇ ਬੋਰਡਿੰਗ ਸੀ ਬੀ ਐੱਸ ਈ ਸੰਕੈਂਡਰੀ ਸਕੂਲ, ਕੋਟਲੀ ਜੰਡ ਵਿਖੇ ਸਕੂਲ ਦੇ ਪ੍ਰਧਾਨ ਸਰਦਾਰ ਸੁਖਵਿੰਦਰ ਸਿੰਘ ਅਰੋੜਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਕੂਲ 'ਚ ਵਿਦਿਆਰਥੀਆਂ ਨੂੰ ਸਮੇਂ ਦਾ ਹਾਣੀ ਬਣਾਉਣ ਲਈ 'ਨੋ ਫਾਇਰ ਨੋ ਫਲੇਮ' ਨਾਮੀ ਪ੍ਰਤੀਯੋਗਤਾ ਕਰਵਾਈ ਗਈ। ਪ੍ਰਿੰਸੀਪਲ ਪਰਵਿੰਦਰ ਕੌਰ ਦੀ ਰਹਿਨੁਮਾਈ ਹੇਠ ਬੱਚਿਆ ਨੇ ਇਸ ਪ੍ਰਤੀਯੋਗਤਾ 'ਚ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਆਪਣੇ ਹੁਨਰ ਦਾ ਲੋਹਾ ਮਨਵਾਇਆ। ਇਸ ਮੁਕਾਬਲੇ 'ਚ ਵਿਦਿਆਰਥੀਆਂ ਨੇ ਮਿਥੇ ਸਮੇਂ 'ਚ ਅੱਗ ਤੋਂ ਬਿਨਾਂ ਬਣਨ ਵਾਲੇ ਕੋਈ ਖਾਣ ਵਾਲੀ ਕੋਈ ਵਸਤੂ ਤਿਆਰ ਕਰਨੀ ਸੀ। ਦਿੱਤੇ ਗਏ ਸਮੇਂ ਅਨੁਸਾਰ ਬੱਚਿਆਂ ਨੇ ਅਲੱਗ-ਅਲੱਗ ਕਿਸਮ ਦੀਆਂ ਖਾਣ ਵਾਲੀਆਂ ਵਸਤੂਆਂ ਤਿਆਰ ਕੀਤੀਆਂ। ਇਸ ਮੁਕਾਬਲੇ 'ਚ ਵਰਿੰਦਰ ਕੌਰ ਨੇ ਪਹਿਲਾ ਸਥਾਨ, ਰਾਜਵੀਰ ਕੌਰ ਨੇ ਦੂਜਾ ਸਥਾਨ ਅਤੇ ਦਿਲਪ੍ਰੀਤ ਵਰਮਾ ਨੇ ਤੀਸਰਾ ਸਥਾਨ ਹਾਸਲ ਕੀਤਾ। ਵਿਦਿਆਰਥੀਆਂ ਨੂੰ ਉਤਸਾਹਿਤ ਕਰਨ ਲਈ ਸਕੂਲ ਦੇ ਪ੍ਰਿੰਸੀਪਲ ਪਰਵਿੰਦਰ ਕੌਰ ਦੁਆਰਾ ਸਨਮਾਨਿਤ ਵੀ ਕੀਤਾ ਗਿਆ ਅਤੇ ਅੱਗੋਂ ਤੋਂ ਹੋਰ ਵਧੀਆ ਕਾਰਗੁਜਾਰੀ ਕਰਨ ਲਈ ਵਿਦਿਆਰਥੀਆਂ ਨੂੰ ਪ੍ਰੇਰਿਆ। ਇਸ ਮੌਕੇ ਸਕੂਲ ਸਟਾਰ ਵਿੱਚ ਨਰਿੰਦਰ ਕੌਰ, ਪਰਦੀਪ ਸਿੰਘ, ਮਨਮੋਹਨ ਸਿੰਘ, ਗੁਰਸਰਨ ਕੌਰ, ਰਜਿੰਦਰ ਕੌਰ, ਆਗਿਆ ਕੌਰ, ਪ੍ਰਭਜੋਤ ਕੌਰ, ਗੁਰਪ੍ਰੀਤ ਕੌਰ, ਸੁਖਵਿੰਦਰ ਕੌਰ, ਜੋਬਨਪ੍ਰੀਤ ਕੌਰ ਅਤੇ ਸਿਮਰਨਜੀਤ ਕੌਰ ਸ਼ਾਮਲ ਸਨ।

# ਅਮਰ ਕੌਰ-ਚਰਨ ਕੌਰ ਵੈੱਲਫੇਅਰ ਸੁਸਾਇਟੀ ਵੱਲੋਂ ਸੁੱਕੇ ਰਾਸ਼ਨ ਦੀ ਗੱਡੀ ਰਵਾਨਾ

ਮੇਹਟੀਆਣਾ (ਜਗਤਾਰ ਸਿੰਘ ਸਿੰਘ ਭੁੰਗਰਨੀ) ਅਮਰ ਕੌਰ -ਚਰਨ ਕੌਰ ਵੈਲਫੇਅਰ ਸੁਸਾਇਟੀ ਭੁੰਗਰਨੀ (ਹੁਸ਼ਿਆਰਪੁਰ ) ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਦੀ ਮਦਦ ਕਰਨ ਲਈ ਸੁੱਕੇ ਰਾਸ਼ਨ ਦੀਆਂ ਗੱਡੀ ਨੂੰ ਗੁਰੂਦੁਵਾਰਾ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਮੁੱਖ ਸੇਵਾਦਾਰ ਭਾਈ ਸਾਹਿਬ ਸੁੱਖਚੈਨ ਸਿੰਘ ਵਲੋਂ ਅਰਦਾਸ ਕਰਨ ਉਪਰੰਤ ਰਵਾਨਾ ਕੀਤਾ ਗਿਆ। ਸੁਸਾਇਟੀ ਦੇ ਪ੍ਰਧਾਨ ਜਸਵੀਰ ਸਿੰਘ ਮਿਨਹਾਸ ਨੇ ਦੱਸਿਆ ਕਿ ਲਗਭਗ 60 ਹਜ਼ਾਰ ਰੁਪਏ ਦੀਆਂ ਰਾਸ਼ਨ ਕਿੱਟਾਂ, ਜਿੰਨਾਂ ਵਿੱਚ ਤੇਲ ਸਰੋਂ , ਰੀਫਾਇੰਡ,ਦਾਲਾਂ ,ਸੋਇਆਬੀਨ ,ਨਮਕ, ਮਿਰਚ ,ਮਸਾਲਾ, ਸਾਬਣ, ਸੋਢਾ ,ਮੋਮਬੱਤੀ ,ਚਾਹ ਪੱਤੀ, ਰਸ, ਸ਼ੈਂਪੂ, ਮਾਚਿਸ ਅਤੇ ਫਰੂਟ ਆਦਿ ਰਾਸ਼ਨ ਕਿੱਟਾਂ ਹੜ ਪੀੜਤ ਲੋੜਬੰਦ ਪਰਵਾਰਾਂ ਨੂੰ ਦਿੱਤੀਆਂ ਗਈਆਂ । ਇਸ ਮੌਕੇ ਸੁਸਾਇਟੀ ਪ੍ਰਧਾਨ ਜਸਵੀਰ ਸਿੰਘ ਮਿਨਹਾਸ, ਸੁਰਜੀਤ ਸਿੰਘ ਮਸੂਤਾ ,ਬਲਵੀਰ ਸਿੰਘ ਤੰਬੜ ,ਸਤਨਾਮ ਸਿੰਘ ਪਰਹਾਰ , ਪਰਮਿੰਦਰ ਸਿੰਘ ਪੋਸੀ ਵੀ ਹਾਜਰ ਸਨ। ਇੰਨਾਂ ਤੋਂ ਇਲਾਵਾ ਪ੍ਰਧਾਨ ਬਲਵੀਰ ਸਿੰਘ ਫੁਗਲਾਨਾ ਅਤੇ ਸਰਪ੍ਰਸਤ ਫਤਿਹ ਸਿੰਘ ਪਰਹਾਰ ਵਿਸ਼ਵ ਦੋਆਬਾ ਰਾਜਪੂਤ ਪੰਜਾਬ ਨੇ ਕਿਹਾ ਕਿ ਇਸ ਮੁਸੀਬਤ ਵਿਚ ਸਾਨੂੰ ਸਾਰਿਆਂ ਨੂੰ ਇੱਕਠੇ ਹੋ ਕੇ ਹੜ੍ਹ ਨਾਲ ਪ੍ਰਭਾਵਿਤ ਇਲਾਕਿਆਂ ਵਿਚ ਜਾ ਕੇ ਵੱਧ ਤੋਂ ਵੱਧ ਸਹਾਇਤਾ ਕਰਨੀ ਚਾਹੀਦੀ ਹੈ। ਇਸ ਮੌਕੇ ਜਸਵਿੰਦਰ ਸਿੰਘ ਸੰਘਾ , ਮਾ. ਅਵਤਾਰ ਸਿੰਘ ,ਵਰਿੰਦਰ ਸਿੰਘ ਭਿੰਡਰ ਬਡਲਾ , ਗੁਰਦਿਆਂਲ ਸਿੰਘ ਜਲਵੇਹੜਾ,ਜਸਪਾਲ ਸਿੰਘ ਮੰਡੇਰ,ਜਸਪਾਲ ਸਿੰਘ ਪ੍ਰਮਾਰ , ਸੁਖਜੀਤ ਸਿੰਘ ਪ੍ਰਮਾਰ ,ਉਂਕਾਰ ਸਿੰਘ ਮਿਨਹਾਸ ,ਦਵਿੰਦਰ ਸਿੰਘ ਬਿੰਦਾਂ ਮੇਹਟੀਆਣਾ ,ਕਰਮਜੀਤ ਸਿੰਘ ਅਟਵਾਲ ,ਸਤਨਾਮ ਸਿੰਘ ਪਰਹਾਰ , ਸਤਨਾਮ ਸਿੰਘ ਸ਼ਿੰਦੂ, ਮਹਿੰਦਰ ਸਿੰਘ ਰੱਬ ਪਾਂਸ਼ਟ , ਪਰਮਜੀਤ ਸਿੰਘ ਪੰਡੋਰੀ ਬੀਬੀ, ਮੈਨੇਜਰ ਬਲਵੀਰ ਸਿੰਘ ਤੰਬੜ ਗੁਰੂ ਨਾਨਕ ਮੋਦੀ ਖਾਨਾ ਕਰਿਆਨਾ ਸਟੋਰ ਭੁੰਗਰਨੀ ,ਅਜੀਤ ਸਿੰਘ ਖਨੌੜਾ, ਕੁਲਵਿੰਦਰ ਸਿੰਘ ਰਸੂਲਪੁਰ ਅਤੇ ਜਥੇਦਾਰ ਬਾਬਾ ਗੁਰਦੇਵ ਸਿੰਘ ਨੇ ਆਪਣੀਆਂ ਲਾਡਲੀਆਂ ਫੌਜਾਂ ਨਾਲ ਸ਼ਿਰਕਤ ਕੀਤੀ ।




# ਬੱਸ ਨੇ ਮੋਟਰਸਾਈਕਲ ਨੂੰ ਮਾਰੀ ਫੇਟ, ਤਿੰਨ ਨੌਜਵਾਨਾਂ ਦੀ ਮੌਤ

ਨੰਗਲ, (ਸੁਰਜੀਤ ਸਿੰਘ) ਇਲਾਕੇ 'ਚ ਸੜਕ ਹਾਦਸਿਆਂ ਦਾ ਸਿਲਸਿਲਾ ਲਗਾਤਾਰ ਵੱਧਦਾ ਹੀ ਜਾ ਰਿਹਾ ਹੈ। ਲੋਕਾਂ ਦੀਆਂ ਕੀਮਤੀ ਜਾਨਾਂ ਅਜਾਈਂ ਚਲੀਆਂ ਜਾ ਰਹੀਆਂ ਹਨ, ਇਨ੍ਹਾਂ ਮੌਤਾਂ ਦਾ ਜਿੰਮੇਵਾਰ ਕੌਣ ਹੈ, ਇਹ ਇੱਕ ਸਵਾਲੀਆ ਨਿਸ਼ਾਨ ਹੈ। ਬੀਤੀ ਰਾਤ ਨੌ ਵਜੇ ਦੇ ਕਰੀਬ ਤਹਿਸੀਲ ਨੰਗਲ ਦੇ ਹੀ ਪਿੰਡ ਭਲਾਣ ਮਜਾਰਾ ਕੋਲ ਬੱਸ ਦੀ ਟੱਕਰ ਨਾਲ ਤਿੰਨ ਮੋਟਰ ਸਾਈਕਲ ਸਵਾਰ ਨੌਜਵਾਨਾਂ ਦੀ ਦਰਦਨਾਕ ਮੌਤ ਹੋ ਗਈ। ਤਿੰਨੋਂ ਨੌਜਵਾਨਾਂ ਦੀ ਉਮਰ 22 ਤੋਂ 25 ਸਾਲ ਵਿਚਕਾਰ ਦੱਸੀ ਜਾ ਰਹੀ ਹੈ। ਮੌਕੇ 'ਤੇ ਮੌਜੂਦ ਲੋਕਾਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਬੱਸ ਦੀ ਰਫਤਾਰ ਬਹੁਤ ਜ਼ਿਆਦਾ ਸੀ ਤੇ ਉਹ ਊਨਾ ਹਿਮਾਚਲ ਪ੍ਰਦੇਸ਼ ਤੋਂ ਸ਼ਾਇਦ ਰੋਪੜ ਚੰਡੀਗੜ੍ਹ ਨੂੰ ਜਾ ਰਹੀ ਸੀ। ਤਿੰਨ ਮੋਟਰ ਸਾਈਕਲ ਸਵਾਰ ਨੌਜਵਾਨ ਕਿਤੇ ਧਾਰਮਿਕ ਸਥਾਨ ਤੋਂ ਆਏ ਸੀ ਤੇ ਨੰਗਲ ਵੱਲ ਨੂੰ ਜਾ ਰਹੇ ਸੀ। ਕਿਉਂਕਿ ਉਨ੍ਹਾਂ ਦੇ ਮੋਟਰ ਸਾਈਕਲ 'ਤੇ ਲਾਲ ਰੰਗ ਦਾ ਧਾਰਮਿਕ ਝੰਡਾ ਲੱਗਿਆ ਹੋਇਆ ਸੀ। ਲੋਕਾਂ ਨੇ ਕਿਹਾ ਕਿ ਘਟਨਾ ਦੀ ਜਾਣਕਾਰੀ ਨਯਾ ਨੰਗਲ ਪੁਲਸ ਨੂੰ ਮੌਕੇ 'ਤੇ ਦਿੱਤੀ ਗਈ, ਪਰ ਜਦੋਂ ਤੱਕ ਉੱਥੇ ਪਹੁੰਚੀ ਜ਼ਖ਼ਮੀਆਂ ਨੂੰ ਸ੍ਰੀ ਅਨੰਦਪੁਰ ਸਾਹਿਬ ਭੇਜ ਦਿੱਤਾ ਗਿਆ ਸੀ। ਦੋ ਨੌਜਵਾਨਾਂ ਦੀ ਤਾਂ ਮੌਕੇ 'ਤੇ ਹੀ ਮੌਤ ਹੋ ਚੁੱਕੀ ਸੀ, ਪਰ ਸ੍ਰੀ ਅਨੰਦਪੁਰ ਸਾਹਿਬ ਹਸਤਪਾਲ 'ਚ ਭੇਜਣ ਸਮੇਂ ਇੱਕ ਦੇ ਸਾਹ ਚੱਲਦੇ ਨਜ਼ਰ ਆ ਰਹੇ ਸੀ। ਹਾਦਸੇ ਵਿੱਚ ਮੋਟਰ ਸਾਈਕਲ ਦੇ ਤਾਂ ਪਰਖਚੇ ਹੀ ਉੱਡ ਗਏ ਤੇ ਬੱਸ ਚਾਲਕ ਸਵਾਰੀਆਂ ਨਾਲ ਭਰੀ ਬੱਸ ਲੈ ਕੇ ਮੌਕੇ 'ਤੇ ਫਰਾਰ ਹੋ ਚੁੱਕਿਆ ਸੀ। ਇੱਕ ਅਧਾਰ ਕਾਰਡ ਬਰਾਮਦ ਹੋਇਆ ਹੈ, ਜਿਸ ਵਿੱਚ ਇੱਕ ਨੌਜਵਾਨ ਦਾ ਨਾਂਅ ਚੰਦਨ ਪੁੱਤਰ ਯੋਗਿੰਦਰ ਕਮਹਰੀਆ, ਵਾਸੀ ਮਹਾਂਰਾਜਗੰਜ ਰਾਮਪੁਰਕਲਾ ਉੱਤਰ ਪ੍ਰਦੇਸ਼ ਲਿਖਿਆ ਗਿਆ ਸੀ। ਮੋਟਰ ਸਾਈਕਲ ਦੇ ਦਸਤਾਵੇਜ ਤੋਂ ਪਤਾ ਲਗਦਾ ਹੈ ਕਿ ਮੋਟਰ ਸਾਈਕਲ ਨੰਬਰ ਪੀ ਬੀ 32 ਐਕਸ 7664 ਜੋ ਕਿ 2017 ਮਾਡਲ ਹੈ। ਉਸ ਉੱਤੇ ਨੌਜਵਾਨ ਦਾ ਨਾਂਅ ਆਲੋਕ ਪੁੱਤਰ ਲਵਕੇਸ਼ ਲਿਖਿਆ ਹੈ। ਇਹ ਦਸਤਾਵੇਜ ਐਸ ਬੀ ਐਸ ਨਗਰ ਤੋਂ ਬਣਿਆ ਜਾਪਦਾ ਹੈ। ਦੱਸਿਆ ਜਾ ਰਿਹਾ ਹੈ ਕਿ ਉਕਤ ਘਟਨਾ ਤੋਂ ਬਾਅਦ ਲੋਕਾਂ ਵੱਲੋਂ ਕਰੀਬ ਡੇਢ ਘੰਟਾ ਜਾਮ ਵੀ ਲਗਾ ਦਿੱਤਾ ਗਿਆ ਸੀ ਤੇ ਗੱਡੀਆਂ ਦੀ ਕਤਾਰਾਂ ਕਰੀਬ 2 ਕਿਲੋਮੀਟਰ ਲੱਗੀਆਂ ਵੇਖੀਆਂ ਗਈਆਂ। ਲੋਕਾਂ ਦਾ ਮੰਨਣਾ ਹੈ ਕਿ 2018 ਤੋਂ ਸ਼ੁਰੂ ਹੋਇਆ 2020 'ਚ ਮੁਕੰਮਲ ਹੋਣਾ ਸੀ ਪਰ 2023 ਵਿੱਚ ਵੀ ਪੂਰਾ ਨਾ ਹੋਣ ਕਰਕੇ ਹਿਮਾਚਲ ਪ੍ਰਦੇਸ਼ ਤੋਂ ਆਉਣ ਜਾਉਣ ਵਾਲੀਆਂ ਗੱਡੀਆਂ ਤੇਜ਼ ਰਫਤਾਰ ਨਾਲ ਉਨ੍ਹਾਂ ਦੇ ਪਿੰਡ 'ਚੋਂ ਨਿਕਲੀਆਂ ਹਨ। ਹੁਣ ਤੱਕ 2 ਦਰਜਨ ਦੇ ਕਰੀਬ ਮੌਤਾਂ ਇੱਥੇ 5 ਸਾਲਾਂ 'ਚ ਸੜਕ ਹਾਦਸਿਆਂ 'ਚ ਹੀ ਹੋ ਚੁੱਕੀਆਂ ਹਨ। ਦੱਸਣਾ ਇਹ ਵੀ ਜਰੂਰੀ ਹੈ ਕਿ ਸਥਾਨਕ ਪੁਲਸ ਬੀਤੀ ਰਾਤ ਤੋਂ ਹੀ ਬੱਸ ਦੀ ਭਾਲ 'ਚ ਜੁੱਟ ਗਈ ਹੈ।



# ਵਿਜੇ ਦਿਵਸ ਸੁਰੱਖਿਆ ਬਲਾਂ ਦੀ ਲਾਮਿਸਾਲ ਬਹਾਦਰੀ ਤੇ ਦ੍ਰਿੜ੍ਹਤਾ ਦਾ ਪ੍ਰਤੀਕ : ਜਿੰਪਾ

ਜਲੰਧਰ ( ਸ਼ੈਲੀ ਐਲਬਰਟ) - : ਪੰਜਾਬ ਦੇ ਮਾਲ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਕਾਰਗਿਲ ਵਿਜੇ ਦਿਵਸ ਮੌਕੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਬਰਕਰਾਰ ਰੱਖਣ ਲਈ ਸੁਰੱਖਿਆ ਬਲਾਂ ਦੀਆਂ ਸ਼ਹੀਦੀਆਂ ਲਾਮਿਸਾਲ ਬਹਾਦਰੀ ਅਤੇ ਦ੍ਰਿੜ੍ਹਤਾ ਦਾ ਪ੍ਰਤੀਕ ਹੈ ਅਤੇ ਸਾਰਾ ਦੇਸ਼ ਇਨ੍ਹਾਂ ਕੁਰਬਾਨੀਆਂ ਦਾ ਹਮੇਸ਼ਾ ਰਿਣੀ ਰਹੇਗਾ । ਕਸ਼ਅਪ ਨੌਜਵਾਨ ਧਾਰਮਿਕ ਸਭਾ ਵਲੋਂ ਕਾਰਗਿਲ ਦੇ ਸ਼ਹੀਦਾਂ ਨੂੰ ਸਿਜਦਾ ਕਰਨ ਲਈ ਕਰਵਾਏ ਗਏ ਸਾਲਾਨਾ ਸ਼ਰਧਾਂਜਲੀ ਸਮਾਗਮ ਮੌਕੇ ਬੋਲਦਿਆਂ ਮਾਲ ਮੰਤਰੀ ਨੇ ਕਿਹਾ ਕਿ ਭਾਰਤੀ ਫੌਜ ਵਲੋਂ ਕਾਰਗਿਲ ਦੀਆਂ ਬਰਫ਼ੀਲੀਆਂ ਚੋਟੀਆਂ 'ਤੇ ਦੁਸ਼ਮਣਾ ਨੂੰ ਮਾਤ ਦਿੰਦਿਆਂ ਦੇਸ਼ ਵਿਰੋਧੀ ਤਾਕਤਾਂ ਨੂੰ ਭਾਂਜ ਦਿੱਤੀ ਸੀ । ਜੋ ਕਿ ਨੌਜਵਾਨ ਪੀੜ੍ਹੀ ਨੂੰ ਹਮੇਸ਼ਾਂ ਹੀ ਦੇਸ਼ ਭਗਤੀ ਨਾਲ ਜੋੜੀ ਰੱਖਣ ਲਈ ਪ੍ਰੇਰਨਾ ਸਰੋਤ ਰਹੇਗੀ। ਬਹਾਦਰੀ ਫੌਜੀਆਂ ਦੀਆਂ ਕੁਰਬਾਨੀਆਂ ਅੱਗੇ ਸਿਰ ਝੁਕਾਉਂਦਿਆਂ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਡਾਢੀਆਂ ਮੁਸ਼ਕਿਲਾਂ ਦੇ ਬਾਵਜੂਦ ਸਾਡੇ ਬਹਾਦਰ ਸੁਰੱਖਿਆਂ ਬਲਾਂ ਨੇ ਦੇਸ਼ ਦੀ ਏਕਤਾ ਤੇ ਅਖੰਡਤਾ 'ਤੇ ਕੋਈ ਆਂਚ ਨਹੀਂ ਆਉਣ ਦਿੱਤੀ। ਉਨ੍ਹਾਂ ਨੇ ਕਸ਼ਅਪ ਨੌਜਵਾਨ ਸਭਾ ਨੂੰ ਦੋ ਲੱਖ ਰੁਪਏ ਦੀ ਗਰਾਂਟ ਦੇਣ ਦਾ ਵੀ ਐਲਾਨ ਕੀਤਾ। ਇਸ ਮੌਕੇ ਮਾਲ ਮੰਤਰੀ ਨੇ ਪਦਮਸ਼੍ਰੀ ਵਿਜੇ ਚੋਪੜਾ, ਵਿਧਾਇਕ ਰਮਨ ਅਰੋੜਾ, ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਅਤੇ ਕਰਨਲ ਮਨਮੋਹਨ ਸਿੰਘ ਸਮੇਤ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ । ਉਨ੍ਹਾਂ ਨੇ ਕਾਰਗਿਲ ਦੇ ਸ਼ਹੀਦਾਂ ਦੇ ਪਰਵਾਰਕ ਮੈਂਬਰਾਂ ਨਾਲ ਮੁਲਾਕਾਤ ਅਤੇ ਗੱਲਬਾਤ ਵੀ ਕੀਤੀ । ਇਸ ਮੌਕੇ ਹੋਰਨਾਂ ਤੋਂ ਇਲਾਵਾ ਸਭਾ ਦੇ ਪ੍ਰਧਾਨ ਪਵਨ ਕੁਮਾਰ, ਕਿਸ਼ਨ ਲਾਲ, ਬੀ.ਐਨ.ਸ਼ਰਮਾ,ਰਵੀ ਵਰਮਾ, ਰਾਜ ਕੁਮਾਰ ਤੋਂ ਇਲਾਵਾ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀ ਵੀ ਮੌਜੂਦ ਸਨ॥



# ਖੇਡ ਮੰਤਰੀ ਦੀ ਪ੍ਰਵਾਨਗੀ ਉਪਰੰਤ 106 ਜੂਨੀਅਰ ਕੋਚਾਂ ਦੀ ਕੋਚ ਵਜੋਂ ਤਰੱਕੀ

ਚੰਡੀਗੜ੍ਹ.(ਗੁਰਜੀਤ ਬਿੱਲਾ) ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦੀ ਪ੍ਰਵਾਨਗੀ ਉਪਰੰਤ ਖੇਡ ਵਿਭਾਗ ਵੱਲੋਂ 106 ਜੂਨੀਅਰ ਕੋਚਾਂ ਨੂੰ ਤਰੱਕੀ ਦਿੰਦਿਆਂ ਕੋਚ ਬਣਾ ਦਿੱਤਾ ਗਿਆ ਹੈ। ਖੇਡ ਮੰਤਰੀ ਮੀਤ ਹੇਅਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ਾਂ 'ਤੇ ਖੇਡ ਵਿਭਾਗ ਵੱਲੋਂ ਸੂਬੇ 'ਚ ਖੇਡ ਪੱਖੀ ਮਾਹੌਲ ਸਿਰਜਣ ਲਈ ਨਿਰੰਤਰ ਉਪਰਾਲੇ ਕੀਤੇ ਜਾ ਰਹ ਹਨ ਅਤੇ ਸਰਕਾਰ ਪੰਜਾਬ ਨੂੰ ਮੁੜ ਖੇਡਾਂ 'ਚ ਦੇਸ਼ ਦਾ ਨੰਬਰ ਇਕ ਸੂਬਾ ਬਣਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਖੇਡ ਵਿਭਾਗ ਵਿੱਚ ਕੰਮ ਕਰਦੇ 106 ਜੂਨੀਅਰ ਕੋਚਾਂ ਨੂੰ ਪਦਉਨਤ ਕਰਕੇ ਕੋਚ ਬਣਾਇਆ ਗਿਆ ਹੈ। ਮੀਤ ਹੇਅਰ ਨੇ ਅੱਗੇ ਕਿਹਾ ਕਿ ਖੇਡ ਵਿਭਾਗ ਨੂੰ ਮਜ਼ਬੂਤ ਕਰਨ ਲਈ ਜਿੱਥੇ ਨਵੀਂ ਖੇਡ ਨੀਤੀ ਦੇ ਜਲਦ ਹੀ ਲਾਗੂ ਕਰਨ ਉਪਰੰਤ ਸਾਰੇ ਗਰੁੱਪਾਂ ਦੀਆਂ ਅਸਾਮੀਆਂ ਭਰੀਆਂ ਜਾਣਗੀਆਂ ਉਥੇ ਤਰੱਕੀਆਂ ਵੀ ਕੀਤੀਆਂ ਜਾ ਰਹੀਆਂ ਹਨ।

# ਸਰਕਾਰ ਸਾਰੇ ਕੱਚੇ ਕਰਮਚਾਰੀਆਂ ਨੂੰ ਪੱਕਾ ਕਰਨ ਲਈ ਵਚਨਬੱਧ : ਨੀਲ ਗਰਗ

ਚੰਡੀਗੜ੍ਹ,.(ਗੁਰਜੀਤ ਬਿੱਲਾ) ਆਮ ਆਦਮੀ ਪਾਰਟੀ ਨੇ 12710 ਕੱਚੇ ਅਧਿਆਪਕਾਂ ਨੂੰ ਪੱਕਾ ਕਰਨ ਦੇ ਸਰਕਾਰ ਦੇ ਫੈਸਲੇ ਦੀ ਸ਼ਲਾਘਾ ਕੀਤੀ ਹੈ। ਪਾਰਟੀ ਦੇ ਬੁਲਾਰੇ ਨੀਲ ਗਰਗ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਾਰੇ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਲਈ ਵਚਨਬੱਧ ਹੈ। ਚੰਡੀਗੜ੍ਹ ਪਾਰਟੀ ਹੈੱਡਕੁਆਰਟਰ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਨੀਲ ਗਰਗ ਨੇ ਕਿਹਾ ਕਿ ਮਾਨ ਸਰਕਾਰ ਨੇ ਆਪਣੇ ਕਈ ਵੱਡੇ ਚੋਣ ਵਾਅਦੇ ਪੂਰੇ ਕੀਤੇ ਹਨ। ਅੱਜ ਪੰਜਾਬ ਦੇ 90% ਘਰਾਂ ਨੂੰ ਮੁਫਤ ਬਿਜਲੀ ਮਿਲ ਰਹੀ ਹੈ। ਪੰਜਾਬ ਵਿੱਚ 500 ਤੋਂ ਵੱਧ ਮੁਹੱਲਾ ਕਲੀਨਿਕ ਖੋਲ੍ਹੇ ਗਏ ਹਨ। ਚੰਗੇ ਸਕੂਲ ਬਣਾਏ ਜਾ ਰਹੇ ਹਨ। ਪਿਛਲੀਆਂ ਸਰਕਾਰਾਂ ਦੀ ਆਲੋਚਨਾ ਕਰਦਿਆਂ ਨੀਲ ਗਰਗ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਚਰਨਜੀਤ ਸਿੰਘ ਚੰਨੀ ਨੇ ਕੱਚੇ ਮੁਲਾਜਮਾਂ ਸੰਬੰਧੀ ਸਿਰਫ ਵੱਡੇ-ਵੱਡੇ ਵਾਅਦੇ ਕੀਤੇ ਸਨ, ਪਰ ਉਨ੍ਹਾਂ ਲਈ ਕੋਈ ਠੋਸ ਫੈਸਲਾ ਨਹੀਂ ਲਿਆ। ਦੂਜੇ ਪਾਸੇ ਸਰਕਾਰ ਬਣਨ ਤੋਂ ਬਾਅਦ ਤੋਂ ਹੀ ਮੁੱਖ ਮੰਤਰੀ ਭਗਵੰਤ ਮਾਨ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਲਈ ਗੰਭੀਰ ਹਨ ਅਤੇ ਲਗਾਤਾਰ ਉਨ੍ਹਾਂ ਦੇ ਹੱਕ 'ਚ ਫੈਸਲੇ ਲੈ ਰਹੇ ਹਨ।

# ਵਿਸ਼ਵ ਹੈਪੇਟਾਈਟਸ ਦਿਵਸ ਸੰਬੰਧੀ ਲਗਾਇਆ ਜਾਗਰੂਕਤਾ ਕੈਂਪ



ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)- ਪੰਜਾਬ ਸਰਕਾਰ ਵੱਲੋਂ ਸੂਬੇ ਦੇ ਆਮ ਲੋਕਾਂ ਦੀ ਤੰਦਰੁਸਤ ਸਿਹਤ ਲਈ ਸਿਹਤ ਵਿਭਾਗ ਨੂੰ ਜਰੂਰੀ ਨਿਰਦੇਸ਼ ਦਿੱਤੇ ਗਏ। ਇਸੇ ਕੜੀ ਤਹਿਤ ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾ.ਵਿਧਾਨ ਚੰਦਰ ਦੀ ਅਗਵਾਈ ਹੇਠ ਸਿੰਘਪੁਰ ਹਸਪਤਾਲ ਵਿਖੇ ਵਿਸ਼ਵ ਹੈਪੇਟਾਈਟਸ ਦਿਵਸ ਸੰਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ। ਸੀਨੀਅਰ ਮੈਡੀਕਲ ਅਫਸਰ ਨੇ ਦੱਸਿਆ ਕਿ ਸਿਹਤ ਵਿਭਾਗ ਵਲੋਂ ਲੋਕਾਂ ਨੂੰ ਸਮੇਂ-ਸਮੇਂ ਤੇ ਵੱਖ-ਵੱਖ ਬਿਮਾਰੀਆਂ ਪ੍ਰਤੀ ਸੁਚੇਤ ਕਰਨ ਲਈ ਗਤੀਵਿਧੀਆਂ ਕੀਤੀਆਂ ਜਾਂਦੀਆਂ ਹਨ ਤਾਂ ਜੋ ਉਨ੍ਹਾਂ ਨੂੰ ਬਿਮਾਰੀ ਦੇ ਲੱਛਣਾਂ ਅਤੇ ਬਚਾਅ ਸਬੰਧੀ ਪ੍ਰੇਰਿਤ ਕੀਤਾ ਜਾ ਸਕੇ। ਉਨ੍ਹਾਂ ਨੇ ਦੱਸਿਆ ਕਿ ਬਲਾਕ ਨੂਰਪੁਰ ਬੇਦੀ 'ਚ 24 ਤੋਂ 29 ਜੁਲਾਈ ਤੱਕ ਵਿਸ਼ਵ ਹੈਪੇਟਾਈਟਸ ਦਿਵਸ ਤਹਿਤ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਹੈਪੇਟਾਈਟਸ ਤੋਂ ਬਚਾਅ ਲਈ ਬੱਚਿਆਂ ਦਾ ਹੈਪੇਟਾਈਟਸ-ਬੀ ਦਾ ਟੀਕਾਕਰਨ ਹੋਣਾ ਜਰੂਰੀ ਹੈ ਜੋ ਕਿ ਸਿਹਤ ਵਿਭਾਗ ਵੱਲੋਂ ਬੱਚਿਆਂ ਦੀ ਟੀਕਾਕਰਨ ਸੂਚੀ ਵਿੱਚ ਸਾਮਲ ਹੈ ਤੇ ਮੁਫਤ ਲਗਾਇਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਹੈਪੇਟਾਈਟਸ-ਸੀ ਅਤੇ ਬੀ ਦਾ ਇਲਾਜ, ਬੇਸਲਾਈਨ ਟੈਸਟ ਅਤੇ ਵਾਇਰਲ ਲੋਡ ਟੈਸਟ ਰਾਜ ਦੇ ਜਿਲ੍ਹਾ ਹਸਪਤਾਲਾਂ ਵਿਖੇ ਕੀਤਾ ਜਾਂਦਾ ਹੈ।

# ਦੋਆਬਾ ਜਨਰਲ ਕੈਟਗਰੀਜ਼ ਫਰੰਟ ਪੰਜਾਬ ਵੱਲੋਂ ਪਹਿਲਵਾਨ ਨਰਿੰਦਰ ਚੀਮਾ ਦਾ ਸਨਮਾਨ

ਮੇਹਟੀਆਣਾ ( ਜਗਤਾਰ ਸਿੰਘ ਭੁੰਗਰਨੀ ) ਪਹਿਲਵਾਨ ਨਰਿੰਦਰ ਸਿੰਘ ਚੀਮਾ ਚੀਨ ਵਿਚ ਹੋ ਰਹੀ ਏਸ਼ੀਅਨ ਗੇਮ ਵਿਚ ਇੰਡੀਅਨ ਗਰੀਕੋ ਰੋਮਨ ਟੀਮ ਫਾਰ ਏਸ਼ੀਅਨ ਗੇਮ ਦੀ ਅਗਵਾਈ ਕਰਨ ਲਈ ਪਹਿਲਵਾਨਾਂ ਦੀ ਚੋਣ ਦਿੱਲੀ ਵਿਖੇ ਹੋਏ ਮੁਕਾਬਲਿਆਂ ਵਿਚ ਕੀਤੀ ਗਈ । ਜਿਸ ਵਿਚ ਫਰੀ ਸਟਾਇਲ ਕੁਸ਼ਤੀ ਲਈ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਪੱਟੀ ਦੇ ਪਹਿਲਵਾਨ ਨਰਿੰਦਰ ਚੀਮਾ ਪੁੱਤਰ ਤਰਲੋਚਨ ਸਿੰਘ ਚੀਮਾ 97 ਕਿਲੋ ਭਾਰ ਵਰਗ ਦੀ ਅਗਵਾਈ ਕਰਨ ਲਈ ਚੁਣਿਆ ਗਿਆ । ਉਹ ਪਿੰਡ ਭੂੰਗਰਨੀ ਵਿਖੇ ਗੁਰਦੁਆਰਾ ਸ੍ਰੀ ਗੁਰੂ ਹਰਿਰਾਏ ਸਾਹਿਬ ਅਸ਼ੀਰਵਾਦ ਲੈਣ ਲਈ ਪਰਵਾਰ ਸਮੇਤ ਨਤਮਸਤਕ ਹੋਏ। ਦੋਆਬਾ ਜਨਰਲ ਕੈਟਗਰੀਜ ਫਰੰਟ ਪੰਜਾਬ, ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਤਰਨਾ ਦਲ ਦੇ ਮੁਖੀ ਬਾਬਾ ਗੁਰਦੇਵ ਸਿੰਘ, ਗੁਰਦੁਆਰਾ ਪ੍ਰਬੰਧਕ ਕਮੇਟੀ ਭੂੰਗਰਨੀ ਇਲਾਕੇ ਦੇ ਮੋਹਤਬਰ ਪੰਚ ਸਰਪੰਚ ਅਤੇ ਸਮਾਜਿਕ ਜਥੇਬੰਦੀਆ ਵਲੋ ਨਰਿੰਦਰ ਚੀਮਾ ਨੂੰ ਸਿਰਪਾਓ ਅਤੇ ਸ੍ਰੀ ਸਾਹਿਬ ਅਤੇ ਵਿੱਤੀ ਸਹਾਇਤਾ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਇਲਾਵਾ ਬਾਬਾ ਸੁਖਚੈਨ ਸਿੰਘ, ਬਲਵੀਰ ਸਿੰਘ ਤੰਬੜ, ਜਸਪਾਲ ਸਿੰਘ ਮੰਡੇਰ, ਗੁਰਦਿਆਲ ਸਿੰਘ ਜਲਵੇਹੜਾ, ਮਨਜੀਤ ਸਿੰਘ ਸਰਪੰਚ, ਬਲਵਿੰਦਰ ਸਿੰਘ ਗਿੱਲ, ਬਲਵਿੰਦਰ ਸਿੰਘ ਜਸਵਾਲ, ਮੰਗਲ ਸਿੰਘ ਜਲਵੇੜਾ, ਕੁਲਵੰਤ ਸਿੰਘ ਕਾਤੀ, ਜਸਵਿੰਦਰ ਸਿੰਘ ਸੰਘਾ, ਮਾਸਟਰ ਅਵਤਾਰ ਸਿੰਘ, ਅਜੀਤ ਸਿੰਘ ਖਨੌੜਾ, ਭੁਪਿੰਦਰ ਸਿੰਘ, ਵਰਿੰਦਰ ਸਿੰਘ ਸੈਣੀ, ਕਰਨਜੀਤ ਸਿੰਘ ਅਟਵਾਲ, ਸਤਨਾਮ ਸਿੰਘ ਛਿੰਦੂ, ਮਹਿੰਦਰ ਸਿੰਘ ਸਰਪੰਚ, ਪਾਲ ਸਿੰਘ ਪੱਟੀ, ਜਗਜੀਤ ਸਿੰਘ ਗਿੱਲ, ਕੁਲਵੰਤ ਸਿੰਘ ਮੈਨੇਜਰ, ਲਖਵੀਰ ਸਿੰਘ ਪੱਟੀ, ਦਲਜੀਤ ਸਿੰਘ ਚੀਮਾ,ਪਲਵਿੰਦਰ ਸਿੰਘ ਚੀਮਾ ,ਤਜਿੰਦਰ ਸਿੰਘ ਜਲਵੇਹੜਾ ,ਬਲਵੀਰ ਸਿੰਘ ਤੰਬੜ ਆਦਿ ਹਾਜਰ ਸਨ।

# ਪਟਵਾਰ ਯੂਨੀਅਨ ਨੇ ਮੰਗਾਂ ਬਾਰੇ ਡੀ ਸੀ ਰਾਹੀਂ ਮੁੱਖ ਮੰਤਰੀ ਨੂੰ ਪੱਤਰ ਭੇਜਿਆ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ) ਦੀ ਰੈਵਨਿਊ ਪਟਵਾਰ ਯੂਨੀਅਨ ਦੀ ਲੰਮੇ ਸਮੇਂ 2020 ਤੋਂ ਚੱਲੀ ਆ ਰਹੀ ਮੰਗ ਜਿਸ 'ਚ ਟ੍ਰੇਨਿੰਗ ਦਾ ਸਮਾਂ ਘਟਾ ਕੇ 12 ਮਹੀਨੇ ਕਰਨ ਤੇ ਟ੍ਰੇਨਿੰਗ ਸਮੇਂ ਨੂੰ ਸਰਵਿਸ ਦਾ ਹਿੱਸਾ ਬਣਨ ਦਾ ਨੋਟੀਫਿਕੇਸ਼ਨ ਪੰਜਾਬ ਸਰਕਾਰ ਵੱਲੋਂ ਜਾਰੀ ਕੀਤਾ ਗਿਆ ਸੀ, ਪਰ ਬੀਤੇ ਦਿਨੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਇਸ ਲਈ ਟ੍ਰੇਨਿੰਗ ਰੂਲਾ ਦੇ ਨੋਟੀਫਿਕੇਸ਼ਨ ਨੂੰ ਖਾਰਜ ਕਰ ਦਿੱਤਾ ਹੈ, ਜਿਸ ਕਾਰਨ ਜਮਾਤ 'ਚ ਰੋਸ ਹੈ। ਯੂਨੀਅਨ ਨੇ ਮੰਗ ਕੀਤੀ ਹੈ ਕਿ ਹਾਈਕੋਰਟ ਦੇ ਫੈਸਲੇ ਖਿਲਾਫ ਪੰਜਾਬ ਸਰਕਾਰ ਕਾਰਵਾਈ ਕਰਕੇ ਇਸ ਨਵੇਂ ਟ੍ਰੇਨਿੰਗ ਰੂਲ ਤੇ ਟ੍ਰੇਨਿੰਗ ਨੂੰ ਸਰਵਿਸ ਦਾ ਹਿੱਸਾ ਬਣਾ ਕੇ ਪਿਛਲੇ ਬੈਚ ਵਿੱਚ ਹਾਜ਼ਰ ਪਟਵਾਰੀਆਂ ਤੇ ਵੀ ਲਾਗੂ ਕੀਤਾ ਜਾਵੇ। ਡਿਪਟੀ ਕਮਿਸ਼ਨਰ ਜੀ ਨੂੰ ਮੰਗ ਪੱਤਰ ਦੇਣ ਸਮੇਂ ਜ਼ਿਲ੍ਹਾ ਪ੍ਰਧਾਨ ਅਨਿਲ ਕੁਮਾਰ, ਜ਼ਿਲ੍ਹਾ ਜਨਰਲ ਸਕੱਤਰ ਮਨਜੀਤ ਸਿੰਘ, ਪਟਵਾਰੀ ਜੋਬਨਪ੍ਰੀਤ ਸਿੰਘ, ਅਮਿਤ, ਗੁਲਸ਼ਨ, ਕਰਮ ਸਿੰਘ ਤੇ ਕਾਨੂੰਗੋ ਪਵਨਦੀਪ ਆਦਿ ਹਾਜ਼ਰ ਸਨ।

# ਨੌਨੀਤਪੁਰ ਵਿਖੇ ਤੀਆਂ ਦਾ ਤਿਉਹਾਰ ਮਨਾਇਆ

ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ) ਪਿੰਡ ਨੌਨੀਤਪੁਰ ਬਲਾਕ ਮਾਹਿਲਪੁਰ ਵਿਖੇ ਤੀਆਂ ਦਾ ਤਿਉਹਾਰ ਬਹੁਤ ਹੀ ਉਤਸਾਹ ਪੂਰਵਕ ਢੰਗ ਨਾਲ ਮਨਾਇਆ ਗਿਆ। ਪ੍ਰੋਗਰਾਮ ਦੇ ਸ਼ੁਰੂ 'ਚ ਆਪਣੇ ਵਿਚਾਰ ਸਾਂਝੇ ਕਰਦਿਆਂ ਜਗਤਾਰ ਸਿੰਘ ਸਾਬਕਾ ਐਸ ਡੀ ਓ ਬਿਜਲੀ ਬੋਰਡ ਨੇ ਕਿਹਾ ਕਿ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਨੇ ਭਾਰਤੀ ਸੰਵਿਧਾਨ ਦੇ ਮਾਧਿਅਮ ਰਾਹੀਂ ਔਰਤਾਂ ਨੂੰ ਬਰਾਬਰਤਾ ਦੇ ਹੱਕ ਦਿਵਾਏ, ਜਿਸ ਦੀ ਬਦੌਲਤ ਅੱਜ ਔਰਤ ਜਾਤੀ ਪੜ੍ਹ ਲਿਖ ਕੇ ਸਮਾਜ ਦੇ ਹਰ ਖੇਤਰ 'ਚ ਅੱਗੇ ਵੱਧ ਸਕਦੀ ਹੈ। ਇਸ ਤੋਂ ਬਾਅਦ ਪਿੰਡ ਦੀਆਂ ਲੜਕੀਆਂ ਅਤੇ ਔਰਤਾਂ ਨੇ ਗਿੱਧਾ ਤੇ ਬੋਲੀਆਂ ਪਾ ਕੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਅਤੇ ਆਪਣੀਆਂ ਖੁਸ਼ੀਆਂ ਅਤੇ ਚਾਵਾਂ ਦਾ ਇਜਹਾਰ ਕੀਤਾ। ਖਾਣ ਪੀਣ ਦਾ ਉਚਿਤ ਪ੍ਰਬੰਧ ਕੀਤਾ ਗਿਆ। ਪ੍ਰੋਗਰਾਮ ਦੇ ਅਖੀਰ 'ਚ ਸੁਨੀਤਾ ਮੈਂਬਰ ਬਲਾਕ ਸੰਮਤੀ ਨੇ ਸਮਾਗਮ 'ਚ ਸ਼ਾਮਲ ਹੋਈਆਂ ਔਰਤਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਭੁਪਿੰਦਰ ਬਾਲਾ, ਸਸੀ ਬਾਲਾ, ਸਰੋਜ ਰਾਣੀ, ਕਮਲਜੀਤ ਕੌਰ, ਨੀਤੂ, ਗੁਰਮੀਤ ਕੌਰ, ਮਨਦੀਪ ਕੌਰ, ਮਨਜੀਤ ਕੌਰ, ਸੁਖਵਿੰਦਰ ਕੌਰ, ਸੁਰਿੰਦਰ ਕੌਰ, ਨਰਿੰਦਰ ਕੌਰ, ਰੇਸ਼ਮ ਕੌਰ, ਆਸ਼ਾ ਰਾਣੀ, ਸੁਮਨ, ਮੀਨੂੰ ਸਮੇਤ ਪਿੰਡ ਦੀਆਂ ਔਰਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।



# ਪੁਰਹੀਰਾਂ ਚੌਕੀ ਨੇੜੇ ਟ੍ਰੈਫਿਕ ਨਿਯਮਾਂ ਦੀਆਂ ਸ਼ਰੇਆਮ ਉਡਾਈਆਂ ਜਾ ਰਹੀਆਂ ਨੇ ਧੱਜੀਆਂ : ਬੇਗਮਪੁਰਾ ਟਾਈਗਰ ਫੋਰਸ



ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ) ਹੁਸ਼ਿਆਰਪੁਰ ਫਗਵਾੜਾ ਰੋਡ 'ਤੇ ਸਥਿਤ ਚੌਕੀ ਪੁਰਹੀਰਾਂ ਤੋਂ ਡੇਢ ਸੌ ਗਜ ਦੀ ਦੂਰੀ ਤੇ ਹੈ ਵਿਖੇ ਟ੍ਰੈਫਿਕ ਨਿਯਮਾਂ ਦੀਆਂ ਸਰੇਆਮ ਧੱਜੀਆਂ ਉਡਾਈਆਂ ਜਾ ਰਹੀਆਂ ਅਤੇ ਉਡਾਈਆ ਜਾਦੀਆ ਹਨ। ਰੋਜਾਨਾ ਤੜਕਸਾਰ ਆਮ ਹੀ ਦੇਖਣ ਨੂੰ ਮਿਲਦਾ ਹੈ ਹਰੀਮਪੁਰ ਦੇ ਸਤਿਗੁਰੂ ਰਵਿਦਾਸ ਚੌਕ 'ਚ ਪੱਠਿਆ ਅਤੇ ਲੱਕੜ ਦੀਆਂ ਲੱਦੀਆ ਉਵਰਲੋਡ ਟਰਾਲੀਆ ਬਿਲਕੁੱਲ ਸੜਕ ਦੇ ਵਿਚਕਾਰ ਹੀ ਬੇ-ਨਿਯਮੇ ਤਰੀਕੇ ਨਾਲ ਖੜੀਆ ਕੀਤੀਆਂ ਹੁੰਦੀਆ ਹਨ, ਪ੍ਰੰਤੂ ਚੌਕੀ ਪੁਰਹੀਰਾ ਦਾ ਕੋਈ ਵੀ ਮੁਲਾਜ਼ਮ ਸਵੇਰੇ ਵੇਲੇ ਸੜਕ ਦੇ ਵਿਚਕਾਰ ਖੜੀਆ ਕੀਤੀਆ ਟਰਾਲੀਆ ਨੂੰ ਸਾਈਡ ਤੇ ਕਰਵਾਉਣ ਵਾਸਤੇ ਡਿਊਟੀ 'ਤੇ ਨਹੀਂ ਹੁੰਦਾ। ਹੋਰ ਤਾਂ ਹੋਰ ਕਈ ਟਰੈਕਟਰ ਚਾਲਕ ਆਪਣੀਆਂ ਲੱਦੀਆਂ ਟਰਾਲੀਆਂ ਨੂੰ ਸੜਕ ਵਿਚਕਾਰ ਹੀ ਖੜ੍ਹੀਆਂ ਕਰਕੇ ਆਪਣੇ ਘਰਾਂ ਨੂੰ ਚਲੇ ਜਾਂਦੇ ਹਨ, ਕਿਉਂਕਿ ਉਹਨਾਂ ਦੀ ਵਾਰੀ ਮੰਡੀ 'ਚ ਦੇਰ ਨਾਲ ਲੱਗਣੀ ਹੁੰਦੀ ਹੈ, ਪਰ ਚੌਕੀ ਪੁਰਹੀਰਾ ਦੀ ਪੁਲਸ ਉਸ ਵਕਤ ਗੂੜੀ ਨੀਂਦ ਵਿੱਚ ਸੁੱਤੀ ਪਈ ਹੁੰਦੀ ਹੈ। ਇਸ ਸੰਬੰਧੀ ਬੇਗਮਪੁਰਾ ਟਾਇਗਰ ਫੋਰਸ ਦੇ ਪੰਜਾਬ ਪ੍ਰਧਾਨ ਵੀਰਪਾਲ ਠਰੋਲੀ ਅਤੇ ਜਿਲ੍ਹਾ ਪ੍ਰਧਾਨ ਨਾਲ ਗੱਲ ਕੀਤੀ ਤਾ ਉਹਨਾ ਕਿਹਾ ਕਿ ਇਹ ਚੌਕੀ ਪੁਰਹੀਰਾ ਦੇ ਇੰਚਾਰਜ ਅਤੇ ਬਾਕੀ ਮੁਲਜਮਾ ਦੀ ਬਹੁਤ ਵੱਡੀ ਕੁਤਾਹੀ ਹੈ ਉਹਨਾ ਕਿਹਾ ਪੁਲਸ ਦੀ ਲਾਪ੍ਰਵਾਹੀ ਨਾਲ ਇੱਥੇ ਜਾਨੀ ਤੇ ਮਾਲੀ ਨੁਕਸਾਨ ਵੀ ਹੋ ਸਕਦਾ ਹੈ। ਉਹਨਾ ਐਸ ਐਸ ਪੀ ਹੁਸ਼ਿਆਰਪੁਰ ਤੋਂ ਮੰਗ ਕੀਤੀ ਕਿ ਸਵੇਰੇ ਰਹੀਮਪੁਰ ਦੇ ਸਤਿਗੁਰੂ ਰਵਿਦਾਸ ਚੌਕ 'ਚ ਚੌਕੀ ਪੁਰਹੀਰਾ ਦੀ ਪੁਲਸ ਦੀ ਪੱਕੇ ਤੌਰ 'ਤੇ ਡਿਊਟੀ ਲਗਾਈ ਜਾਵੇ ਤਾ ਕਿ ਕੋਈ ਵੱਡਾ ਹਾਦਸਾ ਹੋਣੋਂ ਬੱਚ ਸਕੇ।

# ਸੁਤੰਤਰਤਾ ਦਿਵਸ ਮਨਾਉਣ ਸਬੰਧੀ ਮੀਟਿੰਗ 31 ਨੂੰ : ਐੱਸ ਡੀ ਐੱਮ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)ਸੁਤੰਤਰਤਾ ਦਿਵਸ ਸਮਾਰੋਹ 15 ਅਗਸਤ ਨੂੰ ਉਪ ਮੰਡਲ ਪੱਧਰ ਤੇ ਸ੍ਰੀ ਅਨੰਦਪੁਰ ਸਾਹਿਬ ਵਿੱਚ ਮਨਾਉਣ ਸਬੰਧੀ ਇਕ ਵਿਸ਼ੇਸ਼ ਮੀਟਿੰਗ 31 ਜੁਲਾਈ ਨੂੰ ਸਵੇਰੇ 11.00 ਵਜੇ ਐਸ.ਡੀ.ਐਮ ਦਫਤਰ ਦੇ ਮੀਟਿੰਗ ਹਾਲ ਵਿੱਚ ਹੋਵੇਗੀ। ਜਿਸ ਵਿੱਚ ਇਸ ਪ੍ਰੋਗਰਾਮ ਦੀਆਂ ਤਿਆਰੀਆਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਇਹ ਜਾਣਕਾਰੀ ਦਿੰਦੇ ਹੋਏ ਐਸ ਡੀ ਐਮ ਮਨੀਸ਼ਾ ਰਾਣਾ ਆਈ.ਏ.ਐਸ ਨੇ ਦੱਸਿਆ ਕਿ ਮੀਟਿੰਗ ਵਿੱਚ ਸਮਾਰੋਹ ਦਾ ਸਥਾਨ ਅਤੇ ਹੋਣ ਵਾਲੇ ਪ੍ਰੋਗਰਾਮ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਤੋ ਅਜ਼ਾਦੀ ਦਿਵਸ ਸਮਾਰੋਹ ਮਨਾਉਣ ਸਬੰਧੀ ਜੋ ਵੀ ਨਿਰਦੇਸ਼ ਅਤੇ ਹਦਾਇਤਾ ਪ੍ਰਾਪਤ ਹੋਣਗੀਆਂ, ਉਨ੍ਹਾਂ ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸਕੂਲ ਮੁਖੀ ਮੀਟਿੰਗ ਵਿਚ ਆਪਣੀ ਪੂਰੀ ਤਿਆਰੀ ਨਾਲ ਆਉਣ ਤਾਂ ਜੋ ਅਜ਼ਾਦੀ ਦਿਹਾੜੇ ਦੇ ਸਮਾਰੋਹ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਮਨਾਇਆ ਜਾਵੇ। ਐਸ.ਡੀ.ਐਮ ਨੇ ਕਿਹਾ ਕਿ ਇਸ ਵਾਰ ਅਸੀਂ ਅਜਾਦੀ ਦੀ 76ਵੀਂ ਵਰ੍ਹੇਗੰਢ ਮਨਾ ਰਹੇ ਹਾਂ, ਇਸ ਲਈ ਹਰ ਵਰਗ ਵਿਚ ਇਹ ਦਿਹਾੜਾ ਮਨਾਉਣ ਲਈ ਭਾਰੀ ਉਤਸ਼ਾਹ ਹੈ। ਉਨ੍ਹਾਂ ਨੇ ਕਿਹਾ ਕਿ ਅਜਾਦੀ ਦਿਹਾੜੇ ਦੇ ਸਮਾਰੋਹ ਨੂੰ ਅਸੀ ਵਾਤਾਵਰਣ ਤੇ ਪੌਣ ਪਾਣੀ ਸੰਭਾਲਣ ਦਾ ਸੰਦੇਸ਼ ਦਿੰਦੇ ਹੋਏ ਮਨਾਉਣਾ ਹੈ। ਉਨ੍ਹਾਂ ਕਿਹਾ ਕਿ ਸਕੂਲਾਂ ਦੇ ਵਿਦਿਆਰਥੀ, ਐਨ.ਸੀ.ਸੀ.ਕੈਡਿਟ, ਸੱਭਿਆਚਾਰਕ ਪ੍ਰੋਗਰਾਮ ਦੀਆਂ ਪੇਸ਼ਕਾਰੀਆਂ ਕਰਨ ਵਾਲੇ ਵਿਦਿਆਰਥੀ, ਮਾਰਚ ਪਾਸਟ ਤੇ ਪੀ.ਟੀ.ਸ਼ੋਅ ਦੀਆਂ ਟੀਮਾਂ ਆਪਣੀਆਂ ਤਿਆਰੀਆਂ ਸ਼ੁਰੂ ਕਰ ਲੈਣ। ਉਨ੍ਹਾਂ ਨੇ ਕਿਹਾ ਕਿ ਇਸ ਵਾਰ ਅਜਾਦੀ ਦਿਹਾੜੇ ਦਾ ਸਮਾਗਮ ਬਹੁਤ ਹੀ ਪ੍ਰਭਾਵਸ਼ਾਲੀ ਹੋਵੇਗਾ। 31 ਜੁਲਾਈ ਦੀ ਮੀਟਿੰਗ ਵਿਚ ਸਾਰੇ ਅਧਿਕਾਰੀਆਂ ਦੀਆਂ ਡਿਊਟੀਆਂ ਲਗਾਈਆਂ ਜਾਣਗੀਆਂ ਅਤੇ ਸਮਾਰੋਹ ਦੇ ਪ੍ਰਬੰਧਾਂ ਲਈ ਕਮੇਟੀਆਂ ਦਾ ਗਠਨ ਕੀਤਾ ਜਾਵੇ।

# ਬਾਪੂ ਗੰਗਾ ਦਾਸ ਦੀ ਅੱਠਵੀਂ ਬਰਸੀ ਮੌਕੇ ਧਾਰਮਕ ਸਮਾਗਮ ਅੱਜ



ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ) ਬਾਪੂ ਗੰਗਾ ਦਾਸ ਜੀ ਵੈਲਫੇਅਰ ਸੁਸਾਇਟੀ (ਰਜਿ.) ਵੱਲੋਂ ਧੰਨ- ਧੰਨ ਗੁਰੂ ਬਾਪੂ ਗੰਗਾ ਦਾਸ ਮਹਾਰਾਜ ਦੇ ਤਪ ਅਸਥਾਨ ਮਾਹਿਲਪੁਰ ਵਿਖੇ ਬਾਪੂ ਗੰਗਾ ਦਾਸ ਮਹਾਰਾਜ ਦੀ ਅੱਠਵੀਂ ਬਰਸੀ 29 ਜੁਲਾਈ ਨੂੰ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਤੇ ਉਤਸਾਹ ਪੂਰਵਕ ਢੰਗ ਨਾਲ ਮਨਾਈ ਜਾ ਰਹੀ ਹੈ। 29 ਜੁਲਾਈ ਨੂੰ ਹੀ ਧਾਰਮਿਕ ਤੇ ਸੱਭਿਆਚਾਰਕ ਪ੍ਰੋਗਰਾਮ 'ਚ ਜੋਤੀ ਨੂਰਾਂ ਸਿਸਟਰਜ਼, ਕੰਵਰ ਗਰੇਵਾਲ, ਇਸਰਤ ਗੁਲਾਮ ਅਲੀ, ਧੰਨਵੀਰ ਮਾਹੀ, ਪਵਨ ਛੁਛੇਵਾਲੀਆ, ਜੱਸ ਸਧਰਾਓ, ਆਤਿਸ, ਨੇਤਰਪ੍ਰੀਤ, ਹਰਮਨ-ਜਰਮਨ, ਗੁਰਪ੍ਰੀਤ ਮਾਹਿਲਪੁਰੀ, ਸੁਲਤਾਨਾ ਨੂਰਾਂ, ਸਰਦਾਰ ਅਲੀ, ਸੋਭਾ, ਆਰ ਯੋਗੀ ਆਦਿ ਕਲਾਕਾਰ ਪ੍ਰੋਗਰਾਮ ਪੇਸ਼ ਕਰਨਗੇ। ਇਸ ਮੌਕੇ ਬਲਦੇਵ ਸਿੰਘ, ਅਵਤਾਰ ਸਿੰਘ, ਪੰਮਾ ਬੈਂਸ, ਤਿਲਕ ਰਾਜ ਭਾਰਤਵਾਜ, ਅੱਛਰ ਕੁਮਾਰ ਜੋਸ਼ੀ, ਹਰਵਿੰਦਰ ਸਿੰਘ ਰਾਣਾ, ਵਿੱਕੀ ਅਗਨੀਹੋਤਰੀ ,ਇੰਸਪੈਕਟਰ ਪਰਮਜੀਤ ਸਿੰਘ ਬੈਂਸ, ਇੰਸਪੈਕਟਰ ਪਰਮਜੀਤ ਰਾਣਾ, ਬਿਕਰਮਜੀਤ ਰਾਣਾ, ਅਨਿਲ ਕੁਮਾਰ ਕਾਲਾ, ਚੇਤੰਨ ਧੀਰ, ਰਾਜ ਕੁਮਾਰ ਸੀ ਆਈ ਡੀ, ਰਵੀ ਖੜੋਦੀ, ਸੀਤਲ ਈਸਪੁਰ, ਅਮਨਦੀਪ ਆਪ, ਗੁਰਵਿੰਦਰ ਸਿੰਘ, ਜੁਗਿੰਦਰਪਾਲ ਪਿੰਕੀ ,ਅਨੁਰਾਗ ਹਾਡਾਂ, ਸੰਜੂ ਗੋਰਸੀ,ਨਰਿੰਦਰ ਆਨੰਦ, ਗਗਨ ਧਾਮੀ, ਹੀਰਾ ਲਾਲ ਗੋਪੀ ਬਸਰਾ, ਜਗਦੀਸ਼ ਅਰੋੜਾ ਸਮੇਤ ਲਾਗਲੇ ਪਿੰਡਾਂ ਦੀਆਂ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਆਮ ਆਦਮੀ ਪਾਰਟੀ ਸਰਕਲ ਸ਼ਹਿਰੀ ਟਾਂਡਾ ਦੀ ਮੀਟਿੰਗ 30 ਨੂੰ

ਟਾਂਡਾ ਉੜਮੁੜ, (ਉਂਕਾਰ ਸਿੰਘ, ਜਸਵਿੰਦਰ ਸੰਧੂ) ਆਮ ਆਦਮੀ ਪਾਰਟੀ ਸ਼ਹਿਰੀ ਟਾਂਡਾ ਦੀ ਇਕ ਵਿਸ਼ੇਸ਼ ਮੀਟਿੰਗ ਟਾਂਡਾ ਵਿਖੇ 30 ਜੁਲਾਈ ਨੂੰ ਹੋਵੇਗੀ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਕੋਰਟ ਕਮੇਟੀ ਮੈਂਬਰ ਤੇ ਮੀਡੀਆ ਇੰਚਾਰਜ ਸੁਖਵਿੰਦਰ ਸਿੰਘ ਅਰੋੜਾ, ਸੱਚਣਪੁਰੀ ਅਤੇ ਅਵਤਾਰ ਸਿੰਘ ਤਾਰੀ ਨੇ ਦੱਸਿਆ ਕਿ ਸਿਟੀ ਪ੍ਰਧਾਨ ਟਾਂਡਾ ਨੰਬਰਦਾਰ ਜਗਜੀਵਨ ਜੱਗੀ ਦੀ ਦੇਖ ਰੇਖ ਹੇਠ ਹੋ ਰਹੀ। ਇਸ ਮੀਟਿੰਗ ਦੌਰਾਨ ਆਮ ਆਦਮੀ ਪਾਰਟੀ ਦੇ ਸੂਬਾ ਉਪ ਪ੍ਰਧਾਨ, ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਅਤੇ ਬਲਾਕ ਪ੍ਰਧਾਨ ਟਾਂਡਾ ਕੇਸਵ ਸਿੰਘ ਸੈਣੀ ਵਿਸ਼ੇਸ਼ ਤੌਰ 'ਤੇ ਪਹੁੰਚਣਗੇ। ਉਹਨਾਂ ਦੱਸਿਆ ਕਿ ਇਸ ਮੌਕੇ ਹਲਕਾ ਵਿਧਾਇਕ ਪਾਰਟੀ ਵਰਕਰਾਂ ਦੀਆਂ ਮੁਸ਼ਕਲਾਂ ਸੁਣਨਗੇ। ਇਸ ਮੌਕੇ ਆਪ ਆਗੂ ਸੁਖਵਿੰਦਰ ਸਿੰਘ ਅਰੋੜਾ ਅਤੇ ਰਜਿੰਦਰ ਸਿੰਘ ਮਾਰਸ਼ਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕੀਤੇ ਜਾ ਰਹੇ ਇਤਿਹਾਸਿਕ ਵਿਕਾਸ ਕਾਰਜਾਂ ਦੇ ਕਾਰਨ ਹਰੇਕ ਵਰਗ ਪੂਰੀ ਤਰ੍ਹਾਂ ਸੰਤੁਸ਼ਟ ਹੈ।



# ਇੰਦਨਾ ਵਿਖੇ ਦੋ ਰੋਜ਼ਾ ਸਾਲਾਨਾ ਜੋੜ ਮੇਲਾ ਸ਼ਾਨੋ-ਸ਼ੌਕਤ ਨਾਲ ਸਮਾਪਤ

ਬਹਿਰਾਮ (ਅਵਤਾਰ ਕਲੇਰ) ਪਿੰਡ ਇੰਦਨਾ ਕਲਾਸਕੇ ਵਿਖੇ ਤ੍ਰਿਵੈਣੀ ਮੰਦਰ ਰੋਜਾ ਸਰੀਫ ਸਾਂਈ ਰਾਮ ਦਿੱਤੇ ਸ਼ਾਹ ਜੀ ਕਾਦਰੀ ਦੇ ਦਰਬਾਰ ਵਿਖੇ ਸਾਂਈ ਸਾਧੂ ਸ਼ਾਹ ਕਾਦਰੀ ਦਾ ਦੋ ਰੋਜ਼ਾ ਸਾਲਾਨਾ ਜੋੜ ਮੇਲਾ ਦਰਬਾਰ ਦੇ ਗੱਦੀ ਨਸ਼ੀਨ ਬਾਬਾ ਬਲਦੇਵ ਸ਼ਾਹ ਕਾਦਰੀ ਦੀ ਅਗਵਾਈ 'ਚ ਅਤੇ ਸਮੂਹ ਗ੍ਰਾਮ ਪੰਚਾਇਤ ਅਤੇ ਨਗਰ ਨਿਵਾਸੀਆਂ ਤੇ ਐੱਨ ਆਰ ਆਈਜ਼ ਵੀਰਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਪਹਿਲੇ ਦਿਨ ਝੰਡਾ ਚੜ੍ਹਾਉਣ ਦੀ ਰਸਮ ਉਪਰੰਤ ਚਿਰਾਗ ਰੌਸ਼ਨ ਕਰਨ ਦੀ ਰਸਮ ਅਦਾ ਕੀਤੀ ਗਈ। ਰਾਤ ਨੂੰ ਮਹਿਫਲ-ਏ-ਕਵਾਲੀ ਸਜਾਈ, ਜਿਸ 'ਚ ਬਲਵੀਰ ਗੋਹਾਵਰ ਕਵਾਲ ਪਾਰਟੀ, ਪ੍ਰੇਮ ਸਾਗਰ ਮਾਛੀਵਾੜਾ ਕਵਾਲ ਪਾਰਟੀ, ਪ੍ਰੇਮ ਸੋਨੂੰ ਕਵਾਲ ਪਾਰਟੀ ਪਨਾਮ ਵਾਲੇ, ਜੌਨੀ ਰੱਤੂ ਝੰਡੀ ਪੀਰ ਨਕਾਲ ਪਾਰਟੀ ਨੇ ਹਾਜ਼ਰੀਆਂ ਭਰੀਆਂ। ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ ਸਾਈਂ ਪੱਪਲ ਸਾਹ ਭਰੋਮਜਾਰਾ ਪ੍ਰਧਾਨ ਸੂਫੀਆਨਾ ਦਰਗਾਹ ਪ੍ਰਬੰਧਕ ਕਮੇਟੀ ਪੰਜਾਬ, ਸਾਂਈ ਤੋਤਾ ਸ਼ਾਹ ਡੁਮੇਡਾ, ਸਾਈਂ ਅਵਿਨਾਸ਼ ਸ਼ਾਹ, ਬਾਬਾ ਕੁਲਰਾਜ ਮੁਹੰਮਦ, ਸਾਈਂ ਸੋਢੀ ਸ਼ਾਹ, ਬੀਬੀ ਕਮਲੇਸ਼, ਬੀਬੀ ਤਾਰੋ ਸਾਬਰ, ਮਾਈ ਪੱਟੀ ਹਾਜੀ, ਮਾਈ ਖੋਰੀ, ਮਾਈ ਰਮਨ ਵਿਰਕ, ਬਾਬਾ ਸਤਪਾਲ, ਸਾਈਂ ਚਰਨਜੀਤ ਸ਼ਾਹ, ਬਾਬਾ ਪਾਣੀ ਸਾਹ, ਬਾਬਾ ਗੁਰਮੁਖ ਸਾਹ ਆਦਿ ਨੇ ਸ਼ਿਰਕਤ ਕੀਤੀ। ਗੱਦੀ ਨਸ਼ੀਨ ਬਾਬਾ ਬਲਦੇਵ ਸ਼ਾਹ ਕਾਦਰੀ ਨੇ ਪਹੁੰਚੇ ਹੋਏ ਮਹਾਂਪੁਰਸ਼ਾਂ, ਸਹਿਯੋਗੀ ਸੱਜਣਾਂ ਅਤੇ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ।

# ਦੋ ਰੋਜ਼ਾ ਫੋਟੋ ਪ੍ਰਦਰਸ਼ਨੀ ਦੇਸ਼ ਭਗਤੀ ਦੇ ਜਜ਼ਬੇ ਨਾਲ ਹੋਈ ਸਮਾਪਤ



ਜਲੰਧਰ (ਨਵਾਂ ਜ਼ਮਾਨਾ ਸਰਵਿਸ)-'ਸੇਵਾ, ਸੁਸ਼ਾਸਨ ਅਤੇ ਗਰੀਬ ਕਲਿਆਣ' ਅਤੇ 'ਕਾਰਗਿਲ ਵਿਜੇ ਦਿਵਸ' ਨੂੰ ਸਮਰਪਿਤ ਦੋ ਰੋਜਾ ਫੋਟੋ ਪ੍ਰਦਰਸ਼ਨੀ ਦੇਸ ਭਗਤੀ ਦੀ ਭਾਵਨਾ ਨੂੰ ਜਗਾਉਣ ਦੇ ਉਦੇਸ ਨਾਲ ਵਿਰਸਾ ਵਿਹਾਰ ਵਿਖੇ ਸਮਾਪਤ ਹੋ ਗਈ। ਪ੍ਰਦਰਸ਼ਨੀ ਦੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਐਨ.ਸੀ.ਸੀ ਗਰੁੱਪ ਕਮਾਂਡਰ ਬ੍ਰਿਗੇਡੀਅਰ ਅਜੇ ਤਿਵਾੜੀ, ਐਸ.ਐਮ. ਨੇ ਨੌਜਵਾਨਾਂ ਨੂੰ ਰਾਸਟਰ ਦੀ ਤਰੱਕੀ ਲਈ ਸਵੈ-ਇੱਛਾ ਨਾਲ ਸਖਤ ਮਿਹਨਤ ਕਰਨ ਅਤੇ ਜੀਵਨ ਵਿੱਚ ਅਨੁਸ਼ਾਸ਼ਨ ਵਿੱਚ ਰਹਿਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਇੱਕ ਸਫਲ ਇਨਸਾਨ ਬਣਨ ਲਈ ਹਰ ਇੱਕ ਨੂੰ ਸਕਾਰਾਤਮਕ ਸੋਚ ਅਪਨਾਉਣ ਅਤੇ ਨਕਾਰਾਤਮਕਤਾ ਤੋਂ ਬਚਣ ਦੀ ਲੋੜ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਰਾਸਟਰੀ ਕੈਡਿਟ ਕੋਰ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਤਾਂ ਜੋ ਉਹ ਸਿੱਖ ਸਕਣ ਕਿ ਸਮਾਜ ਅਤੇ ਦੇਸ ਦੇ ਵਿਕਾਸ ਲਈ ਕਿਵੇਂ ਕੰਮ ਕਰਨਾ ਹੈ। ਇਸ ਦੌਰਾਨ ਵਿਸੇਸ ਮਹਿਮਾਨ ਵਜੋਂ ਹਾਜਰ ਸਹਾਇਕ ਕਮਿਸਨਰ ਮੇਜਰ (ਸੇਵਾਮੁਕਤ) ਡਾ: ਇਰਵਿਨ ਕੌਰ ਨੇ ਨੌਜਵਾਨਾਂ ਨੂੰ ਜੀਵਨ ਵਿੱਚ ਆਪਣਾ ਸਰਵੋਤਮ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ . ਇਸ ਦੌਰਾਨ ਉਨ੍ਹਾਂ ਦੱਸਿਆ ਕਿ ਕਿਵੇਂ ਕਾਰਗਿਲ ਜੰਗ ਵਿੱਚ ਭਾਰਤ ਦੀ ਜਿੱਤ ਹੋਈ ਸੀ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਣੇ ਦੇਸ਼ ਦੀਆਂ ਸਰਹੱਦਾਂ ਨੂੰ ਦੁਸ਼ਮਣਾਂ ਤੋਂ ਸੁਰੱਖਿਅਤ ਕਰਨ ਲਈ ਸਾਡੇ ਸੈਨਿਕਾਂ ਦੀਆਂ ਕੁਰਬਾਨੀਆਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਇਨ੍ਹਾਂ ਕੁਰਬਾਨੀਆਂ ਦੇ ਸਦਕਾ ਹੀ ਦੇਸ ਦੇ ਲੋਕ ਸ਼ਾਂਤੀ ਨਾਲ ਰਹਿ ਰਹੇ ਹਨ। ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਕੇਂਦਰੀ ਸੰਚਾਰ ਬਿਊਰੋ (ਸੀ.ਬੀ.ਸੀ.) ਵੱਲੋਂ ਜਲੰਧਰ ਵਿੱਚ ਲਗਾਈ ਗਈ ਪ੍ਰਦਰਸ਼ਨੀ ਵਿੱਚ ਕੇਂਦਰ ਸਰਕਾਰ ਦੀਆਂ ਪ੍ਰਾਪਤੀਆਂ ਖਾਸ ਕਰਕੇ ਆਮ ਲੋਕਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਬਣਾਈਆਂ ਗਈਆਂ ਸਕੀਮਾਂ ਨੂੰ ਇਨਫੋਗ੍ਰਾਫਿਕਸ ਰਾਹੀਂ ਲੋਕਾਂ ਵਿੱਚ ਜਾਗਰੂਕਤਾ ਫੈਲਾਉਂਦੇ ਹੋਏ ਸਾਂਝਾ ਕੀਤਾ ਗਿਆ। ਫੀਲਡ ਪਬਲੀਸਿਟੀ ਅਫਸਰ ਰਾਜੇਸ਼ ਬਾਲੀ ਨੇ ਕਿਹਾ ਕਿ ਸਰਕਾਰ ਦੇ ਅਜਿਹੇ ਉਪਰਾਲੇ ਆਮ ਲੋਕਾਂ ਨੂੰ ਇਹ ਜਾਣਨ ਵਿੱਚ ਮਦਦ ਕਰਦੇ ਹਨ ਕਿ ਸਾਡਾ ਦੇਸ਼ ਲਗਭਗ ਹਰ ਖੇਤਰ ਵਿੱਚ ਕਿੰਨੀ ਤੇਜੀ ਨਾਲ ਤਰੱਕੀ ਕਰ ਰਿਹਾ ਹੈ। 'ਕਾਰਗਿਲ ਵਿਜੈ ਦਿਵਸ' ਨੂੰ ਸਮਰਪਿਤ ਵਿਸੇਸ ਸੈਕਸਨ ਰਾਹੀਂ ਲੜਕੀਆਂ ਸਮੇਤ ਨੌਜਵਾਨਾਂ ਨੂੰ ਹਥਿਆਰਬੰਦ ਸੈਨਾਵਾਂ ਵਿੱਚ ਭਰਤੀ ਹੋ ਕੇ ਦੇਸ਼ ਦੀ ਸੇਵਾ ਕਰਨ ਲਈ ਪ੍ਰੇਰਿਤ ਕੀਤਾ ਗਿਆ। 'ਅਗਨੀਪਥ' ਸਕੀਮ ਦੇ ਇਨਫੋਗ੍ਰਾਫਿਕਸ ਨੇ ਵੀ ਨੌਜਵਾਨਾਂ ਦਾ ਧਿਆਨ ਆਪਣੇ ਵੱਲ ਖਿੱਚਿਆ। ਆਮ ਲੋਕਾਂ ਅਤੇ ਵੱਖ-ਵੱਖ ਵਿਦਿਅਕ ਸੰਸਥਾਵਾਂ ਦੇ ਵਿਦਿਆਰਥੀਆਂ ਨੇ ਇਨਫੋਗ੍ਰਾਫਿਕ ਪੈਨਲ ਰਾਹੀਂ ਕੇਂਦਰ ਸਰਕਾਰ ਦੇ ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ, ਹਰ ਘਰ ਜਲ ਮਿਸ਼ਨ, ਅਗਨੀਪਥ, ਡਿਜੀਟਲ ਲੈਣ-ਦੇਣ, ਮਹਿਲਾ ਸਸਕਤੀਕਰਨ ਆਦਿ ਸਮੇਤ ਵੱਖ-ਵੱਖ ਫਲੈਗਸ਼ਿਪ ਪ੍ਰੋਗਰਾਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ। 'ਆਜਾਦੀ ਕਾ ਅੰਮ੍ਰਿਤ ਮਹੋਤਸਵ' 'ਤੇ ਆਧਾਰਿਤ ਡਰਾਇੰਗ ਮੁਕਾਬਲੇ ਦੇ ਨਾਲ-ਨਾਲ ਕੁਇਜ ਮੁਕਾਬਲਾ ਵੀ ਕਰਵਾਇਆ ਗਿਆ ਅਤੇ ਜੇਤੂਆਂ ਨੂੰ ਸਨਮਾਨਿਤ ਕੀਤਾ ਗਿਆ।

# ਇਕਬਾਲ ਸਿੰਘ ਅਟਵਾਲ ਦੀ ਯਾਦ 'ਚ ਪਰਵਾਰ ਵੱਲੋਂ ਵਿਦਿਆਰਥੀਆਂ ਲਈ ਵਰਦੀਆਂ ਦੀ ਸੇਵਾ



ਆਦਮਪੁਰ (ਪਰਮਜੀਤ ਸਿੰਘ)-ਸਰਕਾਰੀ ਪ੍ਰਾਇਮਰੀ ਸਕੂਲ ਕਡਿਆਣਾ ਦੇ ਬੱਚਿਆਂ ਨੂੰ ਵਾਰੰਟ ਅਫ਼ਸਰ ਇਕਬਾਲ ਸਿੰਘ ਅਟਵਾਲ ਦੀ ਯਾਦ 'ਚ ਉਨ੍ਹਾਂ ਦੇ ਪਰਵਾਰ ਵੱਲੋਂ ਕੀਤੀ ਗਈ ਵਰਦੀਆਂ ਦੀ ਸੇਵਾ ਨੂੰ ਬੱਚਿਆਂ 'ਚ ਵੰਡਣ ਲਈ ਸਮਾਰੋਹ ਸਕੂਲ ਮੁਖੀ ਸ਼ਿਵਰਾਜ ਕੁਮਾਰ ਦੀ ਦੇਖ ਰੇਖ ਹੇਠ ਕਰਵਾਇਆ ਗਿਆ ਜਿਸ 'ਚ ਮੁੱਖ ਮਹਿਮਾਨ ਵਜੋਂ ਸਾਬਕਾ ਵਿਧਾਇਕ ਪਵਨ ਕੁਮਾਰ ਟੀਨੂੰ ਤੇ ਵਿਸ਼ੇਸ਼ ਮਹਿਮਾਨ ਵਜੋਂ ਹਰਕੀਤ ਸਿੰਘ ਨਿੱਝਰ ਸੀਨੀਅਰ ਯੂਥ ਅਕਾਲੀ ਆਗੂ, ਲਖਵੀਰ ਸਿੰਘ ਸਰਪੰਚ ਸਰੋਬਾਦ ਨੇ ਸ਼ਿਰਕਤ ਕੀਤੀ। ਸਮਾਰੋਹ ਸੰਬੰਧੀ ਜਾਣਕਾਰੀ ਦਿੰਦੇ ਹੋਏ ਹਰਕੀਤ ਸਿੰਘ ਨਿੱਝਰ ਨੇ ਦੱਸਿਆ ਕੇ ਵਾਰੰਟ ਅਫ਼ਸਰ ਇਕਬਾਲ ਸਿੰਘ ਅਟਵਾਲ ਦੀ ਯਾਦ ਚ ਉਨ੍ਹਾਂ ਦੀ ਪਤਨੀ ਗਿਆਨ ਕੌਰ ਤੇ ਲੜਕੇ ਮਨਜਿੰਦਰ ਸਿੰਘ ਅਟਵਾਲ ਯੂ ਐਸ ਏ ਵਲੋਂ ਸਰਕਾਰੀ ਪ੍ਰਾਇਮਰੀ ਸਕੂਲ ਕਡਿਆਣਾ ਦੇ 100 ਬੱਚਿਆ ਨੂੰ ਵਰਦੀਆਂ ਦੇਣ ਦੀ ਸੇਵਾ ਕੀਤੀ ਗਈ। ਇਸ ਤੋਂ ਇਲਾਵਾ ਪਿੰਡ 'ਚ ਸਥਿਤ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਦੇ 2 ਗੁਰਦਵਾਰਾ ਸਾਹਿਬ 'ਚ ਵਾਟਰ ਕੂਲਰ ਲਗਵਾਉਣ ਦੀ ਵੀ ਸੇਵਾ ਕੀਤੀ ਗਈ। ਇਸ ਮੌਕੇ ਲਖਵੀਰ ਸਿੰਘ ਰਪੰਚ ਸਰੋਬਾਦ, ਹਰਜੋਤ ਸਿੰਘ ਸਰਪੰਚ, ਸੁਰਿੰਦਰ ਸਿੰਘ ਚਾਹਲ ਸੰਮਤੀ ਮੈਂਬਰ, ਪਰਜਿੰਦਰ ਸਿੰਘ ਭੇਲਾ, ਜੋਗਿੰਦਰ ਸਿੰਘ,ਅਵਤਾਰ ਸਿੰਘ ਸ਼ਿੰਦੀ, ਸੋਹਣ ਸਿੰਘ, ਸਤਨਾਮ ਸਿੰਘ, ਬਲਬੀਰ ਸਿੰਘ, ਤਰਨਜੋਤ ਸਿੰਘ, ਇੰਦਰਜੀਤ ਸਿੰਘ, ਅਮਨ ਸਿੰਘ, ਬਲਰਾਜ ਸਿੰਘ, ਬਲਜੋਤ ਮਾਹੀ, ਬਵਨ ਸਿੰਘ ਨਿੱਝਰ, ਪਵਨ ਤੇ ਹੋਰ ਪਤਵੰਤੇ ਹਾਜ਼ਰ ਸਨ।

# ਪੀ ਸੀ ਐਮ ਐਸ ਡੀ ਕਾਲਜ ਦਾ ਨਤੀਜਾ ਬੇਮਿਸਾਲ

ਜਲੰਧਰ (ਇਕਬਾਲ ਸਿੰਘ ਉੱਭੀ) ਪੀ ਸੀ ਐਮ ਐਸ ਡੀ ਕਾਲਜ ਫਾਰ ਵੂਮੈਨ, ਜਲੰਧਰ ਦੇ ਕਾਸਮੈਟੋਲੋਜੀ ਵਿਭਾਗ ਦੀਆਂ ਵਿਦਿਆਰਥਣਾਂ ਨੇ ਕਮਿਊਨਿਟੀ ਕਾਲਜਾਂ ਅਧੀਨ ਯੂਜੀਸੀ ਦੁਆਰਾ ਘੋਸ਼ਿਤ ਬਿਊਟੀ ਐਂਡ ਬਾਡੀ ਫਿਟਨੈਸ ਕੋਰਸ ਸਮੈਸਟਰ ਚੌਥੇ ਦੇ ਨਤੀਜੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਨੇਹਾ ਰਾਵਤ 95% ਅੰਕ ਲੈ ਕੇ ਪਹਿਲੇ ਅਤੇ ਸ਼ਿਖਾ ਵਰਮਾ 93% ਅੰਕ ਲੈ ਕੇ ਦੂਜੇ ਸਥਾਨ 'ਤੇ ਰਹੀ। ਇਹ ਇਕਲੌਤਾ ਗਰਲਜ ਕਾਲਜ ਹੈ ਜੋ ਇਸ ਕੋਰਸ ਦੀ ਪੇਸ਼ਕਸ਼ ਕਰਦਾ ਹੈ। ਇਸ ਕੋਰਸ ਦੀ ਯੋਗਤਾ 10+2 (ਕੋਈ ਵੀ ਸਟ੍ਰੀਮ) ਹੈ ਅਤੇ ਇਸ ਵਿੱਚ ਦਾਖਲੇ ਲਈ ਕੋਈ ਉਮਰ ਸੀਮਾ ਨਹੀਂ ਹੈ। ਇਹ ਕੋਰਸ ਵਿਸ਼ੇਸ਼ ਤੌਰ 'ਤੇ ਹੁਨਰ ਵਿਕਾਸ 'ਤੇ ਅਧਾਰਤ ਹੈ ਤਾਂ ਜੋ ਵਿਦਿਆਰਥੀਆਂ ਨੂੰ ਰੁਜ਼ਗਾਰ ਅਤੇ ਉੱਦਮ ਲਈ ਤਿਆਰ ਕੀਤਾ ਜਾ ਸਕੇ। ਇਸ ਮੌਕੇ ਪ੍ਰਧਾਨ ਨਰੇਸ਼ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕ ਕਮੇਟੀ ਦੇ ਹੋਰ ਮਾਣਯੋਗ ਮੈਂਬਰ ਅਤੇ ਕਾਲਜ ਦੇ ਯੋਗ ਪ੍ਰਿੰਸੀਪਲ ਪ੍ਰੋ. (ਡਾ.) ਪੂਜਾ ਪਰਾਸ਼ਰ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।



29-JULY-PAGE-10.qxd 7/28/2023 10:36 PM Page 1



# ਆਂਗਣਵਾੜੀ ਮੁਲਾਜ਼ਮਾਂ ਵੱਲੋਂ ਮਨੀਪੁਰ ਔਰਤਾਂ ਨਾਲ ਵਧੀਕੀਆਂ ਖਿਲਾਫ ਰੋਸ ਪ੍ਰਦਰਸ਼ਨ

## ਆਂਗਣਵਾੜੀ ਮੁਲਾਜ਼ਮਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਸਬੰਧੀ 14 ਨੂੰ ਕਰਾਂਗੀਆਂ ਜਗਰਾਤਾ : ਬਰੇਟਾ



**ਬੁਢਲਾਡਾ (ਅਸ਼ੋਕ ਲਾਕੜਾ)**- ਆਂਗਣਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਦੀ ਜ਼ਿਲ੍ਹਾ ਪ੍ਰਧਾਨ ਰਣਜੀਤ ਕੌਰ ਬਰੇਟਾ ਦੀ ਅਗਵਾਈ ਵਿੱਚ ਆਂਗਣਵਾੜੀ ਮੁਲਾਜ਼ਮਾਂ ਨੇ ਮਨੀਪੁਰ ਸੂਬੇ ਵਿੱਚ ਔਰਤਾਂ ਨਾਲ ਬਲਾਤਕਾਰ, ਛੇੜਛਾੜ ਤੇ ਵਧੀਕੀਆਂ ਦੇ ਵਿਰੋਧ ਵਿੱਚ ਬਲਾਕ ਬੁਢਲਾਡਾ ਅਤੇ ਬਰੇਟਾ ਸਰਕਲ ਦੇ ਵੱਖ-ਵੱਖ ਥਾਵਾਂ 'ਤੇ ਮੀਟਿੰਗਾਂ ਤੇ ਰੋਸ ਪ੍ਰਦਰਸ਼ਨ ਕੀਤੇ ਗਏ ਅਤੇ ਮੋਦੀ ਸਰਕਾਰ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣ ਦੀ ਮੰਗ ਕੀਤੀ। ਇਸ ਮੌਕੇ ਰਣਜੀਤ ਕੌਰ ਬਰੇਟਾ ਨੇ ਇਕੱਠ ਵਿੱਚ ਬੋਲਦਿਆਂ ਕਿਹਾ ਕਿ ਮਨੀਪੁਰ 'ਚ ਔਰਤਾਂ ਨਾਲ ਅੱਤਿਆਚਾਰ ਨੇ ਭਾਰਤ ਦੇਸ਼ ਦਾ ਦੁਨੀਆ ਭਰ ਵਿੱਚ ਸਿਰ ਨੀਵਾਂ ਕੀਤਾ ਹੈ, ਜਿਸ ਲਈ ਮਨੀਪੁਰ ਸੂਬੇ ਦੀ ਸਰਕਾਰ ਦੇ ਨਾਲ ਨਾਲ ਕੇਂਦਰ ਸਰਕਾਰ ਬਰਾਬਰ ਦੀ ਦੋਸ਼ੀ ਹੈ। ਇਨ੍ਹਾਂ ਘਟਨਾਵਾਂ ਦੇ ਮੁੱਖ ਸਾਜ਼ਿਸ਼ ਘਾੜੇ ਤੇ ਮੋਹਰੀ ਗੁੰਡਾ ਅਨਸਰਾਂ ਦੇ ਸਬੰਧ ਫਾਸ਼ੀਵਾਦੀ ਸੰਗਠਨਾਂ ਨਾਲ ਹੈ ਤੇ ਇਸ ਸੂਬੇ ਵਿੱਚ ਆਰ.ਐਸ. ਐੱਸ. ਤੇ ਹੋਰ ਫਿਰਕੂ ਸੰਗਠਨ ਪਿਛਲੇ ਅਰਸੇ ਤੋਂ ਫਿਰਕੂ ਮਾਹੌਲ ਪੈਦਾ ਕਰ ਰਹੇ ਹਨ ਅਤੇ ਇਨ੍ਹਾਂ ਸੰਗਠਨਾਂ ਦੁਆਰਾ ਫਿਰਕੂ ਧਰੁਵੀਕਰਨ ਕਰਨ ਲਈ ਇੱਕ ਜਾਤੀ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਆਂਗਣਵਾੜੀ ਆਗੂ ਨੇ ਕਿਹਾ ਕਿ ਇਸ ਘਟਨਾਕ੍ਰਮ ਨੇ ਮੋਦੀ ਸਰਕਾਰ ਦੇ ਬੇਟੀ ਬਚਾਓ-ਬੇਟੀ ਪੜ੍ਹਾਓ ਤੇ ਨਾਰੀ ਸਸ਼ਕਤੀਕਰਨ ਦੇ ਨਾਅਰਿਆਂ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ ਅਤੇ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਬੈਠੇ ਰਹਿਣ ਦਾ ਕੋਈ ਨੈਤਿਕ ਹੱਕ ਨਹੀਂ ਹੈ।

ਉਨ੍ਹਾਂ ਕਿਹਾ ਕਿ ਆਂਗਣਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਵੱਲੋਂ ਭਾਰਤ ਛੱਡੋ ਅੰਦੋਲਨ ਦੀ ਵਰ੍ਹੇਗੰਢ ਮੌਕੇ 9 ਅਗਸਤ ਨੂੰ ਆਵਾਜ਼ ਬੁਲੰਦ ਕਰਨ ਲਈ ਐਕਸ਼ਨ ਕੀਤੇ ਜਾਣਗੇ ਤੇ ਅਗਲੇ ਪੜਾਅ ਵਜੋਂ ਜਥੇਬੰਦੀ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਸਬੰਧੀ ਪੰਜਾਬ ਭਰ ਵਿੱਚ 14 ਅਗਸਤ ਦੀ ਰਾਤ ਨੂੰ ਜਗਰਾਤੇ ਕੀਤੇ ਜਾਣਗੇ। ਇਸੇ ਤਹਿਤ ਮਾਨਸਾ ਜ਼ਿਲ੍ਹੇ ਦੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ 14 ਅਗਸਤ ਨੂੰ ਮਾਨਸਾ ਦੇ ਡਿਪਟੀ ਕਮਿਸ਼ਨਰ ਅੱਗੇ ਜਗਰਾਤਾ ਕਰਕੇ ਰੋਸ ਪ੍ਰਗਟ ਕਰਨਗੀਆਂ। ਇਸ ਮੌਕੇ ਅਨੀਤਾ ਰਾਣੀ, ਸੁਮਨ ਗਰਗ, ਸ਼ਿੰਦਰ ਕੌਰ ਬਰੇਟਾ ਆਦਿ ਬਰੇਟਾ ਸਰਕਲ ਤੇ ਬਲਾਕ ਬੁਢਲਾਡਾ ਬਲਾਕ ਦੀਆਂ ਆਗੂ ਮੌਜੂਦ ਸਨ।

## 'ਕਿਸਾਨੀ ਬਚਾਓ, ਜਵਾਨੀ ਬਚਾਓ' ਮੁਹਿੰਮ ਤਹਿਤ ਕੋਟਲੀ ਕਲਾਂ 'ਚ ਰੈਲੀ

**ਮਾਨਸਾ (ਆਤਮਾ ਸਿੰਘ ਪਮਾਰ)** ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਵੱਲੋਂ ਜ਼ਿਲ੍ਹੇ ਵਿੱਚ ਚਲਾਈ ਜਾ ਰਹੀ ਮੁਹਿੰਮ ਕਿਸਾਨੀ ਬਚਾਓ, ਜਵਾਨੀ ਬਚਾਓ ਨੂੰ ਪਿੰਡਾਂ ਵਿੱਚ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਬਲਾਕ ਦੇ ਪਿੰਡ ਕੋਟਲੀ ਕਲਾਂ ਵਿੱਚ ਇਕੱਠ ਨੂੰ ਸੰਬੋਧਨ ਕਰਦੇ ਹੋਏ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਅਕਲੀਆ ਨੇ ਕਿਹਾ ਕਿ ਅਮੀਰ ਵਿਰਸੇ ਦਾ ਮਾਲਕ ਪੰਜਾਬ ਜਿਹੜਾ ਗਿੱਧਾ, ਭੰਗੜਾ ਅਤੇ ਸੁਡੌਲ ਸਰੀਰ ਵਾਲੇ ਗੱਭਰੂਆਂ ਵਜੋਂ ਜਾਣਿਆ ਜਾਂਦਾ ਸੀ, ਅਫ਼ਸੋਸ ਅੱਜ ਇਸਦੇ ਉਲਟ ਹਾਕਮਾਂ ਵੱਲੋਂ ਵਿਰਸੇ ਨੂੰ ਹੁਲਾਰਾ ਦੇਣ ਦੀ ਬਜਾਏ ਪੰਜ ਦਰਿਆਵਾਂ ਦੇ ਮਾਲਕ ਸੂਬੇ ਵਿੱਚ ਛੇਵਾਂ ਦਰਿਆ ਨਸ਼ਿਆਂ ਦਾ ਚਲਾਇਆ ਜਾ ਰਿਹਾ ਹੈ ਅਤੇ ਪਰਵਿੰਦਰ ਸਿੰਘ ਝੋਟੇ ਨੂੰ ਫੜਨਾ ਸਰਕਾਰ ਦੇ ਖੋਟੇ ਮਨਸੂਬਿਆਂ ਨੂੰ ਉਜਾਗਰ ਕਰਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਇੱਕ ਪਾਸੇ ਪ੍ਰਸ਼ਾਸਨ ਪਿੰਡਾਂ ਵਿੱਚ ਨਸ਼ਿਆਂ ਖਿਲਾਫ਼ ਮੁਹਿੰਮ ਦਾ ਨਾਹਰਾ ਦੇ ਕੇ ਲੋਕਾਂ ਨੂੰ ਗੁੰਮਰਾਹ ਕਰ ਰਿਹਾ ਹੈ ਅਤੇ ਦੂਜੇ ਪਾਸੇ ਨਸ਼ੇ ਵਿਰੁੱਧ ਜਾਗਰੂਕ ਕਰਨ ਵਾਲੇ ਨੌਜਵਾਨਾਂ ਨੂੰ ਫੜ ਕੇ ਜੇਲ੍ਹਾਂ ਵਿੱਚ ਸੁੱਟ ਰਿਹਾ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੀ 14 ਅਗਸਤ ਨੂੰ ਮਾਨਸਾ ਵਿਖੇ ਨਸ਼ਿਆਂ ਖਿਲਾਫ ਇੱਕ ਵੱਡੀ ਲੋਕ ਲਹਿਰ ਖੜ੍ਹੀ ਹੋਵੇਗੀ। ਉਨ੍ਹਾਂ ਅਪੀਲ ਕੀਤੀ ਕਿ ਇਸ ਕਾਨਫਰੰਸ ਵਿੱਚ ਨੌਜਵਾਨ, ਮਾਵਾਂ ਭੈਣਾਂ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚਣ ਦੀ ਕ੍ਰਿਪਾਲਤਾ ਕਰਨ।

## ਸਪਰਿੰਗ ਡਿਊ ਸਕੂਲ 'ਚ ਇਨਵੈਸਚਰ ਸੈਰੇਮਨੀ



**ਜਗਰਾਉਂ (ਅਮਿਤ ਖੰਨਾ, ਸੰਜੀਵ ਅਰੋੜਾ)**-ਸਪਰਿੰਗ ਡਿਊ ਪਬਲਿਕ ਸਕੂਲ ਨਾਨਕਸਰ ਵਿਖੇ ਵਿਦਿਆਰਥੀਆਂ ਦੀ ਚੋਣ ਸਟੂਡੈਂਟ ਕੌਂਸਲ ਲਈ ਕੀਤੀ ਗਈ। ਇਸ ਸਬੰਧੀ ਸਕੂਲ ਵਿੱਚ ਇਨਵੈਸਚਰ ਸੈਰੇਮਨੀ ਦਾ ਆਯੋਜਨ ਕੀਤਾ ਗਿਆ। ਚੁਣੇ ਗਏ ਵਿਦਿਆਰਥੀਆਂ ਨੂੰ ਸੰਬੋਧਤ ਕਰਦਿਆਂ ਵਾਇਸ ਪ੍ਰਿੰਸੀਪਲ ਬੇਅੰਤ ਕੁਮਾਰ ਨੇ ਕਿਹਾ ਕਿ ਇਸ ਚੋਣ ਨਾਲ ਉਨ੍ਹਾਂ ਉੱਪਰ ਜ਼ਿੰਮੇਵਾਰੀ ਆਈ ਹੈ ਤੇ ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਇਸ ਕਰਕੇ ਦਿੱਤੀ ਗਈ ਹੈ ਤਾਂ ਜੋ ਉਹ ਆਪਣੇ ਆਉਣ ਵਾਲੇ ਜੀਵਨ ਲਈ ਤਿਆਰ ਹੋ ਸਕਣ। ਉਨ੍ਹਾਂ ਦਾ ਹੌਸਲਾ ਵਧਾਉਣ ਲਈ ਮੈਨੇਜਮੈਂਟ ਵੱਲੋਂ ਪ੍ਰਧਾਨ ਮਨਜੋਤ ਕੁਮਾਰ ਤੇ ਮੈਨੇਜਰ ਮਨਦੀਪ ਚੌਹਾਨ ਨੇ ਵਿਦਿਆਰਥੀਆਂ ਨੂੰ ਬੈਜ ਲਗਾਏ ਤੇ ਪ੍ਰਾਪਤ ਕੀਤੇ ਅਹੁਦਿਆਂ ਦੀ ਵਧਾਈ ਦਿੱਤੀ। ਗੁਰਸ਼ਰਨ ਸਿੰਘ 12ਵੀਂ ਕਲਾਸ ਦੇ ਵਿਦਿਆਰਥੀ ਨੂੰ ਹੈੱਡ ਬੁਆਏ ਤੇ ਨਵਦੀਪ ਕੌਰ ਨੂੰ ਹੈੱਡ ਗਰਲ ਵਜੋਂ ਨਿਯੁਕਤ ਕੀਤਾ ਗਿਆ। ਇਸ ਦੇ ਨਾਲ ਹੀ ਚਾਰੋ ਹਾਊਸਾਂ ਲਈ ਕੈਪਟਨ, ਵਾਇਸ ਕੈਪਟਨ, ਪ੍ਰੀਫਿਕਟਸ ਆਦਿ ਦੀ ਚੋਣ ਕੀਤੀ ਗਈ। ਪ੍ਰਿੰਸੀਪਲ ਨਵਨੀਤ ਚੌਹਾਨ ਨੇ ਇਸ ਨਵੀਂ ਬਣੀ ਕੌਂਸਲ ਨੂੰ ਵਧਾਈ ਦਿੱਤੀ। ਮੰਚ ਦਾ ਸੰਚਾਲਨ ਐਕਟੀਵਿਟੀ ਇੰਚਾਰਜ ਮੈਡਮ ਸਤਿੰਦਰਪਾਲ ਕੌਰ ਨੇ ਕੀਤਾ। ਪ੍ਰਬੰਧਕੀ ਕਮੇਟੀ ਵੱਲੋਂ ਪ੍ਰਧਾਨ ਮਨਜੋਤ ਕੁਮਾਰ, ਚੇਅਰਮੈਨ ਬਲਦੇਵ ਬਾਵਾ, ਮੈਨੇਜਿੰਗ ਡਾਇਰੈਕਟਰ ਸੁਖਵਿੰਦਰ ਸਿੰਘ ਛਾਬੜਾ, ਮੈਨੇਜਰ ਮਨਦੀਪ ਚੌਹਾਨ ਨੇ ਚੁਣੇ ਹੋਏ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਉਮੀਦ ਜਤਾਈ ਕਿ ਉਨ੍ਹਾਂ ਨੂੰ ਜੋ ਜ਼ਿੰਮੇਵਾਰੀ ਦਿੱਤੀ ਗਈ ਹੈ, ਉਸ ਨੂੰ ਪੂਰਾ ਕਰਨਗੇ ਤੇ ਆਪਣੇ ਆਪ ਨੂੰ ਭਵਿੱਖ ਦਾ ਜ਼ਿੰਮੇਵਾਰ ਨਾਗਰਿਕ ਬਣਾਉਣਗੇ। ਇਸ ਮੌਕੇ ਚਾਰੋ ਹਾਊਸਾਂ ਦੇ ਇੰਚਾਰਜ ਮੈਡਮ ਬਲਜੀਤ ਕੌਰ, ਅੰਜੂ ਬਾਲਾ, ਕਰਮਜੀਤ ਸੰਗਰਾਉ, ਅਮਨਦੀਪ ਕੌਰ ਆਦਿ ਤੋਂ ਇਲਾਵਾ ਜਗਦੀਪ ਸਿੰਘ, ਲਖਵੀਰ ਸਿੰਘ ਵੀ ਹਾਜ਼ਰ ਸਨ।

# ਪਤੀ ਵੱਲੋਂ ਪਾਏ ਤੇਜ਼ਾਬ ਨਾਲ ਪਤਨੀ ਦੀ ਪੀ ਜੀ ਆਈ 'ਚ ਮੌਤ

**ਪਾਤੜਾਂ, (ਨਿਸ਼ਾਨ ਸਿੰਘ ਬਣਵਾਲਾ)**- ਪਤੀ ਵੱਲੋਂ ਤੇਜ਼ਾਬ ਪਾ ਕੇ ਸੜੀ ਔਰਤ ਦੀ ਪੀ ਜੀ ਆਈ ਹਸਪਤਾਲ ਚੰਡੀਗੜ੍ਹ ਵਿੱਚ ਮੌਤ ਹੋ ਗਈ ਹੈ, ਪਾਤੜਾਂ ਪੁਲਸ ਨੇ ਪਹਿਲਾਂ ਤੋਂ ਦਰਜ ਕੇਸ ਦੀਆਂ ਧਾਰਾਵਾਂ ਵਿੱਚ ਵਾਧਾ ਕਰਕੇ ਮ੍ਰਿਤਕ ਔਰਤ ਦੇ ਪਤੀ ਨੂੰ ਗ੍ਰਿਫਤਾਰ ਕਰ ਲਿਆ ਹੈ। ਪੋਸਟਮਾਰਟਮ ਕਰਵਾਉਣ ਮਗਰੋਂ ਮ੍ਰਿਤਕ ਦੀ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ ਹੈ।

ਥਾਣਾ ਪਾਤੜਾਂ ਦੇ ਮੁਖੀ ਹਰਮਨਪ੍ਰੀਤ ਸਿੰਘ ਚੀਮਾ ਨੇ ਦੱਸਿਆ ਕਿ ਬਲਜੀਤ ਕੌਰ ਨੇ ਆਪਣੇ ਬਿਆਨਾਂ ਰਾਹੀਂ ਦੱਸਿਆ ਕਿ ਉਸ ਦਾ ਪਤੀ ਨਸ਼ਿਆਂ ਦਾ ਆਦੀ ਹੋਣ ਕਰਕੇ ਉਸ ਦੀ ਕੁੱਟਮਾਰ ਕਰਦਾ ਰਹਿੰਦਾ ਹੈ, ਜਿਸ ਬਾਰੇ ਉਸ ਨੇ ਆਪਣੇ ਪੇਕਾ ਪਰਿਵਾਰ ਨੂੰ ਪਹਿਲਾਂ ਤੋਂ ਹੀ ਦੱਸਿਆ ਹੋਇਆ ਸੀ, ਕਿਉਂਕਿ ਉਹ ਅਕਸਰ ਉਸ ਨੂੰ ਤੇਜ਼ਾਬ ਪਾ ਕੇ ਮਾਰ ਦੇਣ ਦੀਆਂ ਧਮਕੀਆਂ ਦਿੰਦਾ ਰਹਿੰਦਾ ਸੀ। ਉਨ੍ਹਾਂ ਦੱਸਿਆ ਕਿ 6 ਜੁਲਾਈ ਨੂੰ ਜਦੋਂ ਉਸ ਦੇ ਬੱਚੇ ਰਮਨਦੀਪ ਕੌਰ, ਕੁਲਦੀਪ ਕੌਰ ਤੇ ਲੜਕਾ ਮਨਜੀਤ ਸਿੰਘ ਵੱਖ-ਵੱਖ ਸੁੱਤੇ ਪਏ ਸਨ, ਉਸ ਸਮੇਂ ਉਸ ਦੇ ਪਤੀ ਨੇ ਉਸ ਨੂੰ ਮਾਰਨ ਦੀ ਨੀਅਤ ਨਾਲ ਉਸ 'ਤੇ ਤੇਜ਼ਾਬ ਪਾ ਦਿੱਤਾ ਸੀ। ਇਸ ਘਟਨਾ ਤੋਂ ਬਾਅਦ ਉਸ ਦੀ ਵੱਡੀ ਧੀ ਰਮਨਦੀਪ ਕੌਰ ਨੇ ਉਸ ਨੂੰ ਤੇਜ਼ਾਬ ਨਾਲ ਹਾਲੋ ਬੇਹਾਲ ਹੋਈ ਨੂੰ ਪਾਤੜਾਂ ਦੇ ਇੱਕ ਨਿੱਜੀ ਹਸਪਤਾਲ ਤੋਂ ਮੁੱਢਲੀ ਸਹਾਇਤਾ ਦਿਵਾਉਣ ਉਪਰੰਤ ਰਜਿੰਦਰਾ ਹਸਪਤਾਲ ਪਟਿਆਲਾ 'ਚ ਦਾਖਲ ਕਰਵਾਇਆ। ਉਥੇ ਹਾਲਤ ਜ਼ਿਆਦਾ ਵਿਗੜ ਜਾਣ 'ਤੇ ਡਾਕਟਰਾਂ ਨੇ ਉਸ ਨੂੰ ਪੀ ਜੀ ਆਈ ਚੰਡੀਗੜ੍ਹ ਰੈਫਰ ਕਰ ਦਿੱਤਾ ਸੀ, ਜਿੱਥੇ ਬਲਜੀਤ ਕੌਰ ਦੀ ਮੌਤ ਹੋ ਗਈ ਹੈ। ਮ੍ਰਿਤਕਾ ਦੇ ਪਤੀ ਬੂਟਾ ਸਿੰਘ ਖਿਲਾਫ ਪਹਿਲਾਂ ਤੋਂ ਦਰਜ ਕੇਸ ਦੀਆਂ ਧਾਰਾਵਾਂ ਵਿੱਚ ਵਾਧਾ ਕਰਕੇ ਬੂਟਾ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ। ਮੁਲਜ਼ਮ ਨੂੰ ਅਦਾਲਤ 'ਚ ਪੇਸ਼ ਕਰਕੇ ਹੋਰ ਪੁੱਛਗਿੱਛ ਲਈ ਰਿਮਾਂਡ ਲਿਆ ਜਾਵੇਗਾ।

## ਕਾਤਰਾਂ

### ਸਿੱਧੂ ਕਲੋਥ ਸਟੋਰ 'ਚ ਗੁੰਡਾਗਰਦੀ, ਰਾੜਾਂ ਤੇ ਕਿਰਪਾਨਾਂ ਨਾਲ ਹਮਲਾ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)** ਨਗਰ ਪਾਲਿਕਾ ਚੌਕ ਵਿਖੇ ਐਸ ਸਿੱਧੂ ਕਲਾਥ ਸਟੋਰ ਵਿੱਚ ਕਰੀਬ ਅੱਧੀ ਦਰਜਨ ਗੁੰਡਾ ਅਨਸਰ ਵੱਲੋਂ ਗੰਡਾਸੇ, ਕਿਰਪਾਨਾਂ ਨਾਲ ਹਮਲਾ ਕਰ ਦਿੱਤਾ, ਜਿਸ ਵਿੱਚ ਦੁਕਾਨ 'ਤੇ ਕੰਮ ਕਰਦੀ ਮਹਿਲਾ ਕ੍ਰਮਚਾਰੀ ਨੂੰ ਸੱਟਾਂ ਲੱਗੀਆਂ। ਦੁਕਾਨ ਦੇ ਮਾਲਕ ਹਰਜੀਤ ਸਿੰਘ ਸਿੱਧੂ ਨੇ ਦੱਸਿਆ ਕੀ ਉਸ ਦਾ ਭਾਣਜਾ ਦਿਲਬਰ ਸਿੰਘ ਐੱਸ ਆਰਐੱਸ ਸਕੂਲ ਵਿੱਚ ਪੜ੍ਹਦਾ ਹੈ, ਜਿਸ ਨੂੰ ਸਕੂਲ ਤੋਂ ਵਾਪਸ ਆਉਂਦੇ ਸਮੇਂ ਹਮਲਾਵਰ ਨੌਜਵਾਨ ਰੋਕ ਕੇ ਨਸ਼ਾ ਕਰਨ ਲਈ ਮਜਬੂਰ ਕਰਦੇ ਸਨ, ਜਿਸ ਦਾ ਮੇਰਾ ਭਾਣਜਾ ਵਿਰੋਧ ਕਰਦਾ ਸੀ। ਮੇਰੇ ਭਾਣਜੇ ਨੇ ਇਹ ਗੱਲ ਸਾਨੂੰ ਦੱਸੀ ਤਾਂ ਅਸੀਂ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਨੂੰ ਉਲਾਂਭਾ ਦੇਣ ਗਏ ਸੀ। ਇਸ ਸੰਬੰਧੀ ਥਾਣਾ ਸਦਰ ਸਮਾਣਾ ਵਿਖੇ ਇਤਲਾਹ ਵੀ ਦਿੱਤੀ ਸੀ, ਪ੍ਰੰਤੂ ਪੁਲਸ ਨੇ ਕੋਈ ਕਾਰਵਾਈ ਨਹੀਂ ਕੀਤੀ। ਉਨ੍ਹਾਂ ਹੁੱਲੜਬਾਜ਼ਾਂ ਨੇ ਮੇਰੀ ਦੁਕਾਨ 'ਤੇ ਗੰਡਾਸਿਆਂ ਕਿਰਪਾਨਾਂ ਨਾਲ ਹਮਲਾ ਕਰ ਦਿੱਤਾ। ਹਮਲੇ ਦੀਆਂ ਫੋਟੋਆਂ, ਵੀਡੀਓ, ਸੀ ਸੀ ਟੀ ਵੀ ਕੈਮਰਿਆਂ 'ਤੇ ਵੇਖੀਆਂ ਜਾ ਸਕਦੀਆਂ ਹਨ। ਸਿੱਧੂ ਨੇ ਕਿਹਾ ਕਿ ਇਸ ਦੀ ਸ਼ਿਕਾਇਤ ਥਾਣਾ ਸਿਟੀ ਵਿਖੇ ਦਰਜ ਕਰਾ ਦਿੱਤੀ ਹੈ।

### ਤੁਲਸੀ ਦੇ ਪੌਦੇ ਵੰਡੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਸਟਰੀਮ ਲਾਈਨ ਵੈੱਲਫੇਅਰ ਸੁਸਾਇਟੀ ਨੇ ਡਾਕਟਰ ਦੀਵਾਨ ਚੰਦ ਸੁਖੀਜਾ ਚੇਅਰਮੈਨ ਤੇ ਹਰਭਗਵਾਨ ਕੰਬੋਜ ਪ੍ਰਧਾਨ ਦੀ ਅਗਵਾਈ ਵਿੱਚ 50 ਤੁਲਸੀ ਦੇ ਪੌਦੇ ਮਾਤਾ ਚਿੰਤਪੁਰਨੀ ਮੰਦਿਰ ਰਿਖੀ ਕਲੋਨੀ ਵਿਖੇ ਵੰਡੇ ਤੇ ਆਏ ਲੋਕਾਂ ਦੀ ਸ਼ੂਗਰ ਚੈੱਕ ਕੀਤੀ। ਦੀਵਾਨ ਚੰਦ ਸੁਖੀਜਾ ਨੇ ਸ਼ੂਗਰ ਦਾ ਪ੍ਰਹੇਜ, ਇਲਾਜ ਲਈ ਤੁਲਸੀ ਦੀ ਮਹੱਤਤਾ ਬਾਰੇ ਦੱਸਿਆ। ਇਸ ਮੌਕੇ ਰਾਮ ਕਿਸ਼ੋਰ ਕੋਆਰਡੀਨੇਟਰ ਆਪਣੀ ਸਮੇਤ ਆਏ। ਇਸ ਮੌਕੇ ਦਲੀਪ ਕੁਮਾਰ ਤੇ ਮੰਦਿਰ ਦੇ ਪੁਜਾਰੀ ਸਮੇਤ ਹੋਰ ਵੀ ਮੁਹੱਲਾ ਨਿਵਾਸੀ ਹਾਜ਼ਰ ਸਨ।

### ਮੇਲਾ ਤੀਆਂ ਦਾ ਸੱਭਿਆਚਾਰਕ ਪ੍ਰੋਗਰਾਮ 12 ਨੂੰ

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਪੂਜਾ)** : ਪੰਜਾਬੀ ਸੱਭਿਆਚਾਰ ਨੂੰ ਉੱਚਾ ਚੁੱਕਣ ਤੇ ਔਰਤਾਂ/ਲੜਕੀਆਂ 'ਚ ਛੁਪੀਆਂ ਕੋਮਲ ਕਲਾਵਾਂ ਨੂੰ ਵਿਕਸਤ ਕਰਨ ਦੇ ਮਕਸਦ ਨਾਲ 'ਮੇਲਾ ਤੀਆਂ ਦਾ' ਸੱਭਿਆਚਾਰਕ ਪ੍ਰੋਗਰਾਮ 12 ਅਗਸਤ ਨੂੰ ਸਥਾਨਕ ਸਿਟੀ ਹੋਟਲ ਵਿਖੇ ਕਰਵਾਇਆ ਜਾਵੇਗਾ। ਉਕਤ ਪ੍ਰੋਗਰਾਮ ਸਮੇਂ ਇੰਦਰਜੀਤ ਕੌਰ ਐੱਮ. ਸੀ. ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ, ਜਦੋਂਕਿ ਸੇਵਾ ਮੁਕਤ ਮੁੱਖ ਅਧਿਆਪਕਾ ਬਿਮਲਾ ਢੋਸੀਵਾਲ ਸਮਾਰੋਹ ਸਮੇਂ ਬਤੌਰ ਵਿਸ਼ੇਸ਼ ਮਹਿਮਾਨ ਸ਼ਿਰਕਤ ਕਰਨਗੇ। ਜਾਣਕਾਰੀ ਦਿੰਦੇ ਹੋਏ ਉਕਤ ਪ੍ਰੋਗਰਾਮ ਆਯੋਜਕ ਰੇਨੂੰ ਗਿਰਧਰ ਨੇ ਦੱਸਿਆ ਕਿ ਪ੍ਰੋਗਰਾਮ ਦੌਰਾਨ ਮੁਕਾਬਲੇ 'ਚ ਓਵਰ ਆਲ ਵਿਜੇਤਾ ਨੂੰ 'ਤੀਆਂ ਦੀ ਰਾਣੀ' ਦਾ ਖਿਤਾਬ ਦਿੱਤਾ ਜਾਵੇਗਾ। ਉਨ੍ਹਾ ਮੁਕਾਬਲੇ 'ਚ ਭਾਗ ਲੈਣ ਤੇ ਰਜਿਸਟ੍ਰੇਸ਼ਨ ਕਰਾਉਣ ਲਈ ਔਰਤਾਂ/ਲੜਕੀਆਂ ਨੂੰ ਅਪੀਲ ਕੀਤੀ।

### ਹੈਪੇਟਾਈਟਸ ਦਿਵਸ ਮਨਾਇਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਸਿਵਲ ਸਰਜਨ ਫਿਰੋਜ਼ਪੁਰ ਡਾਕਟਰ ਰਜਿੰਦਰਪਾਲ ਤੇ ਜ਼ਿਲ੍ਹਾ ਐਪੀਡਿਮਾਲੋਜਿਸਟ ਡਾਕਟਰ ਯੁਵਰਾਜ ਨਾਰੰਗ ਤੇ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਜਸਲੀਨ ਗਿੱਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਬ ਸੈਂਟਰ ਬਾਜ਼ੀਦਪੁਰ ਵਿਖੇ ਵਿਸ਼ਵ ਹੈਪੇਟਾਈਟਸ ਦਿਵਸ ਮਨਾਇਆ ਗਿਆ, ਜਿਸ ਵਿੱਚ ਰਮੇਸ਼ ਸੋਨੀ ਸਿਹਤ ਵਿਭਾਗ ਨੇ ਆਏ ਹੋਏ ਲੋਕਾਂ ਨੂੰ ਹੈਪਾਟਾਈਟਸ ਬਾਰੇ ਜਾਣਕਾਰੀ ਦਿੱਤੀ।ਇਸ ਡਾਕਟਰ ਗਰੋਵਰ, ਨੇਹਾ ਭੰਡਾਰੀ, ਬਲਜਿੰਦਰ ਕੌਰ, ਕੁਲਵਿੰਦਰ ਕੌਰ, ਪ੍ਰਭਾਹਤ ਬਜਾਜ, ਸੋਨੀਆ ਸਮੂਹ ਸਟਾਫ ਤੇ ਬੱਚੇ ਹਾਜ਼ਰ ਸਨ।

### ਰਤਨ ਕੁਮਾਰ ਮੰਗੂ ਭਾਜਪਾ ਮੰਡਲ ਦਾ ਮੁੜ ਪ੍ਰਧਾਨ ਨਿਯੁਕਤ



**ਲੌਂਗੋਵਾਲ (ਸੱਪਲ, ਅੱਤਰੀ)**-ਭਾਜਪਾ ਦੇ ਸੀਨੀਅਰ ਆਗੂ ਰਤਨ ਕੁਮਾਰ ਮੰਗੂ ਨੂੰ ਹਾਈਕਮਾਨ ਵੱਲੋਂ ਭਾਜਪਾ ਮੰਡਲ ਲੌਂਗੋਵਾਲ ਦਾ ਦੁਬਾਰਾ 3 ਸਾਲ ਲਈ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੀ ਨਿਯੁਕਤੀ 'ਤੇ ਡਾ. ਕੇਵਲ ਚੰਦ ਧੌਲਾ, ਕੇਵਲ ਸ਼ਰਮਾ, ਵਿਜੈ ਗੋਇਲ, ਕੁਲਦੀਪ ਮੰਗਲਾ, ਤਰਸੇਮ ਚੰਦ ਭੋਲਾ ਤੇ ਪਵਨ ਕੁਮਾਰ ਤਾਇਲ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ।

### ਸਾਬਕਾ ਫੌਜੀ ਰੋਹੀ ਸਿੰਘ ਵੱਲੋਂ ਧਿੰਗੜ ਸਕੂਲ ਨੂੰ ਪੱਖੇ ਦਾਨ

**ਮਾਨਸਾ (ਪਮਾਰ)** ਸਾਬਕਾ ਫੌਜੀ ਰੋਹੀ ਸਿੰਘ ਸਪੁੱਤਰ ਸਵ. ਗੁਰਬਚਨ ਸਿੰਘ ਵਾਸੀ ਧਿੰਗੜ ਜ਼ਿਲ੍ਹਾ ਮਾਨਸਾ ਨੇ ਆਪਣੇ ਪਿਤਾ ਦੀ ਯਾਦ ਵਿੱਚ ਸਰਕਾਰੀ ਹਾਈ ਸਕੂਲ ਧਿੰਗੜ ਨੂੰ ਪੰਜ ਪੱਖੇ ਦਾਨ ਕੀਤੇ ਹਨ। ਉਨ੍ਹਾਂ ਦੀ ਹਮੇਸ਼ਾ ਕੋਸ਼ਿਸ਼ ਹੁੰਦੀ ਹੈ ਕਿ ਲੋੜਵੰਦ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਸਹੂਲਤਾਂ ਦਿੱਤੀਆਂ ਜਾਣ, ਜਿਸ ਕਰਕੇ ਉਹ ਸਮੇਂ ਸਮੇਂ ਵੱਖ-ਵੱਖ ਮੁਸ਼ਕਲਾਂ ਦਾ ਹੱਲ ਕਰਦੇ ਰਹਿੰਦੇ ਹਨ। ਹੈੱਡ ਮਿਸਟ੍ਰੈਸ ਰਾਧਾ ਰਾਣੀ ਨੇ ਇਸ ਨੇਕ ਕਾਰਜ ਲਈ ਸਾਬਕਾ ਫੌਜੀ ਰੋਹੀ ਸਿੰਘ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਗਰਮੀਆਂ ਦੇ ਇਸ ਸੀਜ਼ਨ ਦੌਰਾਨ ਸੱਚਮੁੱਚ ਉਨ੍ਹਾਂ ਦੇ ਵਿਦਿਆਰਥੀਆਂ ਨੂੰ ਪੱਖਿਆਂ ਦੀ ਲੋੜ ਸੀ, ਜਿਸ ਕਾਰਨ ਉਨ੍ਹਾਂ ਨੂੰ ਹੁਣ ਗ਼ਰਮੀ ਤੋਂ ਰਾਹਤ ਮਿਲੇਗੀ। ਚੇਅਰਮੈਨ ਕ੍ਰਿਸ਼ਨ ਸਿੰਘ, ਗੁਰਮਨਦੀਪ ਅੰਗਰੇਜ਼ੀ ਮਿਸਟ੍ਰੈਸ ਕੌਰ, ਰੀਤੂ ਬਜਾਜ ਮੈਥ ਮਿਸਟ੍ਰੈਸ, ਰਮਨਪ੍ਰੀਤ ਕੌਰ ਵਿਗਿਆਨ ਮਿਸਟ੍ਰੈਸ, ਸੁਰਜੀਤ ਸਿੰਘ ਪੀ.ਟੀ.ਆਈ.ਤੇ ਗੁਰਕੀਰਤ ਸਿੰਘ ਕੰਪਿਊਟਰ ਫੈਕਲਟੀ ਨੇ ਵੀ ਸਾਬਕਾ ਫੌਜੀ ਰੋਹੀ ਸਿੰਘ ਦਾ ਧੰਨਵਾਦ ਕੀਤਾ।

## ਲੱਖੇਵਾਲੀ ਸਕੂਲ ਨੂੰ ਕੈਬਨਿਟ ਮੰਤਰੀ ਵੱਲੋਂ ਆਰ ਓ ਸਿਸਟਮ ਭੇਟ



**ਮੁਕਤਸਰ (ਸ਼ਮਿੰਦਰਪਾਲ/ਪੂਜਾ)**-ਸਰਕਾਰੀ ਕੰਨਿਆ ਸੈਕੰਡਰੀ ਸਮਾਰਟ ਸਕੂਲ ਲੱਖੇਵਾਲੀ ਵਿਖੇ ਮਾਨਯੋਗ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਸਮਾਜਿਕ ਨਿਆਂ ਘੱਟ ਗਿਣਤੀ ਇਸਤਰੀ ਤੇ ਬਾਲ ਵਿਕਾਸ ਮੰਤਰੀ ਦੁਆਰਾ ਭੇਟ ਕੀਤੇ ਗਏ ਆਰ ਓ ਸਿਸਟਮ ਦਾ ਉਦਘਾਟਨ ਸ੍. ਸਿਮਰਜੀਤ ਸਿੰਘ ਬਰਾੜ ਬਲਾਕ ਪ੍ਰਧਾਨ ਲੱਖੇਵਾਲੀ ਵੱਲੋਂ ਕੀਤਾ ਗਿਆ। ਇਸ ਸਮੇਂ ਸਕੂਲ ਦੇ ਪ੍ਰਿੰਸੀਪਲ ਦੀਪਕ ਬਾਂਸਲ ਨੇ ਮਾਨਯੋਗ ਮੰਤਰੀ ਸਾਹਿਬ ਦਾ ਧੰਨਵਾਦ ਕੀਤਾ ਤੇ ਬਲਾਕ ਪ੍ਰਧਾਨ ਸਿਮਰਜੀਤ ਸਿੰਘ ਬਰਾੜ, ਉਨ੍ਹਾਂ ਦੀ ਸਮੁੱਚੀ ਟੀਮ ਤੇ ਗੁਰਸ਼ਰਨ ਸਿੰਘ ਦੀ ਇਹ ਆਰ ਓ ਸਿਸਟਮ ਨੂੰ ਲਵਾਉਣ ਲਈ ਕੀਤੇ ਵਿਸ਼ੇਸ਼ ਉਪਰਾਲਿਆਂ ਦੀ ਸ਼ਲਾਘਾ ਕੀਤੀ। ਪ੍ਰਿੰਸੀਪਲ ਦੀਪਕ ਬਾਂਸਲ ਨੇ ਦੱਸਿਆ ਕਿ ਇਸ ਸਕੂਲ ਵਿੱਚ ਲਗਭਗ ਪੱਚੀ ਪਿੰਡਾਂ ਦੀਆਂ ਬੱਚੀਆਂ ਪੜ੍ਹਦੀਆਂ ਹਨ, ਜਿਨ੍ਹਾਂ ਦੀ ਗਿਣਤੀ ਲਗਭਗ 825 ਹੈ। ਸਕੂਲ ਦੀਆਂ ਵਿਦਿਆਰਥਣਾਂ ਲਈ ਪੀਣ ਵਾਲੇ ਪਾਣੀ ਦੀ ਜ਼ਰੂਰਤ ਨੂੰ ਪੂਰਾ ਕਰਨ ਲਈ ਇਹ ਆਰ.ਓ. ਸਿਸਟਮ ਬਹੁਤ ਜ਼ਰੂਰੀ ਸੀ। ਇਸ ਮੌਕੇ ਪਿੰਡ ਦੇ ਪਤਵੰਤੇ ਸੱਜਣ ਗੁਰਮੀਤ ਸਿੰਘ, ਸੇਵਕ ਸਿੰਘ, ਵੀਰ ਸਿੰਘ, ਅੰਗਰੇਜ ਸਿੰਘ, ਗੁਰਪ੍ਰੀਤ ਸਿੰਘ, ਜਗਪ੍ਰੀਤ ਸਿੰਘ, ਜਸ਼ਨ, ਜਸਵਿੰਦਰ ਸਿੰਘ ਤੇ ਸਕੂਲ ਸਟਾਫ ਲੈਕਚਰਾਰ ਅਨੀਸ਼ ਦੂਮੜਾ, ਅਮਨਦੀਪ, ਪ੍ਰੇਮ ਸਿੰਘ, ਸ਼ੁਭਮ ਅਰੋੜਾ, ਹਰਮੰਦਰ ਸਿੰਘ, ਰਕੇਸ਼ ਕੁਮਾਰ ਤੇ ਕੁਲਵੰਤ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਰੋਟਰੀ ਕਲੱਬ ਨਾਭਾ ਨੇ 200 ਦੇ ਕਰੀਬ ਪੌਦੇ ਲਗਾਏ

**ਨਾਭਾ (ਵਰਿੰਦਰ ਵਰਮਾ)**-ਰੋਟਰੀ ਕਲੱਬ ਨਾਭਾ ਪ੍ਰਧਾਨ ਦਰਸ਼ਨ ਸਿੰਘ ਬੁੱਟਰ ਤੇ ਪ੍ਰੋਜੈਕਟ ਚੇਅਰਮੈਨ ਜੀਵਨ ਪ੍ਰਕਾਸ ਬਾਂਸਲ ਦੀ ਅਗਵਾਈ ਵਿੱਚ ਭਾਈ ਕਾਹਨ ਸਿੰਘ ਲਾਇਬ੍ਰੇਰੀ, ਸਕੂਲਾਂ ਤੇ ਵੱਖ ਵੱਖ ਥਾਵਾਂ 'ਤੇ 200 ਦੇ ਕਰੀਬ ਫਲਦਾਰ ਤੇ ਹਵਾਦਾਰ ਪੌਦੇ ਲਗਾਏ ਗਏ। ਇਸ ਮੌਕੇ ਜੀਵਨ ਪ੍ਰਕਾਸ ਬਾਂਸਲ ਤੇ ਦਰਸ਼ਨ ਸਿੰਘ ਬੁੱਟਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਡਾ ਵਾਤਾਵਰਣ ਮਨੁੱਖੀ ਗ਼ਲਤੀਆਂ ਕਰਕੇ ਬਹੁਤ ਪਲੀਤ ਹੋ ਗਿਆ ਹੈ, ਜਿਸ ਕਰਕੇ ਸਾਡਾ ਫ਼ਰਜ਼ ਬਣਦਾ ਹੈ ਕਿ ਇਸ ਨੂੰ ਸਾਫ਼ ਸੁਥਰਾ ਬਣਾਉਣ ਲਈ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਉਨ੍ਹਾ ਕਿਹਾ ਕਿ ਇਸ ਦਿਵਸ ਨੂੰ ਮਨਾਉਣ ਦਾ ਮੁੱਖ ਮਕਸਦ ਧਰਤੀ 'ਤੇ ਰਹਿ ਰਹੇ ਲੋਕਾਂ ਨੂੰ ਵਾਤਾਵਰਣ ਪ੍ਰਤੀ ਤੇ ਪ੍ਰਦੂਸ਼ਣ ਦੇ ਮਾੜੇ ਪ੍ਰਭਾਵਾਂ ਸਬੰਧੀ ਜਾਗਰੂਕ ਕਰਨਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੇ ਤੇ ਬੱਚਿਆਂ ਦੇ ਜਨਮ ਦਿਨ ਮੌਕੇ ਪੌਦੇ ਜ਼ਰੂਰ ਲਗਾਉਣੇ ਚਾਹੀਦੇ ਹਨ। ਇਸ ਮੌਕੇ ਸਮਾਜ ਸੇਵੀ ਦਲਜੀਤ ਸਿੰਘ ਸੰਧੂ, ਸਾਬਕਾ ਸਿਵਲ ਸਰਜਨ ਡਾਕਟਰ ਆਈ ਡੀ ਗੋਇਲ, ਸਾਬਕਾ ਪ੍ਰਧਾਨ ਐਡਵੋਕੇਟ ਭਾਰਤ ਭੂਸ਼ਨ ਜੈਨ, ਦਰਸ਼ਨ ਅਰੋੜਾ, ਅਸ਼ੋਕ ਕਿੰਗਰ, ਅਨਿਲ ਰਾਣਾ, ਹਰਪ੍ਰੀਤ ਸਿੰਘ, ਸ਼ਸ਼ੀ ਜਿੰਦਲ, ਰਾਜੇਸ਼ ਕੁਮਾਰ ਅਰੋੜਾ, ਸਿਕੰਦਰ ਪ੍ਰਤਾਪ ਸਿੰਘ, ਰਵਨੀਸ਼ ਗੋਇਲ, ਨਿਤਿਨ ਗੁਪਤਾ, ਜੇ ਪੀ ਗੁਪਤਾ, ਸੰਜੇ ਬਾਂਸਲ, ਪ੍ਰੀਤਮ ਸਿੰਘ ਬੱਤਰਾ, ਸਸੀ ਜਿੰਦਲ, ਭਰਤ ਲਾਲ ਜਜੀ ਆਦਿ ਮੈਂਬਰ ਹਾਜ਼ਰ ਸਨ।




## ਬਲੌਜ਼ਮਜ਼ ਦੇ ਵਿਦਿਆਰਥੀਆਂ ਨੇ ਕੀਤੀ ਸਿੱਕਿਆਂ ਨਾਲ ਗਤੀਵਿਧੀ



**ਜਗਰਾਉਂ (ਅਮਿਤ ਖੰਨਾ, ਸੰਜੀਵ ਅਰੋੜਾ)**-ਬਲੌਜ਼ਮਜ਼ ਕਾਨਵੈਂਟ ਸਕੂਲ ਦੇ ਦੂਸਰੀ ਜਮਾਤ ਦੇ ਵਿਦਿਆਰਥੀਆਂ ਵੱਲੋਂ ਇੱਕ ਗਤੀਵਿਧੀ ਕੀਤੀ ਗਈ, ਜਿਸ ਵਿੱਚ ਉਨ੍ਹਾਂ ਨੂੰ ਸਿੱਕਿਆਂ ਦੀ ਪਹਿਚਾਣ ਕਰਨਾ ਸਿਖਾਇਆ ਗਿਆ, ਜਿਸ ਦੀ ਮਦਦ ਨਾਲ ਉਨ੍ਹਾਂ ਨੂੰ ਮੈਥ ਵਿਸ਼ੇ ਨਾਲ ਸੰਬੰਧਤ ਜੋੜ ਜਾਂ ਘਟਾਓ ਸੌਖੇ ਤਰੀਕੇ ਨਾਲ ਸਿਖਾਇਆ ਗਿਆ। ਇਸ ਗਤੀਵਿਧੀ ਨੂੰ ਬੱਚਿਆਂ ਨੇ ਬੜੀ ਹੀ ਪ੍ਰਸੰਨਤਾ ਨਾਲ ਪੂਰਾ ਕੀਤਾ ਤੇ ਉਨ੍ਹਾਂ ਨੂੰ ਗਣਿਤ ਵਰਗੇ ਵਿਸ਼ੇ ਵਿੱਚ ਵੀ ਮੁਹਾਰਤ ਹਾਸਲ ਕਰਨ ਵਿੱਚ ਮਦਦ ਮਿਲੀ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਅਮਰਜੀਤ ਕੌਰ ਨਾਜ਼ ਨੇ ਬੱਚਿਆਂ ਨੂੰ ਕਿਹਾ ਕਿ ਤੁਸੀਂ ਅਜਿਹੀਆਂ ਗਤੀਵਿਧੀਆਂ ਰਾਹੀਂ ਆਪਣੇ ਬਾਕੀ ਵਿਸ਼ਿਆਂ ਵਿੱਚ ਵੀ ਚੰਗੀ ਮੁਹਾਰਤ ਹਾਸਲ ਕਰ ਸਕਦੇ ਹੋ, ਜਿਸ ਨਾਲ ਬੱਚੇ ਪੜ੍ਹਾਈ ਦੇ ਵਿਸ਼ਿਆਂ ਵਿੱਚ ਚੰਗੇ ਨਤੀਜੇ ਹਾਸਲ ਕਰ ਸਕਦੇ ਹਨ। ਇਸ ਮੌਕੇ ਸਕੂਲ ਦੀ ਮੈਨੇਜਿੰਗ ਕਮੇਟੀ ਦੇ ਚੇਅਰਮੈਨ ਹਰਭਜਨ ਸਿੰਘ ਜੌਹਲ ਤੇ ਪ੍ਰੈਜ਼ੀਡੈਂਟ ਮਨਪ੍ਰੀਤ ਸਿੰਘ ਬਰਾੜ ਨੇ ਵੀ ਬੱਚਿਆਂ ਵੱਲੋਂ ਕੀਤੀਆਂ ਜਾਂਦੀਆਂ ਇਨ੍ਹਾਂ ਛੋਟੀਆਂ-ਛੋਟੀਆਂ ਗਤੀਵਿਧੀਆਂ ਦੀ ਤਾਰੀਫ਼ ਕਰਦੇ ਹੋਏ ਕਿਹਾ ਕਿ ਅਸੀਂ ਇਸੇ ਤਰ੍ਹਾਂ ਹੀ ਆਪਣੇ ਵੱਲੋਂ ਹਰ ਕੋਸ਼ਿਸ਼ ਕਰਦੇ ਰਹਾਂਗੇ ਕਿ ਬੱਚਿਆਂ ਨੂੰ ਆਪਣਾ ਮੁਕਾਮ ਹਾਸਲ ਕਰਨ ਵਿੱਚ ਕਿਸੇ ਕਿਸਮ ਦੀ ਕੋਈ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।

# ਆੜ੍ਹਤੀ ਐਸੋਸੀਏਸ਼ਨ ਦਾ ਵਫਦ ਖੇਤੀਬਾੜੀ ਮੰਤਰੀ ਨੂੰ ਮਿਲਿਆ

## ਪਾਤੜਾਂ 'ਚ ਅਨਾਜ ਮੰਡੀ ਬਣਾਉਣ ਦੀ ਕੀਤੀ ਮੰਗ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪਿਛਲੇ ਲੰਬੇ ਸਮੇਂ ਤੋਂ ਅਨਾਜ ਮੰਡੀ ਦੀ ਘਾਟ ਨਾਲ ਜੂਝ ਰਹੇ ਪਾਤੜਾਂ ਸ਼ਹਿਰ ਵਿੱਚ ਨਵੀਂ ਅਨਾਜ ਮੰਡੀ ਬਣਾਏ ਜਾਣ ਦੀ ਮੰਗ ਨੂੰ ਲੈ ਕੇ ਆੜ੍ਹਤੀ ਐਸੋਸੀਏਸ਼ਨ ਪਾਤੜਾਂ ਦਾ ਵਫਦ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਦੀ ਅਗਵਾਈ ਵਿੱਚ ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ ਮਿਲਿਆ।ਇਸ ਦੌਰਾਨ ਵਫਦ ਵਿੱਚ ਸ਼ਾਮਲ ਆੜ੍ਹਤੀ ਐਸੋਸੀਏਸ਼ਨ ਪਾਤੜਾਂ ਦੇ ਪ੍ਰਧਾਨ ਸੁਰਿੰਦਰ ਕੁਮਾਰ ਪੈਂਦ ਤੇ ਤੇਜਪਾਲ ਸ਼ਰਮਾ ਨੇ ਦੱਸਿਆ ਕਿ ਕਰੀਬ ਛੇ ਦਹਾਕੇ ਪਹਿਲਾਂ ਬਣੀ ਸ਼ਹਿਰ ਦੀ ਅਨਾਜ ਮੰਡੀ ਸਮੇਂ ਦੀਆਂ ਜ਼ਰੂਰਤਾਂ ਮੁਤਾਬਕ ਨਾ ਸਿਰਫ ਬਹੁਤ ਛੋਟੀ ਰਹਿ ਗਈ ਹੈ, ਸਗੋਂ ਸ਼ਹਿਰ ਦੇ ਵਿਚਕਾਰ ਆਉਣ ਕਰਕੇ ਵਪਾਰੀਆਂ ਤੇ ਫਸਲ ਲੈ ਕੇ ਆਉਣ ਵਾਲੇ ਕਿਸਾਨਾਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸੇਲਾ ਪਲਾਂਟ ਤੇ ਰਾਈਸ ਸੈਲਰਾਂ ਦੀ ਗਿਣਤੀ 'ਚ ਭਾਰੀ ਵਾਧਾ ਹੋਣ ਕਰਕੇ ਪਾਤੜਾਂ ਉੱਤਰੀ ਭਾਰਤ ਵਿੱਚ ਪ੍ਰਸਿੱਧ ਮੰਡੀ ਬਣ ਚੁੱਕਾ ਹੈ, ਪਰ ਬਦਕਿਸਮਤੀ ਦੀ ਗੱਲ ਹੈ ਕਿ ਪਿਛਲੀਆਂ ਸਰਕਾਰਾਂ ਵੱਲੋਂ ਵੱਡੇ ਪੱਧਰ ਉੱਤੇ ਲਗਾਏ ਗਏ ਲਾਰਿਆਂ ਦੇ ਬਾਵਜੂਦ ਮੰਡੀ ਬਣਾਉਣ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵੱਲੋਂ ਆਪਣੇ ਚੋਣ ਪ੍ਰਚਾਰ ਦੌਰਾਨ ਸਰਕਾਰ ਬਣਨ ਦੀ ਸੂਰਤ 'ਚ ਨਵੀਂ ਅਨਾਜ ਮੰਡੀ ਬਣਾਉਣ ਦਾ ਵਾਅਦਾ ਕੀਤਾ ਗਿਆ ਸੀ ਤੇ ਉਨ੍ਹਾਂ ਵੱਲੋਂ ਲਗਾਤਾਰ ਮੰਡੀ ਬਣਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਜਿਸ ਸਬੰਧੀ ਬਾਕਾਇਦਾ ਮੰਡੀਕਰਨ ਬੋਰਡ ਦੀਆਂ ਟੀਮਾਂ ਦੌਰਾ ਕਰਕੇ ਸਥਿਤੀ ਦਾ ਜਾਇਜ਼ਾ ਲੈ ਚੁੱਕੀਆਂ ਹਨ। ਉਨ੍ਹਾਂ ਦੱਸਿਆ ਕਿ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਆੜ੍ਹਤੀ ਐਸੋਸੀਏਸ਼ਨ ਦੀਆਂ ਮੰਗਾਂ ਨੂੰ ਬੜੇ ਧਿਆਨ ਨਾਲ ਸੁਣਿਆ ਤੇ ਜਲਦੀ ਨਵੀਂ ਅਨਾਜ ਮੰਡੀ ਬਣਾਉਣ ਦਾ ਭਰੋਸਾ ਦਿੱਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਕੇਸ਼ ਕੁਮਾਰ ਬਾਂਸਲ, ਸੁਰੇਸ਼ ਕੁਮਾਰ ਗਰਗ, ਵਿਨੋਦ ਕੁਮਾਰ, ਕੀਰਤੀ ਮੁੱਖ, ਦੇਵ ਰਾਜ ਸ਼ਰਮਾ ਤੇ ਮਨਵੀਰ ਸਿੰਘ ਸੰਧੂ ਆਦਿ ਹਾਜ਼ਰ ਹਨ।

# ਸੰਤ ਬਾਬਾ ਬੱਗੂ ਭਗਤ ਦੀ ਬਰਸੀ ਧਾਰਮਿਕ ਸ਼ਰਧਾ ਨਾਲ ਮਨਾਈ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਪੂਜਾ)**—ਸਥਾਨਕ ਗਾਂਧੀ ਨਗਰ ਸਥਿਤ ਡੇਰਾ ਸੰਤ ਬਾਬਾ ਬੱਗੂ ਭਗਤ, ਸਾਂਝਾ ਦਰਬਾਰ ਸੰਤ ਮੰਦਰ ਵਿਖੇ ਡੇਰਾ ਸੰਸਥਾਪਕ ਬ੍ਰਹਮ ਲੀਨ ਸੰਤ ਬਾਬਾ ਬੱਗੂ ਭਗਤ ਦੀ ਬਰਸੀ ਧਾਰਮਿਕ ਸ਼ਰਧਾ ਤੇ ਆਸਥਾ ਨਾਲ ਮਨਾਈ ਗਈ। ਡੇਰਾ ਗੱਦੀ ਨਸ਼ੀਨ ਪਰਮ ਸਤਿਕਾਰ ਯੋਗ ਭਗਤ ਸ਼ੰਮੀ ਚਾਵਲਾ (ਬਾਊ ਜੀ) ਦੇ ਦਿਸ਼ਾ ਨਿਰਦੇਸ਼ਾਂ ਤੇ ਅਗਵਾਈ ਹੇਠ ਹੋਏ ਧਾਰਮਿਕ ਸਮਾਰੋਹ ਦੌਰਾਨ ਡੇਰੇ ਦੇ ਸਥਾਨਕ ਸ਼ਰਧਾਲੂਆਂ ਤੋਂ ਇਲਾਵਾ ਬਰੀਵਾਲਾ, ਕੋਟਕਪੂਰਾ, ਜੈਤੋ, ਫਰੀਦਕੋਟ, ਫਾਜ਼ਿਲਕਾ, ਜਲਾਲਾਬਾਦ, ਸਿਰਸਾ, ਫਤਿਹਾਬਾਦ, ਚੰਡਗੀੜ੍ਹ, ਫਿਰੋਜ਼ਪੁਰ, ਮਲੋਟ ਤੇ ਗੋਬਿੰਦਗੜ੍ਹ ਤੋਂ ਇਲਾਵਾ ਪੰਜਾਬ ਦੇ ਕਈ ਹੋਰ ਸ਼ਹਿਰਾਂ ਤੋਂ ਸ਼ਰਧਾਲੂ ਸ਼ਾਮਲ ਹੋਏ। ਸਮਾਗਮ ਦੌਰਾਨ ਡੇਰੇ ਦੇ ਸਥਾਨਕ ਸ਼ਰਧਾਲੂਆਂ ਵੱਲੋਂ ਵੀ ਸ਼ਬਦ ਕੀਰਤਨ ਕੀਤਾ ਗਿਆ, ਜਦੋਂਕਿ ਪ੍ਰਸਿੱਧ ਸੂਫ਼ੀ ਗਾਇਕ ਬੰਟੀ ਕੱਵਾਲ ਐਂਡ ਪਾਰਟੀ ਨੇ ਸੰਗਤਾਂ ਨੂੰ ਸ਼ਬਦ ਭਜਨ ਕੀਰਤਨ ਨਾਲ ਨਿਹਾਲ ਕੀਤਾ। ਸਮਾਗਮ ਦੌਰਾਨ ਆਪਣੇ ਮੁਖਾਰਬਿੰਦ ਤੋਂ ਪ੍ਰਵਚਨਾਂ ਦੀ ਅੰਮ੍ਰਿਤ ਬਰਖਾ ਕਰਦੇ ਹੋਏ ਬਾਊ ਜੀ ਨੇ ਫਰਮਾਇਆ ਕਿ ਬ੍ਰਹਮਲੀਨ ਸੰਤ ਬਾਬਾ ਬੱਗੂ ਭਗਤ ਜੀ ਨੇ ਆਪਣਾ ਸਾਰਾ ਜੀਵਨ ਮਾਨਵਤਾ ਦੇ ਲੇਖੇ ਲਾਇਆ। ਸੰਗਤਾਂ ਨੂੰ ਪ੍ਰਮਾਤਮਾ ਦੇ ਨਾਮ ਨਾਲ ਜੋੜਿਆ। ਬਾਊ ਜੀ ਨੇ ਫਰਮਾਇਆ ਕਿ ਸੰਤਾਂ ਦੇ ਉਪਦੇਸ਼ ਸਮੁੱਚੀ ਮਾਨਵਤਾ ਲਈ ਭਲਾਈ ਦਾ ਸੰਦੇਸ਼ ਹੁੰਦੇ ਹਨ। ਇਨ੍ਹਾਂ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਹੀ ਆਪਣਾ ਜੀਵਨ ਸਫਲ ਬਣਾਇਆ ਜਾ ਸਕਦਾ ਹੈ। ਸਮਾਗਮ ਦੇ ਅੰਤ ਵਿੱਚ ਬਾਊ ਜੀ ਵੱਲੋਂ ਸਭਨਾਂ ਦੇ ਭਲੇ ਤੇ ਇਲਾਕੇ ਦੀ ਸੁੱਖ ਸ਼ਾਂਤੀ ਲਈ ਅਰਦਾਸ ਕੀਤੀ ਗਈ। ਸਮਾਗਮ ਦੀ ਸਮਾਪਤੀ ਉਪਰੰਤ ਸੰਤਾਂ ਦੀ ਯਾਦ ਵਿੱਚ ਸੰਗਤਾਂ ਲਈ ਵਿਸ਼ੇਸ਼ ਭੰਡਾਰੇ (ਲੰਗਰ) ਦਾ ਪ੍ਰਬੰਧ ਵੀ ਕੀਤਾ ਗਿਆ।

## ਸ਼੍ਰੀ ਦੁਰਗਾ ਸੇਵਾ ਦਲ ਨੇ ਸਕੂਲੀ ਬੱਚਿਆਂ ਨੂੰ ਵਰਦੀਆਂ ਵੰਡੀਆਂ



**ਸੰਗਰੂਰ (ਪ੍ਰਵੀਨ ਸਿੰਘ)**-ਸ਼੍ਰੀ ਦੁਰਗਾ ਸੇਵਾ ਦਲ, ਲੰਗਰ ਭਵਨ ਸਿਵਲ ਹਸਪਤਾਲ ਸੰਗਰੂਰ ਵੱਲੋਂ ਪ੍ਰੇਮ ਸਭਾ ਸੀਨੀਅਰ ਸੰਕੈਡਰੀ ਸਕੂਲ ਵਿਖੇ ਇੱਕ ਵਿਸ਼ੇਸ਼ ਸਮਾਗਮ ਦੌਰਾਨ ਬੱਚਿਆਂ ਨੂੰ ਵਰਦੀਆਂ ਵੰਡੀਆਂ ਗਈਆ, ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਸਮਾਜ ਸੇਵੀ ਅਨਿਲ ਗੋਇਲ ਤੇ ਉਨ੍ਹਾ ਦੀ ਧਰਮ ਪਤਨੀ ਸ਼੍ਰੀਮਤੀ ਰਮਨ ਗੋਇਲ ਸ਼ਾਮਲ ਹੋਏ। ਇਸ ਮੌਕੇ ਅਨਿਲ ਗੋਇਲ ਨੇ ਕਿਹਾ ਕਿ ਸ਼੍ਰੀ ਦੁਰਗਾ ਸੇਵਾ ਦਲ ਹਰ ਸਮੇਂ ਮਾਨਵਤਾ ਦੀ ਸੇਵਾ ਲਈ ਤਿਆਰ ਰਹਿੰਦਾ ਹੈ, ਜੋ ਅੱਜ ਨੇਕ ਭਲਾਈ ਦਾ ਕੰਮ ਕਰ ਰਿਹਾ ਹੈ, ਮੈਂ ਉਸ ਦੀ ਪ੍ਰਸੰਸਾ ਕਰਦਾ ਹਾਂ। ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਗੀਤਾ ਰਾਣੀ ਨੇ ਦੱਸਿਆ ਕਿ ਸਕੂਲ 'ਚ ਕੁੱਝ ਲੋੜਵੰਦ ਵਿਦਿਆਰਥੀਆਂ ਨੂੰ ਵਰਦੀਆਂ ਦੀ ਜ਼ਰੂਰਤ ਸੀ, ਜਿਸ ਲਈ ਉਨ੍ਹਾਂ ਵੱਲੋਂ ਸ਼੍ਰੀ ਦੁਰਗਾ ਸੇਵਾ ਦਲ ਨੂੰ ਬੇਨਤੀ ਕੀਤੀ ਗਈ ਸੀ, ਜਿਸ ਨੂੰ ਪ੍ਰਵਾਨ ਕਰਦੇ ਹੋਏ ਅੱਜ ਸੰਸਥਾ ਵੱਲੋਂ ਲੋੜਵੰਦ ਵਿਦਿਆਰਥੀਆਂ ਨੂੰ ਵਰਦੀਆਂ ਵੰਡੀਆਂ ਗਈਆਂ, ਜਿਸ ਲਈ ਮੈਂ ਆਪਣੇ ਤੇ ਆਪਣੇ ਸਟਾਫ ਵੱਲੋਂ ਸੰਸਥਾ ਦਾ ਧੰਨਵਾਦ ਕਰਦੀ ਹਾਂ।ਇਸ ਮੌਕੇ ਸੰਸਥਾ ਦੇ ਪ੍ਰਧਾਨ ਅਰੂਪ ਸਿੰਗਲਾ ਨੇ ਦੱਸਿਆ ਕਿ ਸ਼੍ਰੀ ਦੁਰਗਾ ਸੇਵਾ ਦਲ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਸਿਵਲ ਹਸਪਤਾਲ ਵਿਖੇ ਲੰਗਰ ਦੇ ਨਾਲ ਸ਼ਹਿਰ 'ਚ ਸਮਾਜਿਕ ਪੱਧਰ 'ਤੇ ਕੰਮ ਕੀਤੇ ਜਾਂਦੇ ਹਨ। ਇਸ ਮੌਕੇ ਦੇਵੀ ਸਿੰਗਲਾ, ਸ਼੍ਰੀਮਤੀ ਸੰਤੋਸ਼ ਰਾਣੀ, ਅਵਤਾਰ ਸਿੰਘ, ਸੀਮਾ ਰਾਣੀ, ਮਨਪ੍ਰੀਤ ਕੌਰ, ਨਵਜੀਤ ਕੌਰ, ਹਰਿੰਦਰ ਕੌਰ, ਮੋਨਿਕਾ, ਕਮਲੇਸ਼ ਅਗਰਵਾਲ, ਸੁਨੀਤਾ, ਸੁਖਵੀਰ ਕੌਰ, ਗੁਰਮੀਤ ਸਿੰਘ, ਮਾਸਟਰ ਗੋਬਿੰਦ ਲਾਲ, ਮੰਗਲ ਸਿੰਘ ਰਾਣਾ ਹਾਜ਼ਰ ਸਨ।

## ਤੋਗਾਵਾਲ ਦੇ ਪੰਜ ਲੋੜਵੰਦ ਪਰਵਾਰਾਂ ਨੂੰ ਦਿੱਤਾ ਰਾਸ਼ਨ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**-ਡੇਰਾ ਸੱਚਾ ਸੌਦਾ ਵੱਲੋਂ ਚਲਾਏ ਜਾ ਰਹੇ ਮਾਨਵਤਾ ਭਲਾਈ ਕਾਰਜਾਂ ਤਹਿਤ ਪਿੰਡ ਤੋਗਾਵਾਲ ਵਿਖੇ ਪੰਜ ਲੋੜਵੰਦ ਪਰਿਵਾਰਾਂ ਨੂੰ ਘਰੇਲੂ ਵਰਤੋਂਯੋਗ ਰਾਸ਼ਨ ਦਿੱਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬਲਾਕ ਪ੍ਰੇਮੀ ਸੇਵਕ ਰੂਪ ਸਿੰਘ ਇੰਸਾ, ਪ੍ਰੇਮੀ ਸੇਵਕ ਪਰਮਜੀਤ ਇੰਸਾ ਤੋਗਾਵਾਲ, ਦਾਤਾ ਰਾਮ ਇੰਸਾ, ਮਿੱਠੂ ਰਾਮ ਲੌਂਗੋਵਾਲ, ਪਿਆਰਾ ਸਿੰਘ ਇੰਸਾ ਚੀਮਾ ਮੰਡੀ, ਬਿੰਦਰ ਸਿੰਘ ਇੰਸਾ, ਨਵੀਨ ਕੁਮਾਰ ਬੌਬੀ, ਕਰਮਜੀਤ ਸਿੰਘ ਇੰਸਾ ਨੇ ਦੱਸਿਆ ਕਿ ਪਿਛਲੇ ਦਿਨੀਂ ਪ੍ਰੇਮੀ ਲਾਭ ਸਿੰਘ ਇੰਸਾ ਸੱਚਖੰਡ ਜਾ ਬਿਰਾਜੇ ਸਨ, ਅੱਜ ਉਨ੍ਹਾਂ ਦੀ ਅੰਤਿਮ ਅਰਦਾਸ ਮੌਕੇ ਨਾਮ ਚਰਚਾ ਦੌਰਾਨ ਪੰਜ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਬਲਾਕ ਲੌਂਗੋਵਾਲ ਦੀ ਸਮੁੱਚੀ ਸਾਧ ਸੰਗਤ ਲੋਕ ਭਲਾਈ ਕਾਰਜਾਂ ਹਰੇਕ ਸਾਲ ਜਨਵਰੀ ਅਵਤਾਰ ਮਹੀਨੇ ਤੋਂ ਸ਼ੁਰੂਆਤ ਕਰਦੀ ਹੈ ਤੇ ਹਮੇਸ਼ਾ ਹੀ ਲੋੜਵੰਦ ਪਰਿਵਾਰਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ 'ਤੇ ਪਹਿਰਾ ਦੇ ਰਹੀ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਬਲਾਕ ਲੌਂਗੋਵਾਲ ਦੀ ਸਮੁੱਚੀ ਸਾਧ ਸੰਗਤ 50 ਪਰਿਵਾਰਾਂ ਨੂੰ ਘਰੇਲੂ ਵਰਤੋਂ ਯੋਗ ਰਾਸ਼ਨ, ਮਰੀਜ਼ਾਂ ਦੀ ਮਦਦ ਤੇ ਇੱਕ ਮਕਾਨ ਬਣਾ ਕੇ ਦੇ ਚੁੱਕੀ ਹੈ।



## ਬੀ ਐੱਡ ਟੈੱਟ ਪਾਸ ਬੇਰੁਜ਼ਗਾਰ ਅਧਿਆਪਕ 31 ਨੂੰ ਕਰਨਗੇ ਮੁੱਖ ਮੰਤਰੀ ਦਾ ਵਿਰੋਧ

**ਸੰਗਰੂਰ (ਪ੍ਰਵੀਨ ਸਿੰਘ)**-ਬੀ. ਐੱਡ. ਟੈੱਟ ਪਾਸ ਬੇਰੁਜ਼ਗਾਰ ਅਧਿਆਪਕ ਯੂਨੀਅਨ (ਪੰਜਾਬ) ਨੇ 31 ਜੁਲਾਈ ਨੂੰ ਸੁਨਾਮ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਦਾ ਕਾਲ਼ੇ ਝੰਡਿਆਂ ਨਾਲ ਵਿਰੋਧ ਕਰਨ ਦਾ ਐਲਾਨ ਕੀਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਯੂਨੀਅਨ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਪੱਕਾ ਤੇ ਸੂਬਾ ਮੀਤ ਪ੍ਰਧਾਨ ਅਮਨਦੀਪ ਸਿੰਘ ਸੇਖਾ ਨੇ ਕਿਹਾ ਕਿ ਲੰਬੇ ਸਮੇਂ ਤੋਂ ਯੂਨੀਅਨ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰਦੀ ਆ ਰਹੀ ਹੈ।

ਹੁਣ ਤੱਕ ਦਰਜਨਾਂ ਦੀ ਗਿਣਤੀ ਵਿੱਚ ਮੀਟਿੰਗਾਂ ਹੋ ਚੁੱਕੀਆਂ ਹਨ, ਪਰ ਸਿੱਖਿਆ ਮੰਤਰੀ ਵੱਲੋਂ ਉਨ੍ਹਾਂ ਦੀਆਂ ਮੰਗਾਂ ਵਾਸਤੇ ਕੋਈ ਹਾਂ-ਪੱਖੀ ਹੁੰਗਾਰਾ ਨਹੀਂ ਭਰਿਆ ਗਿਆ, ਜਿਸ ਤੋਂ ਨਿਰਾਸ਼ ਹੋ ਕੇ 31 ਜੁਲਾਈ ਨੂੰ ਸੁਨਾਮ ਵਿਖੇ ਮੁੱਖ ਮੰਤਰੀ ਦੀ ਆਮਦ 'ਤੇ ਕਾਲ਼ੇ ਝੰਡਿਆਂ ਨਾਲ ਵਿਰੋਧ ਕਰਨ ਦਾ ਐਲਾਨ ਕੀਤਾ ਗਿਆ ਹੈ। ਯੂਨੀਅਨ ਦੀ ਮੰਗ ਹੈ ਕਿ ਸਰਕਾਰ ਮਾਸਟਰ ਕੇਡਰ ਭਰਤੀ ਲਈ ਲਗਾਈ ਗਈ ਬੀ ਏ ਵਿੱਚੋਂ 55% ਦੀ ਬੇਤੁਕੀ ਸ਼ਰਤ ਨੂੰ ਹਟਾ ਕੇ ਜਲਦ ਵੱਡੀ ਗਿਣਤੀ 'ਚ ਭਰਤੀ ਕਰੇ। ਉਨ੍ਹਾਂ ਦੱਸਿਆ ਕਿ ਸਕੂਲਾਂ ਵਿੱਚ ਅਧਿਆਪਕਾਂ ਦੀ ਕਮੀ ਪਿਛਲੇ ਦਿਨੀਂ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਇੱਕ ਸਕੂਲ ਵਿੱਚ ਮਾਰੀ ਗਈ ਰੇਡ ਦੌਰਾਨ ਵੀ ਸਾਹਮਣੇ ਆਈ ਹੈ, ਜਿੱਥੇ 24 ਅਧਿਆਪਕਾਂ ਦੀ ਲੋੜ ਹੈ, ਪਰ ਉੱਥੇ ਸਿਰਫ਼ 12 ਅਧਿਆਪਕ ਹੀ ਸਨ।

ਯੂਨੀਅਨ ਆਗੂਆਂ ਨੇ ਦੱਸਿਆ ਕਿ ਸਰਕਾਰ ਵੱਲੋਂ ਉਨ੍ਹਾਂ ਦੀਆਂ ਜਾਇਜ਼ ਮੰਗਾਂ ਜਿਵੇਂ ਕਿ ਮਾਸਟਰ ਕੇਡਰ ਲਈ ਰੱਖੀ ਗਈ ਬੀ ਏ ਵਿੱਚੋਂ 55% ਦੀ ਸ਼ਰਤ ਨੂੰ ਮੁੱਢੋਂ ਰੱਦ ਕੀਤਾ ਜਾਵੇ, ਕਿਉਂਕਿ ਬੀ. ਐੱਡ ਦਾ ਦਾਖਲਾ ਹੁਣ ਵੀ 45-50% 'ਤੇ ਹੋ ਰਿਹਾ ਹੈ ਤੇ ਅਧਿਆਪਕਾਂ ਦੀ ਭਰਤੀ ਸਮੇਂ ਵੀ ਮਾਸਟਰ ਕੇਡਰ ਦੇ ਪੇਪਰ ਦੀ ਮੈਰਿਟ ਬਣਦੀ ਹੈ, ਨਾ ਕਿ ਬੀ ਏ ਦੀ।

ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਯੂਨੀਅਨ ਦੀਆਂ ਮੰਗਾਂ ਦਾ ਹੱਲ ਨਹੀਂ ਹੁੰਦਾ ਤਾਂ ਆਉਣ ਵਾਲੇ ਸਮੇਂ ਵਿੱਚ ਵੀ ਸਰਕਾਰ ਬੇਰੁਜ਼ਗਾਰਾਂ ਦੇ ਤਿੱਖੇ ਸੰਘਰਸ਼ ਲਈ ਤਿਆਰ ਰਹੇ।

# ਸਿਵਲ ਸਰਜਨ ਦਫਤਰ ਦੀ ਕਲਾਸ ਫੋਰ ਯੂਨੀਅਨ ਦੀ ਚੋਣ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਦਿ ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ, ਬਰਾਂਚ ਜ਼ਿਲ੍ਹਾ ਫਿਰੋਜ਼ਪੁਰ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਰਾਮ ਪ੍ਰਸ਼ਾਦ ਤੇ ਜਨਰਲ ਸਕੱਤਰ ਪ੍ਰਵੀਨ ਕੁਮਾਰ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਜ਼ਿਲ੍ਹਾ ਸਿਵਲ ਸਰਜਨ ਵਿਭਾਗ ਦੇ ਦਫ਼ਤਰ ਵਿਖੇ ਹੋਈ। ਇਸ ਮੀਟਿੰਗ ਵਿੱਚ ਵੱਖ-ਵੱਖ ਵਿਭਾਗਾਂ ਦੇ ਦਰਜਾਚਾਰ ਕਰਮਚਾਰੀਆਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ ਤੇ ਸਿਵਲ ਸਰਜਨ ਦਫਤਰ ਫਿਰੋਜ਼ਪੁਰ ਦਿ ਕਲਾਸ ਫੋਰ ਯੂਨੀਅਨ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ।ਇਸ ਮੌਕੇ ਪੈਰਾ ਮੈਡੀਕਲ ਯੂਨੀਅਨ ਤੋਂ ਨਰਿੰਦਰ ਸ਼ਰਮਾ ਵੀ ਹਾਜ਼ਰ ਸਨ।ਇਸ ਦੌਰਾਨ ਬਿਸ਼ਨ ਸਿੰਘ ਨੂੰ ਚੇਅਰਮੈਨ, ਮਨਿੰਦਰਜੀਤ ਨੂੰ ਪ੍ਰਧਾਨ, ਭਪਿੰਦਰ ਸੋਨੀ ਨੂੰ ਜਨਰਲ ਸਕੱਤਰ, ਸੀਨੀਅਰ ਮੀਤ ਪ੍ਰਧਾਨ ਓਮਾ, ਕੈਸ਼ੀਅਰ ਗੁਰਿੰਦਰ ਸਿੰਘ ਤੇ ਪ੍ਰੈੱਸ ਸਕੱਤਰ ਮਨੋਜ ਕੁਮਾਰ ਵਜੋਂ ਚੁਣਿਆ ਗਿਆ।

ਇਸ ਮੌਕੇ ਜ਼ਿਲ੍ਹਾ ਪ੍ਰਧਾਨ ਰਾਮ ਪ੍ਰਸ਼ਾਦ ਤੇ ਜ਼ਿਲ੍ਹਾ ਜਨਰਲ ਸਕੱਤਰ ਪ੍ਰਵੀਨ ਕੁਮਾਰ ਨੇ ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਨਵੇਂ ਚੁਣੇ ਗਏ ਅਹੁਦੇਦਾਰ ਆਪਣੇ ਅਹੁਦੇ ਦਾ ਸਹੀ ਇਸਤੇਮਾਲ ਕਰਨ ਤੇ ਜ਼ਿਲ੍ਹਾ ਪੱਧਰ 'ਤੇ ਲੱਗਣ ਵਾਲੇ ਰੋਸ ਪ੍ਰਦਰਸ਼ਨ ਵਿੱਚ ਵੱਧ ਚੜ੍ਹ ਕੇ ਸ਼ਾਮਲ ਹੋਣ ਅਤੇ ਜ਼ਿਲ੍ਹਾ ਪੱਧਰ ਦੀ ਯੂਨੀਅਨ ਦਾ ਵੱਧ ਤੋਂ ਵੱਧ ਸਾਥ ਦੇਣ ਤਾਂ ਜੋ ਸਰਕਾਰ ਦੀਆਂ ਮੁਲਾਜ਼ਮਾਂ ਪ੍ਰਤੀ ਮਾਰੂ ਨੀਤੀਆਂ ਖ਼ਿਲਾਫ਼ ਜੰਗ ਲੜੀ ਜਾ ਸਕੇ।ਇਸ ਮੌਕੇ ਬੂਟਾ ਸਿੰਘ ਪ੍ਰਧਾਨ ਡੀ ਸੀ ਦਫਤਰ, ਅਜੀਤ ਗਿੱਲ ਪ੍ਰਧਾਨ ਸਿਵਲ ਹਸਪਤਾਲ, ਆਈ ਟੀ ਆਈ ਦਫ਼ਤਰ ਤੋਂ ਬਲਵਿੰਦਰ ਸਿੰਘ, ਸਿੱਖਿਆ ਵਿਭਾਗ ਤੋਂ ਵਿਜੈ ਕੁਮਾਰ ਤੇ ਡੀ ਐੱਸ ਅਟਵਾਲ, ਜਤਿੰਦਰ ਕੁਮਾਰ, ਬੂਟਾ ਸਿੰਘ, ਮਹਿੰਦਰ ਕੌਰ, ਆਰਤੀ, ਰਣਦੀਪ ਕੌਰ, ਹਰੀ ਰਾਮ ਦਫ਼ਤਰ ਟਾਊਨ ਪਲੈਨਰ, ਭਗਵੰਤ ਸਿੰਘ ਕਮਿਸ਼ਨਰ, ਦਲੀਪ ਸਿੰਘ ਜ਼ਿਲ੍ਹਾ ਪ੍ਰੀਸ਼ਦ, ਮਹੇਸ਼ ਕੁਮਾਰ ਨਹਿਰੀ ਵਿਭਾਗ, ਸੁਭਾਸ਼, ਵਿਜੈ ਕੁਮਾਰ, ਸੁਨੀਲ ਕੁਮਾਰ, ਰਮੇਸ਼ ਕੁਮਾਰ, ਮੰਗਲ ਸਮੇਤ ਵੱਖ-ਵੱਖ ਵਿਭਾਗਾਂ ਦੇ ਕਰਮਚਾਰੀਆਂ ਨੇ ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਵਧਾਈ ਦਿੱਤੀ।

# ਮਨੀਪੁਰ 'ਚ ਔਰਤਾਂ ਨਾਲ ਵਾਪਰੀ ਸ਼ਰਮਨਾਕ ਘਟਨਾ ਦੇਸ਼ ਦੇ ਮੱਥੇ 'ਤੇ ਵੱਡਾ ਕਲੰਕ : ਸਿੱਧੂ/ਭੁੱਟੋ

**ਮੱਖੂ (ਰਛਪਾਲ ਸਿੰਘ ਸੰਧੂ)** : ਮਨੀਪੁਰ ਵਿੱਚ ਔਰਤਾਂ ਨਾਲ ਵਾਪਰੀ ਸ਼ਰਮਨਾਕ ਘਟਨਾ ਦੇਸ਼ ਦੇ ਮੱਥੇ 'ਤੇ ਭਾਰਤੀ ਜਨਤਾ ਪਾਰਟੀ ਦੇ ਰਾਜਕਾਲ 'ਚ ਬਹੁਤ ਵੱਡਾ ਕਲੰਕ ਲੱਗਾ ਹੈ, ਜੋ ਕਿ ਕਦੇ ਵੀ ਮਿੱਟ ਨਹੀਂ ਸਕੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਗੁਰਦੇਵ ਸਿੰਘ ਸਿੱਧੂ, ਜੀਟੀਯੂ ਦੇ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਭੁੱਟੋ ਨੇ ਕਿਹਾ ਕਿ ਕੇਂਦਰ 'ਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ ਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਔਰਤਾਂ ਦੀ ਸੁਰੱਖਿਆ ਦੀਆਂ ਵੱਡੀਆਂ ਵੱਡੀਆਂ ਗੱਲਾਂ ਕਰਦੇ ਹਨ ਅਤੇ ਉਨ੍ਹਾਂ ਦੀ ਹੀ ਪਾਰਟੀ ਦੀ ਸਰਕਾਰ ਦੇ ਰਾਜ ਵਿੱਚ ਔਰਤਾਂ ਨੂੰ ਨਿਰਵਸਤਰ ਕਰਕੇ ਕੁੱਟਣਾ ਤੇ ਘੁਮਾਉਣ ਵਰਗੇ ਘਿਨਾਉਣੇ ਕਾਰਨਾਮਿਆਂ ਨੂੰ ਅੰਜਾਮ ਦੇਣ ਵਾਲੇ ਸਰੇਆਮ ਘੁੰਮ ਰਹੇ ਹੋਣ ਤੇ ਔਰਤਾਂ ਦੀ ਸੁਰੱਖਿਆ ਦਾ ਢਿੰਡੋਰਾ ਪਿੱਟਣ ਵਾਲੀ ਭਾਜਪਾ ਸਰਕਾਰ ਤੇ ਉਸ ਦਾ ਪ੍ਰਸ਼ਾਸਨ ਕੁੰਭਕਰਨੀ ਨੀਂਦ ਸੁੱਤਾ ਪਿਆ ਹੋਵੇ, ਬਹੁਤ ਹੀ ਸ਼ਰਮਨਾਕ ਗੱਲ ਹੈ। ਉਨ੍ਹਾਂ ਕਿਹਾ ਕਿ ਸਰਕਾਰ ਤੇ ਪ੍ਰਸ਼ਾਸਨ ਪੀੜਤ ਨੂੰ ਇਨਸਾਫ ਦਿਵਾਉਣ 'ਚ ਜਿੱਥੇ ਫੇਲ੍ਹ ਹੋਈ, ਉਥੇ ਲੋਕਾਂ ਦੇ ਘਰਾਂ ਨੂੰ ਗੁਰਗਿਆਂ ਹੱਥੋਂ ਸੜਨ ਤੋਂ ਵੀ ਨਹੀਂ ਬਚਾ ਸਕੇ। ਉਨ੍ਹਾਂ ਕੇਂਦਰ ਸਰਕਾਰ ਤੇ ਮਾਨਯੋਗ ਨਿਆਂਪਾਲਿਕਾ ਤੋਂ ਪੀੜਤਾਂ ਨੂੰ ਨਿਆਂ ਦਿਵਾਉਣ ਤੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣ ਦੀ ਮੰਗ ਕੀਤੀ ਹੈ। ਇਸ ਮੌਕੇ ਮੀਟਿੰਗ 'ਚ ਰਮੇਸ਼ ਕੁਮਾਰ ਐੱਸਟੀਸੀ, ਜੇ ਈ ਗੁਰਜੰਟ ਸਿੰਘ, ਗੌਰਵ ਭਾਟੀਆ, ਰਾਧੇ ਸ਼ਾਮ, ਜਸਬੀਰ ਸਿੰਘ, ਰਾਜ ਕੁਮਾਰ ਵਰਕਰ ਮਿਸਤਰੀ, ਗੁਰਮੀਤ ਸਿੰਘ ਜੰਮੂ ਜ਼ਿਲ੍ਹਾ ਪ੍ਰੈੱਸ ਸਕੱਤਰ, ਸੁਲੱਖਣ ਸਿੰਘ ਮੇਟ, ਰਾਜ ਕੁਮਾਰ ਸੇਵਾਦਾਰ, ਪ੍ਰਕਾਸ਼ ਚੰਦ, ਸ਼ਿੰਦ ਸਿੰਘ ਆਦਿ ਹਾਜ਼ਰ ਸਨ।



## ਮਹਾਂਪ੍ਰਗਿਆ ਸਕੂਲ 'ਚ ਕਾਰਗਿਲ ਵਿਜੇ ਦਿਵਸ ਮਨਾਇਆ



**ਜਗਰਾਉਂ, (ਸੰਜੀਵ ਅਰੋੜਾ)**-24ਵਾਂ ਕਾਰਗਿਲ ਵਿਜੇ ਦਿਵਸ ਪ੍ਰਸਿੱਧ ਵਿੱਦਿਅਕ ਸੰਸਥਾ ਮਹਾਂਪ੍ਰਗਿਆ ਸਕੂਲ ਜਗਰਾਉਂ ਦੇ ਵਿਹੜੇ ਸ਼੍ਰੀਮਤੀ ਜਸਵੰਤੀ ਦੇਵੀ ਜੈਨ ਮੈਮੋਰੀਅਲ ਹਾਲ ਵਿਖੇ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਐੱਨ.ਸੀ.ਸੀ ਕੈਡਿਟਾਂ ਨੇ ਲੈਫਟੀਨੈਂਟ ਕਰਨਲ ਦਵਿੰਦਰ ਡਡਵਾਲ ਤੇ ਉਨ੍ਹਾਂ ਦੀ ਟੀਮ ਨੂੰ ਗਾਰਡ ਆਫ ਆਨਰ ਪੇਸ਼ ਕੀਤਾ ਤੇ ਮਾਰਚ ਪਾਸਟ ਦੇ ਕੇ ਸਵਾਗਤ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਮਹਾਂ ਮੰਤਰ ਨਵਕਾਰ ਦੁਆਰਾ ਕੀਤੀ ਗਈ। ਉਪਰੰਤ ਸਕੂਲ ਦੇ ਡਾਇਰੈਕਟਰ ਵਿਸ਼ਾਲ ਜੈਨ, ਮੁੱਖ ਅਧਿਆਪਕਾ ਪ੍ਰਭਜੀਤ ਕੌਰ, ਮੈਨੇਜਰ ਮਨਜੀਤ ਇੰਦਰ ਕੁਮਾਰ, ਲੈਫਟੀਨੈਂਟ ਕਰਨਲ ਦਵਿੰਦਰ ਡਡਵਾਲ, 3 ਪੰਜਾਬ ਬਟਾਲੀਅਨ (ਆਰਮੀ ਵਿੰਗ) ਲੁਧਿਆਣਾ ਤੇ ਹੈੱਡ ਗਰਲ ਡਾ. ਖੁਸ਼ਪ੍ਰੀਤ ਕੌਰ ਨੇ ਪਾਵਨ ਜੋਤ ਜਗਾਈ। ਪ੍ਰਿੰਸੀਪਲ ਪ੍ਰਭਜੀਤ ਕੌਰ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ। ਸਟੇਜ ਦਾ ਸੰਚਾਲਨ ਕਰਦਿਆਂ ਵਾਈਸ ਪ੍ਰਿੰਸੀਪਲ ਅਮਰਜੀਤ ਕੌਰ ਨੇ ਕਾਰਗਿਲ ਜੰਗ ਬਾਰੇ ਚਾਨਣਾ ਪਾਇਆ। ਸਕੂਲ ਦੇ ਡਾਇਰੈਕਟਰ ਵਿਸ਼ਾਲ ਜੈਨ ਨੇ ਭਾਰਤੀ ਫੌਜ ਦੀ ਬਹਾਦਰੀ ਨੂੰ ਸਲਾਮ ਕਰਦੇ ਹੋਏ ਕਿਹਾ ਕਿ ਕਾਰਗਿਲ ਦੀ ਜਿੱਤ ਹਰ ਭਾਰਤੀ ਦੀ ਉਮੀਦ ਤੇ ਡਿਊਟੀ ਪ੍ਰਤੀ ਲਗਨ ਦੀ ਜਿੱਤ ਹੈ। ਪ੍ਰੋਗਰਾਮ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਵਾਲੇ ਅਧਿਆਪਕਾਂ ਤੇ ਬੱਚਿਆਂ ਵੱਲੋਂ ਦਿੱਤੀਆਂ ਪ੍ਰਭਾਵਸ਼ਾਲੀ ਪੇਸ਼ਕਾਰੀਆਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਸਕੂਲ ਵਿੱਚ ਅਜਿਹੇ ਪ੍ਰੋਗਰਾਮ ਕਰਵਾਉਣ ਦਾ ਮਨੋਰਥ ਆਉਣ ਵਾਲੀ ਪੀੜ੍ਹੀ ਦੇ ਮਨਾਂ ਵਿੱਚ ਦੇਸ਼ ਭਗਤੀ ਦੇ ਬੀਜ ਬੀਜਣਾ ਹੈ। ਇਲਾਕੇ ਦੇ ਕਾਰਗਿਲ ਦੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਨਮਾਨਤ ਕੀਤਾ ਗਿਆ। ਪ੍ਰੋਗਰਾਮ ਦੀ ਸਮਾਪਤੀ ਰਾਸ਼ਟਰੀ ਗੀਤ ਨਾਲ ਹੋਈ। ਇਸ ਮੌਕੇ ਸਕੂਲ ਦੇ ਅਧਿਆਪਕ ਤੇ ਵਿਦਿਆਰਥੀ ਹਾਜ਼ਰ ਸਨ।

CMYK

29-July-PAGE-11-Majha-23.qxd 7/28/2023 10:54 PM Page 1



# ਮਣੀਪੁਰ ਘਟਨਾਵਾਂ ਵਿਰੁੱਧ ਡੀਟੀਐੱਫ ਵੱਲੋਂ ਕਾਲੀਆਂ ਪੱਟੀਆਂ ਬੰਨ੍ਹ ਕੇ ਰੋਸ ਪ੍ਰਦਰਸ਼ਨ




ਤਰਨ ਤਾਰਨ (ਪ੍ਰਿਤਪਾਲ ਸਿੰਘ)-ਮਣੀਪੁਰ 'ਚ ਹੋਈਆਂ ਘਟਨਾਵਾਂ ਦੇ ਵਿਰੋਧ 'ਚ ਡੈਮੋਕ੍ਰੇਟਿਕ ਟੀਚਰ ਫਰੰਟ ਪੰਜਾਬ ਤਰਨਤਾਰਨ ਨੇ ਜ਼ਿਲੇ ਦੇ ਵੱਖ-ਵੱਖ ਸਕੂਲਾਂ ਦੇ ਅਧਿਆਪਕਾਂ ਵੱਲੋਂ ਕਾਲੇ ਬਿੱਲੇ/ਪੱਟੀਆਂ ਬੰਨ੍ਹ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ।

ਇਸ ਸਬੰਧੀ ਜ਼ਿਲਾ ਪ੍ਰਧਾਨ ਪ੍ਰਤਾਪ ਸਿੰਘ ਠੱਠਗੜ੍ਹ ਨੇ ਦੱਸਿਆ ਕਿ ਮਣੀਪੁਰ 'ਚ ਵੱਖ-ਵੱਖ ਫਿਰਕਿਆਂ 'ਚ ਫਿਰਕੂ ਜ਼ਹਿਰ ਘੋਲ ਕੇ ਮਣੀਪੁਰ ਦੀ ਸਰਕਾਰ ਨੇ ਘਿਣਾਉਣੀਆਂ ਘਟਨਾਵਾਂ ਹੋਣ 'ਚ ਭੜਕਾਉਣ ਦਾ ਕੰਮ ਕੀਤਾ। ਉਨ੍ਹਾਂ ਕਿਹਾ ਕਿ ਜਥੇਬੰਦੀ ਮੰਗ ਕਰਦੀ ਹੈ ਕਿ ਮਣੀਪੁਰ ਸਰਕਾਰ ਨੂੰ ਚਲਦਾ ਕੀਤਾ ਜਾਵੇ। ਰੋਸ ਪ੍ਰਦਰਸ਼ਨ ਕਰਦੇ ਹੋਏ ਡੀ. ਟੀ. ਐੱਫ. ਦੇ ਆਗੂਆਂ ਨੇ ਮੰਗ ਕੀਤੀ ਕਿ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾ ਦਿਵਾਈ ਜਾਵੇ। ਤਰਨਤਾਰਨ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਵਿਚ ਕਾਲੇ ਬਿੱਲੇ ਲਗਾ ਕੇ ਅਧਿਆਪਕਾਂ ਨੇ ਪੀੜਤ ਇਸਤਰੀਆਂ ਦੇ ਹੱਕ ਵਿੱਚ ਰੋਸ ਪ੍ਰਦਰਸ਼ਨ ਕੀਤਾ। ਸਸਸਸ ਅਲਾਦੀਨਪੁਰ, ਸਸਸਸ ਮਾਣੋਚਾਹਲ, ਚੋਲਾ, ਫਤਿਹਾਬਾਦ, ਸਐਸ ਤਰਨਤਾਰਨ ਨੰਬਰ 1, ਕਾਜ਼ੀਕੋਟ, ਮੀਆਂਵਿੰਡ, ਬਗਿਆੜੀ ਆਦਿ ਸਕੂਲਾਂ ਵਿਚ ਰੋਸ ਪ੍ਰਦਰਸ਼ਨ ਕੀਤਾ ਗਿਆ।

ਇਸ ਮੌਕੇ ਕੰਵਰਦੀਪ ਸਿੰਘ ਢਿੱਲੋਂ, ਕਸ਼ਮੀਰ ਸਿੰਘ ਚੋਹਲਾ, ਅਮਰਦੀਪ ਸ਼ਰਮਾ, ਜਸਵਿੰਦਰ ਸਿੰਘ ਝਬਾਲ, ਇੰਦਰਬੀਰ ਸਿੰਘ, ਗੁਰਪ੍ਰੀਤ ਸਿੰਘ ਪੱਟੀ, ਅਨੀਸ ਸੂਦ, ਮਨਜਿੰਦਰਜੀਤ, ਵਰਿੰਦਰ ਸਿੰਘ, ਸੁਰਿੰਦਰ ਸਿੰਘ, ਪ੍ਰਿੰਸੀਪਲ ਅਰਵਿੰਦਰ ਕੌਰ ਅਲਾਦੀਨਪੁਰ, ਡਾ. ਰਾਜਦਵਿੰਦਰ ਕੌਰ, ਡਾ. ਗੁਰਮੀਤ ਕੌਰ, ਮਨਦੀਪ ਕੌਰ, ਸੁਨੀਤਾ, ਮੰਜੂ ਬਾਲਾ, ਕਵਲਜੀਤ ਕੌਰ, ਪ੍ਰੀਤੀ ਵਾਲੀਆ, ਸੰਯੋਗਤਾ ਆਦਿ ਨੇ ਵੀ ਰੋਸ ਪ੍ਰਦਰਸ਼ਨ ਵਿਚ ਭਾਗ ਲਿਆ।

# ਪੰਜਾਬ ਖੇਤ ਮਜ਼ਦੂਰ ਸਭਾ ਬਲਾਕ ਵਲਟੋਹਾ ਦਾ ਡੈਲੀਗੇਟ ਅਜਲਾਸ ਸੰਪੰਨ

## *ਲਾਲ ਸਿੰਘ ਵਲਟੋਹਾ ਪ੍ਰਧਾਨ ਤੇ ਚਮਕੌਰ ਸਿੰਘ ਚੀਮਾ ਜਨਰਲ ਸਕੱਤਰ ਚੁਣੇ ਗਏ*

ਵਲਟੋਹਾ (ਨਜ਼ਸ)-ਪੰਜਾਬ ਖੇਤ ਮਜ਼ਦੂਰ ਸਭਾ ਬਲਾਕ ਵਲਟੋਹਾ ਦੀ ਚੋਣ ਬੀਬੀ ਕੁਲਦੀਪ ਕੌਰ ਵਲਟੋਹਾ, ਕਾਮਰੇਡ ਦੇਸਾ ਸਿੰਘ ਚੀਮਾ, ਸਾਥੀ ਰਾਣਾ ਸਿੰਘ ਸਕੱਤਰਾ ਦੀ ਪ੍ਰਧਾਨਗੀ ਹੇਠ ਕੀਤੀ ਗਈ। ਕਾਨਫਰੰਸ ਦੇ ਸ਼ੁਰੂ ਵਿੱਚ ਵਿਛੜੇ ਸਾਥੀਆਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਪਿਛਲੇ ਚਾਰ ਸਾਲਾਂ ਦੀ ਰਿਪੋਰਟ ਬਲਾਕ ਸਕੱਤਰ ਕਾਮਰੇਡ ਲਾਲ ਸਿੰਘ ਵਲਟੋਹਾ ਵੱਲੋਂ ਪੇਸ਼ ਕੀਤੀ ਗਈ ਜੋ ਸਰਬਸੰਮਤੀ ਨਾਲ ਪਾਸ ਕੀਤੀ ਗਈ।



ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਕਿਹਾ ਕਿ ਜਦੋਂ ਦੀ ਕੇਂਦਰ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਸੱਤਾ ਵਿੱਚ ਆਈ ਹੈ, ਆਮ ਲੋਕਾਂ ਦਾ ਜਿਊਣਾ ਦੁੱਭਰ ਹੋ ਗਿਆ ਹੈ। ਦੇਸ਼ ਦੀ ਡਿੱਗ ਰਹੀ ਆਰਥਿਕਤਾ ਤੋਂ ਲੋਕਾਂ ਦਾ ਧਿਆਨ ਹਟਾਉਣ ਲਈ ਲੋਕਾਂ ਨੂੰ ਫਿਰਕੂ ਲੀਹਾਂ 'ਤੇ ਵੰਡਿਆ ਜਾ ਰਿਹਾ ਹੈ। ਲਗਾਤਾਰ ਵੱਧ ਰਹੀ ਮਹਿੰਗਾਈ, ਬੇਰੋਜ਼ਗਾਰੀ, ਨੋਟਬੰਦੀ, ਜੀਐਸਟੀ, ਕੋਰੋਨਾ ਦੌਰਾਨ ਕੁਪ੍ਰਬੰਧ ਨੇ ਆਮ ਲੋਕਾਂ ਤੇ ਛੋਟੇ ਕਾਰੋਬਾਰੀਆਂ ਨੂੰ ਹੋਰ ਹਾਸ਼ੀਏ 'ਤੇ ਧੱਕ ਦਿੱਤਾ ਹੈ। ਖਾਣਪੀਣ ਵਾਲੀਆਂ ਵਸਤੂਆਂ ਦੇ ਅਸਮਾਨੀ ਚੜ੍ਹੇ ਭਾਅ ਗਰੀਬ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਏ ਹਨ। ਮੋਦੀ ਸਰਕਾਰ ਦੇਸ਼ ਦੀਆਂ ਸੰਵਿਧਾਨਿਕ ਸੰਸਥਾਵਾਂ ਨੂੰ ਤਹਿਸ-ਨਹਿਸ ਕਰ ਕੇ ਦੇਸ਼ ਨੂੰ ਤਾਨਾਸ਼ਾਹੀ ਵੱਲ ਲਿਜਾ ਰਿਹਾ ਹੈ। ਆਮ ਜਨਤਾ, ਖੇਤ ਮਜ਼ਦੂਰ, ਕਿਸਾਨ, ਮਨਰੇਗਾ ਮਜ਼ਦੂਰ, ਨੌਜਵਾਨ, ਔਰਤਾਂ ਤੇ ਛੋਟੇ ਕਾਰੋਬਾਰੀਆਂ ਦੀਆਂ ਜਾਇਜ਼ ਮੰਗਾਂ ਨੂੰ ਛੱਡ ਕੇ ਸਿਰਫ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਏ ਜਾ ਰਹੇ ਹਨ। ਦੇਸ਼ ਦਾ ਸਰਮਾਇਆ ਅੰਬਾਨੀ, ਅਡਾਨੀ ਨੂੰ ਲੁਟਾਇਆ ਜਾ ਰਿਹਾ ਹੈ। ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਜੋਗਿੰਦਰ ਸਿੰਘ ਵਲਟੋਹਾ, ਜ਼ਿਲਾ ਸਕੱਤਰ ਕਾਮਰੇਡ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ ਨੇ ਪੰਜਾਬ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਆਪ ਦੀ ਸਰਕਾਰ ਨੇ ਕਿਹਾ ਸੀ ਕਿ ਸਾਡੇ ਵਾਅਦੇ ਨਹੀਂ ਗਰੰਟੀਆਂ ਹਨ ਪਰ ਉਹ ਗਰੰਟੀਆਂ ਵੀ ਖੋਖਲੀਆਂ ਸਾਬਤ ਹੋ ਰਹੀਆਂ ਹਨ। ਪੰਜਾਬ ਵਿੱਚ 35 ਫੀਸਦੀ ਆਬਾਦੀ ਦਲਿਤ ਲੋਕਾਂ ਦੀ ਹੈ ਜਿਸ ਵਿੱਚ ਵੱਡੀ ਗਿਣਤੀ ਵਿੱਚ ਖੇਤ ਮਜ਼ਦੂਰ ਹਨ। ਮਸ਼ੀਨੀਕਰਨ ਹੋਣ ਕਰਕੇ ਗਰੀਬ ਲੋਕਾਂ ਦਾ ਰੋਜ਼ਗਾਰ ਛੁੱਟ ਗਿਆ। ਸਰਕਾਰ ਨੇ ਇਨ੍ਹਾਂ ਕਾਮਿਆਂ ਲਈ ਕਿਸੇ ਵੀ ਬਦਲਵੇਂ ਕੰਮ ਦਾ ਪ੍ਰਬੰਧ ਨਹੀਂ ਕੀਤਾ। ਉਨ੍ਹਾਂ ਮੰਗ ਕੀਤੀ ਕਿ ਮਨਰੇਗਾ ਕਾਮਿਆਂ ਨੂੰ ਪੂਰਾ ਸਾਲ ਕੰਮ ਅਤੇ ਕੰਮ ਦਿਹਾੜੀ ਸੱਤ ਸੌ ਰੁਪਏ ਦਿੱਤੀ ਜਾਵੇ ਅਤੇ ਕੀਤੇ ਹੋਏ ਕੰਮ ਦਾ ਭੁਗਤਾਨ ਪੰਦਰਾਂ ਦਿਨ ਦੇ ਅੰਦਰ-ਅੰਦਰ ਕੀਤਾ ਜਾਵੇ। ਮਨਰੇਗਾ ਦੇ ਬਜਟ ਵਿੱਚ ਕੀਤੀ ਕਟੌਤੀ ਤੁਰੰਤ ਵਾਪਸ ਲਈ ਜਾਵੇ, ਮਜ਼ਦੂਰਾਂ ਸਿਰ ਚੜ੍ਹਿਆ ਕਰਜ਼ਾ ਮਾਈਕਰੋ ਫਾਇਨਾਂਸ ਕੰਪਨੀਆਂ ਸਮੇਤ ਮੁਆਫ ਕੀਤਾ ਜਾਵੇ, ਪੰਚਾਇਤੀ ਜ਼ਮੀਨਾਂ ਦੀਆਂ ਡੰਮੀ ਬੋਲੀਆਂ ਬੰਦ ਕੀਤੀਆਂ ਜਾਣ, ਮਜ਼ਦੂਰਾਂ ਦੇ ਕੱਟੇ ਹੋਏ ਪਲਾਟਾਂ ਦੀ ਨਿਸ਼ਾਨਦੇਹੀ ਕਰਕੇ ਕਬਜ਼ੇ ਦਿੱਤੇ ਜਾਣ।

ਇਸ ਮੌਕੇ ਪੰਦਰਾਂ ਮੈਂਬਰੀ ਏਰੀਆ ਕਮੇਟੀ ਦੀ ਚੋਣ ਕੀਤੀ ਗਈ ਜਿਸ ਦੇ ਪ੍ਰਧਾਨ ਕਾਮਰੇਡ ਲਾਲ ਸਿੰਘ ਵਲਟੋਹਾ, ਜਨਰਲ ਸਕੱਤਰ ਚਮਕੌਰ ਸਿੰਘ ਚੀਮਾ, ਮੀਤ ਪ੍ਰਧਾਨ ਨਿਸ਼ਾਨ ਸਿੰਘ ਮਾਣੇਕੇ , ਰਾਣਾ ਸਿੰਘ ਸਕੱਤਰਾ, ਮੇਜਰ ਸਿੰਘ ਜੋਧ ਸਿੰਘ ਵਾਲਾ, ਮੀਤ ਸਕੱਤਰ ਨਿਛੱਤਰ ਸਿੰਘ ਮਾਣੇਕੇ, ਰੋਹਿਤ ਵਲਟੋਹਾ, ਵਤਨਾਮ ਸਿੰਘ ਵਲਟੋਹਾ, ਕੈਸ਼ੀਅਰ ਜੋਗਿੰਦਰ ਸਿੰਘ ਵਲਟੋਹਾ ਆਦਿ ਚੁਣੇ ਗਏ। ਇਸ ਮੌਕੇ ਦੇਸਾ ਸਿੰਘ ਚੀਮਾ, ਰਾਣੀ ਵਰਨਾਲਾ, ਬਲਦੇਵ ਸਿੰਘ ਮਾਨੂੰਕੇ, ਜਗੀਰ ਕੌਰ ਵਲਟੋਹਾ, ਜੱਗਾ ਸਿੰਘ ਚੀਮਾ, ਹੀਰਾ ਸਿੰਘ ਵਲਟੋਹਾ ਆਦਿ ਨੇ ਸੰਬੋਧਨ ਕੀਤਾ।

# ਇਨਕਮ ਟੈਕਸ ਭਰਨ ਦੀ ਇੱਕ ਮਹੀਨਾ ਮਿਆਦ ਵਧਾਈ ਜਾਵੇ: ਐਡਵੋਕੇਟ ਅਗਨੀਹੋਤਰੀ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਸ਼ਹਿਰ ਦੇ ਸੀਨੀਅਰ ਵਕੀਲ ਆਦੇਸ਼ ਅਗਨੀਹੋਤਰੀ ਨੇ ਦੇਸ਼ ਦੇ ਪ੍ਰਧਾਨ ਮੰਤਰੀ, ਚੇਅਰਮੈਨ ਸੈਂਟਰਲ ਬੋਰਡ ਆਫ ਡਾਇਰੈਕਟ ਟੈਕਸਿਸ, ਵਿੱਤ ਮੰਤਰੀ ਨੂੰ ਈਮੇਲ ਦੇ ਜ਼ਰੀਏ ਇਨਕਮ ਟੈਕਸ ਭਰਨ ਦੀ ਇੱਕ ਮਹੀਨੇ ਮਿਆਦ ਵਧਾਉਣ ਦੀ ਮੰਗ ਕੀਤੀ ਹੈ, ਜਿਸਦੇ ਬਹੁਤ ਜ਼ਿਆਦਾ ਕਾਰਨ ਹਨ। ਐਡਵੋਕੇਟ ਆਦੇਸ਼ ਅਗਨੀਹੋਤਰੀ ਨੇ ਕਿਹਾ ਕਿ ਪੈਨ ਅਤੇ ਆਧਾਰ ਲਿੰਕ ਕਰਨ ਦੀ ਤਾਰੀਕ ਸਰਕਾਰ ਨੇ 30 ਸਤੰਬਰ ਕਰ ਦਿੱਤੀ ਹੈ। ਉਸਦੇ ਹਿਸਾਬ ਅਨੁਸਾਰ ਰਿਟਰਨ ਭਰਨ ਦੀ ਮਿਤੀ ਵੀ 30 ਸਤੰਬਰ ਕਰ ਦੇਣੀ ਚਾਹੀਦੀ ਹੈ, ਕਿਉਕਿ ਇਨਕਮ ਟੈਕਸ ਭਰਨ ਵਾਲਿਆ ਦੇ ਦਿਮਾਗ ਵਿੱਚ ਇਹੀ ਗੱਲ ਹੈ ਕਿ ਉਹ 30 ਸਤੰਬਰ ਤੱਕ ਰਿਟਰਨ ਭਰ ਸਕਦੇ ਹਨ। ਹਰੇਕ ਸਾਲ 31 ਮਾਰਚ ਤੋਂ ਬਾਅਦ ਨਵਾਂ ਸਾਲ ਸ਼ੁਰੂ ਹੁੰਦਾ ਹੈ। ਅਪ੍ਰੈਲ ਅਤੇ ਮਈ ਦਾ ਮਹੀਨਾ ਤਾਂ ਇਸ ਤਰ੍ਹਾਂ ਹੀ ਨਿਕਲ ਜਾਂਦਾ ਹੈ। ਸਾਫਟਵੇਅਰ ਕੰਪਨੀਆਂ ਨੂੰ ਸਰਕਾਰ ਵੱਲੋ ਅਨੁਮਤੀ ਵੀ ਲੇਟ ਮਿਲਦੀ ਹੈ। 15 ਮਈ ਤੋਂ ਬਾਅਦ ਕੰਮ ਸ਼ੁਰੂ ਹੁੰਦਾ ਹੈ। ਤਨਖਾਹ ਲੈਣ ਵਾਲਿਆਂ ਦਾ ਟੀਡੀਐੱਸ ਵੀ ਬਹੁਤ ਲੇਟ ਮਿਲਦਾ ਹੈ। ਹਾਲੇ ਤੱਕ ਵੀ ਕਈ ਤਨਖਾਹ ਲੈਣ ਵਾਲਿਆ ਦੇ ਫਾਰਮ ਵਿੱਚ ਟੀਡੀਐੱਸ ਨਹੀ ਪਿਆ ਹੈ। ਅੱਜਕਲ੍ਹ ਕੋਈ ਵੀ ਅਜਿਹਾ ਤਨਖਾਹ ਲੈਣ ਵਾਲਾ ਮੁਲਾਜ਼ਮ ਨਹੀਂ, ਜਿਸ ਦੀ ਸੈਲਰੀ 5 ਲੱਖ ਤੋਂ ਘੱਟ ਹੋਵੇ। ਜੇਕਰ ਕਿਸੇ ਦੀ ਵੀ ਰਿਟਰਨ ਰਹਿ ਗਈ ਤਾਂ 31 ਜੁਲਾਈ ਤੋ ਬਾਅਦ ਉਸਨੂੰ 5 ਹਜ਼ਾਰ ਰੁਪਏ ਜੁਰਮਾਨਾ ਹੋਵੇਗਾ। ਇਹ ਇੱਕ ਨਵਾਂ ਬੋਝ ਪਾ ਦਿੱਤਾ ਗਿਆ ਹੈ।

# ਰਾਣਾ ਸਵਰਾਜ ਯੂਨੀਵਰਸਲ ਸਕੂਲ ਲੇਹਲ ਵਿਖੇ ਵਣ-ਮਹਾਂਉਤਸਵ ਮਨਾਇਆ

**ਗੁਰਦਾਸਪੁਰ** (ਜਨਕ ਮਹਾਜਨ)-ਰਾਣਾ ਸਵਰਾਜ ਯੂਨੀਵਰਸਲ ਪਬਲਿਕ ਸਕੂਲ ਲੇਹਲ ਵਿਖੇ ਹਰਿਆਲੀ ਮਿਸ਼ਨ ਤਹਿਤ ਵਣ-ਮਹਾਂਉਤਸਵ ਮਨਾਇਆ ਗਿਆ। ਇਸ ਮੌਕੇ ਯੂਨੀਵਰਸਲ ਸਿੱਖਿਆ ਸੰਸਥਾਵਾਂ ਦੇ ਸੰਸਥਾਪਕ ਡਾ. ਸਰਬਜੀਤ ਸਿੰਘ ਛੀਨਾ ਦੀ ਅਗਵਾਈ ਵਿਚ ਮਨਾਏ ਗਏ ਵਣ-ਮਹਾਂਉਤਸਵ ਦੀ ਸ਼ੁਰੂਆਤ ਵਿਸ਼ੇਸ਼ ਤੌਰ 'ਤੇ ਪਹੁੰਚੇ ਜ਼ਿਲ੍ਹਾ ਲੋਕ ਸੰਪਰਕ ਅਫਸਰ ਗੁਰਦਾਸਪੁਰ ਇੰਦਰਜੀਤ ਸਿੰਘ ਬਾਜਵਾ ਵਲੋਂ ਅਫਰੀਕਨ ਨਸਲ ਦਾ 'ਐਵਾਗਾਡੋ' ਨਾਮਕ ਫਲਦਾਰ ਪੌਦਾ ਲਗਾ ਕੇ ਕੀਤੀ ਗਈ। ਇਸ ਮੌਕੇ ਡੀਪੀਆਰਓ ਇੰਦਰਜੀਤ ਸਿੰਘ ਬਾਜਵਾ ਨੇ ਕਿਹਾ ਕਿ ਦਿਨੋਂ-ਦਿਨ ਵੱਧ ਰਹੀ ਆਲਮੀ ਤਪਸ਼ ਨੂੰ ਰੋਕਣ ਲਈ ਇੱਕ-ਇੱਕ ਹੱਲ ਵੱਧ ਤੋਂ ਵੱਧ ਪੌਦੇ ਲਗਾਉਣਾ ਹੈ ਅਤੇ ਇਹ ਹਰ ਵਿਅਕਤੀ ਦੀ ਜ਼ਿੰਮੇਵਾਰੀ ਹੈ ਕਿ ਉਹ ਪੌਦੇ ਲਗਾ ਕੇ ਵਾਤਾਵਰਨ ਦੀ ਸੰਭਾਲ ਵਿੱਚ ਆਪਣਾ ਯੋਗਦਾਨ ਪਾਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵੀ ਹਰਿਆਲੀ ਮਿਸ਼ਨ ਤਹਿਤ ਪੌਦੇ ਲਗਾਉਣ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ ਅਤੇ ਜੇਕਰ ਕੋਈ ਵਿਅਕਤੀ ਜਾਂ ਸੰਸਥਾ ਵਣ-ਮਹਾਂਉਤਸਵ ਮਨਾਉਣਾ ਚਾਹੁੰਦੀ ਹੈ ਤਾਂ ਉਹ ਪੌਦੇ ਲੈਣ ਲਈ ਜੰਗਲਾਤ ਵਿਭਾਗ ਨਾਲ ਰਾਬਤਾ ਕਰ ਸਕਦੇ ਹਨ। ਇਸ ਮੌਕੇ ਉਨ੍ਹਾਂ ਵਲੋਂ ਇੱਥੇ ਸਕੂਲ ਪ੍ਰਬੰਧਕਾਂ ਵਲੋਂ ਚਲਾਈ ਜਾ ਰਹੀ ਰਾਣਾ ਸਵਰਾਜ ਹਾਕੀ ਅਕੈਡਮੀ ਦਾ ਦੌਰਾ ਵੀ ਕੀਤਾ ਗਿਆ। ਉਨ੍ਹਾਂ ਨੇ ਡਾ. ਸਰਬਜੀਤ ਸਿੰਘ ਛੀਨਾ ਵੱਲੋਂ ਸਰਹੱਦੀ ਜ਼ਿਲ੍ਹਾ ਗੁਰਦਾਸਪੁਰ ਦੇ ਧਾਰੀਵਾਲ ਇਲਾਕੇ ਦੇ ਵਿੱਚ ਚਲਾਈਆਂ ਜਾ ਰਹੀਆਂ ਵਿੱਦਿਅਕ ਸੰਸਥਾਵਾਂ ਅਤੇ ਹਾਕੀ ਅਕੈਡਮੀ ਦੇ ਪ੍ਰਬੰਧਾਂ ਅਤੇ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਸਕੂਲ ਦੇ ਸਟਾਫ ਅਤੇ ਵਿਦਿਆਰਥੀਆਂ ਵਲੋਂ ਸਕੂਲ ਖੁੱਲ੍ਹੇ ਮੈਦਾਨ ਵਿਚ ਵੱਖ-ਵੱਖ ਕਿਸਮਾਂ ਦੇ ਫੁੱਲਦਾਰ, ਫਲਦਾਰ ਅਤੇ ਛਾਂਦਾਰ ਪੌਦੇ ਲਗਾਏ।



ਇਸ ਮੌਕੇ ਯੂਨੀਵਰਸਲ ਸਿੱਖਿਆ ਸੰਸਥਾਵਾਂ ਦੇ ਸੰਸਥਾਪਕ ਡਾ ਸਰਬਜੀਤ ਸਿੰਘ ਛੀਨਾ, ਸਕੂਲ ਮੈਨੇਜਮੈਂਟ ਕਮੇਟੀ ਦੇ ਚੈਅਰਮੈਨ ਸੁਖਰਾਜ ਸਿੰਘ ਛੀਨਾ (ਨੰਬਰਦਾਰ), ਸਕੂਲ ਪ੍ਰਿੰਸੀਪਲ ਜਤਿੰਦਰ ਕੌਰ ਸੋਹਲ, ਪ੍ਰੋਫੈਸਰ ਸਰਤਾਜ ਸਿੰਘ ਛੀਨਾ, ਬਲਰਾਜ ਸਿੰਘ ਛੀਨਾ, ਮਨਪ੍ਰੀਤ ਕੌਰ ਛੀਨਾ, ਸੰਜੀਵ ਕੁਮਾਰ, ਬਲਜੀਤ ਕੌਰ, ਵਿਜੇ ਕੁਮਾਰ, ਨਿਰਮਲ ਸਿੰਘ, ਹਾਕੀ ਕੋਚ ਬਲਕਾਰ ਸਿੰਘ ਤੇ ਜਸਵਿੰਦਰ ਸਿੰਘ ਆਦਿ ਸਮੇਤ ਸਕੂਲ ਦੇ ਸਮੂਹ ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।

# ਹੜ੍ਹ ਪੀੜਤਾਂ ਦੀ ਮਾਲੀ ਮਦਦ ਲਈ ਕਾਂਗਰਸ ਨੇ ਦਿੱਤਾ ਡੀ ਸੀ ਰਾਹੀਂ ਪੰਜਾਬ ਸਰਕਾਰ ਨੂੰ ਮੰਗ ਪੱਤਰ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਬੀਤੇ ਦਿਨੀਂ ਪੰਜਾਬ ਵਿੱਚ ਆਏ ਭਿਆਨਕ ਹੜ੍ਹਾਂ ਦੇ ਕਾਰਨ ਮਨੁੱਖੀ ਜਾਨਾਂ ਦੇ ਹੋਏ ਨੁਕਸਾਨ ਦੇ ਨਾਲ ਨਾਲ ਹੋਰ ਵੀ ਬਹੁਤ ਤਬਾਹੀ ਦਾ ਮੰਜ਼ਰ ਸੀ। ਲੱਖਾਂ ਏਕੜ ਫਸਲ ਤਬਾਹ ਹੋ ਗਈ, ਘਰ ਢਹਿ ਗਏ, ਪਸ਼ੂ ਮਾਰੇ ਗਏ, ਲੋਕਾਂ ਦੇ ਕਾਰੋਬਾਰ ਤਹਿਸ ਨਹਿਸ ਹੋ ਗਏ ਤੇ ਕਈ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਇਸਦੀ ਭਰਪਾਈ ਲਈ ਪੰਜਾਬ ਪ੍ਰਦੇਸ ਕਾਂਗਰਸ ਵੱਲੋਂ ਜ਼ਿਲਿਆਂ ਦੇ ਡਿਪਟੀ ਕਮਿਸ਼ਨਰਾਂ ਰਾਹੀਂ ਪੰਜਾਬ ਸਰਕਾਰ ਨੂੰ ਮੰਗ ਪੱਤਰ ਦਿੱਤੇ ਜਾ ਰਹੇ ਹਨ, ਏਸੇ ਕੜੀ ਦੇ ਤਹਿਤ ਅੱਜ ਜਿਲਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਤੇ ਸਹਿਰੀ ਵੱਲੋਂ ਸਾਂਝੇ ਤੌਰ 'ਤੇ ਸੀਨੀਅਰ ਲੀਡਰਸ਼ਿਪ ਹਰਪਰਤਾਪ ਸਿੰਘ ਅਜਨਾਲਾ, ਅਸ਼ਵਨੀ ਪੱਪੂ, ਭਗਵੰਤ ਪਾਲ ਸਿੰਘ ਸੱਚਰ ਤੇ ਸਾਥੀਆਂ ਵੱਲੋਂ ਡੀਸੀ ਨੂੰ ਮੈਮੋਰੰਡਮ ਦਿੱਤਾ ਗਿਆ। ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਗਵੰਤ ਪਾਲ ਸਿੰਘ ਸੱਚਰ ਨੇ ਕਿਹਾ ਕਿ ਲਗਭਗ ਪੰਜ ਲੱਖ ਏਕੜ ਦੇ ਫਸਲ ਦੀ ਖਰਾਬੀ ਦਾ ਮੁਆਵਜ਼ਾ ਪੰਜਾਹ ਹਜ਼ਾਰ ਰਪਏ ਪ੍ਰਤੀ ਏਕੜ ਦਿੱਤਾ ਜਾਵੇ, ਜਿਨਾਂ ਲੋਕਾਂ ਦੇ ਘਰ ਢਹਿ ਗਏ ਹਨ ਉਨ੍ਹਾਂ ਨੂੰ ਪੰਜ ਲੱਖ ਰੁਪਏ, ਜ਼ਖਮੀ ਲੋਕਾ ਨੂੰ ਪੰਜ ਲੱਖ ਤੇ ਜਿਨ੍ਹਾਂ ਦੀ ਮੌਤ ਹੋ ਗਈ ਹੈ ਉਨ੍ਹਾਂ ਦੇ ਪਰਿਵਾਰਾਂ ਨੂੰ ਦੱਸ ਲੱਖ, ਜਿਨ੍ਹਾਂ ਦੇ ਕਾਰੋਬਾਰ ਦਾ ਨੁਕਸਾਨ ਹੋਇਆ ਹੈ ਦੋ ਲੱਖ ਤੇ ਜਿਨ੍ਹਾਂ ਦੇ ਪਸ਼ੂ ਮਾਰੇ ਗਏ ਹਨ ਉਸ ਪਰੀਵਾਰ ਨੂੰ ਪੰਜਾਹ ਹਜ਼ਾਰ ਰੁਪਏ ਪ੍ਰਤੀ ਜਾਨਵਰ ਤੁਰੰਤ ਦਿੱਤੇ ਜਾਣ ਤਾਂ ਜੋ ਲੋਕ ਇਸ ਦੀ ਕੁਝ ਭਰਪਾਈ ਸਰਕਾਰ ਵੱਲੋਂ ਵਸੂਲ ਕਰਕੇ ਸੁੱਖ ਦਾ ਸਾਹ ਲੈ ਸਕਣ । ਇਸ ਆਫਤ ਵਿੱਚ ਸੂਬੇ ਦੇ ਬੁਨਿਆਦੀ ਢਾਂਚੇ ਜਿਵੇਂ ਸੜਕਾਂ, ਪੁਲ, ਸਕੂਲ, ਹਸਪਤਾਲ ਤੇ ਹੋਰ ਵੀ ਸਰਕਾਰੀ ਅਦਾਰਿਆਂ ਦਾ ਬਹੁਤ ਨੁਕਸਾਨ ਹੋਇਆ ਹੈ। ਇਸ ਲਈ ਸਰਕਾਰ ਨੂੰ ਇਸ ਮਹੱਤਵਪੂਰਨ ਕਾਰਜ ਲਈ ਤੁਰੰਤ ਬਜਟ ਸੈਸ਼ਨ ਬੁਲਾਉਣਾ ਚਾਹੀਦਾ ਹੈ ਜਿਸ ਵਿੱਚ ਸਾਰੀਆਂ ਪਾਰਟੀਆਂ ਰਲਕੇ ਇਸ ਆਫਤ ਨਾਲ ਹੋਏ ਨੁਕਸਾਨ ਦੀ ਭਰਪਾਈ ਲਈ ਸਾਰਥਿਕ ਹੱਲ ਕੱਢ ਲਏ ਜਾਣ। ਇਸ ਮੌਕੇ ਜ਼ਿਲਾ ਦਿਹਾਤੀ ਕਾਂਗਰਸ ਦੇ ਪ੍ਰਧਾਨ ਹਰਪਰਤਾਪ ਸਿੰਘ ਅਜਨਾਲਾ ਨੇ ਕਿਹਾ ਕਿ ਭਾਵੇਂ ਇਹ ਕੁਦਰਤੀ ਆਫਤ ਹੈ ਪਰ ਫਿਰ ਵੀ ਸਰਕਾਰ ਨੂੰ ਇਸ ਸਬੰਧੀ ਅਗਾਊਂ ਪ੍ਰਬੰਧ ਕਰਨੇ ਚਾਹੀਦੇ ਸਨ ਜਿਸ ਵਿੱਚ ਸਰਕਾਰ ਦੀ ਅਤੇ ਸਬੰਧਿਤ ਮਹਿਕਮਿਆਂ ਦੀ ਅਣਗਹਿਲੀ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਸ ਮੌਕੇ ਸਹਿਰੀ ਪ੍ਰਧਾਨ ਅਸ਼ਵਨੀ ਪੱਪੂ, ਸੀਨੀਅਰ ਕਾਂਗਰਸੀ ਆਗੂ ਭਗਵੰਤ ਪਾਲ ਸਿੰਘ ਸੱਚਰ, ਸਾਬਕਾ ਵਿਧਾਇਕ ਸੰਤੋਖ ਸਿੰਘ ਭਲਾਈਪੁਰ, ਸਾਬਕਾ ਵਿਧਾਇਕ ਜੁਗਲ ਕਿਸ਼ੋਰ, ਇੰਦਰਜੀਤ ਸਿੰਘ ਬਾਸਰਕੇ, ਮਿੱਠੂ ਮਦਾਨ, ਕੌਂਸਲਰ ਚੋਪੜਾ, ਗੁਰਸ਼ਰਨ ਸਿੰਘ ਸਹਸਰਾਂ, ਕੌਂਸਲਰ ਵਿਕਾਸ ਸੋਨੀ, ਅਰੁਨ ਜੋਸ਼ੀ, ਸਾਬਕਾ ਚੇਅਰਮੈਨ ਗੁਰਮੀਤ ਸਿੰਘ ਭੀਲੋਵਾਲ, ਗੁਰਵਿੰਦਰ ਸਿੰਘ ਨਾਗ ਕਲਾਂ, ਅਮਨਦੀਪ ਕੱਕੜ, ਝਿਲਮਿਲ ਸਿੰਘ ਬਾਠ ਆਦਿ ਆਗੂ ਵੀ ਹਾਜ਼ਰ ਸਨ।



# ਬੀਏ/ਬੀਸੀਏ ਦੀਆਂ ਵਿਦਿਆਰਥਣਾਂ ਨੇ ਨਤੀਜਿਆਂ 'ਚ ਮਾਰੀਆਂ ਮੱਲਾਂ

ਧਾਰੀਵਾਲ (ਮਨਦੀਪ ਸਿੰਘ ਵਿੱਕੀ) ਬਿਨਾਂ ਫੀਸ, ਬਿਨਾਂ ਨਕਲ ਤੇ ਬਿਨਾਂ ਦਾਨ ਦੇ ਚਲਾਇਆ ਜਾਣ ਵਾਲਾ ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲਾ ਦੀਆਂ ਬੀਏ ਤੇ ਬੀਸੀਏ ਦੀਆਂ ਵਿਦਿਆਰਥਣਾਂ ਨੇ ਗੁਰੂ ਨਾਨਕ ਦੇਵ ਯੂਨਵਰਸਿਟੀ ਦੁਆਰਾ ਐਲਾਨੇ ਗਏ ਹੁਣ ਤੱਕ ਦੇ ਨਤੀਜਿਆਂ ਵਿੱਚ ਸ਼ਾਨਦਾਰ ਮੱਲਾਂ ਮਾਰੀਆਂ। ਇਸ ਮੌਕੇ ਪ੍ਰਿੰਸੀਪਲ ਸਵਰਨ ਸਿੰਘ ਜੀ ਵਿਰਕ ਨੇ ਦੱਸਿਆ ਕਿ ਇਹ ਸੰਸਥਾ ਕਿਰਤ, ਕਿਰਸ, ਸੰਜਮ ਤੇ ਇਮਾਨਦਾਰੀ ਨਾਲ ਚਲਾਈ ਜਾ ਰਹੀ ਹੈ, ਜਿੱਥੇ ਬੀ ਏ ਦੇ ਵਿਦਿਆਰਥੀ ਬਿਲਕੁਲ ਮੁਫਤ ਸਿੱਖਿਆ ਹਾਸਲ ਕਰ ਰਹੇ ਹਨ ਉਥੇ ਉਹ ਪੜਾਈ ਦੇ ਨਾਲ-ਨਾਲ ਨੈਤਿਕ ਕਦਰਾਂ ਕੀਮਤਾਂ 'ਚ ਲਬਰੇਜ਼ ਜੀਵਨ ਜਾਚ ਵੀ ਸਿੱਖਦੇ ਹਨ। ਉਨ੍ਹਾਂ ਕਿਹਾ ਕਿ ਹੁਣ ਤੱਕ ਦੇ ਐਲਾਨੇ ਨਤੀਜਿਆਂ ਵਿੱਚ ਚਾਰ ਵਿਦਿਆਰਥੀ ਮੈਰਿਟ ਪ੍ਰਾਪਤ ਕਰ ਚੁੱਕੇ ਹਨ ਜਿਨ੍ਹਾਂ ਵਿੱਚੋਂ ਬੀਸੀਏ ਸਮੈਸਟਰ ਛੇਵਾਂ ਦੀ ਵਿਦਿਆਰਥਣ ਰਵਨੀਤ ਕੌਰ ਹਰਚੋਵਾਲ ਨੇ 84 ਫੀਸਦੀ ਅੰਕਾਂ ਨਾਲ ਯੂਨੀਵਰਸਟੀ ਵਿਚੋਂ ਮੈਰਿਟ ਪ੍ਰਾਪਤ ਕੀਤੀ। ਬੀਸੀਏ ਸਮੈਸਟਰ ਦੂਜਾ ਦੀ ਵਿਦਿਆਰਥਣ ਗੁਰਜੋਤ ਕੌਰ ਸ੍ਰੀ ਹਰਗੋਬਿੰਦਪੁਰ ਨੇ 82 ਫੀਸਦੀ ਅੰਕਾਂ ਨਾਲ ਯੂਨੀਵਰਸਿਟੀ ਵਿੱਚੋਂ ਮੈਰਿਟ ਪ੍ਰਾਪਤ ਕੀਤੀ, ਬੀਏ ਸਮੈਸਟਰ ਛੇਵਾਂ ਦੀ ਵਿਦਿਆਰਥਣ ਰਾਜਦੀਪ ਕੌਰ ਹਰਚੋਵਾਲ ਨੇ 74 ਫੀਸਦੀ ਅੰਕਾਂ ਨਾਲ ਯੂਨੀਵਰਸਟੀ ਮੈਰਿਟ ਪ੍ਰਾਪਤ ਕੀਤੀ ਅਤੇ ਬੀਏ ਸਮੈਸਟਰ ਚੌਥਾ ਦੀ ਵਿਦਿਆਰਥਣ ਸੁਪ੍ਰੀਆ ਕੋਹਾਲੀ ਨੇ 76 ਫੀਸਦੀ ਅੰਕਾਂ ਨਾਲ ਮੈਰਿਟ ਪ੍ਰਾਪਤ ਪ੍ਰਾਪਤ ਕੀਤੀ ਅਤੇ ਇਹ ਸ਼ਾਨਦਾਰ ਮੱਲਾਂ ਮਾਰਨ ਵਾਲੇ ਚਾਰ ਮੈਰਿਟ ਹੋਲਡਰ ਤੇ 48 ਫਸਟ ਡਵੀਜ਼ਨਰ ਵਿੱਦਿਆਰਥੀ ਡਿਪਟੀ ਕਮਿਸ਼ਨਰ ਗੁਰਦਾਸਪੁਰ ਹਿਮਾਂਸ਼ੂ ਅਗਰਵਾਲ ਜੀ ਤੋਂ ਸਨਮਾਨ ਪ੍ਰਾਪਤ ਕਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਸਾਡੀ ਸੰਸਥਾ ਦਾ ਮਕਸਦ ਆਰਥਿਕ ਤੇ



ਪੜ੍ਹਾਈ ਪੱਖੋਂ ਕਮਜ਼ੋਰ, +2 ਕਰਕੇ ਵਿਹਲੇ ਵਿਦਿਆਰਥੀਆਂ ਨੂੰ ਮੁਫਤ ਬੀਏ ਅਤੇ ਬੀਸੀਏ ਕਰਵਾਉਣਾ ਅਤੇ ਵਿਹਲੇ ਬੀਏ ਪਾਸ ਵਿਦਿਆਰਥੀਆਂ ਨੂੰ ਮੁਫਤ ਐਮ ਏ ਕਰਵਾਉਣਾ ਹੈ ਤਾਂ ਕਿ ਸਾਡੀਆਂ ਧੀਆਂ ਚੰਗੇ ਵਰ-ਘਰ ਦੇ ਯੋਗ ਬਣ ਸਕਨ। ਅਖੀਰ ਪ੍ਰਿੰਸੀਪਲ ਸਾਹਿਬ ਨੇ ਵਧੀਆ ਨਤੀਜੇ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ, ਮਾਪਿਆਂ ਤੇ ਅਧਿਆਪਕਾਂ ਨੂੰ ਵਧਾਈ ਦਿੱਤੀ।

# ਖ਼ਾਲਸਾ ਕਾਲਜ ਫਾਰ ਵੂਮੈਨ ਦੀ ਰਿੰਪਲ ਕੌਰ 'ਮਾਣ ਪੰਜਾਬ ਦਾ ਐਵਾਰਡ' ਨਾਲ ਸਨਮਾਨਿਤ

ਅੰਮ੍ਰਿਤਸਰ ( ਜਸਬੀਰ ਸਿੰਘ ਪੱਟੀ)-ਖ਼ਾਲਸਾ ਕਾਲਜ ਫ਼ਾਰ ਵੂਮੈਨ ਦੀ ਖਿਡਾਰਣ ਰਿੰਪਲ ਕੌਰ ਨੂੰ ਸਰਹੱਦ-ਏ-ਪੰਜਾਬ ਸਪੋਰਟਸ ਕਲੱਬ (ਰਜਿ.) ਅੰਮ੍ਰਿਤਸਰ ਵੱਲੋਂ 'ਮਾਣ ਪੰਜਾਬ ਦਾ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਕਾਲਜ ਵਿਖੇ ਕਰਵਾਏ ਸਮਾਰੋਹ ਮੌਕੇ ਪ੍ਰਿੰਸੀਪਲ ਡਾ. ਸੁਰਿੰਦਰ ਕੌਰ ਨੇ ਵਿਦਿਆਰਥਣ ਰਿੰਪਲ ਕੌਰ ਨੂੰ ਉਕਤ ਐਵਾਰਡ ਮਿਲਣ 'ਤੇ ਮੁਬਾਰਕਬਾਦ ਦਿੱਤੀ।



ਇਸ ਮੌਕੇ ਪ੍ਰਿੰ: ਡਾ. ਸੁਰਿੰਦਰ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉੱਚੀ ਛਾਲ ਦੀ ਖਿਡਾਰਣ ਰਿੰਪਲ ਕੌਰ (ਕੌਮੀ ਐਥਲੀਟ) ਨੂੰ ਉਪਰੋਕਤ ਖੇਡ ਸੰਸਥਾ ਵੱਲੋਂ 'ਮਾਣ ਪੰਜਾਬ ਦਾ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੇ ਕਾਲਜ ਖੇਡ ਮੁਖੀ ਪੂਜਾ ਦੁਆਰਾ ਵਿਦਿਆਰਥਣ ਨੂੰ ਕਰਵਾਏ ਸਖ਼ਤ ਅਭਿਆਸ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਰਿੰਪਲ ਕੌਰ ਨੇ ਭੋਪਾਲ ਵਿਖੇ ਹੋਇਆ ਸਕੂਲ ਨੈਸ਼ਨਲ ਖੇਡਾਂ-2023 'ਚ 1.63 ਉੱਚੀ ਛਾਲ ਲਗਾ ਕੇ ਗੋਲਡ ਮੈਡਲ 'ਤੇ ਕਬਜ਼ਾ ਕਰਦਿਆਂ ਕਾਲਜ ਦਾ ਨਾਂਅ ਹੋਰ ਰੌਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਰਿੰਪਲ ਦੀ ਇਸ ਬੇਮਿਸਾਲ ਪ੍ਰਾਪਤੀ ਦਾ ਸਿਹਰਾ ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਦੇ ਖੇਡ ਮੁੱਖੀ ਅਤੇ ਅਥਲੈਟਿਕਸ ਕੋਚ ਰਣਕੀਰਤ ਸਿੰਘ ਸੰਧੂ ਦੇ ਸਿਰ ਜਾਂਦਾ ਹੈ।

ਇਸ ਦੌਰਾਨ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਨੇ ਪ੍ਰਿੰ: ਡਾ. ਸੁਰਿੰਦਰ ਕੌਰ ਨੂੰ ਰਿੰਪਲ ਕੌਰ ਦੀ ਇਸ ਮਾਣਮੱਤੀ ਪ੍ਰਾਪਤੀ 'ਤੇ ਵਧਾਈ ਦਿੰਦਿਆਂ ਭਵਿੱਖ 'ਚ ਬੁਲੰਦੀਆਂ ਛੂਹਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਇਸ ਪ੍ਰਾਪਤੀ 'ਚ ਪ੍ਰਿੰ: ਡਾ. ਸੁਰਿੰਦਰ ਕੌਰ ਦਾ ਅਹਿਮ ਯੋਗਦਾਨ ਹੈ।

ਇਸ ਮੌਕੇ ਸਪੋਰਟਸ ਕਲੱਬ ਦੇ ਚੇਅਰਮੈਨ ਹਰਦੇਸ਼ ਸ਼ਰਮਾ ਅਤੇ ਪ੍ਰਧਾਨ ਗੁਰਿੰਦਰ ਸਿੰਘ ਮੱਟੂ (ਖੇਡ ਪ੍ਰੋਮੋਟਰ) ਨੇ ਸਾਂਝੇ ਤੌਰ 'ਤੇ ਪ੍ਰਿੰ. ਡਾ. ਸੁਰਿੰਦਰ ਕੌਰ, ਖੇਡ ਮੁੱਖੀ ਪੂਜਾ ਅਤੇ ਰਿੰਪਲ ਕੌਰ ਨੂੰ ਮੁਬਾਰਕਬਾਦ ਦਿੰਦਿਆਂ ਬੇਹਤਰੀਨ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਵਾਇਸ ਪ੍ਰਿੰਸੀਪਲ ਰਵਿੰਦਰ ਕੌਰ ਨੇ ਸ਼ਰਮਾ, ਮੱਟੂ, ਅਮਨਦੀਪ ਸਿੰਘ ਅਤੇ ਦਮਨਪ੍ਰੀਤ ਕੌਰ ਦਾ ਕਾਲਜ ਪਹੁੰਚਣ ਅਤੇ ਰਿੰਪਲ ਕੌਰ ਨੂੰ ਉਕਤ ਐਵਾਰਡ ਨਾਲ ਸਨਮਾਨਿਤ ਕਰਨ 'ਤੇ ਧੰਨਵਾਦ ਕੀਤਾ।

# ਮਨੀਪੁਰ 'ਚ ਘੱਟ ਗਿਣਤੀਆਂ 'ਤੇ ਕੀਤਾ ਜਾ ਰਿਹਾ ਅੰਨ੍ਹਾ ਤਸ਼ੱਦਦ; ਪ੍ਰੋ. ਪਰਮਿੰਦਰ ਸਿੰਘ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸਥਾਨਕ ਭੰਡਾਰੀ ਪੁਲ ਤੇ ਅਵਾਮੀ ਜਥੇਬੰਦੀਆਂ ਨੇ ਇੱਕਠੇ ਹੋਕੇ ਸਿਟੀਜ਼ਨ ਫੋਰਮ ਦੀ ਰਹਿਨੁਮਾਈ ਹੇਠ ਮਨੀਪੁਰ ਵਿੱਚ ਔਰਤਾਂ ਨਾਲ ਹੋ ਰਹੇ ਜਬਰ ਵਿਰੁੱਧ ਕੇਂਦਰ ਦੀ ਮੋਦੀ ਸਰਕਾਰ ਤੇ ਮਨੀਪੁਰ ਦੀ ਸਰਕਾਰ ਵਿਰੁੱਧ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਰੋਸ ਪ੍ਰਦਰਸ਼ਨ ਨੂੰ ਪ੍ਰੋਫੈਸਰ ਪਰਮਿੰਦਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਮਨੀਪੁਰ ਵਿੱਚ ਪਿਛਲੇ ਕਈ ਸਾਲਾਂ ਤੋਂ ਘੱਟ ਗਿਣਤੀ ਲੋਕਾਂ ਉੱਪਰ ਅੰਨ੍ਹਾ ਜਬਰ ਕੀਤਾ ਜਾ ਰਿਹਾ ਹੈ। ਪਿੰਡ ਫੂਕੇ ਜਾ ਰਹੇ ਹਨ। ਸਭ ਤੋਂ ਜ਼ਿਆਦਾ ਉਥੇ ਔਰਤਾਂ ਨੂੰ ਨੌਜਵਾਨ ਬੱਚੀਆਂ ਨੂੰ ਇਸ ਜਬਰ ਦਾ ਸਿਕਾਰ ਬਣਾਇਆ ਜਾ ਰਿਹਾ ਹੈ। ਪਰ ਕੇਂਦਰ ਦੀ ਮੋਦੀ ਸਰਕਾਰ ਮੋਦੀ ਸਮੇਤ ਕੁਝ ਵੀ ਕਹਿਣ ਤੋਂ ਬੇਮਾਇਨਾ ਚੁੱਪ ਧਾਰੀ ਬੈਠੀ ਹੈ। ਹੁਣ ਜਦੋਂ ਪਿਛਲੇ ਦਿਨੀਂ ਇੱਕ ਵੀਡੀਓ ਔਰਤਾਂ ਦੀ ਸੋਸ਼ਲ ਮੀਡੀਆ ਤੇ ਵਾਇਰਲ ਹੁੰਦੀ ਹੈ ਤਾਂ ਮੋਦੀ ਨੇ ਆਪਣੀ ਚੁੱਪ ਨੂੰ ਤੋੜਦਿਆਂ ਇੱਕ ਬਹੁਤ ਹੀ ਖਤਰਨਾਕ ਰਾਜਨੀਤਕ ਬਿਆਨ ਦੇ ਕੇ ਦੁਖੀ ਲੋਕਾਂ ਦੇ ਜ਼ਖਮਾਂ 'ਤੇ ਲੂਣ ਛਿੜਕਣ ਦਾ ਕੰਮ ਕੀਤਾ ਹੈ। ਇਸ ਮੌਕੇ ਵੱਡੀ ਗਿਣਤੀ ਵਿੱਚ ਔਰਤਾਂ ਮਰਦ ਅਤੇ ਨੌਜਵਾਨ ਸ਼ਾਮਿਲ ਹੋਏ ਜਿਨ੍ਹਾਂ ਨੇ ਮੋਦੀ ਖਿਲਾਫ਼ ਜ਼ੋਰਦਾਰ ਨਾਹਰੇ ਲਗਾਏ। ਇਸ ਮੌਕੇ ਔਰਤਾਂ ਦੀਆਂ ਲੀਡਰ ਕੰਵਲਜੀਤ ਕੌਰ ਰਜਿੰਦਰਪਾਲ ਕੌਰ, ਅਮਰਜੀਤ ਕੌਰ ਵਿਦਿਆਰਥੀ ਜਥੇਬੰਦੀ ਵਲੋਂ ਸਿਮਰਨਜੀਤ ਕੌਰ, ਤਰਕਸ਼ੀਲ ਆਗੂ ਸਮੇਤ ਅਤੇ ਕਿਸਾਨ ਮਜ਼ਦੂਰ ਮੁਲਾਜ਼ਮ ਨੌਜਵਾਨਾਂ ਦੀਆਂ ਜਥੇਬੰਦੀਆਂ ਨੇ ਵੀ ਸੰਬੋਧਨ ਕੀਤਾ ਜਿਨ੍ਹਾਂ ਵਿੱਚ ਬਲਕਾਰ ਦੁਧਾਲਾ, ਰਤਨ ਸਿੰਘ ਰੰਧਾਵਾ, ਲਖਬੀਰ ਸਿੰਘ ਨਿਜਾਮਪੁਰਾ, ਪ੍ਰੋਫੈਸਰ ਅਸ਼ ਸਿੱਧੂ, ਪ੍ਰੋਫੈਸਰ ਸੋਹਲ, ਸੁੱਚਾ ਸਿੰਘ ਅਜਨਾਲਾ, ਜਸਬੀਰ ਕੌਰ ਹੇਰ, ਬਲਬੀਰ ਸਿੰਘ ਮੂਧਲ, ਡਾਕਟਰ ਸ਼ਮਸ਼ੇਰ ਸਿੰਘ ਹੇਰ ਆਦਿ ਆਗੂਆਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਦੇਸ਼ ਦੇ ਲੋਕਾਂ ਨੂੰ ਫਿਰਕਿਆਂ ਵਿੱਚ ਲੜਾ ਕੇ ਆਪਣਾ ਰਾਜ ਕਾਇਮ ਰੱਖਣਾ ਚਾਹੁੰਦੀ ਹੈ ਜੋ ਦੇਸ਼ ਦੇ ਲੋਕ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦੇ।



ਇਸ ਮੁਜ਼ਾਹਰੇ ਨੂੰ ਹੋਰਨਾਂ ਤੋਂ ਇਲਾਵਾ ਜਗਤਾਰ ਸਿੰਘ ਕਰਮਪੁਰਾ, ਲਖਵਿੰਦਰ ਗੋਪਾਲਪੁਰਾ, ਨਰਿੰਦਰ, ਪ੍ਰਧਾਨ ਕ੍ਰਿਪਾਲ ਸਿੰਘ ਰੇਲਵੇ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਸ ਵੇਲੇ ਲੋੜ ਹੈ ਕਿ ਦੇਸ਼ ਨੂੰ ਬਚਾਉਣ ਵਾਸਤੇ ਬੀਜੇਪੀ ਸਰਕਾਰ ਨੂੰ ਛੇਤੀ ਤੋਂ ਛੇਤੀ ਰਾਜ ਗੱਦੀ ਤੋਂ ਲਾਂਭੇ ਕੀਤਾ ਜਾਵੇ। ਇਸ ਮੌਕੇ ਸਵਰਾਜ ਸਿੰਘ, ਕਾਬਲ ਸਿੰਘ ਛੀਨਾ, ਸੁੱਚਾ ਸਿੰਘ ਵੇਗੇਵਾਲ ਨੇ ਵੀ ਮੁਜ਼ਾਹਰੇ ਨੂੰ ਸੰਬੋਧਨ ਕੀਤਾ।

# ਅਦਲੀਵਾਲਾ ਨਿਵਾਸੀ ਨਸ਼ਾ ਵੇਚਣ ਵਾਲਿਆਂ ਵਿਰੁੱਧ ਮੈਦਾਨ 'ਚ ਨਿੱਤਰੇ

## *ਨਸ਼ਾਬੰਦੀ ਲਈ ਅੱਗੇ ਆਉਣ ਵਾਲੇ ਪਿੰਡ ਵਾਸੀਆਂ ਦਾ ਪੂਰਾ ਸਾਥ ਦਿਆਂਗੇ; ਡੀਸੀ*

ਅੰਮ੍ਰਿਤਸਰ (ਨਰਿੰਦਜੀਤ ਸਿੰਘ)—ਪੰਜਾਬ ਸਰਕਾਰ ਨਸ਼ਿਆਂ ਪ੍ਰਤੀ ਕਾਫ਼ੀ ਗੰਭੀਰ ਹੈ ਅਤੇ ਜੋ ਵੀ ਪਿੰਡ ਵਾਸੀ ਨਸ਼ਿਆਂ ਵਿਰੁੱਧ ਮੈਦਾਨ ਵਿੱਚ ਨਿਤਰਨਗੇ ਉਨ੍ਹਾਂ ਦਾ ਹਰ ਤਰ੍ਹਾਂ ਸਾਥ ਦਿੱਤਾ ਜਾਵੇਗਾ ਅਤੇ ਨਸ਼ਾ ਵੇਚਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਅਮਿਤ ਤਲਵਾੜ ਨੇ ਗ੍ਰਾਮ ਪੰਚਾਇਤ ਪਿੰਡ ਅਦਲੀਵਾਲਾ ਬਲਾਕ ਹਰਸ਼ਾ ਛੀਨਾ ਵਲੋਂ ਪਿੰਡ ਵਿੱਚ ਨਸ਼ਾ ਵੇਚਣ ਵਾਲਿਆਂ ਵਿਰੁੱਧ ਕਾਰਵਾਈ ਲਈ ਬਣਾਈ ਗਈ ਕਮੇਟੀ ਕੋਲੋਂ ਮੰਗ ਪੱਤਰ ਲੈਂਦਿਆਂ ਕੀਤਾ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਬੜੀ ਚੰਗੀ ਪਹਿਲ ਹੈ ਕਿ ਪਿੰਡ ਵਾਸੀ ਹੁਣ ਇਕੱਠੇ ਹੋ ਕੇ ਨਸ਼ਾ ਵੇਚਣ ਵਾਲਿਆਂ ਵਿਰੁੱਧ ਲਾਮਬੰਦ ਹੋ ਰਹੇ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਇਨ੍ਹਾਂ ਪਿੰਡਾਂ ਦਾ ਪੂਰਨ ਸਹਿਯੋਗ ਕਰੇਗਾ।

ਇਸ ਮੌਕੇ ਪਿੰਡ ਦੇ ਸਰਪੰਚ ਹਰਕੰਵਲਜੀਤ ਸਿੰਘ ਨੇ ਦੱਸਿਆ ਕਿ ਸਾਡੇ ਪਿੰਡ ਨੇ ਬਾਬਾ ਬੀਰ ਸਿੰਘ ਜੀ ਨਸ਼ਾ ਮੁਕਤ ਅਦਲੀਵਾਲਾ ਦੇ ਨਾਮ ਤੇ ਇਕ 40 ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ ਜੋ ਪਿੰਡ ਵਿੱਚ ਨਸ਼ਾ ਵੇਚਣ ਵਾਲਿਆਂ ਵਿਰੁੱਧ ਪਿੰਡ ਦੇ ਮੋਹਤਬਰ ਸਾਥੀਆਂ ਨਾਲ ਮਿਲ ਕੇ ਕਾਰਵਾਈ ਕਰੇਗੀ। ਉਨ੍ਹਾਂ ਦੱਸਿਆ ਕਿ ਸਾਰੇ ਪਿੰਡ ਵਾਸੀਆਂ ਨੇ ਫੈਸਲਾ ਕੀਤਾ ਹੈ ਕਿ ਪਿੰਡ ਦਾ ਕੋਈ ਵੀ ਵਿਅਕਤੀ ਕਿਸੇ ਅਪਰਾਧੀ ਨੂੰ ਪੁਲਸ ਹਿਰਾਸਤ ਦੀ ਜ਼ਮਾਨਤ ਨਹੀਂ ਦੇਵੇਗਾ। ਜੇਕਰ ਕੋਈ ਪਿੰਡ ਦਾ ਵਿਅਕਤੀ ਜ਼ਮਾਨਤ ਦਿੰਦਾ ਹੈ ਤਾਂ ਉਸ ਵਿਰੁੱਧ ਕਾਨੂੰਨੀ ਕਾਰਵਾਈ ਤੋਂ ਇਲਾਵਾ ਪਿੰਡ ਵਿੱਚ ਬਾਈਕਾਟ ਦਾ ਫੈਸਲਾ ਕੀਤਾ ਗਿਆ ਹੈ। ਇਸ ਮੌਕੇ ਅਦਾਕਾਰਾ ਅਤੇ ਗਾਇਕਾ ਸੋਨੀਆ ਮਾਨ ਨੇ ਦੱਸਿਆ ਕਿ ਅਸੀਂ ਪੂਰੇ ਪੰਜਾਬ ਵਿੱਚ ਨਸ਼ਿਆਂ ਵਿਰੁੱਧ ਮੁਹਿੰਮ ਲਈ ਮਾਈ ਭਾਗੋ ਚੈਰਿਟੀ ਸੰਸਥਾ ਸ਼ੁਰੂ ਕੀਤੀ ਹੈ, ਜਿਸਦੀ ਸ਼ੁਰੂਆਤ ਪਿੰਡ ਅਦਲੀਵਾਲਾ ਤੋਂ ਕੀਤੀ ਗਈ ਹੈ। ਉਨਾਂ ਕਿਹਾ ਕਿ ਇਹ ਸੰਸਥਾ ਪਿੰਡਾਂ ਵਿੱਚ ਨਸ਼ਾ ਵੇਚਣ ਵਾਲਿਆਂ ਵਿਰੁੱਧ ਕਾਰਵਾਈ ਕਰੇਗੀ ਅਤੇ ਸਾਡਾ ਪਿੰਡ ਵੀ ਇਸ ਮੁਹਿੰਮ ਵਿੱਚ ਵੱਧ ਚੜ੍ਹ ਦੇ ਹਿੱਸਾ ਲਵੇਗਾ। ਉਨ੍ਹਾਂ ਕਿਹਾ ਕਿ ਸਾਨੂੰ ਪੂਰੀ ਆਸ ਹੈ ਕਿ ਵਾਹਿਗੁਰੂ ਜੀ ਦੀ ਕਿਰਪਾ ਨਾਲ ਪਿੰਡ ਨੂੰ ਨਸ਼ਾ ਮੁਕਤ ਕਰਕੇ ਤਰਨਤਾਰਨ ਬਾਬਾ ਬੀਰ ਸਿੰਘ ਦੇ ਦਰ 'ਤੇ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ ਜਾਣਗੇ। ਇਸ ਮੌਕੇ ਰੇਸ਼ਮ ਸਿੰਘ, ਜਸਬੀਰ ਸਿੰਘ ਕੁਲਵਿੰਦਰ ਸਿੰਘ, ਬੂਆ ਸਿੰਘ, ਸੁਖਚੈਨ ਸਿੰਘ, ਸਕੱਤਰ ਸਿੰਘ, ਲਖਬੀਰ ਸਿੰਘ, ਸੁਖਮਨਦੀਪ ਸਿੰਘ, ਬਚਿੱਤਰ ਸਿੰਘ, ਗੁਰਦੀਪ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।



# ਭਿਆਨਕ ਹੜ੍ਹਾਂ ਦੀ ਲਪੇਟ 'ਚ ਆਈਆਂ ਫਸਲਾਂ ਦਾ ਮੁਆਵਜ਼ਾ ਤੁਰੰਤ ਦੇਣ ਦੀ ਮੰਗ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਇਸ ਗੱਲ ਵਿੱਚ ਰਤੀ ਭਰ ਵੀ ਸੱਕ ਨਹੀਂ ਕਿ ਸਾਡੇ ਦੇਸ਼, ਖਾਸ ਕਰਕੇ ਪੰਜਾਬੀਆਂ ਦਾ ਸਾਰਾ ਦਾਰੋਮਦਾਰ ਕਿਸਾਨਾਂ ਅਤੇ ਮਜ਼ਦੂਰਾਂ ਦੇ ਸਿਰ ਤੇ ਹੈ, ਤੇ ਜੇ ਪੰਜਾਬ ਦੀ ਕਿਸਾਨੀ ਦਾ ਕੋਈ ਵੀ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਹੁੰਦਾ ਹੈ ਤਾਂ ਇਸ ਦਾ ਅਸਰ ਹਰੇਕ ਵਰਗ ਦੇ ਲੋਕਾਂ 'ਤੇ ਪਵੇਗਾ ਕਿਉਂਕਿ ਜੇਕਰ ਸਾਡੇ ਦੇਸ਼ ਦੇ ਅੰਨਦਾਤੇ ਮਾਰੇ ਗਏ ਤਾਂ ਸਮਝੋ ਸਾਡੇ ਦੇਸ਼ ਦੀ ਅਰਥਵਿਵਸਥਾ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਨਾਂ ਵਿਚਾਰਾਂ ਦਾ ਪ੍ਰਗਟਾਵਾ ਪਿੰਡ ਮੱਖਣਵਿੰਡੀ ਵਿਖੇ ਉਘੇ ਸਮਾਜ ਸੇਵਕ ਬਚਿੱਤਰ ਸਿੰਘ ਦੋਧੀ ਤੇ ਕਿਸਾਨ ਆਗੂ ਗੁਰਮੇਜ ਸਿੰਘ ਮੱਖਣਵਿੰਡੀ, ਗੁਰਦੀਪ ਸਿੰਘ ਸਿੱਧੂ ਤੇ ਉਨ੍ਹਾਂ ਦੇ ਸਾਥੀਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਪੰਜਾਬ ਵਿੱਚ ਪਏ ਭਾਰੀ ਮੀਂਹ ਕਾਰਨ ਕਿਸਾਨਾਂ ਦੀ ਝੋਨੇ ਦੀਆਂ ਫਸਲ ਤੇ ਹੋਰ ਵੀ ਕਈ ਤਰ੍ਹਾਂ ਦੀਆਂ ਫਸਲਾਂ ਪੂਰੀ ਤਰਾਂ ਖਰਾਬ ਹੋ ਗਈਆਂ ਹਨ ਤੇ ਇਸ ਸਬੰਧ ਵਿੱਚ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਪੀੜਤ ਕਿਸਾਨਾਂ ਨੂੰ ਤੁਰੰਤ ਮੁਆਵਜ਼ਾ ਦੇਵੇ ਤਾਂ ਕਿ ਪਹਿਲਾਂ ਤੋਂ ਹੀ ਮਰ ਰਹੀ ਕਿਸਾਨੀ ਨੂੰ ਬਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਹਲਕਾ ਜੰਡਿਆਲਾ ਗੁਰੂ ਅਧੀਨ ਪੈਂਦੇ ਬਹੁਤ ਸਾਰੇ ਪਿੰਡਾਂ ਨੂੰ ਇਸ ਵਕਤ ਬਹੁਤ ਸਾਰੀਆਂ ਮੁਸਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਮਾਰੀ ਗਈ ਝੋਨੇ ਦੀ ਫਸਲ ਨੂੰ ਦੁਬਾਰਾ ਲਾਉਣ ਲਈ ਪਨੀਰੀ ਨਹੀਂ ਮਿਲ ਰਹੀ ਤੇ ਜੇ ਕਿਤੇ ਮਿਲਦੀ ਹੈ ਤਾਂ ਉਹ ਕਾਫੀ ਮਹਿੰਗੀ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਦੂਜੀ ਵਾਰ ਕੱਦੂ ਕਰਨ ਨਾਲ, ਲੇਬਰ, ਡੀਜ਼ਲ ਦਾ ਖਰਚਾ ਵੀ ਕਿਸਾਨਾਂ ਨੂੰ ਸਿਰ ਚੁੱਕਣ ਨਹੀਂ ਦੇ ਰਿਹਾ। ਉਨ੍ਹਾਂ ਨੇ ਸਮਾਜ ਸੇਵਕ ਜਥੇਬੰਦੀਆਂ ਦੀ ਤਰੀਫ ਵੀ ਕੀਤੀ ਹੈ ਜਿਨ੍ਹਾਂ ਇਸ ਮੁਸੀਬਤ ਦੀ ਘੜੀ ਵਿੱਚ ਹੜ੍ਹ ਪੀੜਤਾਂ ਦੀ ਮਦਦ ਲਈ ਦਿਨ-ਰਾਤ ਇੱਕ ਕਰ ਦਿੱਤਾ। ਇਸ ਮੌਕੇ ਕਿਸਾਨ ਆਗੂ ਗੁਰਮੇਜ ਸਿੰਘ ਮੱਖਣਵਿੰਡੀ, ਡਾਕਟਰ ਦਲੇਰ ਸਿੰਘ ਜੌਹਲ, ਕਲਾਕਾਰ ਦੇਵ ਜੌਹਲ, ਗੁਰਦੀਪ ਸਿੰਘ ਮੱਖਣਵਿੰਡੀ, ਵਰਿੰਦਰਜੀਤ ਸਿੰਘ ਢੋਟ ਮਾਲੋਵਾਲ, ਸਰਪੰਚ ਜਸਪਾਲ ਸਿੰਘ ਮਾਲੋਵਾਲ, ਪ੍ਰਤਾਪ ਸਿੰਘ ਛੀਨਾਂ, ਸਰਪੰਚ ਅਮਰੀਕ ਰਾਮ, ਅਵਤਾਰ ਸਿੰਘ ਵਡਾਲਾ ਜੌਹਲ, ਐਮਡੀ ਜਗਦੀਸ਼ ਸਿੰਘ, ਐਮਡੀ ਜਤਿੰਦਰ ਸਿੰਘ ਸੰਧਾ, ਡਾ. ਤੇਜਪਾਲ ਸਿੰਘ ਸੰਧੂ, ਡਾ. ਅਰਸ਼ਬੀਰ ਸਿੰਘ ਜੋਸਨ, ਅਮਰਬੀਰ ਸਿੰਘ ਸ਼ੇਰਾ, ਇੰਜੀ ਕਰਨਬੀਰ ਸਿੰਘ ਥਿੰਦ, ਡਾਇਰੈਕਟਰ ਸੁਖਜੀਤ ਸਿੰਘ ਥਿੰਦ, ਡਾਇਰੈਕਟਰ ਇਕਬਾਲ ਸਿੰਘ ਨਵਾਂ ਪਿੰਡ, ਸੁਖਬਾਜ ਸਿੰਘ ਰੰਧਾਵਾ ਅੱਡਾ ਡੱਡੂਆਣਾ, ਜਗੀਰ ਸਿੰਘ ਯੂਪੀਵਾਲੇ, ਹਰਮੀਤ ਸਿੰਘ ਫੌਜੀ ਤੇ ਇਲਾਕੇ ਦੀਆਂ ਕਈ ਹੋਰ ਨਾਮਵਰ ਸ਼ਖਸੀਅਤਾਂ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਹੜ੍ਹ ਪੀੜਤਾਂ ਨੂੰ ਤੁਰੰਤ ਮੁਆਵਜ਼ਾ ਦੇਵੇ ਤਾਂ ਕਿ ਦੇਸ਼ ਦੇ ਅੰਨਦਾਤਿਆਂ ਨੂੰ ਬਚਾਇਆ ਜਾ ਸਕੇ।



# ਜ਼ਿਲੇ ਦੇ ਰੈਗੂਲਰ ਹੋਣ ਵਾਲੇ ਸਾਰੇ ਵਲੰਟੀਅਰ ਅਧਿਆਪਕਾਂ ਨੂੰ ਦਿੱਤੇ ਨਿਯੁਕਤੀ ਪੱਤਰ

ਤਰਨ ਤਾਰਨ/ਭਿੱਖੀਵਿੰਡ/ਖਾਲੜਾ (ਪ੍ਰਿੰਤਪਾਲ ਸਿੰਘ/ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ, ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੇ ਅਣਥੱਕ ਯਤਨਾਂ ਸਦਕਾ ਪੰਜਾਬ ਭਰ ਦੇ 12500 ਦੇ ਕਰੀਬ ਸਿੱਖਿਆ ਵਲੰਟੀਅਰ ਅਧਿਆਪਕਾਂ ਨੂੰ ਪੰਜਾਬ ਸਰਕਾਰ ਵੱਲੋਂ ਰੈਗੂਲਰ ਹੋਣ ਦੇ ਆਰਡਰ ਦਿੱਤੇ ਗਏ। ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ, ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਤਰਨ ਤਾਰਨ ਕਵਲਜੀਤ ਸਿੰਘ ਧੰਜੂ, ਉੱਪ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਸੁਰਿੰਦਰ ਕੁਮਾਰ ਦੀ ਯੋਗ ਅਗਵਾਈ ਅਤੇ ਸਮੂਹ ਬਲਾਕ ਐਲੀਮੈਂਟਰੀ ਸਿੱਖਿਆ ਅਫਸਰ ਸਹਿਬਾਨ ਦੀ ਯੋਗ ਰਹਿਨੁਮਾਈ ਹੇਠ ਅੱਜ ਜ਼ਿਲੇ ਦੇ ਸਮੂਹ ਰੈਗੂਲਰ ਹੋਣ ਵਾਲੇ ਵਲੰਟੀਅਰ ਅਧਿਆਪਕਾਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ । ਇਸ ਤੋਂ ਇਲਾਵਾ ਸਕੂਲ ਪੱਧਰ ਦੇ ਸਕੂਲ ਮੁਖੀਆਂ, ਸਕੂਲ ਅਧਿਆਪਕਾਂ, ਸਕੂਲ ਮੈਨੇਜਮੈਂਟ ਕਮੇਟੀ ਮੈਂਬਰਾਂ ਅਤੇ ਪਿੰਡਾਂ ਦੇ ਪੰਚਾਂ, ਸਰਪੰਚਾਂ ਅਤੇ ਪਤਵੰਤੇ ਸੱਜਣਾਂ ਦੀ ਹਾਜ਼ਰੀ ਵਿੱਚ ਸ਼ਾਨਦਾਰ ਸਮਾਗਮ ਕਰਵਾਏ ਗਏ ਅਤੇ ਨਿਯੁਕਤੀ ਪੱਤਰ ਦਿੱਤੇ ਗਏ। ਇਸ ਮੌਕੇ ਇੰਨੇ ਸਾਲਾਂ ਦੇ ਲੰਬੇ ਸੰਘਰਸ਼ ਤੋਂ ਬਾਅਦ ਜਿੱਤ ਦੀ ਖੁਸ਼ੀ ਅਤੇ ਭਾਵੁਕਤਾ ਵਲੰਟੀਅਰ ਅਧਿਆਪਕਾਂ ਦੇ ਚਿਹਰੇ 'ਤੇ ਦੇਖਣ ਨੂੰ ਮਿਲੀ। ਇਸ ਮੌਕੇ ਵਲੰਟੀਅਰ ਅਧਿਆਪਕਾਂ ਦੇ ਪੰਜਾਬ ਸਰਕਾਰ ਦਾ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਆਪਣਾ ਵਾਅਦਾ ਪੂਰਾ ਕਰਦਿਆਂ ਸਾਨੂੰ ਸਨਮਾਨਜਨਕ ਸਥਿਤੀ ਪ੍ਰਦਾਨ ਕੀਤੀ ਹੈ ਅਤੇ ਭਵਿੱਖ ਵਿੱਚ ਵੀ ਇੰਜ ਹੀ ਸਾਨੂੰ ਸਾਡਾ ਹਰੇਕ ਹੱਕ ਦੇਣਗੇ। ਇਸ ਮੌਕੇ ਬੀਏਸਈ ਭਿੱਖੀਵਿੰਡ ਜਸਵਿੰਦਰ ਸਿੰਘ ਸੰਧੂ, ਬੀਈਈਓ ਨੌਸ਼ਹਿਰਾ ਪੰਨੂਆਂ ਅਸ਼ਵਨੀ ਮਰਵਾਹ, ਬੀਈਈਓ ਖਡੂਰ ਸਾਹਿਬ ਦਿਲਬਾਗ ਸਿੰਘ, ਬੀਈਈਓ ਗੰਡੀਵਿੰਡ ਪਰਮਜੀਤ ਕੌਰ, ਬੀਈਈਓ ਵਲਟੋਹਾ ਪਾਰਸ ਖੁੱਲਰ, ਬੀਈਈਓ ਪੱਟੀ ਮਨਜਿੰਦਰ ਸਿੰਘ ਢਿੱਲੋਂ ਤੋਂ ਇਲਾਵਾਂ ਸਮੁੱਚਾ ਦਫਤਰੀ ਅਮਲਾ ਅਤੇ ਜ਼ਿਲ੍ਹਾ ਪੱਧਰੀ ਵਲੰਟੀਅਰ ਸਤਿੰਦਰ ਸਿੰਘ ਕੰਗ, ਰਾਜਬੀਰ ਸਿੰਘ, ਜਸਪਾਲ ਸਿੰਘ, ਗੁਰਚਰਨ ਸਿੰਘ ਸਿੱਧੂ, ਸਮਾਂ ਪਾਹਵਾ, ਵਰਿੰਦਰਜੀਤ ਕੌਰ, ਦਿਲਬਾਗ ਸਿੰਘ, ਗੁਰਮੀਤ ਕੌਰ, ਜੋਧਬੀਰ ਸਿੰਘ ਅਧਿਆਪਕ ਆਗੂ ਸਹਿਬਾਨ ਹਾਜ਼ਰ ਸਨ।

# ਕੁੰਵਰਦੀਪ ਸਿੰਘ ਮੱਤੇਵਾਲ ਭਾਰਤੀ ਤਾਇਕਵਾਂਡੋ ਟੀਮ 'ਚ ਸ਼ਾਮਲ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਤਾਇਕਵਾਂਡੋ ਖੇਡ ਵਿਚ ਰਾਸ਼ਟਰੀ ਪੱਧਰ ਤੇ ਗੋਲਡ ਮੈਡਲ ਲੈਣ ਵਾਲੇ ਜ਼ਿਲ੍ਹਾ ਅੰਮ੍ਰਿਤਸਰ ਹਲਕਾ ਮਜੀਠਾ ਦੇ ਕਸਬਾ ਮੱਤੇਵਾਲ ਦੇ ਹੋਣਹਾਰ ਨੌਜਵਾਨ ਕੁੰਵਰਦੀਪ ਸਿੰਘ ਨੇ ਮਾਪਿਆਂ, ਆਪਣੇ ਪਿੰਡ ਅਤੇ ਪੰਜਾਬ ਦਾ ਨਾਂਅ ਪੂਰੇ ਦੇਸ਼ ਵਿਚ ਰੌਸ਼ਨ ਕੀਤਾ। 24 ਸਾਲਾ ਇਹ ਨੌਜੁਆਨ ਉੱਘੇ ਕਾਰੋਬਾਰੀ ਮਨਿੰਦਰ ਸਿੰਘ ਮੱਤੇਵਾਲ ਦਾ ਸਪੁੱਤਰ ਅਤੇ ਟਕਸਾਲੀ ਅਕਾਲੀ ਆਗੂ ਜਥੇ. ਤਰਲੋਚਨ ਸਿੰਘ ਮੱਤੇਵਾਲ ਦਾ ਪੋਤਰਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਐਮਬੀਏ ਫਾਈਨਲ ਦੀ ਪੜ੍ਹਾਈ ਕਰ ਰਿਹੈ। ਇਹ ਨੌਜਵਾਨ ਚੀਨ ਵਿਚ ਹੋਣ ਵਾਲੀਆਂ 'ਐਫਆਈਐਸਯੂ ਵਰਡ ਯੂਨੀਵਰਸਿਟੀ ਗੇਮਜ਼' ਵਿਚ ਭਾਰਤ ਤੋਂ ਜਾਣ ਵਾਲੀ ਟੀਮ ਲਈ ਚੁਣਿਆ ਗਿਆ। ਇਨ੍ਹਾਂ ਖੇਡਾਂ ਵਿਚ ਭਾਗ ਲੈਣ ਲਈ ਚੀਨ ਦੇਸ਼ ਲਈ ਰਵਾਨਾ ਹੋਣ ਤੋਂ ਪਹਿਲਾਂ ਇਸ ਸਬੰਧੀ ਕੁੰਵਰਦੀਪ ਸਿੰਘ ਨੇ ਦੱਸਿਆ ਕਿ ਮਿੰਨੀ ਉਲੰਪਿਕ ਵਜੋਂ ਜਾਣੇ ਜਾਂਦੇ ਇਨ੍ਹਾਂ ਮੁਕਾਬਲਿਆਂ ਵਿਚ ਦੁਨੀਆ ਭਰ ਦੀਆਂ ਯੂਨੀਵਰਸਿਟੀਆਂ ਤੋਂ ਵੱਖ-ਵੱਖ ਖੇਡਾਂ ਲਈ ਮੁਕਾਬਲੇ ਕਰਵਾਏ ਜਾਂਦੇ ਹਨ ਜੋ ਹਰ ਸਾਲ ਵੱਖ-ਵੱਖ ਦੇਸ਼ਾਂ ਵਿਚ ਹੁੰਦੇ ਹਨ ਅਤੇ ਇਸ ਵਾਰ ਚੀਨ ਦੇਸ਼ ਦੇ ਚਿੰਗਡ ਸ਼ਹਿਰ ਵਿਚ ਹੋਣ ਵਾਲੇ ਇਨ੍ਹਾਂ ਮੁਕਾਬਲਿਆਂ ਲਈ ਤਾਇਕਵਾਂਡੋ ਦੀ ਟੀਮ ਵਿਚ ਪੂਰੇ ਭਾਰਤ ਤੋਂ ਕੁੱਲ 25 ਖਿਡਾਰੀਆਂ ਦੀ ਟੀਮ ਸ਼ਾਮਿਲ ਹੋਈ ਹੈ ਜਿਸ ਵਿਚ ਪੰਜਾਬ ਤੋਂ ਉਸ ਦੇ ਸਮੇਤ ਕੁੱਲ 3 ਖਿਡਾਰੀ ਮੌਜੂਦ ਹਨ। ਇਸ ਦੌਰਾਨ ਉਸ ਨੇ ਆਸ ਜਤਾਈ ਕਿ ਉਹ ਇਨ੍ਹਾਂ ਖੇਡਾਂ ਵਿਚ ਭਾਰਤ ਵਾਸਤੇ ਤਮਗਾ ਜ਼ਰੂਰ ਲੈ ਕੇ ਆਵੇਗਾ ਅਤੇ ਦੇਸ਼ ਦਾ ਨਾਂਅ ਰੌਸ਼ਨ ਕਰੇਗਾ। ਕੁੰਵਰਦੀਪ ਸਿੰਘ ਮੱਤੇਵਾਲ ਦੀ ਖੇਡਾਂ ਵਿੱਚ ਤਾਇਕਵਾਂਡੋ ਟੀਮ ਵਿੱਚ ਸ਼ਾਮਿਲ ਹੋਣ ਨਾਲ ਸਾਰੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਹੈ।

# ਆਰਐੱਮਪੀਆਈ ਨੇ ਮਨੀਪੁਰ ਘਟਨਾਵਾਂ ਦੇ ਵਿਰੋਧ 'ਚ ਕੱਢਿਆ ਰੋਸ ਮਾਰਚ

ਪਠਾਨਕੋਟ (ਦਵਿੰਦਰ ਸਿੰਘ)-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐਮਪੀਆਈ) ਜ਼ਿਲ੍ਹਾ ਪਠਾਨਕੋਟ ਵਲੋਂ ਮਨੀਪੁਰ ਵਿਖੇ ਦੋ ਔਰਤਾਂ ਦਾ ਵਹਿਸ਼ੀਆਨਾ ਸਮੂਹਿਕ ਬਲਾਤਕਾਰ ਕਰਨ ਉਪਰੰਤ ਉਨ੍ਹਾਂ ਨੂੰ ਸ਼ਰੇਆਮ ਨਿਰਵਸਤਰ ਕਰਕੇ ਘੁਮਾਉਣ ਅਤੇ ਸੂਬੇ ਅੰਦਰ ਅਣਗਿਣਤ ਇਸਤਰੀਆਂ ਨਾਲ ਅਜਿਹਾ ਹੀ ਅਮਾਨਵੀ ਜਬਰ ਕਰਨ ਵਿਰੁੱਧ ਲੇਬਰ ਸ਼ੈਡ ਗਾਂਧੀ ਚੌਕ ਤੋਂ ਸ਼ੁਰੂ ਹੋ ਕੇ ਪਠਾਨਕੋਟ ਸ਼ਹਿਰ ਦੇ ਵੱਖ-ਵੱਖ ਬਜ਼ਾਰਾਂ ਤੋਂ ਹੁੰਦਾ ਹੋਇਆ ਗਾੜੀਹਾਤਾ ਚੌਕ ਹੋ ਕੇ ਲਾਈਟਾਂ ਵਾਲੇ ਚੌਕ ਤੱਕ ਰੋਹ ਭਰਿਆ ਮਾਰਚ ਕੀਤਾ ਗਿਆ। ਪ੍ਰਦਰਸ਼ਨਕਾਰੀਆਂ ਨੇ ਮੰਗ ਕੀਤੀ ਕਿ ਮਨੀਪੁਰ ਦੀ ਬੀਰੇਨ ਸਰਕਾਰ ਨੂੰ ਬਰਖਾਸਤ ਕੀਤਾ ਜਾਵੇ ਅਤੇ ਦੋਸ਼ੀਆਂ ਨੂੰ ਫਾਹੇ ਲਾਇਆ ਜਾਵੇ, ਔਰਤਾਂ ਦਲਿਤਾਂ ਤੇ ਘੱਟ ਗਿਣਤੀ ਭਾਈਚਾਰੇ ਉਪਰ ਹਮਲੇ ਬੰਦ ਕਰੋ, ਆਦਿਵਾਸੀਆਂ ਦਾ ਉਜਾੜਾ ਬੰਦ ਕਰੋ, ਫਿਰਕਾਪ੍ਰਸਤ ਤਾਕਤਾਂ ਮੁਰਦਾਬਾਦ ਆਦਿ ਨਾਹਰੇ ਗੂੰਜਦੇ ਸਨ।



ਆਗੂਆਂ ਨੇ ਕਿਹਾ ਕਿ ਸੰਸਦ ਦੇ ਮੌਜੂਦਾ ਮੌਨਸੂਨ ਸੈਸ਼ਨ ਵਿੱਚ ਵਿਰੋਧੀ ਧਿਰ ਵਲੋਂ ਮਨੀਪੁਰ ਦੇ ਹਾਲਾਤ 'ਤੇ ਚਰਚਾ ਕਰਨ ਅਤੇ ਪ੍ਰਧਾਨ ਮੰਤਰੀ ਦੇ ਬਿਆਨ ਦੀ ਮੰਗ ਕਰਨ 'ਤੇ ਸੈਸ਼ਨ ਮੁਲਤਵੀ ਕਰ ਦਿੱਤਾ ਗਿਆ ਅਤੇ ਇਸ ਕੁਕਰਮ ਵਿਰੁੱਧ ਆਵਾਜ਼ ਉਠਾਉਣ ਵਾਲੇ ਮੈਂਬਰਾਂ ਨੂੰ ਬਰਖ਼ਾਸਤ ਕਰ ਦਿੱਤਾ ਗਿਆ। ਇਸ ਮੌਕੇ ਉਪਰੋਕਤ ਤੋਂ ਇਲਾਵਾ ਕਾਮਰੇਡ ਬਲਵੰਤ ਸਿੰਘ ਘੋਹ, ਬਲਦੇਵ ਰਾਜ ਭੋਆ, ਅਜੀਤ ਰਾਮ ਗੰਦਲਾਂ ਲਾਹੜੀ, ਬਲਕਾਰ ਚੰਦ ਭਰਿਆਲ ਲਾਹੜੀ, ਦੇਵ ਰਾਜ, ਸੁਦਰਸ਼ਨ ਕੁਮਾਰ, ਸਕੱਤਰ ਸਿੰਘ, ਪਰਵੀਨ ਕੁਮਾਰ, ਯਸ਼ਪਾਲ, ਅਸ਼ਵਨੀ ਕੁਮਾਰ, ਤਰੀਭਵਨ, ਸੋਹਨ ਸਿੰਘ ਅਤੇ ਹੋਰ ਸਾਥੀਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ।

# 'ਆਯੂਸ਼ਮਾਨ ਭਾਰਤ ਸਰਬੱਤ ਸਿਹਤ ਬੀਮਾ ਯੋਜਨਾ' ਤਹਿਤ 5 ਲੱਖ ਰੁਪਏ ਸਾਲਾਨਾ ਮੁਫ਼ਤ ਇਲਾਜ ਦੀ ਸਹੂਲਤ: ਡੀਸੀ



ਬਟਾਲਾ (ਡਾਕਟਰ ਮਲਵਿੰਦਰ ਸਿੰਘ)-ਡਾ. ਹਿਮਾਂਸ਼ੂ ਅਗਰਵਾਲ, ਡਿਪਟੀ ਕਮਿਸ਼ਨਰ ਨੇ ਜੇ-ਫਾਰਮ ਹੋਲਡਰ ਕਿਸਾਨਾਂ, ਰਜਿਸਟਰਡ ਉਸਾਰੀ ਕਿਰਤੀਆਂ, ਰਾਸ਼ਨ ਕਾਰਡ ਯੋਜਨਾ ਦੇ ਸਮਾਰਟ ਕਾਰਡ ਹੋਲਡਰ ਵਿਅਕਤੀਆਂ, ਰਜਿਸਟਰਡ ਛੋਟੇ ਵਪਾਰੀਆਂ ਅਤੇ ਯੈਲੋ/ਐਕਰੀਡੇਸ਼ਨ ਕਾਰਡ ਧਾਰਕ ਪੱਤਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਜਿਨ੍ਹਾਂ ਨੇ ਅਜੇ ਤੱਕ ਆਯੂਸ਼ਮਾਨ ਭਾਰਤ ਸਰਬੱਤ ਸਿਹਤ ਬੀਮਾ ਯੋਜਨਾ ਤਹਿਤ ਅਤੇ ਆਪਣੇ ਕਾਰਡ ਨਹੀਂ ਬਣਾਏ ਉਹ ਤੁਰੰਤ ਆਪਣੇ ਕਾਰਡ ਬਣਵਾ ਲੈਣ ਤਾਂ ਜੋ ਲੋੜ ਪੈਣ 'ਤੇ ਉਹ ਸਿਹਤ ਬੀਮਾ ਯੋਜਨਾ ਦਾ ਲਾਭ ਲੈ ਸਕਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਯੋਗ ਲਾਭਪਾਤਰੀਆਂ ਦੇ 100 ਫੀਸਦੀ ਬੀਮਾ ਕਾਰਡ ਬਣਾਏ ਜਾਣ। ਉਨ੍ਹਾਂ ਕਿਹਾ ਕਿ ਆਯੂਸ਼ਮਾਨ ਭਾਰਤ ਸਰਬੱਤ ਸਿਹਤ ਬੀਮਾ ਯੋਜਨਾ ਤਹਿਤ ਜੇ-ਫਾਰਮ ਹੋਲਡਰ ਕਿਸਾਨਾਂ, ਰਜਿਸਟਰਡ ਉਸਾਰੀ ਕਿਰਤੀਆਂ, ਰਾਸ਼ਨ ਕਾਰਡ ਯੋਜਨਾ ਦੇ ਸਮਾਰਟ ਕਾਰਡ ਹੋਲਡਰ ਵਿਅਕਤੀਆਂ, ਰਜਿਸਟਰਡ ਛੋਟੇ ਵਪਾਰੀਆਂ ਅਤੇ ਯੈਲੋ ਕਾਰਡ ਤੇ ਐਕਰੀਡੇਸ਼ਨ ਕਾਰਡ ਧਾਰਕ ਪੱਤਰਕਾਰਾਂ ਨੂੰ ਕਵਰ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਪਰਿਵਾਰਾਂ ਨੂੰ 5 ਲੱਖ ਰੁਪਏ ਸਲਾਨਾ ਮੁਫ਼ਤ ਇਲਾਜ ਦੀ ਸਹੂਲਤ ਸੂਚੀਬੱਧ ਸਰਕਾਰੀ ਤੇ ਨਿੱਜੀ ਹਸਪਤਾਲਾਂ ਵਿੱਚ ਦਿੱਤੀ ਜਾਂਦੀ ਹੈ।

# ਗੁਰਦੀਪ ਸਿੰਘ ਰੰਧਾਵਾ ਨੇ 61 ਕੱਚੇ ਅਧਿਆਪਕਾਂ ਨੂੰ ਪੱਕੇ ਹੋਣ ਦੇ ਆਰਡਰ ਸੌਂਪੇ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਯਤਨਾਂ ਸਦਕਾ ਸਕੂਲ ਸਿੱਖਿਆ ਵਿਭਾਗ ਵਿੱਚ ਸਾਲ 2004 ਤੋਂ ਸੇਵਾ ਨਿਭਾ ਰਹੇ ਸਿੱਖਿਆ ਪ੍ਰੋਵਾਈਡਰ ਅਧਿਆਪਕ, ਆਈਈਵੀ/ ਈਜੀਐੱਸ/ ਏਆਈਈ/ ਐੱਸਟੀਆਰ ਵਲੰਟੀਅਰਜ਼ ਜਿਨ੍ਹਾਂ ਸਾਰਿਆਂ ਦੀ ਗਿਣਤੀ 12500 ਦੇ ਕਰੀਬ ਉਨ੍ਹਾਂ ਦੀਆਂ ਸੇਵਾਵਾਂ ਨੂੰ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਸ ਵੱਲੋਂ ਰੈਗੂਲਰ ਕਰ ਦਿੱਤਾ ਗਿਆ ਹੈ। ਆਮ ਆਦਮੀ ਪਾਰਟੀ ਦੇ ਡੇਰਾ ਬਾਬਾ ਨਾਨਕ ਤੋਂ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ ਅਤੇ ਪ੍ਰਿੰਸੀਪਲ ਮੈਡਮ ਰੁਪਿੰਦਰ ਜੀਤ ਧਾਲੀਵਾਲ ਨੇ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਵਿਖੇ ਪਹੁੰਚ ਕੇ ਕੱਚੇ ਅਧਿਆਪਕਾਂ ਨੂੰ ਪੱਕੇ ਹੋਣ 'ਤੇ ਮੁਬਾਰਕਬਾਦ ਦਿੱਤੀ ਅਤੇ ਨਾਲ ਹੀ ਅਧਿਆਪਕਾਂ ਨੂੰ ਸਰਕਾਰ ਵੱਲੋਂ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਦਾ ਭਰੋਸਾ ਦਿੱਤਾ।

ਇਸ ਇਤਿਹਾਸਕ ਫੈਸਲੇ ਲਈ ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕਰਦਿਆਂ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਮਾਨ ਸਰਕਾਰ ਨੇ ਕੱਚੇ ਅਧਿਆਪਕਾਂ ਨਾਲ ਜੋ ਵਾਅਦਾ ਕੀਤਾ ਸੀ ਉਸ ਨੂੰ ਪੂਰਾ ਕਰਕੇ ਹਜ਼ਾਰਾਂ ਅਧਿਆਪਕਾਂ ਨੂੰ ਬਹੁਤ ਵੱਡੀ ਰਾਹਤ ਦਿੱਤੀ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਦੇ ਇਸ ਫੈਸਲੇ ਤੋਂ ਅਧਿਆਪਕ ਵਰਗ ਬਹੁਤ ਖੁਸ਼ ਹੈ। ਇਸ ਮੌਕੇ ਗੁਰਦੀਪ ਸਿੰਘ ਰੰਧਾਵਾ ਨੇ ਦੱਸਿਆ ਕਿ ਬਲਾਕ ਡੇਰਾ ਬਾਬਾ ਨਾਨਕ-1 ਅਤੇ 2 ਵਿੱਚ ਕੁੱਲ 61 ਕੱਚੇ ਅਧਿਆਪਕਾਂ ਨੂੰ ਪੱਕੇ ਹੋਣ ਦੇ ਆਰਡਰ ਦਿੱਤੇ ਗਏ।

ਪੱਕੇ ਹੋਣ ਵਾਲੇ ਇਨ੍ਹਾਂ ਅਧਿਆਪਕਾਂ ਵਿੱਚ 37 ਸਿੱਖਿਆ ਪ੍ਰੋਵਾਈਡਰ, 16 ਐੱਸਟੀਆਰ, ਈਜੀਐੱਸ, ਏਆਈਈ ਅਤੇ 8 ਆਈਈਵੀ ਅਧਿਆਪਕਾਂ ਦੀਆਂ ਸੇਵਾਵਾਂ ਰੈਗੂਲਰ ਕੀਤੀਆਂ ਗਈਆਂ ਹਨ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਰੁਪਿੰਦਰ ਜੀਤ ਧਾਲੀਵਾਲ ਨੇ ਵੀ ਰੈਗੂਲਰ ਹੋਣ ਵਾਲੇ ਅਧਿਆਪਕਾ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਸੁਨਹਿਰੇ ਭਵਿੱਖ ਲਈ ਸ਼ੁਭਕਾਮਨਾ ਕੀਤੀ।



ਇਸ ਮੌਕੇ ਸੰਮਤੀ ਮੈਂਬਰ ਮੁਖਤਾਰ ਸਿੰਘ ਚੱਕ ਭੰਗਵਾਂ, ਗੁਰਦੇਵ ਸਿੰਘ ਸਰਪੰਚ ਵਿਰਕ, ਬਾਬਾ ਗੁਰਦਿੱਤ ਸਿੰਘ, ਆਮ ਪਾਰਟੀ ਆਗੂ ਰਾਜੇਸ਼ ਮਹਾਜਨ, ਮਨਜੋਤ ਸਿੰਘ ਰੰਧਾਵਾ, ਬਲਕਾਰ ਸਿੰਘ, ਸੀਐੱਚਟੀ ਅਮਰਬੀਰ ਸਿੰਘ , ਸੀਐਚਟੀ ਪਵਨ ਕੁਮਾਰ, ਪੀਏ ਹਰਦੇਵ ਸਿੰਘ, ਮੈਡਮ ਕੰਵਲਜੀਤ ਸੋਢੀ, ਦਵਿੰਦਰ ਕੌਰ (ਬਾਇਓ ਲੈਕਚਰਾਰ), ਗੁਰਮੀਤ ਕੌਰ (ਲਾਇਬ੍ਰੇਰੀਅਨ), ਸੁਖਜਿੰਦਰ ਕੌਰ (ਕੰਪਿਊਟਰ ਫੈਕਲਟੀ), ਅਮਨਪ੍ਰੀਤ ਕੌਰ (ਕੰਪਿਊਟਰ ਫੈਕਲਟੀ), ਪਰਮਜੀਤ ਕੌਰ (ਮੈਥ ਮਿਸਟ੍ਰੈਸ) ਪੰਕਜ ਜਸਵਾਲ (ਸਾਇਸ ਮਿਸਟ੍ਰੈਸ), ਪਲਵੀ ਮਹਾਜਨ (ਵੋਕੇਸ਼ਨਲ ਟ੍ਰੇਨਰ), ਪੂਜਾ ਦੇਵੀ (ਮੈਥ ਮਿਸਟ੍ਰੈਸ), ਗਗਨਦੀਪ ਕੌਰ (ਇੰਗਲਿਸ਼ ਮਿਸਟ੍ਰੈਸ), ਸੁਖਦੀਪ ਕੌਰ (ਮੈਥ ਟੀਚਰ), ਸਤਨਾਮ ਸਿੰਘ (ਵੋਕੇਸ਼ਨਲ ਟ੍ਰੇਨਰ), ਜਗਜੀਤ ਸਿੰਘ (ਕੰਪਿਊਟਰ ਫੈਕਲਟੀ) ਆਦਿ ਅਧਿਆਪਕ ਹਾਜ਼ਰ ਸਨ।

# ਚੇਅਰਮੈਨ ਰਮਨ ਬਹਿਲ ਵੱਲੋਂ 'ਡੇਂਗੂ 'ਤੇ ਵਾਰ' ਦਾ ਪੋਸਟਰ ਜਾਰੀ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਿਹਤ ਵਿਭਾਗ ਵੱਲੋਂ ਡੇਂਗੂ ਦੀ ਬਿਮਾਰੀ ਤੋਂ ਬਚਾਓ ਲਈ ਵਿਸ਼ੇਸ਼ ਮੁਹਿੰਮ ਆਰੰਭੀ ਗਈ ਹੈ। ਇਸੇ ਲੜੀ ਤਹਿਤ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਵੱਲੋਂ ਸਿਵਲ ਸਰਜਨ ਦਫ਼ਤਰ ਗੁਰਦਾਸਪੁਰ ਵਿਖੇ ਡੇਂਗੂ ਵਿਰੁੱਧ ਜਾਗਰੂਕਤਾ ਮੁਹਿੰਮ ਸ਼ੁਰੂ ਕਰਦਿਆਂ 'ਡੇਂਗੂ 'ਤੇ ਵਾਰ' ਪੋਸਟਰ ਜਾਰੀ ਕੀਤਾ ਗਿਆ। ਇਸ ਮੌਕੇ ਚੇਅਰਮੈਨ ਰਮਨ ਬਹਿਲ ਨੇ ਸੂਬਾ ਵਾਸੀਆਂ ਨੂੰ ਅਪੀਲ ਕੀਤੀ ਕਿ ਡੇਂਗੂ ਦੀ ਬਿਮਾਰੀ ਤੋਂ ਬਚਣ ਵਾਸਤੇ ਪੰਜਾਬ ਸਰਕਾਰ ਦੀ ਇਸ ਮੁਹਿੰਮ ਵਿੱਚ ਹਰ ਕੋਈ ਆਪਣਾ ਸਹਿਯੋਗ ਦੇਵੇ। ਉਨ੍ਹਾਂ ਕਿਹਾ ਕਿ ਆਪਣੇ ਘਰਾਂ ਦੇ ਆਲੇ-ਦੁਆਲੇ ਦੀ ਸਫ਼ਾਈ ਰੱਖੀ ਜਾਵੇ ਅਤੇ ਹਰ ਹਫ਼ਤੇ ਸ਼ੁੱਕਰਵਾਰ ਨੂੰ ਕੂਲਰਾਂ, ਗਮਲੇ ਅਤੇ ਫਰਿਜਾਂ ਦੇ ਵੇਸਟ ਪਾਣੀ ਦੀਆਂ ਟਰੇਆਂ ਤੇ ਹੋਰ ਪਾਣੀ ਦੇ ਭਾਂਡਿਆ ਨੂੰ ਸਾਫ਼ ਕਰਕੇ ਸੁਕਾ ਕੇ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਅਜਿਹੀਆਂ ਛੋਟੀਆਂ-ਛੋਟੀਆਂ ਕੋਸ਼ਿਸ਼ਾਂ ਸਦਕਾ ਅਸੀਂ ਡੇਂਗੂ ਦੇ ਵੱਡੇ ਖ਼ਤਰੇ ਨੂੰ ਟਾਲ ਸਕਦੇ ਹਾਂ। ਇਸ ਮੌਕੇ ਡਾ. ਪ੍ਰਭਜੋਤ ਕੌਰ ਕਲਸੀ ਨੇ ਵੀ ਡੇਂਗੂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੰਦਿਆਂ ਕਿਹਾ ਕਿ ਡੇਂਗੂ ਬੁਖ਼ਾਰ ਹੋਣ 'ਤੇ ਡੇਂਗੂ ਦੀ ਦਵਾਈ ਸਿਵਲ ਹਸਪਤਾਲ ਬਟਾਲਾ ਤੇ ਸਿਵਲ ਹਸਪਤਾਲ ਗੁਰਦਾਸਪੁਰ ਵਿਖੇ ਮੁਫ਼ਤ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਜਦੋਂ ਵੀ ਕਿਸੇ ਵਿਅਕਤੀ ਨੂੰ ਬੁਖਾਰ ਹੋਵੇ ਤਾਂ ਉਹ ਤੁਰੰਤ ਆਪਣੀ ਨੇੜੇ ਦੀ ਸਿਹਤ ਸੰਸਥਾ ਵਿੱਚ ਸੰਪਰਕ ਕਰੇ। ਇਸ ਮੌਕੇ ਡੀਐੱਮਸੀ ਡਾ. ਰੋਮੀ ਰਾਜਾ, ਡਾ. ਪ੍ਰੇਮ ਜੋਤੀ ਮੈਡੀਕਲ ਸਪੈਸ਼ਲਿਸਟ, ਡਾ. ਤੇਜਿੰਦਰ ਕੌਰ ਜ਼ਿਲ੍ਹਾ ਸਿਹਤ ਤੇ ਪਰਿਵਾਰ ਭਲਾਈ ਅਫ਼ਸਰ, ਡਾ. ਵੰਦਨਾ, ਡਾ. ਮਮਤਾ ਵਾਸੂਦੇਵ, ਰਛਪਾਲ ਸਿੰਘ ਏਐੱਮਓ, ਸ਼ਿਵ ਚਰਨ ਏਐੱਮਓ, ਜੋਬਨਪ੍ਰੀਤ ਸਿੰਘ ਐਚ. ਆਈ, ਹਰਪ੍ਰੀਤ ਸਿੰਘ ਐਚ. ਆਈ ਤੇ ਹੋਰ ਸਿਹਤ ਕਰਮਚਾਰੀ ਹਾਜ਼ਰ ਸਨ।



# ਛੇਵੇਂ ਤਨਖਾਹ ਕਮਿਸ਼ਨ ਦੀ ਮੰਗ ਨੂੰ ਲੈ ਕੇ ਨਾਨ ਟੀਚਿੰਗ ਇੰਪਲਾਈਜ਼ ਯੂਨੀਅਨ ਵੱਲੋਂ ਧਰਨਾ




**ਅਨੰਦਪੁਰ ਸਾਹਿਬ, (ਅਰਵਿੰਦਰ ਸਿੰਘ ਬਿੰਦੀ)** ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਨਾ ਕਰਨ ਕਰਕੇ ਪੰਜਾਬ ਸਰਕਾਰ ਵਿਰੁੱਧ ਪ੍ਰਾਈਵੇਟ ਕਾਲਜ ਨਾਨ ਟੀਚਿੰਗ ਇੰਪਲਾਈਜ਼ ਯੂਨੀਅਨ ਪੰਜਾਬ ਦੇ ਸੱਦੇ 'ਤੇ ਸਥਾਨਕ ਯੂਨਿਟ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਅਨੰਦਪੁਰ ਸਾਹਿਬ ਦੇ ਪ੍ਰਧਾਨ ਸੋਹਣ ਸਿੰਘ ਅਤੇ ਕਾਲਜ ਦਾ ਸਾਰਾ ਨਾਨ ਟੀਚਿੰਗ ਸਟਾਫ ਨੇ ਸਟਾਫ ਨੇ ਧਰਨਾ ਲਗਾਇਆ। ਧਰਨੇ ਨੂੰ ਸੰਬੋਧਨ ਕਰਦਿਆਂ ਤੇਜਿੰਦਰ ਸਿੰਘ ਨੇ ਕਿਹਾ ਕਿ ਪ੍ਰਾਈਵੇਟ ਕਾਲਜ ਨਾਨ ਟੀਚਿੰਗ ਇੰਪਲਾਈਜ਼ ਯੂਨੀਅਨ ਪੰਜਾਬ ਦੇ ਸਹਿਯੋਗ ਨਾਲ ਅਸੀਂ ਕਈ ਵਾਰ ਪੰਜਾਬ ਸਰਕਾਰ ਦੇ ਉਚੇਰੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਮਿਲ ਕੇ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਨ ਲਈ ਕਹਿ ਚੁੱਕੇ ਹਾਂ, ਬਹੁਤ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਹਰ ਵਾਰ ਮੰਤਰੀ ਵੱਲੋਂ ਮਿੱਠਾ ਲਾਰਾ ਦੇ ਕੇ ਤੋਰ ਦਿੱਤਾ ਜਾਂਦਾ ਹੈ। ਸੋਹਣ ਸਿੰਘ ਨੇ ਕਿਹਾ ਕਿ ਅੱਜ ਦੇ ਧਰਨੇ ਤੋਂ ਬਾਅਦ ਜੇ ਸਾਡੀਆਂ ਹੱਕੀ ਮੰਗਾਂ ਨਾ ਮੰਨੀਆਂ ਗਈਆਂ ਤਾਂ ਸਾਡੇ ਪੰਜਾਬ ਦੀ ਯੂਨੀਅਨ ਵੱਲੋਂ 2 ਅਗਸਤ ਨੂੰ ਕਲਮ ਛੋੜ ਹੜਤਾਲ ਦਾ ਸੱਦਾ ਦਿੱਤਾ ਗਿਆ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਧਾਨ ਲੋਕਲ ਯੂਨਿਟ ਸੋਹਣ ਸਿੰਘ, ਪ੍ਰੇਮ ਸਿੰਘ, ਜਗਜੀਤ ਸਿੰਘ, ਮਨਦੀਪ ਸਿੰਘ, ਨਵੀਨ ਕੁਮਾਰ, ਪ੍ਰਦੀਪ ਸਿੰਘ, ਦਵਿੰਦਰ ਸਿੰਘ, ਲਖਵੀਰ ਸਿੰਘ, ਦਲਜੀਤ ਕੌਰ, ਪਰਮਜੀਤ ਸਿੰਘ, ਗੁਰਦੀਪ ਸਿੰਘ, ਰਾਮ ਸਿੰਘ ਅਤੇ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਅਨੰਦਪੁਰ ਸਾਹਿਬ ਦਾ ਸਾਰਾ ਨਾਨ ਟੀਚਿੰਗ ਸਟਾਫ ਹਾਜ਼ਰ ਸੀ।

# ਸਰਕਾਰੀ ਸੰਸਥਾਵਾਂ 'ਚ ਕੀਤਾ ਡੇਂਗੂ ਸਰਵੇਖਣ



**ਹੁਸ਼ਿਆਰਪੁਰ/ਬੁੱਲ੍ਹੋਵਾਲ ( ਬਲਵੀਰ ਸਿੰਘ ਸੈਣੀ, ਵਿਰਦੀ)** ਡਿਪਟੀ ਕਮਿਸ਼ਨਰ ਹੁਸ਼ਿਆਰਪੁਰ, ਸਿਵਲ ਸਰਜਨ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾਂ ਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਬਲਦੇਵ ਸਿੰਘ ਦੀ ਅਗਵਾਈ ਵਿੱਚ ਪੀ.ਐਚ.ਸੀ. ਚੱਕੋਵਾਲ ਅਧੀਨ ਪੈਂਦੇ ਵੱਖ-ਵੱਖ ਸਥਾਨਾਂ ਵਾਂਗ ਕਸਬਾ ਬੁੱਲ੍ਹੋਵਾਲ ਵਿਖੇ ਵੀ ਪਲਿਸ ਥਾਣਾ, ਬਿਜਲੀ ਘਰ, ਡਾਕਘਰ ਵਿਖੇ "ਡਰਾਈ ਡੇਅ" ਸੰਬੰਧੀ ਸਰਵੇਖਣ ਕਰਵਾਇਆ ਗਿਆ। ਡਾ. ਬਲਦੇਵ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ "ਡਰਾਈ ਡੇਅ" ਪਿੰਡਾਂ ਵਿਚ ਮਨਾਇਆ ਗਿਆ ਜਿਸ ਅਧੀਨ ਇਹਨਾਂ ਸਰਕਾਰੀ ਸੰਸਥਾਵਾਂ ਵਿੱਚ ਹੈਲਥ ਇੰਸਪੈਕਟਰ ਗੁਰਦੇਵ ਸਿੰਘ ਦੀ ਅਗਵਾਈ ਹੇਠ ਮਲਟੀਪਰਪਜ਼ ਹੈਲਥ ਵਰਕਰਾਂ ਦੀ ਟੀਮ ਵਲੋਂ ਖੜੇ ਪਾਣੀ ਦੇ ਸੋਮੇ ਚੈੱਕ ਕਰਕੇ ਮੱਛਰਾਂ ਦੀ ਬ੍ਰੀਡਿੰਗ ਚੈੱਕ ਕੀਤੀ ਗਈ। ਉਹਨਾਂ ਕਿਹਾ ਕਿ ਇਸ ਮੌਸਮ ਵਿੱਚ ਡੇਂਗੂ ਦਾ ਖਤਰਾ ਬਹੁਤ ਜ਼ਿਆਦਾ ਹੁੰਦਾ ਹੈ। ਘਰਾਂ ਵਿੱਚ ਕੂਲਰ, ਫਰਿੱਜ ਦੀ ਪਿਛਲੀ ਟ੍ਰੇਅ, ਗਮਲਿਆਂ, ਟੁੱਟੇ ਭੱਜੇ ਸਮਾਨ ਵਿੱਚ ਪਾਣੀ ਖੜਾ ਨਾ ਹੋਣ ਦਿੱਤਾ ਜਾਵੇ। ਮੱਛਰ 5 ਮਿਲਿਲਿਟਰ ਪਾਣੀ ਵਿਚ ਵੀ ਪੈਦਾ ਹੋ ਸਕਦਾ ਹੈ ਇਸ ਲਈ ਇਸਤੇਮਾਲ ਕੀਤੇ ਡਿਸਪੋਜ਼ੇਬਲ ਦਾ ਸਹੀ ਨਿਪਟਾਰਾ ਕੀਤਾ ਜਾਵੇ। ਛੱਪੜਾਂ ਵਿਚ ਖੜੇ ਪਾਣੀ ਵਿਚ ਗੰਬੂਜੀਆ ਮੱਛੀ ਛੱਡੀ ਜਾਵੇ ਜਾਂ ਉਸ ਵਿੱਚ ਕਾਲਾ ਤੇਲ ਪਾ ਦਿੱਤਾ ਜਾਵੇ। ਇਸ ਮੌਕੇ ਐਸ.ਐਚ.ਓ. ਹਰਦੇਵਪ੍ਰੀਤ ਸਿੰਘ ਅਤੇ ਐਸ.ਡੀ.ਓ. ਕਰਨਜੀਤ ਸਿੰਘ ਨੇ ਸਰਕਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਆਪਣੀਆਂ ਸੰਸਥਾਵਾਂ ਵਲੋਂ ਹਰ ਸਥਾਨ ਤੇ ਸਿਹਤ ਵਿਭਗ ਦੀਆਂ ਟੀਮਾਂ ਨੂੰ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ। ਇਸ ਟੀਮ ਵਿੱਚ ਮਲਟੀਪਰਪਜ਼ ਹੈਲਥ ਵਰਕਰ ਦਿਲਬਗ ਸਿੰਘ,ਬਲਵਿੰਦਰ ਸਿੰਘ, ਜਸਵਿੰਦਰ ਕੌਰ ਵੀ ਸ਼ਾਮਲ ਸਨ।

# ਵੈਨਕੂਵਰ ਵਿਖੇ ਕਾਮਾਗਾਟਾਮਾਰੂ ਦੇ ਮੁਸਾਫਰਾਂ ਦੀ ਯਾਦ 'ਚ ਸਮਾਗਮ




**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਕੈਨੇਡਾ ਸਰੀ ਵਿਖੇ ਇੰਡੋ-ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ ਆਫ ਕੈਨੇਡਾ ਦੇ ਕਾਰਕੁੰਨਾਂ ਵੱਲੋਂ ਹਰ ਸਾਲ ਦੀ ਤਰ੍ਹਾਂ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੀ ਯਾਦ ਵਿੱਚ, ਕਾਮਾਗਾਟਾ ਮਾਰੂ ਸਮਾਰਕ ਵਿਖੇ ਸਮਾਗਮ ਅਯੋਜਿਤ ਕੀਤਾ ਗਿਆ। ਇਸ ਸਮਾਗਮ ਦਾ ਅਗਾਜ਼ ਐਸੋਸੀਏਸ਼ਨ ਦੇ ਸਕੱਤਰ ਹਰਿੰਦਰ ਸੰਧੂ ਨੇ ਸਮਾਗਮ ਵਿੱਚ ਸ਼ਾਮਲ ਹੋਏ ਮੈਂਬਰ ਸਹਿਬਾਨ ਅਤੇ ਮਹਿਮਾਨਾਂ ਨੂੰ ਜੀ ਆਇਆਂ ਕਹਿਕੇ ਅਤੇ ਇਸ ਸਮਾਗਮ ਦੀ ਸੰਖੇਪ ਜਾਣਕਾਰੀ ਸਾਂਝੀ ਕਰਕੇ ਕੀਤਾ। ਮੀਡੀਆ ਕੋ-ਆਰਡੀਨੇਟਰ ਸੁਰਿੰਦਰ ਸੰਘਾ ਨੇ ਸੰਖੇਪ ਇਤਿਹਾਸਿਕ ਜਾਣਕਾਰੀ ਦਿੱਤੀ। ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਵੱਲੋਂ ਅਤੇ ਸੋਸਲਿਸਟ ਪਾਰਟੀ ਵੱਲੋਂ ਸਿਰ ਤੋੜ ਯਤਨ ਕੀਤੇ ਗਏ ਕਿ ਇਸ ਜਹਾਜ ਨੂੰ ਵਾਪਿਸ ਨਾ ਕੀਤਾ ਜਾਵੇ, ਪਰ ਉਸ ਸਮੇਂ ਦੀ ਸਰਕਾਰ ਨੇ ਦਲੀਲ ਅਪੀਲ ਚੱਲਣ ਨਹੀਂ ਦਿੱਤੀ। ਕਾਮਰੇਡ ਸੰਘਾ ਨੇ ਕਿਹਾ ਜਿਥੇ ਅਸੀਂ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਯਾਦ ਕਰਕੇ ਓਨਾਂ ਦੀ ਕੁਰਬਾਨੀ ਨੂੰ ਨਤਮਸਤਕ ਹੁੰਦੇ ਹਾਂ ਉਥੇ ਗਦਰੀਆਂ ਵੱਲੋਂ ਪਾਈਆਂ ਰਵਾਇਤਾਂ ਨੂੰ ਮੌਜੂਦਾ ਸਮੇਂ 'ਚ ਧਾਰਮਿਕ ਜਨੂਨੀਆਂ ਵੱਲੋਂ ਫਿਰਕੂ ਕਾਰਵਾਈਆਂ ਕਰਕੇ ਖੋਰਾ ਲਗਾਉਣ ਦਾ ਜੋ ਯਤਨ ਹੋ ਰਿਹਾ ਹੈ ਉਸਦੇ ਵਿਰੁੱਧ ਭਾਰਤੀ ਮੂਲ ਦੇ ਲੋਕਾਂ ਨੂੰ ਇਕਮੁੱਠ ਹੋ ਕੇ ਅਵਾਜ਼ ਉਠਾਉਣੀ ਚਾਹੀਦਾ ਹੈ।

ਇਕਵਾ ਪ੍ਰਧਾਨ ਸੁਰਿੰਦਰ ਢੇਸੀ ਨੇ ਕਾਮਾਗਾਟਾ ਮਾਰੂ ਦੀ ਘਟਨਾਂ ਅਤੇ ਗਦਰ ਲਹਿਰ ਦੇ ਇਤਹਾਸਿਕ ਪੱਖ ਦੀ ਜਾਣਕਾਰੀ ਦਿੱਤੀ ਇਨ੍ਹਾਂ ਘਟਨਾਵਾਂ ਨੇ ਦੇਸ ਦੀ ਅਜ਼ਾਦੀ ਦੇ ਘੋਲ ਨੂੰ ਹੋਰ ਪਰਚੰਡ ਕੀਤਾ। ਅਖੀਰ ਵਿੱਚ ਇਸ ਸਮਾਗਮ ਵਿੱਚ ਪਹੁੰਚੇ ਮੈਂਬਰ ਸਹਿਬਾਨ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ।

# ਮਹਿਮਾਨ ਦਿਵਸ 'ਤੇ ਐਡਵੋਕੇਟ ਜੋੜੀ ਨੂੰ ਸਕੂਲ ਬੁਲਾ ਕੇ ਵਿਦਿਆਰਥੀਆਂ ਦੇ ਕੀਤਾ ਰੂ-ਬ-ਰੂ

**ਫਿਲੌਰ (ਨਿਰਮਲ)**- ਸਿੱਖਿਆ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਕੂਲ 'ਚ ਕਿਸੇ ਪਤਵੰਤੇ ਸੱਜਣ, ਵਿਸ਼ਾ ਮਾਹਰ, ਸਾਬਕਾ ਵਿਦਿਆਰਥੀ ਨੂੰ ਸਕੂਲ 'ਚ ਬੁਲਾ ਕੇ ਵਿਦਿਆਰਥੀਆਂ ਦੇ ਰੂਬਰੂ ਕੀਤਾ ਜਾਂਦਾ ਹੈ। ਇਸ ਲੜੀ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਨਸੂਰਪੁਰ ਦੇ ਹੋਣਹਾਰ ਵਿਦਿਆਰਥੀ ਰਹਿ ਚੁੱਕੇ ਐਡਵੋਕੇਟ ਅਮਰਜੀਤ ਮੱਲ ਅਤੇ ਉਨ੍ਹਾਂ ਦੀ ਜੀਵਨ ਸਾਥਣ ਐਡਵੋਕੇਟ ਸੁਸ਼ਮਾ ਰਾਣੀ ਮੱਲ ਨੂੰ ਸਕੂਲ ਬੁਲਾ ਕੇ ਵਿਦਿਆਰਥੀਆਂ ਦੇ ਰੁ-ਬ-ਰੂ ਕਰਾਇਆ ਗਿਆ। ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਖਤ ਮਿਹਨਤ, ਲਗਨ ਅਤੇ ਇਮਾਨਦਾਰੀ ਨਾਲ ਉੱਚੇ ਤੋਂ ਉੱਚਾ ਮੁਕਾਮ ਹਾਸਲ ਕੀਤਾ ਜਾ ਸਕਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਅੰਕ ਪ੍ਰਾਪਤ ਕਰਨ ਲਈ ਪ੍ਰੇਰਨਾ ਦਿੱਤੀ। ਵਿਭਾਗ ਵੱਲੋਂ ਦਿੱਤੇ ਗਏ ਵਿਸੇ ਰੁਖ ਲਗਾਉਣ ਤਹਿਤ ਸਕੂਲ ਵਿੱਚ ਫਲਦਾਰ ਬੂਟੇ ਵੀ ਲਗਾਏ ਗਏ। ਇਸ ਮੌਕੇ ਸਕੂਲ ਪ੍ਰਿੰਸੀਪਲ ਹਰਦੀਪ ਸਿੰਘ, ਸਮੂਹ ਸਟਾਫ ਮੈਂਬਰਾਂ ਵਲੋਂ ਐਡਵੋਕੇਟ ਜੋੜੀ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਐਡਵੋਕੇਟ ਅਮਰਜੀਤ ਮੱਲ ਵੱਲੋਂ ਸਕੂਲ ਦੇ ਵਿਕਾਸ ਲਈ ਦਸ ਹਜਾਰ ਰੁਪਏ ਦਿੱਤੇ। ਇਸ ਮੌਕੇ ਇਸ ਮੌਕੇ ਪ੍ਰਦੀਪ ਸਿੰਘ, ਅਵਤਾਰ ਲਾਲ, ਹਰਜਸ ਪਾਲ, ਗੁਰਬਖਸ ਕੌਰ, ਸ਼ੁਭਮ ਗੋਇਲ ਰਜਨੀ ਬਾਲਾ, ਰੇਖਾ ਮਹਿਤਾ, ਮਧੂ ਬਾਲਾ, ਨਵਪ੍ਰੀਤ ਕੌਰ, ਆਰਤੀ ਭਾਰਦਵਾਜ, ਸ਼ੀਤਲ ਮੈਡਮ, ਸੁਰਜੀਤ ਕੁਮਾਰ ਅਤੇ ਸਕੂਲ ਦੇ ਸਾਰੇ ਵਿਦਿਆਰਥੀ ਹਾਜ਼ਰ ਸਨ।



# ਬਾਬਾ ਬੂਝਾ ਸਿੰਘ ਦੀ 53ਵੀਂ ਬਰਸੀ ਮੌਕੇ ਸਿਆਸੀ ਕਾਨਫਰੰਸ





**ਬਹਿਰਾਮ (ਅਵਤਾਰ ਕਲੇਰ)** ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ ਲੈਨਿਨਵਾਦੀ) ਨਿਊਡੈਮੋਕਰੇਸੀ ਵਲੋਂ ਪਿੰਡ ਚੱਕ ਮਾਈਦਾਸ (ਨਵਾਂਸ਼ਹਿਰ) ਵਿਖੇ ਬਾਬਾ ਬੂਝਾ ਸਿੰਘ ਦੀ 53ਵੀਂ ਬਰਸੀ ਮੌਕੇ ਸਿਆਸੀ ਕਾਨਫਰੰਸ ਕੀਤੀ ਗਈ। ਸ਼ਹੀਦੀ ਯਾਦਗਾਰ 'ਤੇ ਝੰਡਾ ਲਹਿਰਾਉਣ ਦੀ ਰਸਮ ਕਾਮਰੇਡ ਕੁਲਵਿੰਦਰ ਸਿੰਘ ਵੜੈਚ ਨੇ ਨਿਭਾਈ। ਬਾਅਦ ਵਿੱਚ ਕੀਤੀ ਗਈ ਸਿਆਸੀ ਕਾਨਫਰੰਸ ਨੂੰ ਪਾਰਟੀ ਦੇ ਸੀਨੀਅਰ ਸੂਬਾਈ ਆਗੂ ਕਾਮਰੇਡ ਦਰਸ਼ਨ ਸਿੰਘ ਖਟਕੜ ਅਤੇ ਕਾਮਰੇਡ ਕੁਲਵਿੰਦਰ ਸਿੰਘ ਵੜੈਚ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਾਬਾ ਬੂਝਾ ਸਿੰਘ ਉਮਰ ਭਰ ਦੇ ਸੰਘਰਸ਼ਾਂ ਦਾ ਨਾਂਅ ਹੈ, ਜਿਹਨਾਂ ਨੇ ਗਦਰ ਪਾਰਟੀ, ਕਿਰਤੀ ਪਾਰਟੀ, ਲਾਲ ਪਾਰਟੀ ਅਤੇ ਨਕਸਲਬਾੜੀ ਲਹਿਰ ਵਿਚ ਆਗੂ ਭੂਮਿਕਾਵਾਂ ਨਿਭਾਈਆਂ। ਦੇਸ਼ ਵਿਚੋਂ ਬਰਤਾਨਵੀ ਸਾਮਰਾਜ ਦੀਆਂ ਜੜ੍ਹਾਂ ਪੁੱਟਣ ਲਈ ਅਹਿਮ ਯੋਗਦਾਨ ਪਾਇਆ। ਪੈਪਸੂ ਦੀ ਮੁਜਾਰਾ ਲਹਿਰ ਵਿਚ ਅਮਿੱਟ ਪੈੜਾਂ ਪਾਈਆਂ। ਸੀ ਪੀ ਆਈ ਅਤੇ ਸੀ ਪੀ ਆਈ (ਐਮ) ਦੀਆਂ ਸੋਧਵਾਦੀ ਅਤੇ ਨਵਸੋਧਵਾਦੀ ਲਾਈਨਾਂ ਵਿਰੁੱਧ ਬੇਕਿਰਕ ਘੋਲ ਲੜੇ ਅਤੇ ਪੰਜਾਬ ਵਿੱਚ ਨਕਸਲਬਾੜੀ ਦਾ ਸੂਹਾ ਪਰਚਮ ਬੁਲੰਦ ਕੀਤਾ। ਪਿੰਡ ਪਿੰਡ ਨਕਸਲਬਾੜੀ ਦੀ ਲੋਅ ਵੰਡਣ ਵਾਲੇ 80 ਸਾਲਾ ਬਾਬਾ ਬੂਝਾ ਸਿੰਘ ਨੂੰ ਪ੍ਰਕਾਸ਼ ਸਿੰਘ ਬਾਦਲ ਦੀ ਅਕਾਲੀ ਸਰਕਾਰ ਵੇਲੇ ਜਾਬਰ ਪੰਜਾਬ ਪੁਲਸ ਨੇ ਪਿੰਡ ਨਗਰ ਤੋਂ ਗ੍ਰਿਫਤਾਰ ਕਰਕੇ 27-28 ਜੁਲਾਈ 1970 ਦੀ ਦਰਮਿਆਨੀ ਰਾਤ ਨੂੰ ਪਿੰਡ ਨਾਈਮਜਾਰਾ - ਸਨਾਵਾ(ਨਵਾਂਸ਼ਹਿਰ) ਦੇ ਨਹਿਰ ਦੇ ਪੁਲ ਤੇ ਝੂਠਾ ਪੁਲਸ ਮੁਕਾਬਲਾ ਬਣਾਕੇ ਸ਼ਹੀਦ ਕਰ ਦਿੱਤਾ ਸੀ। ਉਹਨਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਘੱਟ ਗਿਣਤੀਆਂ, ਦਲਿਤਾਂ, ਆਦਿਵਾਸੀਆਂ, ਔਰਤਾਂ, ਬੁੱਧੀਜੀਵੀਆਂ, ਲੇਖਕਾਂ ਅਤੇ ਕਾਰਕੁਨਾਂ ਉੱਤੇ ਫਾਸ਼ੀਵਾਦੀ ਹੱਲੇ ਬੋਲ ਰਹੀ ਹੈ। ਉਹਨਾਂ ਕਿਹਾ ਕਿ ਸਾਰੀਆਂ ਪੀੜਤ ਧਿਰਾਂ ਨੂੰ ਹਾਕਮਾਂ ਦੇ ਹਮਲਿਆਂ ਦਾ ਜਵਾਬ ਇਕ ਮੰਚ 'ਤੇ ਇਕੱਠੇ ਹ ਕੇ ਦੇਣਾਂ ਪਵੇਗਾ। ਗੁਰਬਖਸ਼ ਕੌਰ ਸੰਘਾ ਨੇ ਕਿਹਾ ਕਿ ਬਾਬਾ ਬੂਝਾ ਸਿੰਘ ਨੂੰ ਇਹੀ ਸੱਚੀ ਸ਼ਰਧਾਂਜਲੀ ਹੋਵੇਗੀ ਕਿ ਅਸੀਂ ਬਰਾਬਰਤਾ ਦਾ ਸਮਾਜ ਸਿਰਜਣ ਲਈ ਸੰਘਰਸ਼ ਨੂੰ ਹੋਰ ਤਿੱਖਾ ਕਰੀਏ। ਪ੍ਰਗਤੀ ਕਲਾ ਕੇਂਦਰ ਲਾਂਦੜਾ ਨੇ ਸੋਢੀ ਰਾਣਾ ਦੀ ਨਿਰਦੇਸ਼ਨਾ ਹੇਠ 'ਸਮਝਦਾਰ ਲੋਕ' ਨਾਟਕ ਅਤੇ ਕੋਰੀਓਗ੍ਰਾਫੀਆਂ ਪੇਸ਼ ਕਰਕੇ ਲੋਕਾਂ ਨੂੰ ਸੰਘਰਸ਼ਾਂ ਦੇ ਪਿੜ 'ਚ ਕੁੱਦਣ ਦਾ ਸੱਦਾ ਦਿੱਤਾ। ਬਲਵੀਰ ਮੰਗੂਵਾਲ ਅਤੇ ਮਾਸਟਰ ਪ੍ਰੀਤਮ ਸਿੰਘ ਲੱਲੀਆਂ ਨੇ ਗੀਤਾਂ ਨਾਲ ਇਨਕਲਾਬੀ ਰੰਗ ਬੰਨ੍ਹਿਆ। ਹਰੀ ਰਾਮ ਰਸੂਲਪੁਰੀ ਨੇ ਮੰਚ ਸੰਚਾਲਨਾ ਦੀ ਜ਼ਿੰਮੇਵਾਰੀ ਨਿਭਾਈ।

# ਭਾਜਪਾ ਖਿਲਾ.ਫ ਰੋਸ ਪ੍ਰਦਰਸ਼ਨ




**ਭੋਗਪੁਰ:-( ਗੁਰਪ੍ਰੀਤ ਸਿੰਘ ਭੋਗਲ)** ਚੰਡੀਗੜ੍ਹ ਵਿਖੇ ਮਨੀਪੁਰ ਦੀ ਘਟਨਾ ਦੇ ਸੰਬੰਧ ਵਿੱਚ ਆਮ ਆਦਮੀ ਪਾਰਟੀ ਵੱਲੋਂ ਕੇਂਦਰ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਗਿਆ।

ਹਲਕਾ ਆਦਮਪੁਰ ਤੋਂ ਜੀਤ ਲਾਲ ਭੱਟੀ ਹਲਕਾ ਇੰਚਾਰਜ ਆਦਮਪੁਰ, ਪਰਮਜੀਤ ਸਿੰਘ ਰਾਜਵੰਸ ਚੇਅਰਮੈਨ ਮਾਰਕਿਟ ਕਮੇਟੀ, ਬਲਾਕ ਪ੍ਰਧਾਨ ਪਰਦੀਪ ਸਿੰਘ, ਬਲਾਕ ਪ੍ਰਧਾਨ ਬੂਟਾ ਸਿੰਘ, ਬਲਾਕ ਪ੍ਰਧਾਨ ਭੁਪਿੰਦਰ ਸਿੰਘ ਦੇਵ, ਪਵਨ ਅਰੋੜਾ ਸ਼ਹਿਰੀ ਪ੍ਰਧਾਨ ਵਪਾਰ ਮੰਡਲ, ਸਰਕਲ ਇੰਚਾਰਜ ਹਨਿੰਦਰ ਸਿੰਘ, ਸਰਕਲ ਇੰਚਾਰਜ ਅਮਰੀਕ ਸਿੰਘ, ਸਰਕਲ ਇੰਚਾਰਜ ਕੁਲਵਿੰਦਰ ਸਾਬੀ, ਸਰਕਲ ਇੰਚਾਰਜ ਕਮਲਜੀਤ, ਸਰਕਲ ਇੰਦਰਜੀਤ ਸਿੰਘ, ਰਣਜੀਤ ਸਿੰਘ, ਸਤਨਾਮ ਸਿੰਘ ਮਨਿੰਦਰ ਸਿੰਘ, ਰਵਿੰਦਰ ਸਿੰਘ ਪਾਰਟੀ ਵਲੰਟੀਅਰ ਸ਼ਾਮਲ ਹੋਏ।

# ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ ਵਿਖੇ 31ਵੀਂ ਖੇਤਰੀ ਅਥਲੈਟਿਕਸ ਮੀਟ ਸ਼ੁਰੂ



ਹੁਸ਼ਿਆਰਪੁਰ,, (ਬਲਵੀਰ ਸਿੰਘ ਸੈਣੀ) ਪੰਜਾਬ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ, ਚੰਡੀਗੜ੍ਹ ਯੂ. ਟੀ ਦੇ ਪੰਜ ਕਲੱਸਟਰਾਂ ਦੇ 201 ਜੇਤੂ ਖਿਡਾਰੀਆਂ ਦੀ ਤਿੰਨ ਰੋਜਾ 31ਵੀਂ ਖੇਤਰੀ ਅਥਲੈਟਿਕਸ ਮੀਟ ਜੇ. ਐਨ. ਵੀ ਫਲਾਹੀ, ਜ਼ਿਲ੍ਹਾ ਹੁਸ਼ਿਆਰਪੁਰ 'ਚ ਸ਼ੁਰੂ ਹੋਈ। ਜ਼ਿਲ੍ਹਾ ਸਿੱਖਿਆ ਅਫਸਰ ਹਰਭਗਵੰਤ ਸਿੰਘ ਇਸ ਮੌਕੇ ਮੁੱਖ ਮਹਿਮਾਨ ਅਤੇ ਮੁਖੀ ਸੀ ਐਸ ਈ ਸੋਨਾਲੀਕਾ ਟਰੈਕਟਰਜ ਲਿਮਟਿਡ ਐਸ. ਕੇ ਧੂਮਰਾ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਪ੍ਰਿੰਸੀਪਲ ਰੰਜੂ ਦੁੱਗਲ ਨੇ ਵਿਦਿਆਰਥੀਆਂ ਦੀਆਂ ਪ੍ਰਮੁੱਖ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨ ਨੇ ਆਪਣੇ ਸੰਬੋਧਨ 'ਚ ਜੀਵਨ ਵਿਚ ਖੇਡਾਂ ਦੀ ਮਹੱਤਤਾ ਬਾਰੇ ਦੱਸਦਿਆਂ ਵਿਦਿਆਰਥੀਆਂ ਨੂੰ ਚੰਗੇ ਨਾਗਰਿਕ ਬਣਕੇ ਦੇਸ ਦੇ ਵਿਕਾਸ ਵਿਚ ਅਹਿਮ ਯੋਗਦਾਨ ਪਾਉਣ ਲਈ ਕਿਹਾ। ਅਧਿਆਪਕ ਜਸਵਿੰਦਰ ਸਿੰਘ ਅਤੇ ਰਜਨੀ ਪਠਾਨੀਆ ਦੀ ਦੇਖ-ਰੇਖ ਹੇਠ ਇਹ ਮੀਟ ਹੋ ਰਹੀ ਹੈ। ਵਿਦਿਆਲਿਆ ਵੱਲੋਂ ਯਾਦ ਚਿੰਨ੍ਹ ਦੇ ਕੇ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਗਿਆ।

ਅੰਡਰ 17 ਲੜਕੀਆਂ ਦੀ 200 ਮੀਟਰ ਦੌੜ 'ਚ ਪੰਜਾਬ ਇੱਕ (ਬਠਿੰਡਾ) ਦੀ ਸੰਧਿਆ ਨੂੰ ਪਹਿਲੀ, ਪੰਜਾਬ ਦੋ (ਹੁਸ਼ਿਆਰਪੁਰ) ਦੀ ਤਮੰਨਾ ਦੂਜੀ, ਹਿਮਾਚਲ ਪ੍ਰਦੇਸ਼ (ਪੰਡੋਹ) ਦੀ ਅੰਕਿਤਾ ਤੀਜੀ, ਅੰਡਰ 17 ਲੜਕਿਆਂ ਦੀ 200 ਮੀਟਰ ਦੌੜ 'ਚ ਜੰਮੂ ਕਸ਼ਮੀਰ ਦੋ (ਬਾਰਾਮੂਲਾ) ਦੇ ਅਹਿਸਮ ਅਮੀਨ ਨੂੰ ਪਹਿਲੀ, ਹਿਮਾਚਲ ਪ੍ਰਦੇਸ਼ (ਕਿੰਨੌਰ) ਦੇ ਕਰਨ ਨੂੰ ਦੂਜੀ ਅਤੇ ਪੰਜਾਬ ਇੱਕ (ਬਠਿੰਡਾ) ਦੇ ਅੰਸ਼ੂ ਨੂੰ ਤੀਜੀ ਪੁਜੀਸ਼ਨ ਹਾਸਲ ਕਰਨ ਲਈ ਕ੍ਰਮਵਾਰ ਸੋਨੇ, ਚਾਂਦੀ ਅਤੇ ਕਾਂਸੀ ਦੇ ਮੈਡਲ ਦੇ ਕੇ ਸਨਮਾਨਿਤ ਕੀਤਾ।

# ਲਾਇਲਪੁਰ ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ



**ਜਲੰਧਰ ( ਸ਼ੈਲੀ ਐਲਬਰਟ) - :** ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਐਮ.ਐਸਸੀ. ਕੈਮਿਸਟਰੀ ਦੂਜਾ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ। ਵਿਦਿਆਰਥਣ ਸਲੋਨੀ ਗੁਪਤਾ ਨੇ 450 ਵਿੱਚੋਂ 401 ਅੰਕ ਪ੍ਰਾਪਤ ਕਰਦੇ ਹੋਏ ਯੂਨੀਵਰਸਿਟੀ ਮੈਰਿਟ ਵਿੱਚੋਂ ਪਹਿਲਾ ਸਥਾਨ, ਸੰਦੀਪ ਸਿੰਘ ਨੇ 381 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਅਤੇ ਆਨੰਦ ਸਾਗਰ ਨੇ 373 ਅੰਕ ਪ੍ਰਾਪਤ ਕਰਦੇ ਹੋਏ। ਤੀਜਾ ਸਥਾਨ ਹਾਸਲ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਸਰਦਾਰਨੀ ਬਲਬੀਰ ਕੌਰ, ਪ੍ਰਧਾਨ ਗਵਰਨਿੰਗ ਕੌਂਸਲ ਨੇ ਵਿਸ਼ੇਸ਼ ਤੌਰ 'ਤੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਪ੍ਰੋ. ਜਸਰੀਨ ਕੌਰ ਨੇ ਵਿਦਿਆਰਥਣਾਂ ਨੂੰ ਭਵਿੱਖ ਵਿਚ ਹੋਰ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਆ।ਉਨ੍ਹਾਂ ਇਸ ਮੌਕੇ ਕਿਹਾ ਕਿ ਇਹੋ ਜਿਹੇ ਵਿਦਿਆਰਥੀਆਂ ਦੇ ਸਦਕਾ ਹੀ ਕਿਸੇ ਸੰਸਥਾਂ ਦਾ ਨਾਂ ਉੱਚਾ ਹੁੰਦਾ ਹੈ ਅਤੇ ਸਾਨੂੰ ਇਨ੍ਹਾਂ ਵਿਦਿਆਰਥੀਆਂ 'ਤੇ ਬਹੁਤ ਮਾਣ ਹੈ।ਇਸ ਮੌਕੇ ਡਾ. ਰਜਨੀਸ਼ ਮੋਦਗਿੱਲ, ਮੁਖੀ ਕੈਮਿਸਟਰੀ ਵਿਭਾਗ, ਡਾ. ਨਵਜੋਤ ਕੌਰ, ਡਾ. ਭੁਪਿੰਦਰਪਾਲ ਸਿੰਘ, ਡਾ. ਗੀਤਾਂਜਲੀ ਕੌਸ਼ਲ, ਡਾ. ਹਰਸ਼ਵੀਰ ਅਰੋੜਾ ਅਤੇ ਡਾ. ਹਰਜਿੰਦਰ ਕੌਰ ਵੀ ਹਾਜ਼ਰ ਸਨ।

# ਭਾਰਤ ਸਕਾਊਟ ਐਂਡ ਗਾਈਡ ਸੰਸਥਾ ਵੱਲੋਂ ਤਿੰਨ ਰੋਜ਼ਾ ਸਕਾਊਟ ਕੈਂਪ



**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੇਬੀ):** ਮਨੁੱਖ ਹਰ ਵੱਡੀ ਤੋਂ ਵੱਡੀ ਚੁਣੌਤੀ ਦਾ ਸਾਹਮਣਾ ਅਸਾਨੀ ਨਾਲ ਤਾਂ ਹੀ ਸਕਦਾ ਹੈ ਜੇਕਰ ਉਹ ਮਾਨਸਿਕ ਅਤੇ ਸਰੀਰਿਕ ਪੱਖੋਂ ਪੂਰੀ ਤਰ੍ਹਾਂ ਰਿਸ਼ਟ ਪੁਸ਼ਟ ਹੋਵੇ। ਸਮੇਂ-ਸਮੇਂ 'ਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਫਿੱਟ ਇੰਡੀਆ,ਯੋਗਾ ਆਦਿ ਦੇ ਪ੍ਰੋਗਰਾਮਾਂ ਲੋਕਾਂ ਦੇ ਰੂਬਰੂ ਕੀਤੇ ਜਾਂਦੇ ਹਨ,ਤਾਂ ਜੋ ਭਾਰਤ ਦੇਸ਼ ਦੇ ਨਾਗਰਿਕ ਵਿਸ਼ਵ ਦੀ ਹਰ ਚੁਣੌਤੀ ਦਾ ਸਾਹਮਣਾ ਅਸਾਨੀ ਨਾਲ ਕਰ ਸਕਣ।

ਇਸੇ ਅਹਿਮ ਸੰਕਲਪ ਤੇ ਇੱਕ ਵੱਡੀ ਭੂਮਿਕਾ ਨਿਭਾ ਰਹੀ ਸੰਸਥਾ 'ਭਾਰਤ ਸਕਾਊਟ ਐਂਡ ਗਾਈਡ' ਜੋ ਕਿ ਸਮੇਂ-ਸਮੇਂ ਤੇ ਜਿੱਥੇ ਆਪਣੇ ਟ੍ਰੇਨਿੰਗ ਕੈਂਪਾਂ ਰਾਹੀਂ ਬੱਚਿਆਂ ਤੋਂ ਲੈ ਕੇ ਨੌਜਵਾਨਾਂ ਨੂੰ ਜ਼ਿੰਦਗੀ ਦੀਆਂ ਅਹਿਮ ਚੁਣੌਤੀਆਂ ਨੂੰ ਸਵੀਕਾਰ ਕਰਨ ਦੇ ਲਈ ਪੂਰੀ ਤਰ੍ਹਾਂ ਪ੍ਰਪੱਕ ਕਰ ਰਿਹਾ ਹੈ,ਉੱਥੇ ਇੱਕ ਵਿਸ਼ੇਸ਼ ਨਿਵੇਕਲੀ ਪੜ੍ਹਾਈ ਦੇ ਅਧਿਐਨ ਰਾਹੀਂ ਸਿੱਖਿਆ ਦੇ ਖੇਤਰ ਵਿੱਚ ਵੀ ਵੱਡਾ ਰੋਲ ਅਦਾ ਕਰ ਰਿਹਾ ਹੈ। ਅੱਜ ਸਰਕਾਰੀ ਪ੍ਰਾਇਮਰੀ ਸਕੂਲ ਸ੍ਰੀ ਚਮਕੌਰ ਸਾਹਿਬ-1 ਦੇ ਨੰਨ੍ਹੇ ਮੁੰਨਵੇ ਬੱਚਿਆਂ ਅਤੇ ਅਧਿਆਪਕਾਂ ਨੇ ਤਿੰਨ ਰੋਜਾ ਕੈਂਪ ਦੌਰਾਨ ਸਕਾਊਟ ਦਾ ਆਗਾਜ਼ ਕਰਦਿਆਂ ਪ੍ਰਣ ਲਿਆ ਕਿ ਉਹ ਸਕਾਊਟ ਦੀ ਯੋਗ ਸਿੱਖਿਆ ਦੇ ਜ਼ਰੀਏ ਆਪਣੇ ਸੁਪਨਿਆਂ ਦਾ ਦੇਸ਼ ਬਣਾਉਣ ਲਈ ਅਹਿਮ ਭੂਮਿਕਾ ਨਿਭਾਉਣਗੇ। ਸਕੂਲ ਮੁੱਖੀ ਗੁਰਪ੍ਰੀਤ ਸਿੰਘ ਕੈਂਥੋ ਨੇ ਕਿਹਾ ਕਿ ਇਸ ਸਮੁੱਚੇ ਤਿੰਨ ਰੋਜਾ ਕੈਂਪ ਦੀ ਟ੍ਰੇਨਿੰਗ ਦੌਰਾਨ ਭਾਰਤ ਸਕਾਊਟ ਐਂਡ ਗਾਈਡ ਦੇ ਚਰਨਪ੍ਰੀਤ ਸਿੰਘ ਅਚਿੰਤ,ਅਸਿਸਟੈਂਟ ਸਟੇਟ ਆਰਗਨਾਈਜੇਸ਼ਨ ਕਮਿਸ਼ਨਰ,ਪੰਜਾਬ ਵਿਸ਼ੇਸ਼ ਤੌਰ 'ਤੇ ਪਹੁੰਚੇ। ਸਾਰੇ ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਨਾਲ ਸਕਾਊਟ ਕਿਰਿਆਵਾਂ ਵਿੱਚ ਹਿੱਸਾ ਲਿਆ। ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਦਵਿੰਦਰਪਾਲ ਸਿੰਘ ਬੇਦੀ ਵੀ ਇਥੇ ਪਹੁੰਚੇ ਤੇ ਕਿਹਾ ਕਿ ਅਜਿਹੇ ਕੈਂਪ ਵਿਦਿਆਰਥੀਆਂ ਦੇ ਚਰਿੱਤਰ ਨਿਰਮਾਣ ਵਿੱਚ ਅਹਿਮ ਯੋਗਦਾਨ ਪਾਉਂਦੇ ਹਨ, ਜਿਸ ਨਾਲ ਵਿਦਿਆਰਥੀ ਸਮਾਜ ਸੇਵਾ ਜਿਹੇ ਕਾਰਜਾਂ ਦੀ ਮਹੱਤਤਾ ਤੋਂ ਜਾਣੂ ਹੁੰਦੇ ਹਨ।

ਇਸ ਮੌਕੇ ਗੁਰਪ੍ਰੀਤ ਸਿੰਘ ਕੈਂਥੋ,ਪਰਸ਼ੋਤਮ ਕੁਮਾਰ,ਚੱਕਰਵਰਤੀ ਪਾਠਕ,ਰੁਪਿੰਦਰਜੀਤ ਕੌਰ,ਹਰਜੀਤ ਕੌਰ,ਹਰਜੋਤ ਕੌਰ ਅਤੇ ਅਮਨਦੀਪ ਕੌਰ ਆਦਿ ਅਧਿਆਪਕ ਹਾਜਰ ਸਨ।

# ਮਨੀਪੁਰ ਘਟਨਾਵਾਂ ਭਵਿੱਖ 'ਚ ਭਾਰਤ ਵਾਸੀਆਂ ਲਈ ਚਿੰਤਾ ਦਾ ਵਿਸ਼ਾ : ਪ੍ਰਸ਼ੋਤਮ ਅਹੀਰ

**ਹੁਸ਼ਿਆਰਪੁਰ (ਓ ਪੀ ਰਾਣਾ )** ਪ੍ਰਸ਼ੋਤਮ ਰਾਜ ਅਹੀਰ ਪ੍ਰਧਾਨ ਸੰਯੁਕਤ ਸਮਾਜ ਮੋਰਚਾ ਪੰਜਾਬ (ਲੇਬਰਵਿੰਗ) ਨੇ ਮਨੀਪੁਰ ਵਿੱਚ ਵਾਪਰੀਆਂ ਗੈਰ ਮਨੁੱਖੀ,ਗੈਰ ਇੰਨਸਾਨੀਅਤ ਘਟਨਾਵਾਂ ਦੀ ਸਖਤ ਆਲੋਚਨਾ ਕਰਦਿਆਂ ਕਿਹਾ ਕਿ ਭਾਰਤ ਦੇ ਕਰੋੜਾਂ ਲੋਕਾਂ ਲਈ ਭਵਿੱਖ ਵਿਚ ਬਹੁਤ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਕੇਂਦਰ ਵਿਚ ਵੀ ਭਾਜਪਾ ਅਤੇ ਮਨੀਪੁਰ ਵਿਚ ਵੀ ਭਾਜਪਾ ਦੀ ਸਰਕਾਰ ਹੈ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰਾਂ ਵਾਲੇ ਰਾਜਾਂ ਵਿਚ ਆਮ,ਗਰੀਬ ਲੋਕਾਂ ਤੇ ਅਤਿਆਚਾਰ ਵੱਧ ਹੋ ਰਹੇ ਹਨ,ਜਿਸ ਤੋਂ ਸ਼ਾਫ ਜਾਹਿਰ ਹੋ ਰਿਹਾ ਹੈ ਕਿ ਭਾਜਪਾ ਆਪਣੇ ਕਿਸੇ ਨਿੱਜੀ ਸਵਾਰਥ ਨੂੰ ਪੂਰਾ ਕਰਨ ਲਈ ਅਜਿਹੇ ਹਥਕੰਡੇ ਅਪਨਾ ਰਹੀ ਹੈ। ਅਹੀਰ ਨੇ ਕਿਹਾ ਕਿ ਮਨੀਪੁਰ ਦੇ ਲੋਕਾਂ ਤੇ ਅਤਿਆਚਾਰਾਂ,ਔਰਤਾਂ ਨਾਲ ਬਲਾਤਕਾਰ, ਨਿਰਬਸਤਰ ਕਰਕੇ ਘੁਮਾਉਣ ਦੀਆਂ ਘਟਨਾਵਾਂ ਨੇ ਇੰਨਸਾਨੀਅਤ ਨੂੰ ਸ਼ਰਮਸ਼ਾਰ ਕਰ ਦਿੱਤਾ ਹੈ। ਉਨਾਂ ਕਿਹਾ ਇਹ ਹੋਰ ਵੀ ਅਫਸੋਸਨਾਕ ਹੈ ਕਿ ਇਸ ਕਰੂਰਤਾ ਭਰੇ ਵਤੀਰੇ ਤੇ ਸੂਬਾ ਅਤੇ ਕੇਂਦਰ ਦੀਆਂ ਸਰਕਾਰਾਂ ਤਮਾਸ਼ਬੀਨ ਬਣੀਆਂ ਰਹੀਆਂ।

ਉਨਾਂ ਕਿਹਾ ਮਨੀਪੁਰ ਵਿਚ ਕੀਤੀ ਜਾ ਰਹੀ ਸਾੜਫੂਕ, ਲੁੱਟ ਖੋਹ, ਕਤਲੋਗਾਰਤ ਅਤੇ ਜਬਰ ਜਿਨਾਹ ਦੀਆਂ ਘਟਨਾਵਾਂ ਲਈ ਮਨੀਪੁਰ ਅਤੇ ਕੇਂਦਰ ਸਰਕਾਰਾਂ ਸਾਂਝੇ ਤੌਰ 'ਤੇ ਜ਼ਿੰਮੇਵਾਰ ਹਨ। ਅਹੀਰ ਨੇ ਕਿਹਾ ਕਿ ਮਨੀਪੁਰ ਘਟਨਾਵਾਂ ਦੀ ਸੰਯੁਕਤ ਸਮਾਜ ਮੋਰਚਾ ਸ਼ਖਤ ਆਲੋਚਨਾ ਕਰਦਾ ਹੈ ਇਸ ਲਈ ਜੁੰਮੇਵਾਰ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਵੇ।

## ਜਨਮ ਦਿਨ ਮੁਬਾਰਕ



ਅਨੁਰੀਤ ਕੌਰ

# ਮੁੱਠਡਾ ਕਲਾਂ 'ਚ ਦੋ ਟੀਚਰਾਂ ਨੂੰ ਦਿੱਤੇ ਨਿਯੁਕਤੀ ਪੱਤਰ

**ਫਿਲੌਰ (ਨਿਰਮਲ)**- ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਨੇ ਮੁੱਠਡਾ ਕਲਾਂ ਸਕੂਲ ਨਾਲ ਸਬੰਧਤ ਦੋ ਟੀਚਰਾਂ ਨੂੰ ਨਿਯੁਕਤੀ ਪੱਤਰ ਦਿੱਤੇ। ਪਿਛਲੀਆਂ ਪੰਜਾਬ ਸਰਕਾਰਾਂ ਵੱਲੋਂ ਪਹਿਲਾਂ ਸਿਰਫ਼ ਦਸ ਹਜ਼ਾਰ ਰੁਪਏ ਪ੍ਰਤੀ ਮਹੀਨਾ ਦਿੱਤੇ ਜਾਂਦੇ ਸਨ। ਹੁਣ ਤਨਖਾਹ 'ਚ ਵਾਧਾ ਕਰਕੇ ਨਵਾਂ ਕੇਡਰ ਬਣਾਇਆ ਜਾਵੇਗਾ। ਮੌਜੂਦਾ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਟੀਚਰਾਂ ਦੇ ਆਰਡਰ ਆਨਲਾਈਨ ਭੇਜੇ ਸਨ, ਜਿਨ੍ਹਾਂ ਦੀ ਵੰਡ ਕੀਤੀ ਗਈ। ਇਸ ਤੋਂ ਪਹਿਲਾ ਰਾਮਜੀ ਦਾਸ ਅਤੇ ਰਜਨੀਸ਼ ਅਗਰਵਾਲ ਦੇ ਹਾਰ ਪਾ ਕੇ ਸਵਾਗਤ ਕੀਤਾ ਗਿਆ। ਇਸ ਮੌਕੇ ਚੇਅਰਮੈਨ ਜਸਵੰਤ ਕੁਮਾਰ, ਆਸ਼ਾ ਰਾਣੀ, ਸਰੋਜ ਰਾਣੀ, ਡਾ. ਸਰਬਜੀਤ ਮੁੱਠਡਾ, ਮਿਸ ਜੋਤੀ ਬਾਂਸਲ, ਹਰਪ੍ਰੀਤ ਸਿੰਘ, ਮਿਸ ਵੈਸ਼ਾਲੀ ਆਦਿ ਸਮੇਤ ਨਾਨ ਟੀਚਿੰਗ ਸਟਾਫ ਮੈਂਬਰ ਵੀ ਹਾਜ਼ਰ ਸਨ।



# ਪੀ ਟੀ ਐੱਮ ਆਰੀਆ ਕਾਲਜ 'ਚ ਅਕਾਊਂਟ ਵਿਸ਼ੇ 'ਤੇ ਕੁਇਜ਼ ਮੁਕਾਬਲਾ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**-ਸਥਾਨਕ ਪੀ ਟੀ ਐੱਮ ਆਰੀਆ ਕਾਲਜ ਨੂਰਮਹਿਲ ਵਿੱਚ ਕਾਮਰਸ ਵਿਭਾਗ ਦੁਆਰਾ ਅਕਾਊਂਟਿੰਗ ਵਿਸ਼ੇ 'ਤੇ ਕਵਿਜ਼ ਮੁਕਾਬਲਾ ਕਰਵਾਇਆ ਗਿਆ। ਬੀ. ਕਾਮ ਪਹਿਲੇ ਸਮੈਸਟਰ ਦੇ ਵਿਦਿਆਰਥੀਆਂ ਨੇ ਇਸ ਵਿੱਚ ਭਾਗ ਲਿਆ। ਪ੍ਰੋ. ਅਮਨਦੀਪ ਕੌਰ ਵੱਲੋਂ ਪੁੱਛੇ ਗਏ ਸਵਾਲਾਂ ਦੇ ਉਤਰ ਤੇਜੀ ਨਾਲ ਦਿੱਤੇ। ਜਿਸ ਵਿੱਚ ਬਲਜਿੰਦਰ, ਸੁਖਮਨੀ, ਕੋਮਲ ਅਤੇ ਹਰਮਨ ਦੀ ਟੀਮ ਪਹਿਲੇ ਸਥਾਨ 'ਤੇ ਰਹੀ।

ਇਸ ਮੌਕੇ ਕਾਲਜ ਦੇ ਡਾਇਰੈਕਟਰ ਪ੍ਰੋ. ਆਰ ਕੇ ਜੈਨ ਨੇ ਕਿਹਾ ਕਿ ਕਵਿਜ ਵਰਗਾ ਪ੍ਰੋਗਰਾਮ ਵਿਸ਼ੇ ਨੂੰ ਦਿਲਚਸਪ ਬਣਾਉਣ ਲਈ ਤਿਆਰ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਵਿਦਿਆਰਥੀਆਂ ਦੀਆਂ ਪ੍ਰੀਖਿਆਵਾਂ ਵਿੱਚ ਨਤੀਜੇ ਬਹੁਤ ਵਧੀਆ ਆਉਂਦੇ ਹਨ ਅਤੇ ਕੰਪਟੀਸਨ ਸਿਸਟਮ ਦੀ ਸਮਰੱਥਾ ਬਣ ਜਾਂਦੀ ਹੈ। ਉਨ੍ਹਾਂ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੀ ਵੰਡੇ। ਇਸ ਮੌਕੇ ਤੇ ਕਾਮਰਸ ਵਿਭਾਗ ਦੇ ਅਧਿਆਪਕ ਪ੍ਰੋ. ਮਰਜੀਨਾ ਲਾਖਾ ਅਤੇ ਸਮੂਹ ਵਿਦਿਆਰਥੀ ਸ਼ਾਮਲ ਸਨ।

# ਚੈਰੀਟੇਬਲ ਹਸਪਤਾਲ 'ਚ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ



**ਕਰਤਾਰਪੁਰ (ਹਰਮੇਸ਼ ਦੱਤ)** ਆਪੀ ਚੈਰੀਟੇਬਲ ਹਸਪਤਾਲ ਵਿੱਚ ਆਪਣੀ ਚੈਰੀਟੇਬਲ ਦੇ ਸਾਬਕਾ ਪ੍ਰਧਾਨ ਸਵਰਗਵਾਸੀ ਅਮਰ ਸਿੰਘ ਚਾਹਲ ਦੀ ਯਾਦ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ ਗਿਆ ਪਾਠ ਦੇ ਭੋਗ ਉਪਰੰਤ ਸੰਗਤਾਂ ਵਿੱਚ ਪ੍ਰਸਾਦ ਵੰਡਿਆ ਗਿਆ ਰਾਗੀ ਜੱਥਿਆਂ ਵੱਲੋਂ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਗੁਰੂ ਚਰਨਾ ਨਾਲ ਜੋੜਿਆ ਪ੍ਰੋਗਰਾਮ ਦੌਰਾਨ ਸਾਬਕਾ ਪ੍ਰਧਾਨ ਸਵਰਗਵਾਸੀ ਅਮਰ ਸਿੰਘ ਚਾਹਲ ਦੇ ਕੀਤੇ ਗਏ ਕੰਮਾਂ ਨੂੰ ਵੀ ਯਾਦ ਕੀਤਾ ਗਿਆ। ਇਸ ਮੌਕੇ ਆਪੀ ਚੈਰੀਟੇਬਲ ਹਸਪਤਾਲ ਦੀ ਮੈਡਮ ਸੁਮਨ ਲਤਾ ਕਲਹਣ, ਸਤੀਸ਼ ਅੱਗਰਵਾਲ, ਵਿਮਲ ਜੇਨ, ਜੱਸੀ ਚਾਹਲ, ਰਜਨੀ ਲਾਬਾ ਮਲੋਹਤਰਾ, ਨਰਿੰਦਰ ਸਿੰਘ ਚਾਹਲ, ਸੋਢੀ ਸਿੰਘ, ਸਰਬਜੀਤ ਕੌਰ, ਡਾਕਟਰ ਅਤੇ ਸਟਾਫ ਮੌਜੂਦ ਸਨ।

## ਡੇਂਗੂ ਤੋਂ ਬਚਣ ਲਈ ਫੌਗਿਗ ਕਰਵਾਓ : ਸੇਲੀ ਮਹਾਜਨ



**ਕਰਤਾਰਪੁਰ (ਹਰਮੇਸ਼ ਦੱਤ)** ਭਾਰਤੀ ਜਨਤਾ ਪਾਰਟੀ ਦੇ ਆਗੂ ਸੇਲੀ ਮਹਾਜਨ ਨੇ ਕਰਤਾਰਪੁਰ ਨਗਰ ਕੌਂਸਲ ਤੋਂ ਮੰਗ ਕਰਦੇ ਹੋਏ ਕਿਹਾ ਕੀ ਭਾਰੀ ਬਾਰਿਸ਼ ਕਾਰਨ ਹਰ ਪਾਸੇ ਮੱਛਰ ਪੈਦਾ ਹੋ ਰਿਹਾ ਹੈ ਜਿਸ ਕਾਰਨ ਡੇਂਗੂ, ਮਲੇਰੀਆ ਅਤੇ ਚਿਕਨਗੁਨੀਆ ਆਦਿ ਬਿਮਰੀਆ ਫੈਲਣ ਦਾ ਖਤਰਾ ਬਣਿਆ ਹੋਇਆ ਹੈ ਉਹਨਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕੀ ਕਰਤਾਰਪੁਰ ਵਿੱਚ ਜਲਦੀ ਤੋਂ ਜਲਦੀ ਫੌਗਿਗ ਅਤੇ ਦਵਾਈਆਂ ਦੀ ਸਪਰੇ ਕਰਵਾਉਣੀ ਚਾਹੀਦੀ ਹੈ ਤਾਂ ਜੋ ਕਰਤਾਰਪੁਰ ਵਾਸੀ ਇੰਨ੍ਹਾ ਬਿਮਾਰੀਆਂ ਤੋਂ ਬਚ ਸਕਣ।

## 69ਵਾਂ ਸਾਲਾਨਾ ਮੇਲਾ ਝੰਡਾ ਫੇਰੀ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਦੋਆਬਾ ਇਲਾਕੇ ਦਾ ਪ੍ਰਚੀਨ ਮਾਂ ਦੁਰਗਾ ਮੰਦਰ ਜਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਭਾਮ ਦੇ ਪ੍ਰਾਚੀਨ ਮੰਦਰ ਮਾਂ ਭਾਮੇਸ਼ਵਰੀ ਵਿਖੇ 69ਵਾਂ ਸਾਲਾਨਾ ਮੇਲਾ ਭੈਣ ਵਿਨੋਦ ਕੁਮਾਰੀ ਚੇਅਰਪਰਸਨ ਭਾਮੇਸ਼ਵਰੀ ਮਿਸ਼ਨਰੀ ਟਰੱਸਟ ਦੀ ਅਗਵਾਈ 'ਚ ਸਮੂਹ ਸੰਗਤਾਂ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 25 ਜੁਲਾਈ ਤੋਂ 31 ਜੁਲਾਈ ਤੱਕ ਬਹੁਤ ਹੀ ਪ੍ਰੇਮ ਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। 30 ਜੁਲਾਈ ਰਾਤ ਨੂੰ ਮਹਾਂਮਾਈ ਦਾ ਵਿਸ਼ਾਲ ਜਾਗਰਣ ਹੋਵੇਗਾ ਜਿਸ 'ਚ ਪ੍ਰਮੁੱਖ ਕਲਾਕਾਰ ਮਹਾਂਮਾਈ ਦੀ ਮਹਿਮਾ ਦਾ ਗੁਣਗਾਨ ਕਰਨਗੇ। 31 ਜੁਲਾਈ ਨੂੰ ਰਾਤ 8 ਵਜੇ ਕਵਾਲੀਆਂ ਦੇ ਮਹਿਫਲ ਸ਼ੁਰੂ ਹੋਵੇਗੀ ਜਿਸ 'ਚ ਪ੍ਰਮੁੱਖ ਕਵਾਲ ਆਪਣੀਆਂ ਕਵਾਲੀਆਂ ਪੇਸ਼ ਕਰਨਗੇ। ਇਸ ਮੌਕੇ ਮੁੱਖ ਸੇਵਾਦਾਰ ਭੈਣ ਵਿਨੋਦ ਕੁਮਾਰੀ, ਸੇਵਾਦਾਰ ਗੁਰਨਾਮ ਜਸਵਾਲ, ਸ਼ਾਂਤੀ ਦੇਵੀ, ਕੁਲਦੀਪ ਕੌਰ, ਤ੍ਰਿਪਤਾ ਦੇਵੀ, ਚੰਦਰ ਪ੍ਰਕਾਸ਼ ਦਿੱਲੀ, ਹਰਪਾਲ ਸਿੰਘ ਕੁੰਡੀ, ਹਰਮੇਸ਼ ਚੰਦਰ ਲਾਲੀ ਆਦਮਪੁਰ, ਪੰਮੀ ਦੇਹਰਾਦੂਨ, ਮੁਕੇਸ਼ ਪੰਡਤ ਅਮਰਜੀਤ ਭਾਮ, ਟਿੰਕੂ ਜਸਵਾਲ ਹੈਪੀ ਰੋਸ਼ਨ ਭਾਮ, ਗੁਰਜੀਤ ਜਸਵਾਲ, ਸੰਨੀ ਜਸਵਾਲ, ਵਿਸ਼ਾਲ ਸ਼ਰਮਾ, ਤਰਸੇਮ ਕੈਨੇਡਾ, ਨਰਿੰਦਰ ਹਾਰਟਾ ਦੀਪਾ ਜਸਵਾਲ, ਦਲਜੀਤ ਭਾਮ, ਡਾ. ਟੋਨੀ ਭਾਮ, ਸੁਦਰਸ਼ਨ ਧੀਰ ਆਦਿ ਹਾਜ਼ਰ ਸਨ।




# ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ -ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਲਾਇਆ ਖ਼ੂਨਦਾਨ ਕੈਂਪ



**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**:-ਜ਼ਿਲ੍ਹਾ ਅਤੇ ਸੈਸ਼ਨਜ ਜੱਜ -ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਨਿਰਭਉ ਸਿੰਘ ਗਿੱਲ ਦੀ ਰਹਿਨੁਮਾਈ ਹੇਠ ਖ਼ੂਨਦਾਨ ਕੈਂਪ ਦਾ ਆਯੋਜਨ ਥੈਲੇਸੀਮੀਆ ਤੋਂ ਪ੍ਰਭਾਵਿਤ ਬੱਚਿਆਂ ਵਾਸਤੇ ਬਾਰ ਐਸੋਸੀਏਸ਼ਨ ਜਲੰਧਰ, ਨਕੋਦਰ ਅਤੇ ਫਿਲੌਰ ਦੇ ਸਹਿਯੋਗ ਨਾਲ ਕੀਤਾ ਗਿਆ। ਇਸ ਕੈਂਪ ਵਿੱਚ 60 ਯੂਨਿਟ ਬਲੱਡ ਵਕੀਲਾਂ, ਸਟਾਫ ਮੈਂਬਰ ਸੇਂਟ ਸੋਲਜਰ ਲਾਅ ਕਾਲਜ, ਸੀ.ਟੀ ਇੰਸਟੀਚਿਊਟ ਆਫ ਲਾਅ, ਖਾਲਸਾ ਕਾਲਜ ਆਫ ਲਾਅ ਅਤੇ ਡੀ.ਏ.ਵੀ ਯੂਨੀਵਰਸੀਟੀ (ਕਾਨੂੰਨ ਵਿਭਾਗ) ਦੇ ਵਿਦਿਆਰਥੀਆਂ ਵੱਲੋਂ ਦਾਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗਰੀਬ ਅਤੇ ਲੋੜਵੰਦ ਵਿਅਕਤੀਆਂ/ਔਰਤਾਂ/ਬੱਚਿਆਂ ਨੂੰ ਸਰਕਾਰੀ ਖਰਚੇ 'ਤੇ ਵਕੀਲ ਦੀਆਂ ਸੇਵਾਵਾਂ ਪ੍ਰਦਾਨ ਕਰਦੀ ਹੈ ਅਤੇ ਸਮਝੌਤਾ ਕੇਂਦਰਾਂ ਰਾਹੀਂ ਲੋਕਾਂ ਦੇ ਲੰਬਿਤ ਝਗੜਿਆਂ ਦਾ ਨਿਪਟਾਰਾ ਵੀ ਕਰਵਾਇਆ ਜਾਂਦਾ ਹੈ। ਡਾ. ਗਗਨਦੀਪ ਕੌਰ, ਸੀ.ਜੇ.ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਨੇ ਵਿਕਟਮ ਕੰਪਨਜੇਸ਼ਨ ਸਕੀਮ ਤਹਿਤ ਜਾਣਕਾਰੀ ਦਿੰਦੇ ਦੱਸਿਆ ਕਿ ਸੜਕ ਦੁਰਘਟਨਾ ਵਿੱਚ ਜਾਨ ਗਵਾਉਣ ਵਾਲੇ ਵਿਅਕਤੀਆਂ ਦੇ ਆਸ਼ਰਿਤ ਪਰਵਾਰ ਜੇਕਰ ਨਾ ਮਾਲੂਮ ਵਿਅਕਤੀ 'ਤੇ ਐਫ.ਆਈ.ਆਰ ਦਰਜ ਹੋਈ ਹੈ ਤਾਂ ਮੁਆਵਜਾ ਲੈਣ ਲਈ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜ਼ਿਲ੍ਹਾ ਕਚਿਹਰੀਆਂ ਜਲੰਧਰ ਨਾਲ ਸੰਪਰਕ ਕਰ ਸਕਦੇ ਹਨ। ਜੇਕਰ ਅਜਿਹੇ ਕੇਸਾਂ ਵਿੱਚ ਦੋਸ਼ੀ ਨਾਮਜ਼ਦ ਕੀਤੇ ਜਾਂਦੇ ਹਨ ਤਾਂ ਸੰਬੰਧਤ ਅਦਾਲਤ ਨੂੰ ਮੁਆਵਜੇ ਲਈ ਦਰਖਾਸਤ ਦਿੱਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਬਲਾਤਕਾਰ ਪੀੜਤ ਅਤੇ ਪੋਕਸੋ ਐਕਟ ਤਹਿਤ ਪੀੜਤ ਔਰਤਾਂ/ਬੱਚੀਆਂ ਨਾਲਸਾ ਅਪਰਾਧ ਪੀੜਤ ਸਕੀਮ ਤਹਿਤ ਮੁਆਵਜਾ ਲੈ ਸਕਦੀਆਂ ਹਨ। ਇਸ ਮੌਕੇ 'ਤੇ ਅਮਿਤ ਕੁਮਾਰ ਗਰਗ (ਚੀਫ ਜੁਡੀਸ਼ੀਅਲ ਮੈਜਿਸਟ੍ਰੇਟ) ਅਤੇ ਪਰਿੰਦਰ ਸਿੰਘ (ਸਿਵਲ ਜੱਜ ਸੀਨੀਅਰ ਡਵੀਜਨ) ਜਲੰਧਰ, ਪ੍ਰਧਾਨ ਬਾਰ ਐਸੋਸੀਏਸ਼ਨ ਜਲੰਧਰ ਸਮੇਤ ਬਾਰ ਕਾਰਜਕਾਰੀ, ਪ੍ਰਧਾਨ ਬਾਰ ਐਸੋਸੀਏਸ਼ਨ ਨਕੋਦਰ ਸਮੇਤ ਬਾਰ ਕਾਰਜਕਾਰੀ ਅਤੇ ਪ੍ਰਧਾਨ ਬਾਰ ਐਸੋਸੀਏਸ਼ਨ ਫਿਲੌਰ ਸਮੇਤ ਬਾਰ ਕਾਰਜਕਾਰੀ ਫਿਲੌਰ ਅਤੇ 160 ਵਾਰ ਤੋਂ ਜ਼ਿਆਦਾ ਵਾਰੀ ਖ਼ੂਨਦਾਨ ਕਰ ਚੁੱਕੇ ਜਤਿੰਦਰ ਸੋਨੀ ਵੀ ਹਾਜ਼ਰ ਸਨ।

# ਮਨੀਪੁਰ ਘਟਨਾਵਾਂ ਵਿਰੁੱਧ ਜ਼ਿਲ੍ਹਾ ਮੁਲਾਜ਼ਮਾਂ ਵੱਲੋਂ ਪੁੱਡਾ ਗਰਾਊਂਡ 'ਚ ਰੋਹ ਭਰਿਆ ਮਾਰਚ





**ਜਲੰਧਰ ( ਰਾਜੇਸ਼ ਥਾਪਾ )** ਪੰਜਾਬ ਯੂ ਟੀ ਮੁਲਾਜਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਸੱਦੇ 'ਤੇ ਜ਼ਿਲ੍ਹਾ ਜਲੰਧਰ ਦੇ ਮੁਲਾਜਮਾਂ ਵਲੋਂ, ਉਤਰ-ਪੂਰਬੀ ਸੂਬੇ ਮਨੀਪੁਰ ਵਿਖੇ ਦੋ ਔਰਤਾਂ ਦਾ ਵਹਿਸ਼ੀਆਨਾ ਸਮੂਹਿਕ ਬਲਾਤਕਾਰ ਕਰਨ ਉਪਰੰਤ ਉਨ੍ਹਾਂ ਨੂੰ ਸਰੇਆਮ ਨਿਰਵਸਤਰ ਕਰਕੇ ਘੁਮਾਉਣ ਅਤੇ ਸੂਬੇ ਅੰਦਰ ਅਣਗਿਣਤ ਇਸਤਰੀਆਂ ਨਾਲ ਅਜਿਹਾ ਹੀ ਅਮਾਨਵੀ ਜਬਰ ਕਰਨ ਵਿਰੁੱਧ ਡਿਪਟੀ ਕਮਿਸ਼ਨਰ ਜਲੰਧਰ ਦੇ ਦਫਤਰ ਦੇ ਸਾਹਮਣੇ ਪੁੱਡਾ ਗਰਾਉਂਡ ਵਿੱਚ ਰੋਹ ਭਰਿਆ ਮਾਰਚ ਕੀਤਾ ਗਿਆ ਤੇ ਕੇਂਦਰ ਤੇ ਮਨੀਪੁਰ ਦੀ ਸਰਕਾਰ ਦੀ ਅਰਥੀ ਫੂਕੀ ਗਈ। ਰੋਸ ਪ੍ਰਦਰਸ਼ਨ ਦੀ ਅਗਵਾਈ ਪੁਸ਼ਪਿੰਦਰ ਕੁਮਾਰ ਵਿਰਦੀ, ਹਰਿੰਦਰ ਦੋਸਾਂਝ, ਡਿੰਪਲ ਰਸੂਲਾਂ,ਪਰੇਮ ਲਾਲ, ਬਲਵਿੰਦਰ ਕੁਮਾਰ,ਅੰਮ੍ਰਿਤਪਾਲ ਨੁੱਸੀ, ਜਸਵਿੰਦਰ ਕੌਰ ਟਾਹਲੀ, ਹੰਸ ਰਾਜ ਪੱਬਵਾਂ ਅਤੇ ਸੰਤੋਖ ਸਿੰਘ ਸੰਧੂ ਨੇ ਸਾਂਝੇ ਤੌਰ 'ਤੇ ਕੀਤੀ। ਮੁਲਾਜਮਾਂ ਨੂੰ ਸੰਬੋਧਨ ਕਰਦਿਆਂ ਪੰਜਾਬ -ਯੂ.ਟੀ.ਮੁਲਾਜਮ ਅਤੇ ਪੈਨਸ਼ਨਰ ਸਾਂਝਾ ਫਰੰਟ ਦੇ ਸੂਬਾਈ ਆਗੂ ਤੀਰਥ ਸਿੰਘ ਬਾਸੀ ਨੇ ਕਿਹਾ ਕਿ ਮਨੀਪੁਰ ਵਿੱਚ ਤਿੰਨ ਮਹੀਨਿਆਂ ਤੋਂ ਹਜੂਮੀ ਹਿੰਸਾ, ਸਾੜ ਫੂਕ, ਕਤਲੇਆਮ, ਔਰਤਾਂ ਦੀ ਨਗਨ ਪਰੇਡ ਅਤੇ ਜਬਰ ਜਨਾਹ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ, ਪਰ ਕੇਂਦਰ ਅਤੇ ਸੂਬਾ ਸਰਕਾਰਾਂ ਉਕਤ ਮਨੁੱਖੀ ਘਾਣ ਨੂੰ ਤਮਾਸ਼ਬੀਨਾਂ ਬਣ ਕੇ ਦੇਖ ਰਹੀਆਂ ਹਨ। ਆਗੂਆਂ ਮੰਗ ਕੀਤੀ ਕਿ ਇਨ੍ਹਾਂ ਹਾਲਾਤਾਂ ਨੂੰ ਕਾਬੂ ਕਰਨੋਂ ਅਸਫਲ ਰਹਿਣ ਕਰਕੇ ਸੂਬੇ ਦੇ ਮੁੱਖ ਮੰਤਰੀ ਨੂੰ ਫੌਰੀ ਬਰਖਾਸਤ ਕੀਤਾ ਜਾਣਾ ਚਾਹੀਦਾ ਹੈ ਅਤੇ ਫਿਰਕੂ ਤੇ ਨਸਲੀ ਹਿੰਸਾ ਨੂੰ ਸ਼ਹਿ ਦੇਣ ਵਾਲੇ ਅਧਿਕਾਰੀਆਂ ਤੇ ਸਿਆਸਤਦਾਨਾਂ ਖਿਲਾਫ ਵੀ ਅਜਿਹੀ ਹੀ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਮਨੀਪੁਰ ਵਿੱਚ ਔਰਤਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ ਅਤੇ ਇਸਾਈ ਮੱਤ ਨੂੰ ਮੰਨਣ ਵਾਲੇ ਅਨੁਸੂਚਿਤ ਕਬੀਲੇ ਤੇ ਕੁੱਕੀ ਕਬੀਲੇ ਦੇ ਲੋਕਾਂ 'ਤੇ ਨਸ਼ਲਕੁਸ਼ੀ ਕਰਨ ਦੇ ਇਰਾਦੇ ਨਾਲ ਕੀਤੇ ਜਾ ਰਹੇ ਭਿਆਨਕ ਹਮਲੇ ਬੰਦ ਕੀਤੇ ਜਾਣ। ਇਸ ਸਮੇਂ ਕੁਲਦੀਪ ਸਿੰਘ ਕੌੜਾ, ਤਰਸੇਮ ਮਾਧੋਪੁਰੀ,ਚਮਨਜੀਤ ਸਿੰਘ, ਕੁਲਵਿੰਦਰ ਕੌਰ,ਸੀਮਾ,ਸੀਤਾ, ਸੁਖਦੇਵ ਬਸਰਾ, ਕਰਮਜੀਤ ਸਿੰਘ, ਨਰੇਸ਼,ਪਰੇਮ ਦਾਸ ਤੋਸ਼ੀ,ਸੀਤਲ ਰਾਮ ਬੰਗਾ,ਨਸੀਬ ਕੁਮਾਰ, ਅਮਰਜੀਤ, ਵਿਨੇਸ਼,ਕਿਰਨ,ਦਰਸ਼ੋ ਆਦਿ ਹਾਜ਼ਰ ਸਨ।